*ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : 24** **ਅੰਕ ਨੰ. : 93** **ਜਨਵਰੀ-ਮਾਰਚ, 2021**

Website : www.shabaduk.co.uk

***ਮੁੱਖ ਸੰਪਾਦਕ***

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.
Ph. 001-703-362-3239
Email : Chahals57@Yahoo.com

**ਰਵੀ ਸ਼ੇਰਗਿੱਲ**

9024 Wharton Way Eik Grove CA 95624 U.S.A.
Ph. 001-916-753-2868
Email : drgilldvm@Yahoo.com

***ਸੰਪਾਦਕ***

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE
Ph. : 020-85780393 Mobile : 07782-265726
e mail: harjeetatwal@yahoo.co.uk, harjeetatwal@hotmail.co.uk

**ਜਿੰਦਰ**

984, Rajput Nagar, Near Surinder Welding Works,
Model House, Jalandhar-144003
Mobile : 98148 03254
Email : jinder340@gmail.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## ਮੇਰਾ ਪੰਨਾ

ਸਮਾਂ ਸਥਿਰ ਰਹਿਣ ਵਾਲੀ ਚੀਜ਼ ਨਹੀਂ ਹੈ। ਇਹ ਸਦਾ ਬਦਲਦਾ ਰਹਿੰਦਾ ਹੈ। ਵੈਸੇ ਤਾਂ ਸਣੇ ਧਰਤੀ, ਬ੍ਰਹਿਮੰਡ ਹਰ ਚੀਜ਼ ਹੀ ਗਤੀ ਵਿੱਚ ਹੈ ਪਰ ਧਰਤੀ ਉਪਰ ਸਾਡਾ ਸਮਾਂ ਕੁਝ ਵੱਖਰੇ ਤਰੀਕੇ ਨਾਲ ਬਦਲਦਾ ਹੈ। ਜਿਵੇਂ ਜਿਵੇਂ ਮਨੁੱਖ ਤਰੱਕੀ ਕਰਦਾ ਰਿਹਾ ਹੈ ਉਸ ਦਾ ਜੀਉਣ ਢੰਗ ਸਦਾ ਲਈ ਬਦਲਦਾ ਰਿਹਾ ਹੈ। ਜਦ ਪਹਿਲੀ ਵਾਰ ਪਹੀਆ ਇਜਾਦ ਹੋਇਆ ਹੋਵੇਗਾ ਤਾਂ ਮਨੁੱਖ ਦਾ ਸਮਾਂ ਵਾਕਿਆ ਹੀ ਬਦਲਿਆ ਹੋਵੇਗਾ। ਇਵੇਂ ਹੀ ਜਦ ਸਟੀਮ ਇੰਜਣ ਦੀ ਕਾਢ ਆਈ ਤਾਂ ਸਮਾਂ ਹੋਰ ਵੀ ਬਦਲ ਗਿਆ। ਸਮੇਂ ਸਮੇਂ ਨਵੀਆਂ ਇਜਾਦਾਂ ਬੰਦੇ ਦੇ ਬਦਲਦੇ ਸਮੇਂ ਨੂੰ ਛਾਲ ਲਵਾ ਦਿੰਦੀਆਂ ਰਹੀਆਂ ਹਨ। ਕਦੇ ਵੇਲਾ ਸੀ ਕਿ ਹੱਜ ਲਈ ਮੱਕੇ ਜਾਣ ਵਾਲੇ ਬੰਦੇ ਬਾਰੇ ਡਰ ਹੁੰਦਾ ਸੀ ਕਿ ਕਿਤੇ ਉਹ ਉਸ ਦਾ ਇਹ ਆਖਰੀ ਸਫਰ ਹੀ ਨਾ ਹੋਵੇ ਤੇ ਹੁਣ ਇਹ ਮੱਕਾ ਕੁਝ ਘੰਟੇ ਦੂਰ ਰਹਿ ਗਿਆ ਹੈ। ਪਾਣੀ ਵਾਲੇ ਜਹਾਜ਼ ਤੋਂ ਉਡਣ ਵਾਲੇ ਜਹਾਜ਼ ਤੱਕ ਪੁਜਦਿਆਂ ਸਮੇਂ ਵਿੱਚ ਮਹਾਨ ਤਬਦੀਲੀ ਆਈ ਤੇ ਮਨੁੱਖ ਸਮੇਂ ਨੂੰ ਨਵੇਂ ਢੰਗ ਨਾਲ ਵਰਤਣ ਲਗ ਪਿਆ। ਸਮੇਂ ਦੀ ਇਹ ਰੂਪ ਰੇਖਾ ਸਮੇਂ ਸਮੇਂ ਬਦਲਦੀ ਰਹੀ ਹੈ। ਪਿਛਲੇ ਪੰਜ ਕੁ ਦਹਾਕਿਆਂ ਵਿੱਚ ਤਾਂ ਸਮਾਂ ਬਹੁਤ ਹੀ ਬਦਲ ਗਿਆ ਹੈ ਖਾਸ ਕਰਕੇ ਪਿਛਲੀਆਂ ਕੁਝ ਪੀੜ੍ਹੀਆਂ ਲਈ। ਰੇਡੀਓ, ਟੈਲੀਵੀਯਨ, ਕੰਪਿਊਟਰ ਤੋਂ ਲੈਕੇ ਇੰਟਰਨੈੱਟ ਤੱਕ ਵਰਗੀਆਂ ਇਜ਼ਾਦਾਂ ਨਾਲ ਜ਼ਿੰਦਗੀ ਹੀ ਬਦਲ ਗਈ। ਸੋਚਣ ਦੇ ਢੰਗ ਬਦਲ ਗਏ ਹਨ। ਜ਼ਿੰਦਗੀ ਬਹੁਤ ਤੇਜ਼ ਭੱਜਣ ਲੱਗੀ ਹੈ। ਜ਼ਿੰਦਗੀ ਦੀ ਸਹਿਜਤਾ ਦੇ ਅਰਥ ਤੇਜ਼ੀ ਨਾਲ ਬਦਲ ਰਹੇ ਹਨ। ਜਿਸ ਸਥਿਤੀ ਨੂੰ ਸਹਿਜਤਾ ਮਿਥਿਆ ਜਾਂਦਾ ਹੈ ਕੁਝ ਦੇਰ ਬਾਅਦ ਨਵੀਂ ਸਥਿਤੀ ਉਸ ਦੀ ਜਗਾਹ ਲੈ ਲੈਂਦੀ ਹੈ। ਤੇਜ਼ੀ ਨਾਲ ਬਦਲਦੇ ਸਮੇਂ ਦਾ ਸਿੱਧਾ ਅਸਰ ਸਮਾਜ, ਕਲਾ ਤੇ ਸਾਹਿਤ ਉਪਰ ਵੀ ਪਿਆ ਸਾਫ ਦਿਖਾਈ ਦਿੰਦਾ ਹੈ। ਸਮੇਂ ਨਾਲ ਹੋਂਦ ਵਿੱਚ ਆਏ ਸੋਸ਼ਲ ਮੀਡੀਏ ਨੇ ਵੀ ਸਾਹਿਤ ਤੇ ਕਲਾ ਉਪਰ ਵਖਰੇ ਤਰੀਕੇ ਨਾਲ ਅਸਰ ਪਾਇਆ ਹੈ। ਸੋਸ਼ਲ ਮੀਡੀਆ ਜਲਦੀ ਨਤੀਜੇ ਕੱਢਣ ਦੇ ਹੱਕ ਵਿੱਚ ਹੈ। ਕਿਸੇ ਮੁਕੱਦਮੇ ਦਾ ਫੈਸਲਾ ਜੱਜ ਜੋ ਮਰਜ਼ੀ ਕਰਦਾ ਫਿਰੇ ਪਰ ਸੋਸ਼ਲ ਮੀਡੀਆ ਆਪਣਾ ਫੈਸਲਾ ਪਹਿਲਾਂ ਹੀ ਕਰ ਦਿੰਦਾ ਹੈ ਭਾਵੇਂ ਉਹ ਕਿਸੇ ਦੇ ਵੀ ਹੱਕ ਵਿੱਚ ਭੁਗਤੇ। ਗਲਤ ਹੋਵੇ ਜਾਂ ਠੀਕ, ਇਸ ਦਾ ਕਿਸੇ ਨੂੰ ਫਿਕਰ ਨਹੀਂ ਹੁੰਦਾ। ਲੇਖਕ ਜਾਂ ਕਲਾਕਾਰ ਆਪਣੀਆਂ ਕਿਰਤਾਂ ਨੂੰ ਸੋਸ਼ਲ ਮੀਡੀਏ ਰਾਹੀਂ ਪੇਸ਼ ਕਰਨ ਤੇ ਉਹਨਾਂ ਉਪਰ ਸਹੀ ਪੁਆਉਣ ਲਈ ਕਾਹਲੇ ਰਹਿੰਦੇ ਹਨ। ਉਸ ਲਿਖਤ ਦਾ ਕੀ ਪੱਧਰ ਹੈ ਇਸ ਦੀ ਕਿਸੇ ਨੂੰ ਚਿੰਤਾ ਨਹੀਂ। ਹੁਣ ਜਾਪਦਾ ਹੈ ਕਿ ਸਮਾਂ ਪਾ ਕੇ ਇਹੋ ਨਵੇਂ ਪੱਧਰ ਹੀ ਅਸਲੀ ਪੱਧਰ ਬਣ ਜਾਣਗੇ। ਪੰਜਾਬੀ ਦੇ ਮੈਗਜ਼ੀਨਾਂ ਦਾ ਵੀ ਕੁਝ ਅਜਿਹਾ ਹੀ ਹਾਲ ਹੋ ਰਿਹਾ ਹੈ। ਸੰਪਾਦਕ ਦਾ ਰੋਲ ਮਨਫੀ ਹੁੰਦਾ ਜਾ ਰਿਹਾ ਹੈ। ਜੇ ਇਕ ਸੰਪਾਦਕ ਆਪਣੀ ਰਾਏ ਰਖਦਾ ਹੋਇਆ ਕਿਸੇ ਰਚਨਾ ਨੂੰ ਛਾਪਣ ਤੋਂ ਇਨਕਾਰ ਕਰਦਾ ਹੈ ਤਾਂ ਉਸੇ ਰਚਨਾ ਨੂੰ ਕੋਈ ਹੋਰ ਸੰਪਾਦਕ ਖੁਸ਼ ਹੋ ਕੇ ਛਾਪਦਾ ਹੈ। ਭਾਵ ਲੇਖਕ ਨੂੰ ਮਿਹਨਤ ਕਰਨ ਦੀ ਜਾਂ ਆਪਣੇ ਆਪ ਨੂੰ ਸੁਧਾਰਨ ਦੇ ਮੌਕੇ ਗੁਆਚ ਜਾਂਦੇ ਹਨ। ਸਮੇਂ ਨਾਲ ਸੰਪਾਦਕ ਵੀ ਬਦਲ ਰਹੇ ਹਨ। ਰਘਬੀਰ ਸਿੰਘ, ਪ੍ਰੇਮ ਪ੍ਰਕਾਸ਼ ਵਰਗੇ ਸੰਪਾਦਕ ਕਹਾਣੀਕਾਰਾਂ ਨੂੰ ਰਾਏ ਦਿਆ ਕਰਦੇ ਸਨ ਕਿ ਕਹਾਣੀ ਵਿੱਚ ਇਹ ਨੁਕਸ ਹਨ ਪਰ ਹੁਣ ਅਜਿਹਾ ਕੁਝ ਨਹੀਂ ਵਾਪਰਦਾ।

'ਸ਼ਬਦ' ਦੇ ਇਸ ਵਿਸ਼ੇਸ਼ ਅੰਕ ਰਾਹੀਂ ਅਸੀਂ ਇਹੀ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਵੱਖ ਵੱਖ ਲੇਖਕਾਂ ਦੀਆਂ ਰਚਨਾਵਾਂ ਰਾਹੀਂ ਅਸੀਂ ਸਮੇਂ ਦੇ ਇਸ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਵੈਸੇ ਤਾਂ ਹਰ ਲੇਖਕ ਦੀ ਉਮਰ ਦੇ ਹਿਸਾਬ ਨਾਲ ਤਜਰਬਾ ਵਧਦਾ ਜਾਂਦਾ ਹੈ,

ਸਮਾਂ ਬਦਲਦਾ ਜਾਂਦਾ ਹੈ ਪਰ ਲੇਖਕਾਂ ਦੀਆਂ ਇਹਨਾਂ ਪੀੜ੍ਹੀਆਂ ਨੇ ਤਬਦੀਲੀ ਨੂੰ ਸ਼ਿਦਤ ਨਾਲ ਦੇਖਿਆ ਹੈ ਤੇ ਉਸ ਨੂੰ ਆਪਣੀਆਂ ਲਿਖਤਾਂ ਵਿੱਚ ਤਰਜਮਾਇਆ ਵੀ ਹੈ। ਇਸ ਅੰਕ ਵਿੱਚ ਤਕਰੀਬਨ ਹਰ ਪੀੜ੍ਹੀ ਦੇ ਲੇਖਕ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ ਤੇ ਨਵੇਂ ਪੁਰਾਣੇ ਲੇਖਕਾਂ ਨੇ ਵੀ। ਜੇ ਬਲਦੇਵ ਸਿੰਘ ਸਾਡੇ ਸੀਨੀਅਰ ਲੇਖਕ ਹਨ ਤਾਂ ਪ੍ਰੀਤ ਪਾਲ ਸਾਹਿਤ ਵਿੱਚ ਇਕ ਨਵਾਂ ਨਾਂ ਹੈ। ਅਜਾਇਬ ਹੁੰਦਲ ਨੇ ਪਿਛਲੀ ਸਦੀ ਵਿਚਲੇ ਬਦਲਦੇ ਸਮੇਂ ਦੀ ਗੱਲ ਕੀਤੀ ਹੈ ਤਾਂ ਸਿਮਰਨ ਧਾਲੀਵਾਲ ਨੇ ਇਕੀਵੀਂ ਸਦੀ ਵਿੱਚ ਬਦਲ ਰਹੇ ਸਮੇਂ ਬਾਰੇ ਲਿਖਿਆ ਹੈ। ਕੁਲਬੀਰ ਬਡੇਸਰੋਂ ਨੇ ਸਮੇਂ ਨੂੰ ਵੱਖਰੇ ਕੋਨ ਤੋਂ ਦੇਖਿਆ ਹੈ। ਕਰਾਮਾਤ ਮੁਗਲ ਨੇ ਕਿਹਾ ਹੈ ਕਿ ਸਮਾਂ ਨਹੀਂ ਅਸੀਂ ਬਦਲਦੇ ਹਾਂ, ਸਮਾਂ ਤਾਂ ਉਥੇ ਹੀ ਖੜਾ ਹੈ। ਇਵੇਂ ਹੀ ਦੇਵਿੰਦਰ ਕੌਰ ਨੇ ਸਮੇਂ ਨਾਲ ਜ਼ਿੰਦਗੀ ਉਪਰ ਪੈਂਦੇ ਅਸਰਾਂ ਬਾਰੇ ਲਿਖਿਆ ਹੈ। ਮਨਮੋਹਨ ਨੇ ਸਮੇਂ ਦੇ ਸਾਈਕਲ ਬਾਰੇ ਲਿਖਿਆ ਹੈ। ਕੇਸਰਾ ਰਾਮ ਨੇ ਸਮੇਂ ਵਲੋਂ ਮਿਲੀਆਂ ਚਣੌਤੀਆਂ ਬਾਰੇ ਗੱਲ ਆਖੀ ਹੈ। ਮਹਿੰਦਰਪਾਲ ਧਾਲੀਵਾਲ ਨੇ ਸਮੇਂ ਨਾਲ ਦੁਨੀਆ ਦੇ ਕੈਨਵਸ 'ਤੇ ਸਮੇਂ ਦੇ ਵੱਡੇ ਰਾਜਨੀਤਕ ਬਦਲਾਵ ਬਾਰੇ ਲਿਖਿਆ ਹੈ। ਭਗਵੰਤ ਰਸੂਲਪੁਰੀ ਨੇ ਸਹਿਤਕ ਤੇ ਸਮਾਜਕ ਖੇਤਰ ਵਿੱਚ ਸਮੇਂ ਦੇ ਅਸਰ ਬਾਰੇ ਵਿਸਥਾਰ ਵਿੱਚ ਲਿਖਿਆ ਹੈ। ਇਵੇਂ ਸਾਰੇ ਹੀ ਦੋਸਤਾਂ ਨੇ ਆਪੋ ਆਪਣੇ ਜ਼ਾਵੀਏ ਤੋਂ ਆਪਣੇ ਸਮੇਂ ਦੀ ਗੱਲ ਕੀਤੀ ਹੈ। ਉਮੀਦ ਹੈ ਪਾਠਕਾਂ ਨੂੰ ਸ਼ਬਦ ਦਾ 'ਮੈਂ ਤੇ ਮੇਰਾ ਸਮਾਂ' ਅਨੁਮਾਨ ਤਹਿਤ ਇਹ ਵਿਸ਼ੇਸ਼ ਅੰਕ ਪਸੰਦ ਆਵੇਗਾ।

**-ਹਰਜੀਤ ਅਟਵਾਲ**

---

## 2000-2020 ਦੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ

ਪ੍ਰੋ ਜੇ ਬੀ ਸੇਖੋਂ ਪੰਜਾਬੀ ਆਲੋਚਨਾ ਦਾ ਸਮਰੱਥ ਅਤੇ ਪ੍ਰਤਿਭਾਵਾਨ ਹਸਤਾਖ਼ਰ ਹੈ। ਆਪਣੀ ਮਿਹਨਤ ਸਦਕਾ ਉਹ ਪੰਜਾਬੀ ਆਲੋਚਨਾ ਦੀਆਂ ਮੋਹਰਲੀਆਂ ਸਫ਼ਾਂ ਵਿੱਚ ਆ ਖੜਿਆ ਹੈ। ਖਾਸ ਕਰਕੇ ਪੰਜਾਬੀ ਕਹਾਣੀ ਆਲੋਚਨਾ ਵਿੱਚ ਉਸ ਨੂੰ ਮੁਹਾਰਤ ਹਾਸਿਲ ਹੈ। ਸਾਡੀ ਨਜ਼ਰ ਵਿੱਚ ਉਹ ਨਿਰਪੱਖ ਹੋ ਕੇ ਅਤੇ ਬਿਨਾਂ ਕਿਸੇ ਲਾਗ ਲਿਹਾਜ਼ ਤੋਂ ਕਹਾਣੀ ਦੀ ਆਲੋਚਨਾ ਕਰਨ ਵਾਲਾ ਅਤੇ ਨਿਧੜਕ ਵਿਚਾਰ ਰੱਖਣ ਵਾਲਾ ਆਲੋਚਕ ਹੈ। ਉਸ ਦੇ ਇਸ ਪੱਖ ਨੂੰ ਮੱਦੇ ਨਜ਼ਰ ਰੱਖਦਿਆਂ ਅਸੀ 'ਸ਼ਬਦ' ਦੇ ਅਗਲੇ ਵਿਸ਼ੇਸ਼ ਕਹਾਣੀ ਅੰਕ (2000-2020) ਦੀ ਸੰਪਾਦਨਾ ਦੀ ਜ਼ਿੰਮੇਵਾਰੀ ਉਸਨੂੰ ਦੇ ਰਹੇ ਹਾਂ। ਇਸ ਅੰਕ ਵਿੱਚ ਪਿਛਲੇ ਦੋ ਦਹਾਕਿਆਂ ਦੀਆਂ ਦਸ ਪ੍ਰਤੀਨਿਧ ਕਹਾਣੀਆਂ ਛਾਪੀਆਂ ਜਾਣਗੀਆਂ। ਇਸਦੇ ਨਾਲ ਹੀ ਕਹਾਣੀ ਦੀ ਵਰਤਮਾਨ ਸਥਿਤੀ ਬਾਰੇ ਵਿਦਵਾਨਾਂ ਦੇ ਲੇਖ ਛਾਪੇ ਜਾਣਗੇ ਅਤੇ ਨਾਲ ਹੀ ਚੁਣੀਆਂ ਗਈਆਂ ਦਸ ਕਹਾਣੀਆਂ ਬਾਰੇ ਕਹਾਣੀ ਦੇ ਚਿੰਤਕਾਂ ਤੇ ਆਲੋਚਕਾਂ ਦੇ ਵਿਚਾਰ ਵੀ ਛਾਪੇ ਜਾਣਗੇ। ਇਸ ਤੋਂ ਇਲਾਵਾ ਉਕਤ ਕਹਾਣੀਆਂ ਦੀ ਰਚਨਾ ਪ੍ਰਕਿਰਿਆ ਬਾਰੇ ਸਬੰਧਤ ਕਹਾਣੀ ਲੇਖਕਾਂ ਨਾਲ ਕੀਤੇ ਸਵਾਲ ਜਵਾਬ ਵੀ ਪਾਠਕਾਂ ਦੀ ਨਜ਼ਰ ਕੀਤੇ ਜਾਣਗੇ। ਇਸ ਅੰਕ ਦੀ ਪ੍ਰਕਾਸ਼ਨਾ ਨਾਲ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੀ ਮੌਜੂਦਾ ਸਥਿਤੀ ਅਤੇ ਪਿਛਲੇ ਵੀਹ ਸਾਲਾਂ ਵਿੱਚ ਉਭਰੀਆਂ ਦਸ ਮਹੱਤਵਪੂਰਨ ਕਹਾਣੀਆਂ ਬਾਰੇ ਇਕ ਸੰਜੀਦਾ ਸੰਵਾਦ ਰਚਾਉਣ ਦਾ ਯਤਨ ਕੀਤਾ ਜਾਵੇਗਾ। ਇਸ ਦੇ ਨਾਲ ਨਾਲ ਵਰਤਮਾਨ ਕਹਾਣੀ 'ਤੇ ਫੋਕਸ ਹੋਣ ਵਾਲਾ ਹੋਰ ਵੀ ਮਟੀਰੀਅਲ ਪੜ੍ਹਨਯੋਗ ਹੋਵੇਗਾ। ਪੀ.ਡੀ.ਐੱਫ. ਦੇ ਨਾਲ ਨਾਲ ਇਹ ਅੰਕ ਹਾਰਡ ਕਾਪੀ ਦੇ ਰੂਪ ਵਿੱਚ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ।



## ਮੈਂ ਸਮੇਂ ਦੀ ਕਦਰ ਕੀਤੀ/ਬਲਦੇਵ ਸਿੰਘ ਸੜਕਨਾਮਾ

ਜਦੋਂ ਵੀ ਕਦੇ ਆਪਣੇ ਬਾਰੇ ਸੋਚਦਾ ਹਾਂ ਜਾਂ ਬਹੁਤ ਪਿੱਛੇ ਬਚਪੱਨ ਦੇ ਸਮੇਂ ਵਿੱਚ ਉਤਰਦਾ ਹਾਂ ਤਾਂ ਛੇਵੀਂ ਸੱਤਵੀਂ ਜਾਂ ਅੱਠਵੀਂ ਜਮਾਤ ਵਿੱਚ ਪੜ੍ਹੀ ਭਾਈ ਵੀਰ ਸਿੰਘ ਦੀ ਕਵਿਤਾ ਯਾਦ ਆ ਜਾਂਦੀ ਹੈ:

ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ
ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ
ਇਹ ਠਹਿਰਨ ਜਾਚ ਨਾ ਜਾਣਦਾ
ਲੰਘ ਗਿਆ ਨਾ ਮੁੜ ਕੇ ਆਂਵਦਾ।

ਦੋਸਤੋ, ਇਹ ਕਵਿਤਾ ਪੜ੍ਹੀ ਨੂੰ ੬੪-੬੫ ਸਾਲ ਹੋ ਗਏ ਸਨ। ਭਾਸ਼ਾ ਸਾਸ਼ਤਰੀ ਅੱਜਕੱਲ੍ਹ ਵਾਰਤਕ ਵਿੱਚੋਂ ਗ਼ਲਤੀਆਂ ਸੁੰਘਦੇ ਫਿਰਦੇ ਹਨ। ਜੇ ਉਪਰੋਕਤ ਕਵਿਤਾ ਵਿੱਚ ਲਗਾਂ-ਮਾਤਰਾਂ ਸਹੀ ਨਾ ਲਗਾ ਸਕਿਆ ਹੋਵਾਂ ਤਾਂ ਮੈਨੂੰ ਖ਼ਿਮਾਂ ਕਰਨ ਦਾ ਜੋਖ਼ਮ ਉਠਾਉਣਗੇ ਤਾਂ ਧੰਨਵਾਦ। ਇਸ ਸਮੇਂ ਮੈਨੂੰ ਵਕਤ ਫਿਲਮ ਦਾ ਇਕ ਗੀਤ ਵੀ ਯਾਦ ਆ ਰਿਹਾ ਹੈ:

ਵਕਤ ਸੇ ਕੱਲ੍ਹ ਔਰ ਆਜ, ਵਕਤ ਸੇ ਦਿਨ ਔਰ ਰਾਤ,
ਵਕਤ ਕੀ ਹਰ ਸ਼ੈਅ ਗੁਲਾਮ, ਵਕਤ ਕਾ ਹਰ ਸ਼ੈਅ ਪੇ ਰਾਜ।

ਮੈਂ ਹਮੇਸ਼ਾ ਸਮੇਂ ਦੀ ਕਦਰ ਕੀਤੀ ਹੈ। ਅਜਾਈਂ ਗੁਆਏ ਸਮੇਂ ਨੇ ਮੈਨੂੰ ਸਦਾ ਬੇਚੈਨ ਕੀਤਾ ਹੈ। ਮੈਂ ਉਹ ਭਲੇ ਵੇਲੇ ਵੇਖੇ ਹਨ ਜਦੋਂ ਅਸੀਂ ਲਿਹਾਜ਼ੀਆਂ ਦਾ ਗੱਡਾ ਮੰਗ ਕੇ ਜਾਂ ਆਪਣੇ ਪਿੰਡ ਦੇ ਹੀ ਸੁਰਜੂ ਦੇ ਟਾਂਗੇ 'ਤੇ ਛੇ-ਸੱਤ ਬੋਰੀਆਂ ਕਣਕ ਮੋਗੇ ਦੀ ਮੰਡੀ ਵਿੱਚ ਵੇਚਣ ਜਾਂਦੇ ਹੁੰਦੇ ਸਾਂ (ਹੁਣ ਇਹ ਮੰਡੀ ਪੁਰਾਣੀ ਦਾਣਾ ਮੰਡੀ ਐਲਾਨ ਦਿੱਤੀ ਹੈ ਤੇ ਨਵੀਂ ਦਾਣਾ ਮੰਡੀ ਫਿਰੋਜ਼ਪੁਰ ਜੀ.ਟੀ. ਰੋਡ 'ਤੇ ਮਿੰਨੀ ਸੈਕਟਰੀਏਟ ਦੇ ਲਾਗੇ ਹੈ।) ਉਦੋਂ ਕਣਕ ਤੁਰੰਤ ਵਿਕ ਜਾਣੀ।ਬਾਪੂ ਜੀ ਨੇ ਮੈਨੂੰ ਪਿੰਡੋਂ ਆਉਂਦਿਆਂ ਬੋਰੀਆਂ ਉਪਰ ਬਿਠਾਇਆ ਹੁੰਦਾ ਸੀ। ਵਾਪਸੀ 'ਤੇ ਗਰਮੀਆਂ ਵਿੱਚ ਗੋਲੀ ਵਾਲਾ ਬੱਤਾ ਜ਼ਰੂਰ ਪਿਆਉਣਾ, ਨਾਸਾਂ ਵਿੱਚੋਂ ਮਿੱਠੀ ਸੁਗੰਧਿਤ ਗੈਸ ਦਾ ਧੂੰਆਂ ਨਿਕਲਣਾ। ਸਿਵਲ ਹਸਪਤਾਲ ਦੇ ਲਾਗੇ ਫੌਜੀ ਜਲੇਬਾਂ ਵਾਲੇ ਤੋਂ ਜਲੇਬੀਆਂ ਵੀ ਲੈਣੀਆਂ ਤੇ ਸੱਕਰਪਾਰੇ ਵੀ। ਮੈਨੂੰ ਉਹ ਚਾਅ ਅੱਜ ਵੀ ਯਾਦ ਹੈ। ਸਬਰ ਸੰਤੋਖ ਸੀ, ਪੈਦਾਵਾਰ ਭਾਵੇਂ ਥੋੜ੍ਹੀ ਸੀ ਪਰ ਭੈਅਤਾ ਸੀ ਤੇ ਜਦੋਂ ਮੈਂ ਉਸ ਸਮੇਂ ਨੂੰ ਅੱਜ ਦੇ ਸਮੇਂ ਨਾਲ ਮੇਲ ਕੇ ਵੇਖਦਾ ਹਾਂ ਤਾਂ ਗਰੀਨ ਰੈਵੂਲੂਸ਼ਨ ਤੇ ਵਿਸ਼ਵੀਕਰਣ ਦੇ ਪ੍ਰਯੋਗਾਂ ਨੇ ਜਿਹੜੀ ਹਰੀ ਕ੍ਰਾਂਤੀ ਲਿਆਂਦੀ, ਉਹ ਵੇਖ ਕੇ 'ਮਨ ਕੀ ਬਾਤ' ਕਰਨ ਵਾਲਿਆਂ ਦੀਆਂ ਨੀਤੀਆਂ ਉਪਰ ਵੀ ਹੈਰਾਨੀ ਹੁੰਦੀ ਹੈ ਜਿਹੜੇ ੧੩੦ ਕਰੋੜਾਂ ਲੋਕਾਂ ਨੂੰ ਸਿਰਫ ਅੰਕੜਿਆਂ ਦੀ ਜਾਦੂਗਰੀ ਨਾਲ ਉਲਝਈ ਤੁਰੇ ਆਉਂਦੇ ਹਨ। ਐਨੇ ਕਰੋੜ ਗੈਸ ਕੁਨੈਕਸ਼ਨ, ਐਨੇ ਕਰੋੜ ਕਿਸਾਨਾਂ ਤੇ ਮਜ਼ਦੂਰ ਦੇ ਖਾਤਿਆਂ ਵਿੱਚ ਸਿੱਧੇ ਜਮ੍ਹਾਂ। ਐਨੇ ਕਰੋੜ ਸ਼ੌਚਾਲਯ, ਐਨੇ ਕੋਰੜ, ਐਨੇ ਕਰੋੜ ...। ਇਸੇ ਤਰ੍ਹਾਂ ਹਰੀ ਕ੍ਰਾਂਤੀ ਨੇ ਉਤਪਾਦਨ ਦੀ ਹਨੇਰੀ ਲਿਆ ਦਿਤੀ, ਮੰਡੀਆਂ ਜਿਨਸ ਨਹੀਂ ਝੱਲਦੀਆਂ ਤੇ ਗੁਦਾਮਾਂ ਵਿੱਚ ਸਟੋਰ ਕਰਨ ਵੀ ਜਗ੍ਹਾ ਨਹੀਂ। ਪਰ ਕਿਸਾਨ ਪਹਿਲਾਂ ਨਾਲੋਂ ਵਧੇਰੇ ਦੁੱਖੀ। ਕਰਜ਼ਾਈ ਲਿਸਟਾਂ ਵੀ ਬਣੀਆਂ ਤਾਂ ਵੀ ਕਦੇ ਟਰੈਕਟਰ ਜ਼ਬਤ, ਕਦੇ ਜ਼ਮੀਨ ਦੀ ਕੁਰਕੀ, ਕਦੇ ਬੈਂਕ ਵਾਲਿਆਂ ਵਲੋਂ ਅਚਾਨਕ ਰੇਡ। ਖੁਸਕਸ਼ੀਆਂ

ਦਾ ਅਜਿਹਾ ਦੌਰ ਚੱਲਿਆ ਜਿਹੜਾ ਲਗਾਤਾਰ ਵਿਕਾਸ ਕਰੀ ਜਾ ਰਿਹਾ ਹੈ ਤੇ ਭਾਰਤ ਆਤਮ ਨਿਰਭਰ ਹੋਣ ਵਲ ਵਧ ਰਿਹਾ ਹੈ।

ਮੈਨੂੰ ਉਹ ਸਮਾਂ ਵੀ ਯਾਦ ਹੈ ਜਦੋਂ ਮੈਂ ਸ਼ਾਇਦ ਅੱਠਵੀਂ ਵਿੱਚ ਪੜ੍ਹਦਾ ਸਾਂ, ਸਾਡੇ ਪਿੰਡ ਦਾ ਇਕ ਕਿਸਾਨ, ਖੂਹ ਵਿੱਚ ਛਾਲ ਮਾਰ ਕੇ ਆਤਮ-ਹੱਤਿਆ ਕਰ ਗਿਆ ਸੀ ਤੇ ਸਾਲ ਭਰ ਉਸ ਦੀਆਂ ਗੱਲਾਂ ਪਿੰਡ ਹੁੰਦੀਆਂ ਸਨ। ਹੁਣ ਅਖ਼ਬਾਰਾਂ ਵਿੱਚ ਹਰ ਰੋਜ਼ ਦੋ-ਤਿੰਨ ਕਿਸਾਨ ਖ਼ੁਦਕਸ਼ੀਆਂ ਦੀਆਂ ਖ਼ਬਰਾਂ ਸੁਰਖੀ ਬਣਦੀਆਂ ਹਨ। ਅਸੀਂ ਖ਼ਬਰ ਪੜ੍ਹਦਿਆਂ ਹੀ ਭੁਲਾ ਦਿੰਦੇ ਹਾਂ। ਕਈ ਵਾਰ ਤਾਂ ਸਿਰਫ ਸੁਰਖ਼ੀ ਵੇਖ ਕੇ ਛੱਡ ਦਿੰਦੇ ਹਾਂ, ਤਫਸੀਲ ਨਹੀਂ ਪੜ੍ਹਦੇ। ਸ਼ਾਇਦ ਮੈਂ ਗ਼ਲਤ ਟਰੈਕ 'ਤੇ ਪੈ ਗਿਆ, ਆਪਾਂ ਤਾਂ 'ਮੈਂ ਤੇ ਮੇਰਾ ਸਮਾਂ' ਬਾਰੇ ਗੱਲਾਂ ਕਰਦੇ ਸਾਂ।

ਦੋਸਤੋ, ਆਪਣੇ ਬਚਪਨ ਦੇ ਸਮੇਂ ਵਿੱਚ ਅਧਿਆਪਕਾਂ ਤੋਂ ਕੁੱਟ ਖਾਧੀ। ਮੈਂ ਸਾਧਾਰਨ ਵਿਦਿਆਰਥੀ ਨਾਲੋਂ ਵੀ ਨਲਾਇਕ ਸਾਂ। ਪਰ ਜਿਵੇਂ ਕਿਵੇਂ ਮੈਂ ਦਸਵੀਂ ਪਾਸ ਕਰ ਗਿਆ। ਇਹ ਵੀ ਮੇਰੇ ਮਾਂ-ਬਾਪ ਲਈ ਇਕ ਕ੍ਰਿਸ਼ਮਾ ਹੀ ਸੀ। ਥ੍ਰਡ ਡਿਵੀਯਨ ਦਾ ਉਹਨਾਂ ਨੂੰ ਕੋਈ ਫ਼ਿਕਰ ਨਹੀਂ ਸੀ, ਮੁੰਡਾ ਪਾਸ ਹੋ ਗਿਆ ਇਹੋ ਵੱਡੀ ਗੱਲ ਸੀ। ਮੇਰੀ ਇੱਛਾ ਦੇ ਵਿਰੁਧ ਧੱਕੇ ਨਾਲ ਮੈਨੂੰ ਡੀ.ਐਮ. ਕਾਲਜ ਮੋਗਾ ਵਿਖੇ ਦਾਖਲ ਕਰਾ ਦਿੱਤਾ ਗਿਆ। ਸਮਾਂ ਤਾਂ ਕਾਲਜ ਵਿੱਚ ਵੀ ਮੇਰੇ ਲਈ ਨਾ ਚੰਗਾ ਰਿਹਾ ਨਾ ਮਾੜਾ ਰਿਹਾ। ਨਾ ਕਿਸੇ ਵਿਦਿਅਰਥੀ ਜਥੇਬੰਦੀ ਵਿੱਚ, ਨਾ ਖੇਡ ਵਿੱਚ, ਨਾ ਕਿਸੇ ਸਭਿਆਚਾਰਕ ਪ੍ਰੋਗਰਾਮ ਵਿੱਚ ਮੈਨੂੰ ਯੋਗ ਸਮਝਿਆ ਗਿਆ। ਕਾਲਜ ਜਾਣਾ, ਪੀਰੀਅਡ ਲਾਉਣਾ, ਲੈਕਚਰ ਸੁਣਨਾ ਤੇ ਇਮਿਤਿਹਾਨਾਂ ਵੇਲੇ ਘੋਟੇ ਲਾਉਣੇ। ਇਹ ਠੀਕ ਹੈ ਕਿ ਮੈਂ ਪਹਿਲੀ ਜਮਾਤ ਤੋਂ ਲੈ ਕੇ ਬੀ.ਐਡ. ਕਰਨ ਤੱਕ ਕਿਸੇ ਵੀ ਜਮਾਤ ਵਿੱਚੋਂ ਫੇਹਲ ਨਹੀਂ ਹੋਇਆ। ਮੇਰੀ ਹਾਲਤ ਉਸ ਖਿਡਾਰੀ ਵਰਗੀ ਸੀ ਜਿਸ ਨੇ ਮੈਰਾਥਨ ਦੌੜ ਵਿੱਚ ਹਿੱਸਾ ਲੈਣ ਦਾ ਸਾਹਸ ਕੀਤਾ ਹੋਵੇ, ਉਹ ਦੌੜਿਆ ਵੀ ਹੋਵੇ, ਸਭ ਤੋਂ ਆਖ਼ਰ ਵਿੱਚ ਦੌੜ ਪੂਰੀ ਕਰਨ ਤੱਕ ਥੱਕਿਆ ਹਾਰਿਆ ਪਹੁੰਚ ਵੀ ਗਿਆ ਹੋਵੇ ਤੇ ਦੌੜ ਵਿੱਚ ਹਿੱਸਾ ਲੈਣ ਦਾ ਸਰਟੀਫਿਕੇਟ ਦਾ ਹੱਕਦਾਰ ਬਣ ਗਿਆ ਹੋਵੇ।

ਸਮਾਂ ਮੇਰੇ ਹੱਕ ਵਿੱਚ ਨਹੀਂ ਸੀ ਜਾਂ ਮੈਨੂੰ ਹੀ ਸਮੇਂ ਦੀ ਸਹੀ ਵਰਤੋਂ ਦੀ ਜਾਚ ਨਾ ਹੋਵੇ। ਸਕੂਲ ਦੀ ਪੜ੍ਹਾਈ ਵੇਲੇ ਜਾਂ ਫਿਰ ਕਾਲਜ ਵਿੱਚ ਮੈਂ ਸਦਾ ਅਣਗੌਲਿਆ ਜਿਹਾ ਹੀ ਰਿਹਾ। ਮਾਂ-ਬਾਪ ਲਈ ਮੈਂ ਹੋਰਨਾਂ ਦੇ ਮੁੰਡਿਆਂ ਨਾਲੋਂ ਵਧੇਰੇ ਆਗਿਆਕਾਰ ਸਾਂ। ਨਾ ਕਦੀ ਮਾਂ ਅੱਗੇ ਬੋਲਿਆ, ਨਾ ਕਦੇ ਬਾਪ ਅੱਗੇ। ਹੁਕਮ ਹੁੰਦਾ, ਪੱਠੇ ਲੈ ਆ, ਮੈਂ ਚਲਾ ਜਾਂਦਾ। ਮੱਝਾਂ ਛੱਪੜ 'ਤੇ ਲੈ ਜਾ, ਮੈਂ ਲੈ ਜਾਂਦਾ। ਆਟਾ ਪਿਹਾ ਲਿਆ, ਮੈਂ ਸਿਰ 'ਤੇ ਪੀਹਣ ਚੁੱਕ ਕੇ ਆਟਾ ਚੱਕੀ 'ਤੇ ਲੈ ਜਾਂਦਾ। ਪਹਿਰ ਦੇ ਤੜਕੇ ਚਾਰ ਵਜੇ ਬਾਪੂ ਨੇ ਉਠਾ ਲੈਣਾ, 'ਚੱਲ ਉਠ, ਕਾਨੇ ਵੱਢ ਕੇ ਲਿਆਉਣੇ ਟਿੱਬੇ ਤੋਂ...।' ਮੈਂ ਉਠ ਕੇ ਤੁਰ ਪੈਂਦਾ। ਜਵਾਬ ਦੇਣ ਦਾ ਤਾਂ ਪਾਠ ਹੀ ਨਹੀਂ ਸੀ ਪੜ੍ਹਿਆ।

ਬੀ.ਐਡ. ਕਰ ਲਈ। ਮਾਸਟਰ ਲੱਗ ਗਿਆ। ਪਰ ਸਮੇਂ ਨੇ ਮੇਰੇ ਵਿੱਚ ਬਹੁਤ ਤਬਦੀਲੀ ਨਾ ਲਿਆਂਦੀ। ਬਦਲਦੇ ਸਮੇਂ ਤੋਂ ਮੈਂ ਅਣਭਿੱਜ ਹੀ ਰਿਹਾ। ਘਰੋਂ ਦੂਰ, ਅਧਿਆਪਕ ਦੀ ਨੌਕਰੀ, ਪਿੰਡ ਦੇ ਸਿੱਧੇ-ਸਾਧੇ ਪੇਂਡੂ ਮੁੰਡੇ ਲਈ ਭਾਵੇਂ ਅਹਿਮ ਘਟਨਾ ਸੀ ਪਰ ਮੈਂ ਇਸ ਸਮੇਂ ਤੋਂ ਫਾਇਦਾ ਉਠਾਓਣ ਤੋਂ ਖੁੰਝ ਗਿਆ। ਤਿੰਨ ਸਾਲ ਸਰਕਾਰੀ ਨੌਕਰੀ ਵੀ ਕੀਤੀ। ਪਰ ਸਮਾਂ ਮੇਰੇ ਹਥੋਂ ਸਾਬਣ ਦੀ ਗਿੱਲੀ ਟਿੱਕੀ ਵਾਂਗ ਤਿਲਕਦਾ ਰਿਹਾ।

ਦੋਸਤੋ, ਉਸ ਵੇਲੇ ਮੇਰੀ ਉਮਰ ਪੱਚੀ-ਛੱਬੀ ਸਾਲਾਂ ਦੀ ਸੀ ਤੇ ਮੈਂ ਦੋ ਬੱਚਿਆਂ ਦਾ ਬਾਪ ਬਣ ਗਿਆ ਸਾਂ। ਵਿਆਹ ਵੀ ਕਿਸਮਤ ਖੁਲ੍ਹਣ ਵਾਂਗ ਹੀ ਹੋਇਆ ਸੀ। ਮੇਰੇ ਹਾਣੀਆਂ ਨੂੰ ਯਾਦ



ਹੋਵੇਗਾ ਕਿ ਕਿਸੇ ਦੀ ਕਿਸਮਤ ਦੀ ਪੁੜੀ ਵਿੱਚੋਂ ਗੁਬਾਰਾ ਨਿਕਲਦਾ ਸੀ, ਕਿਸੇ ਵਿੱਚੋਂ ਨਕਲੀ ਤਵੀਤੀ (ਤਵੀਤੜੀ), ਕਿਸੇ ਵਿੱਚੋਂ ਮਿੱਠੀਆਂ ਡੁੱਲੀਆਂ। ਦੋ ਬਜ਼ੁਰਗਾਂ ਨੇ ਤੇ ਵਿਚੋਲੇ ਨੇ ਰਲਕੇ ਜਿਥੇ ਚਾਹਿਆ ਮੇਰੀ ਜ਼ਿੰਦਗੀ ਦੇ ਭਵਿੱਖ ਦਾ ਫੈਸਲਾ ਕਰ ਦਿੱਤਾ। ਨਾ ਕਿਸੇ ਨੇ ਮੁੰਡੇ ਦੀ ਰਾਏ ਪੁੱਛੀ, ਨਾ ਕਿਸੇ ਨੇ ਕੁੜੀ ਦੀ ਰਾਇ ਦਾ ਖਿਆਲ ਕੀਤਾ। ਵੇਖ-ਵਖਾਈ ਤਾਂ ਦੂਰ ਦੀ ਕੌਡੀ ਸੀ।

੧੯੬੯ ਦਾ ਸਮਾਂ ਸੀ। ਸਰਕਾਰੀ ਨੌਕਰੀ ਛੱਡ ਕੇ ਮੈਂ ਕਲਕੱਤੇ ਚਲਿਆ ਗਿਆ। ਸ਼ਾਇਦ ਸਮੇਂ ਨੂੰ ਪਰਖਣ ਲਈ ਜਾਂ ਸਮੇਂ ਨੂੰ ਆਪਣੇ ਹੱਕ ਵਿੱਚ ਕਰਨ ਲਈ। ਪੰਜਾਬ ਦੇ ਪਿੰਡਾਂ, ਸ਼ਹਿਰਾਂ ਅਤੇ ਪਹਾੜੀ ਵਾਦੀਆਂ ਤੋਂ ਮੈਂ ਇਕ ਦਮ ਵੱਖਰੇ ਚਕਾਚੌਂਧ ਕਰਨ ਵਾਲੇ ਮਹਾਂਨਗਰ ਵਿੱਚ ਚਲੇ ਗਿਆ। ਹੈਰਾਨ ਸਾਂ, ਜਿਹੜੀ ਦੁਨੀਆ ਵਿੱਚ ਮੈਂ ਹੁਣ ਤੱਕ ਰਿਹਾ ਸੀ- ਏਥੇ ਬਿਲਕੁਲ ਵੱਖਰੀ ਦੁਨੀਆ ਸੀ। ਡਬਲ-ਡੈਕਰ ਬੱਸਾਂ, ਟਰਾਮਾਂ, ਟੈਕਸੀਆਂ, ਹੱਥਾਂ ਨਾਲ ਖਿੱਚਣ ਵਾਲੇ ਰਿਕਸ਼ੇ, ਰਾਤ ਦੇ ਹਨੇਰੇ ਵਿੱਚ ਪਾਰਕਾਂ ਵਿੱਚ ਤੇ ਸੜਕਾਂ ਕੰਢੇ ਜਿਸਮ ਵੇਚਦੀਆਂ ਲੜਕੀਆਂ, ਅਜੀਬ ਮਹਾਂਨਗਰ ਸੀ, ਅਜੀਬ ਸਭਿਆਚਾਰ ਸੀ।

ਹੱਥ ਰਿਕਸ਼ੇ ਮੈਂ ਪਹਾੜਾਂ ਵਿੱਚ ਨੌਕਰੀ ਕਰਦਿਆਂ ਸ਼ਿਮਲੇ ਵੇਖੇ ਸਨ, ਟਾਵੇਂ ਟਾਵੇਂ। ਪਰ ਏਥੇ ਤਾਂ ਹੱਥ ਰਿਕਸ਼ਿਆਂ ਦੀ ਪੂਰੀ ਟਰਾਂਸਪੋਰਟ ਸੀ, ਸਨਅੱਤ ਸੀ। ਕਲਕੱਤਾ ਵਾਸੀਆਂ ਦੇ ਜੀਵਨ ਵਿੱਚ ਇਹ ਹੱਥ ਰਿਕਸ਼ਾ ਇਕ ਤਰ੍ਹਾਂ ਨਾਲ ਰਚ-ਮਿਚ ਗਿਆ ਸੀ। ਕਲਕੱਤੇ ਲੱਖਾਂ ਦੀ ਗਿਣਤੀ ਵਿੱਚ ਹੱਥ ਰਿਕਸ਼ੇ ਸਨ। ਕਲਕੱਤੇ ਆ ਕੇ ਮਹਿਸੂਸ ਹੋਇਆ, ਇਸ ਸੰਸਾਰ ਵਿੱਚ ਦੋ ਤਰ੍ਹਾਂ ਦੇ ਲੋਕ ਹਨ, ਦੋ ਤਰ੍ਹਾਂ ਦੇ ਨਹੀਂ ਸਗੋਂ ਤਿੰਨ ਤਰ੍ਹਾਂ ਦੇ ਲੋਕ ਹਨ। ਇਕ ਉਹ ਜਿਹੜੇ ਮਲਟੀ ਸਟੋਰੀ ਬਿਲਡਿੰਗਾਂ ਦੇ ਮਾਲਕ ਹਨ, ਵੱਡੇ ਕਾਰਖਾਨੇ ਦਾਰ ਹਨ, ਕਾਰਪੋਰੇਟ ਘਰਾਣੇ ਹਨ, ਵੱਡੇ-ਵੱਡੇ ਟਰਾਂਸਪੋਰਟ ਹਨ। ਦੂਜੇ ਉਹ ਹਨ ਜਿਹੜੇ ਆਪਣੇ ਆਪ ਨੂੰ ਮੱਧ-ਸ਼੍ਰੇਣੀ ਦੇ ਲੋਕ ਸਮਝਦੇ ਸਨ। ਇਹਨਾਂ ਦੀ ਲਾਲਸਾ ਉਪਰ ਵਾਲਿਆਂ ਵਿੱਚ ਸ਼ਾਮਲ ਹੋਣ ਲਈ ਏਨੀ ਤੀਬਰ ਹੈ, ਇਹ ਹਰ ਸਮੇਂ ਇਸ ਦੌੜ ਵਿੱਚ ਆਪਣਾ ਸੁੱਖ ਆਰਾਮ, ਸਭ ਦਾਅ 'ਤੇ ਲਾਈ ਬੈਠੇ ਹਨ। ਤੀਜੀ ਕਿਸਮ ਦੇ ਉਹ ਲੋਕ ਹਨ ਜਿਹੜੇ ਹੱਥ ਰਿਕਸ਼ੇ ਖਿੱਚਦੇ ਹਨ, ਟੈਕਸੀਆਂ ਚਲਾਉਂਦੇ ਹਨ, ਰੇਹੜੇ ਖਿਚਦੇ ਹਨ। ਸੁਬਾਹ-ਸਵੇਰੇ ਸੜਕਾਂ ਉਪਰ ਝਾੜੂ ਲਾਉਂਦੇ ਹਨ, ਵਰਕਸ਼ਾਪਾਂ ਵਿੱਚ ਕੰਮ ਕਰਦੇ ਹਨ, ਢਾਬਿਆਂ, ਹੋਟਲਾਂ ਵਿੱਚ ਮੁੰਡੂਆਂ ਤੇ ਬਹਿਰਿਆਂ ਦਾ ਕੰਮ ਕਰੇ ਹਨ ਤੇ ਉਹ ਲੋਕ ਹਨ ਜਿਹੜੇ ਮਜ਼ਦੂਰੀ ਦੀ ਝਾਕ ਵਿੱਚ ਲੇਬਰ ਚੌਕਾਂ ਦੇ ਅੱਡਿਆਂ 'ਤੇ ਖੜਦੇ ਹਨ। ਅਜੇ ਉਸ ਸਮੇਂ ਮੈਂ ਵੀ ਇਹਨਾਂ ਲੋਕਾਂ ਵਿੱਚ ਹੀ ਸ਼ਾਮਲ ਸਾਂ। ਕਲਕੱਤੇ ਮੈਂ ਸਮੇਂ ਦੀ ਨਬਜ਼ 'ਤੇ ਹੱਥ ਤਾਂ ਨਹੀਂ ਰੱਖ ਸਕਿਆ ਪਰ ਮੈਨੂੰ ਸਮੇਂ ਦੀਆਂ ਕੁਝ ਵੰਨਗੀਆਂ ਦੀ ਕੁਝ ਕੁਝ ਸਮਝ ਪੈਣ ਲੱਗ ਪਈ ਸੀ ਜਾਂ ਨਹੀਂ ਇਹ ਦਾਅਵੇ ਨਾਲ ਤਾਂ ਨਹੀਂ ਕਹਿ ਸਕਦਾ, ਉਂਜ ਮੈਂ ਮਹਿਸੂਸ ਕਰਨ ਲੱਗਾ ਕਿ ਸੰਸਾਰ ਵਿੱਚ ਦੋ ਧਿਰਾਂ ਨੇ। ਇਕ ਧਿਰ ਸੋਸ਼ਣ ਕਰਦੀ ਹੈ ਤੇ ਦੂਜੀ ਧਿਰ ਸੋਸ਼ਣ ਸਹਿੰਦੀ ਹੈ।

ਸਮੇਂ ਨੇ ਮੈਨੂੰ ਇਥੇ ਭਾਵੇਂ ੮-੧੦ ਸਾਲ ਕਿੱਤੇ ਵਿੱਚ ਸਥਾਪਤ ਹੋਣ ਦੇ ਗਧੀ-ਗੇੜ ਵਿੱਚ ਉਲਝਾਈ ਰੱਖਿਆ। ਪਰ ਕਾਲਜ ਵੇਲੇ ਤੋਂ ਸਾਹਿਤਕ ਪੁਸਤਕਾਂ ਪੜ੍ਹਨ ਦਾ ਸ਼ੌਕ ਏਥੇ ਫਿਰ ਜਾਗ ਪਿਆ। ਸਮੇਂ ਨੂੰ ਸਮਝਣ ਤੇ ਪਰਖਣ ਦੀ ਜਾਚ ਵੀ ਬਰਨਪੁਰ ਬਣੇ ਮੇਰੇ ਮਿੱਤਰ ਸਾਧੂ ਸਿੰਘ ਦੀ ਸਕੂਲਿੰਗ ਨਾਲ ਆਈ। ਹੈ ਨਾ ਹੈਰਾਨੀ ਦੀ ਗੱਲ, ਕਿਤੇ ਟੈਕਸੀ ਜਾਂ ਟਰੱਕ ਦਾ ਡਰਾਈਵਰ ਤੇ ਕਿਥੇ ਮਾਰਕਸ ਦਾ ਵਿਰੋਧ-ਵਿਕਾਸ, ਦਵੰਦਆਤਮਕ ਪਦਾਰਥਵਾਦ। ਮੇਰੇ ਲਈ ਇਹ ਰੁੱਖਾ ਤੇ ਸਿਧਾਂਤਕ ਵਿਸ਼ਾ ਸੀ। ਪਰ ਇਸ ਨੇ ਮੈਨੂੰ ਹਰ ਘਟਨਾ ਅਤੇ ਵਿਵਹਾਰ ਨੂੰ ਸਮਝਣ ਦਾ ਨਵਾਂ

ਨਜ਼ਰੀਆ ਦਿੱਤਾ। ਹੁਣ ਮੈਨੂੰ ਵੱਡੇ ਟਰਾਂਸਪੋਰਟਾਂ ਅਤੇ ਫੈਕਟਰੀਆਂ ਦੇ ਮਾਲਕਾਂ, ਡਾਇਰੈਕਟਰਾਂ ਦੇ ਵਰਤਾਰੇ ਵਿੱਚ ਛੁਪੀ ਮੱਕਾਰੀ ਦਿੱਸਣ ਲੱਗੀ। ਮੇਰੀ ਸੋਚ ਬਦਲ ਗਈ। ਡਰਾਈਵਰਾਂ ਦੀਆਂ ਢਾਣੀਆਂ ਵਿੱਚ ਖਰਮਸਤੀਆਂ ਕਰਨ ਤੋਂ ਹਿੱਚਕਚਾਉਣ ਲੱਗਾ। ਕੁਝ ਨਵੀਆਂ ਚਿੰਤਾਵਾਂ ਨੇ ਜਨਮ ਲਿਆ, 'ਕੀ ਮੈਂ ਸਾਰੀ ਉਮਰ ਟਰੱਕ ਚਲਾਉਂਦਾ ਰਹਿਣ ਲਈ ਹੀ ਏਥੇ ਆਇਆਂ? ਫੇਰ ਪੜ੍ਹਾਈ ਵਿੱਚ ੧੪-੧੫ ਸਾਲ ਬਰਬਾਦ ਕਰਨ ਦਾ ਕੀ ਫਾਇਦਾ ਹੋਇਆ?'

ਜਦੋਂ ਮੈਂ ਦੇਖਦਾ, ਅਨਪੜ੍ਹ ਲੋਕ ੪੦-੫੦ ਟਰੱਕਾਂ ਦੇ ਜਾਂ ੧੦੦-੧੫੦ ਟਰੱਕਾਂ ਦੇ ਮਾਲਕ ਬਣੇ ਹੋਏ ਨੇ, ਮਨ ਵਿੱਚ ਆਉਂਦਾ ਜੇ ਮੈਂ ਸਤਵੀਂ-ਅਠਵੀਂ ਕਰਕੇ ਏਥੇ ਆਇਆ ਹੁੰਦਾ ਤਾਂ ਸ਼ਾਇਦ ਮੈਂ ਵੀ ਇਕ ਵੱਡਾ ਟਰਾਂਸਪੋਰਟ ਹੁੰਦਾ ਤੇ ਮੇਰੇ ਟਰੱਕ-ਟਰਾਲੇ ਵੀ ਸਾਰੇ ਭਾਰਤ ਵਿੱਚ ਚਲਦੇ ਹੁੰਦੇ।

ਮਨ ਵਿੱਚ ਬੇਚੈਨੀ ਰਹਿੰਦੀ ਸੀ ਪਰ ਸਮਾਂ ਮੇਰੇ ਲਈ ਵੱਖਰੇ ਅੰਦਾਜ਼ ਵਿੱਚ ਸਾਹਮਣੇ ਆਉਣ ਵਾਲਾ ਸੀ। ਇਸ ਸਮੇਂ ਮੇਰੀ ਜ਼ਿੰਦਗੀ ਇਕ ਅਹਿਮ ਦੌਰ ਵਿੱਚ ਦਾਖ਼ਲ ਹੁੰਦੀ ਹੈ। ਇਸ ਦੌਰ ਦੇ ਸਮੇਂ ਨੇ ਮੇਰੀਆਂ ਦੋਸਤੀਆਂ, ਮੇਰੀ ਬੋਲਚਾਲ, ਮੇਰਾ ਵਿਵਹਾਰ ਸਭ ਕੁਝ ਬਦਲ ਕੇ ਰੱਖ ਦਿੱਤਾ। ਸਮੇਂ ਨੇ ਹੀ ਮੈਨੂੰ ਇਹ ਮੌਕਾ ਦਿੱਤਾ ਪੰਜਾਬੀ ਸਾਹਿਤ ਸਭਾ ਕਲਕੱਤਾ ਦੇ ਆਹੁਦੇਦਾਰਾਂ ਅਤੇ ਮੈਂਬਰਾਂ ਨਾਲ ਮੇਲ-ਮਿਲਾਪ ਇਸ ਤਬਦੀਲੀ ਦਾ ਸਬੱਬ ਬਣਿਆਂ। ਹਰਦੇਵ ਸਿੰਘ ਗਰੇਵਾਲ, ਡਾ ਸੁਖਵੰਤ, ਕੁਲਦੀਪ ਥਿੰਦ, ਕੁਲਦੀਪ ਸਾਗਰ, ਪਰਮਜੀਤ ਸ਼ੁਦਰਕ (ਸਾਧੂ ਸਿੰਘ), ਬਲਦੇਵ ਸਿੰਘ ਸੰਗਰੂਰੀ ਜਿਹੇ ਨਵੇਂ ਮਿੱਤਰਾਂ ਨੇ ਮੇਰੀਆਂ ਸੁੱਤੀਆਂ ਸਹਿਤਕ ਰੁਚੀਆਂ ਨੂੰ ਜਗਾਉਣ ਵਿੱਚ ਵੱਡਾ ਯੋਗਦਾਨ ਪਾਇਆ। ਮੈਂ ਪੰਜਾਬੀ ਸਾਹਿਤ ਸਭਾ ਕਲਕੱਤਾ ਦੀਆਂ ਮੀਟਿੰਗਾਂ ਵਿੱਚ ਜਾਣ ਲੱਗਾ। ਮੀਟਿੰਗਾਂ ਵਿੱਚ ਸਿਰਫ ਪੜ੍ਹਨ ਲਈ ਹੀ ਮੈਂ ਇਕ ਕਹਾਣੀ ਲਿਖੀ, 'ਗਿਲੀਆਂ ਛਿਟੀਆਂ ਦੀ ਅੱਗ'। ਮੀਟਿੰਗ ਵਿੱਚ ਝਿਜਕ-ਝਿਜਕ ਕੇ ਕਹਾਣੀ ਪੜ੍ਹੀ। ਪੜ੍ਹਨ ਦੇ ਮੇਰੇ ਲਹਿਜੇ ਤੋਂ ਕੁਝ ਮੈਂਬਰ ਮੁਸਕੜੀਏ ਹੱਸਦੇ ਰਹੇ। ਸ਼ਾਇਦ ਸਮਾਂ ਸਭ ਵੇਖ ਰਿਹਾ ਸੀ। ਕੀ ਪਤਾ ਉਸ ਨੂੰ ਭਰੋਸਾ ਹੋਵੇ, ਅੱਜ ਦਾ ਇਹ ਸੰਕੋਚੀ ਜਿਹਾ ਟਰੱਕ ਡਰਾਈਵਰ ਆਉਣ ਵਾਲੇ ਸਮੇਂ 'ਚ ਇਕ ਲੇਖਕ ਵਜੋਂ ਆਪਣੀ ਪੱਛਾਣ ਬਣਾ ਲਏਗਾ।

ਦੋਸਤੋ, ਫਿਰ ਉਹ ਸਮਾਂ ਆਇਆ, ਮੈਂ ਉਸੇ ਸਭਾ ਦਾ ਪ੍ਰਧਾਨ ਬਣਿਆਂ ਤੇ ਜਦੋਂ ਭਾਸ਼ਾ ਵਿਭਾਗ ਵਲੋਂ ਕਲਕੱਤੇ ਰਚਾਏ ਉਸ ਸਮਾਗਮ ਦਾ ਕਨਵੀਨਰ ਬਣਾਇਆ ਗਿਆ। ਮੇਰੀ ਪਲੇਠੀ ਕਹਾਣੀ ਅੰਮ੍ਰਿਤਾ ਪ੍ਰੀਤਮ ਦੇ ਮੈਗਜ਼ੀਨ 'ਨਾਗਮਣੀ' ਵਿੱਚ ਛਪੀ। ਇਹ ਵੀ ਮੇਰੇ ਸਾਹਿਤਕ ਸਫ਼ਰ ਵਿੱਚ ਇਕ ਖੂਬਸੂਰਤ ਮੋੜ ਸਾਬਤ ਹੋਈ। ਹੁਣ ਸਮਾਂ ਮੈਨੂੰ ਸ਼ਾਇਦ ਕੁਝ ਕੁਝ ਪੱਛਾਨਣ ਲੱਗ ਪਿਆ। ਮੇਰੀ ਅੱਖੜ ਤੇ ਬੰਗਲਾ ਟੱਚ ਵਾਲੀ ਸ਼ਬਦਵਾਲੀ ਤੇ ਨਾਲ ਹੀ ਡਰਾਈਵਰਾਂ ਦੀ ਬਹੁ-ਅਰਥੀ ਭਾਸ਼ਾ ਪਾਠਕਾਂ ਨੂੰ ਦਿਲਚਸਪ ਲਗਦੀ ਹੋਵੇ। ਨਾਗਮਣੀ ਵਿੱਚ ਛਪਦੇ ਕਾਲਮ 'ਸੜਕਨਾਮਾ' ਨੇ ਪਾਠਕਾਂ/ਲੇਖਕਾਂ ਵਿੱਚ ਮੇਰੀ ਵੱਖਰੀ ਪਹਿਚਾਣ ਸਥਾਪਤ ਕੀਤੀ। ਬਲਦੇਵ ਸਿੰਘ ਤੋਂ ਬਲਦੇਵ ਸਿੰਘ ਕਲਕੱਤਾ ਤੇ ਫਿਰ ਬਲਦੇਵ ਸਿੰਘ ਸੜਕਨਾਮਾ ਦੇ ਨਾਮ ਨਾਲ ਸਾਹਿਤਕ ਜਗਤ ਵਿੱਚ ਮੇਰੀ ਪੱਛਾਣ ਗੂੜ੍ਹੀ ਹੁੰਦੀ ਗਈ। ਸਮੇਂ ਨੇ ਮੇਰੀ ਸਹਿਤਕ ਗੱਡੀ ਪਹਿਲੇ ਗੇਅਰ ਵਿੱਚੋਂ ਕੱਢ ਕੇ ਦੂਜੇ-ਤੀਜੇ ਗੇਅਰ ਵਿੱਚ ਪਾ ਦਿੱਤੀ। ਪਾਠਕਾਂ ਦੇ ਖ਼ਤ ਆਉਣ ਲੱਗੇ। ਕੁਝ ਲੇਖਕ ਮਿੱਤਰ ਬਣੇ। ਭਾਸ਼ਾ ਵਿਭਾਗ ਦਾ ਕਲਕੱਤੇ ਸਮਾਗਮ ਰਚਾਉਣ ਕਾਰਨ ਯੂਨੀਵਰਸਟੀਆਂ ਦੇ ਵਿਦਵਾਨਾਂ ਤੇ ਵੱਡੇ ਲੇਖਕਾਂ, ਆਲੋਚਕਾਂ ਨਾਲ ਪੱਛਾਣ ਵਧੀ।



ਕੀ ਕਦੇ ਅਜਿਹਾ ਹੋਇਆ ਹੈ, ਦੌੜਦੇ ਸਮੇਂ ਨੇ ਤੁਹਾਨੂੰ ਆਪਣੇ ਨਾਲ ਦੌੜਾਇਆ ਹੋਵੇ, ਜਿਵੇਂ ਪਹਿਲਾਂ ਤੋਂ ਦੌੜਦੀ ਆ ਰਹੀ ਢਾਣੀ ਵਿੱਚ ਮੈਂ ਵੀ ਦੌੜਨ ਦਾ ਸੋਚਿਆ ਹੋਵੇ। ਫਿਰ ਸਭਨਾਂ ਤੋਂ ਪਿੱਛੇ ਪਿੱਛੇ ਦੌੜਨ ਦਾ ਸਾਹਸ ਕੀਤਾ ਹੋਵੇ। ਫਿਰ ਅਜਿਹਾ ਸਮਾਂ ਆਵੇ, ਪਹਿਲਾਂ ਦੌੜਦੀ ਢਾਣੀ ਚਾਲ ਮੱਠੀ ਹੋ ਗਈ ਹੋਵੇ ਜਾਂ ਤੁਸੀਂ ਹੀ ਕੁਝ ਤੇਜ਼ ਦੌੜਨ ਲੱਗੇ ਹੋਵੋਂ, ਤੁਹਾਡਾ ਫਾਸਲਾ ਘਟਦਾ ਜਾਵੇ ਤੇ ਇਕ ਸਮਾਂ ਅਜਿਹਾ ਆਵੇ, ਤੁਸੀਂ ਪਹਿਲੀ ਢਾਣੀ ਦੇ ਬਰਾਬਰ ਦੌੜਨ ਲੱਗ ਜਾਵੋਂ। ਤੇ ਦੋਸਤੋ! ਫਿਰ ਅਜਿਹਾ ਸਮਾਂ ਆਵੇ, ਪਹਿਲਾਂ ਦੌੜਦੀ ਢਾਣੀ ਤੁਹਾਥੋਂ ਪਿੱਛੇ ਰਹਿਣ ਲੱਗ ਜਾਵੇ ਤੇ ਤੁਸੀਂ ਅੱਗੇ ਨਿਕਲ ਜਾਵੋਂ। ਹੈ ਤਾਂ ਅਜੀਬ ਗੱਲ ਪਰ ਮੇਰੇ ਨਾਲ ਕੁਝ ਹੂਬਹੂ ਇਵੇਂ ਵਾਪਰਿਆ ਪ੍ਰਤੀਤ ਹੁੰਦਾ ਹੈ। ਅਜਿਹੇ ਸਮੇਂ ਤੁਹਾਡੇ ਨਾਲ ਘ੍ਰਿਣਾ ਦੀ, ਨਿੰਦਾ ਦੀ, ਈਰਖਾ ਦੀ ਭਾਵਨਾ ਪੈਦਾ ਹੋ ਜਾਣੀ ਸੁਭਾਵਕ ਹੈ ਤੇ ਅਜਿਹੇ ਵਰਤਾਰੇ ਨੂੰ ਤੁਸੀਂ ਜ਼ਿੰਦਗੀ ਵਿੱਚ ਅਨੇਕਾਂ ਵਾਰ ਮਹਿਸੂਸ ਕੀਤਾ ਹੋਵੇ। ਅਜਿਹੇ ਔਖੇ ਸਮਿਆਂ ਨਾਲ ਮੇਰਾ ਅਨੇਕਾਂ ਵਾਰ ਹੋਇਆ ਹੈ, ਭਾਵੇਂ ਕਲਕੱਤੇ ਮੇਰੇ ਕਾਰੋਬਾਰ ਦਾ ਖੇਤਰ ਹੋਵੇ ਜਾਂ ਸਾਹਿਤਕ ਖੇਤਰ ਹੋਵੇ।

ਫਿਰ ਅਜਿਹਾ ਸਮਾਂ ਆਇਆ, ਵਿਸ਼ਵੀਕਰਣ ਦੀ ਚਕਾਚੌਂਧ ਨੇ ਮੱਧ-ਸ਼੍ਰੇਣੀ ਨੂੰ ਚੁੰਧਿਆ ਦਿੱਤਾ। ਹੇਠਲਾ ਵਰਗ ਪਹਿਲਾਂ ਵੀ ਸਿਰਫ ਰੁੱਖੀ ਸੁੱਕੀ ਰੋਟੀ ਦਾ ਜੁਗਾੜ ਕਰਦਾ ਸੀ, ਜਦੋਂ ਦਿਹਾੜੀ ਤਿੰਨ-ਚਾਰ ਰੁਪਏ ਹੁੰਦੀ ਸੀ ਫਿਰ ੫੦-੬੦ ਦਿਹਾੜੀ ਹੋ ਗਈ ਤੇ ਹੁਣ ੪੦੦-੫੦੦ ਰੁਪਏ ਮਜ਼ਦੂਰ ਦੀ ਦਿਹਾੜੀ ਹੈ। ਚੁੱਲ੍ਹਾ ਤਾਂ ਹੁਣ ਵੀ ਉਹਨਾਂ (ਮਜ਼ਦੂਰਾਂ) ਦਾ ਬੜੀ ਮੁਸ਼ਕਲ ਨਾਲ ਬਲ਼ਦਾ ਹੈ। ਉਹ ਸਮਾਂ ਮੈਨੂੰ ਯਾਦ ਹੈ ਜਦੋਂ ਮੈਂ ਕਲਕੱਤਾ ਤੋਂ ਸੜਕ ਰਾਹੀਂ ਅੰਬਸੈਡਰ ਕਾਰ ਪਿੰਡ ਲੈ ਕੇ ਆਇਆ ਸੀ। ਪੈਟਰੌਲ ਇਕ ਰੁਪਏ ਪੱਚੀ ਪੈਸੇ ਲੀਟਰ ਸੀ ਤੇ ਡੀਜ਼ਲ ਪੈਂਹਟ ਪੈਸੇ ਲੀਟਰ। ਅੱਜ ਦਾ ਸਮਾਂ ਪੈਟਰੌਲ ੮੪-੮੫ ਰੁਪਏ ਲੀਟਰ ਹੈ ਤੇ ਡੀਜ਼ਲ ੭੦-੭੨ ਰੁਪਏ। ਸਰਕਾਰੀ ਨੀਤੀਆਂ ਅਤੇ ਡਰਾਵਿਆਂ ਨੇ ਲੋਕਾਂ ਦੀ ਮਾਨਸਿਕਤਾ ਏਨੀ ਖੱਸੀ ਕਰ ਦਿੱਤੀ ਹੈ, ਮਹਿੰਗਾਈ ਦੇ ਵਿਰੋਧ ਵਿੱਚ ਸੰਘਰਸ਼ ਕਰਨ ਦੀ ਥਾਂ ਇਹ ਕਹਿੰਦੇ ਸੁਣਿਆਂ ਜਾ ਸਕਦਾ ਹੈ- 'ਦੇਖ ਲਿਉ, ਪੈਟਰੌਲ ਪੂਰਾ ਸੌ ਰੁਪਏ ਲੀਟਰ ਹੋਊ।'

ਜਦੋਂ ਮੈਂ ਕਲਕੱਤੇ ਸਾਂ, ਉਹ ਸਮਾਂ ਨਕਸਲੀ-ਲਹਿਰ ਦੇ ਸਿਖਰ ਦਾ ਸਮਾਂ ਸੀ। ਨੈਸ਼ਨਲ ਲਾਇਬ੍ਰੇਰੀ ਦੇ ਸਾਹਮਣੇ ਇਕ ਟਰੈਫਿਕ ਜਾਮ ਵਿੱਚ ਮੈਂ ਪੁਲੀਸ ਅਤੇ ਨਕਸਲੀਆਂ ਦੀ ਇਕ ਮੁੱਠ-ਭੇੜ ਦਾ ਚਸ਼ਮਦੀਦ ਗਵਾਹ ਸਾਂ। ਜਾਮ ਸ਼ਾਇਦ ਇਸ ਕਾਰਨ ਹੀ ਲੱਗਿਆ ਸੀ। ਆਹਮੋ-ਸਹਾਮਣੇ ਚਲਦੀਆਂ ਗੋਲੀਆਂ ਵਿੱਚ ਮੈਂ ਅਤੇ ਮੇਰੇ ਵਰਗੇ ਹੋਰਾਂ ਨੇ ਗੱਡੀਆਂ ਵਿੱਚ ਬੈਠਿਆਂ ਹੀ ਆਪਣੇ-ਆਪ ਨੂੰ ਬਚਾਉਣ ਦਾ ਯਤਨ ਕੀਤਾ ਸੀ। ਡੇਢ ਦੋ ਵਰ੍ਹੇ ਬਾਅਦ ਇਕ ਨਕਸਲੀ ਕਾਰਕੁੰਨ ਮਿਲਿਆ ਜਿਹੜਾ ਕਦੇ ਇਸ ਲਹਿਰ ਵਿੱਚ ਪੂਰਾ ਸਰਗਰਮ ਸੀ, ਹੁਣ ਹਤਾਸ਼ ਅਤੇ ਨਿਰਾਸ਼ ਸੀ। ਉਸ ਨੂੰ ਆਪਣੇ ਆਗੂਆਂ ਉਪਰ ਗੁੱਸਾ ਸੀ। ਬਹੁਤੇ ਆਗੂ ਅੰਦਰ-ਖਾਤੇ ਸੱਤਾ ਨਾਲ ਸਮਝੌਤਾ ਕਰ ਗਏ ਪਰ ਕਾਡਰ ਦਾ ਭਵਿੱਖ ਬਰਬਾਦ ਹੋ ਗਿਆ। ਉਸ ਲੜਕੇ ਦੇ ਚਿਹਰੇ ਦੀ ਉਦਾਸੀਨਤਾ ਅਤੇ ਨਿਰਾਸ਼ਾ ਮੈਨੂੰ ਅੱਜ ਵੀ ਯਾਦ ਹੈ।

ਫਿਰ ਅਜਿਹਾ ਸਮਾਂ ਆਇਆ ੧੯੮੪ ਦੇ ਦੌਰ ਦਾ। ਪੰਜਾਬ ਦੀਆਂ ਘਟਨਾਵਾਂ ਨੇ ਪੰਜਾਬ ਤੋਂ ਬਾਹਰ ਜਿਥੇ ਜਿਥੇ ਵੀ ਪੰਜਾਬੀ ਖ਼ਾਸ ਕਰਕੇ ਸਿੱਖ ਭਾਈਚਾਰਾ ਰਹਿੰਦਾ ਸੀ, ਸਭਨਾਂ ਨੂੰ ਪ੍ਰਭਾਵਿਤ ਕੀਤਾ। ਦਹਾਕਿਆਂ ਦੇ ਸਥਾਪਤ ਕੀਤੇ ਕਾਰੋਬਾਰ, ਮਾਣ-ਮਰਿਯਾਦਾ ਸਭ ਮਿੱਟੀ 'ਚ ਮਿਲ ਗਏ। ਦਿੱਲੀ ਅਤੇ ਕਾਨ੍ਹਪੁਰ ਆਦਿ ਥਾਵਾਂ ਉਪਰ ਸਿੱਖਾਂ ਨਾਲ ਅਤਿ ਜ਼ਾਲਮਾਨਾ ਕਰੂਰ

ਵਿਵਹਾਰ ਯਾਦ ਕਰਕੇ ਅੱਜ ਵੀ ਰੌਂਗਟੇ ਖੜੇ ਹੋ ਜਾਂਦੇ ਹਨ। ਉਹ ਸਮਾਂ ਹੀ ਅਜਿਹਾ ਸੀ, ਮੈਂ ਵੀ ਹੋਰਾਂ ਦੇ ਨਾਲ ਕਲਕੱਤਾ ਛੱਡਣ ਦਾ ਮਨ ਬਣਾ ਲਿਆ।

ਸਮੇਂ ਨੇ ਇਕ ਵਾਰ ਫਿਰ ਮੇਰੇ ਪੈਰ ਉਖਾੜ ਦਿੱਤੇ। ਪੰਜਾਬ ਆਣ ਕੇ ਜ਼ਿੰਦਗੀ ਫਿਰ ਜ਼ੀਰੋ ਤੋਂ ਸ਼ੁਰੂ ਕਰਨੀ ਪਈ। ਕਲਕੱਤੇ ਦੇ ਉਸ ੧੮-੨੦ ਸਾਲਾਂ ਦੇ ਸਮੇਂ ਨੇ ਅਨੁਭਵ ਪੱਖੋਂ ਮੈਨੂੰ ਏਨੀ ਅਮੀਰੀ ਬਖਸ਼ੀ, ਉਦੋਂ ਤੱਕ ਮੈਂ ਭਾਰਤ ਦਾ ਉਤਰੀ-ਪੱਛਮੀ ਖਿੱਤਾ ਗਾਹ ਲਿਆ ਸੀ, ਜਾਂ ਤਾਂ ਕੋਈ ਰਮਤਾ ਯੋਗੀ ਏਨਾ ਘੁੰਮ ਸਕਦਾ ਹੈ, ਜਾਂ ਫਿਰ ਕੋਈ ਸਿਰ ਫਿਰਿਆ। ਸਮੇਂ ਨੇ ਮੈਨੂੰ ਇਹ ਵਰਦਾਨ ਰੁਗਜ਼ਾਰ ਦੇ ਸਬੱਬ ਨਾਲ ਦਿੱਤਾ। ਇਹ ਅਨੋਖਾ ਅਨੁਭਵੀ ਗਿਆਨ ਸੀ ਜਿਸ ਨੇ ਮੇਰੀ ਸੋਚ ਬਦਲੀ, ਮੇਰੀਆਂ ਤਰਜੀਹਾਂ ਬਦਲੀਆਂ ਤੇ ਜਿਸ ਨੇ ਮੈਨੂੰ ਵੰਨ-ਸੁਵੰਨੇ ਵਿਸ਼ਿਆਂ ਬਾਰੇ ਲਿਖਣ ਦੀ ਸਮੱਗਰੀ ਮੁਹੱਈਆ ਕਰਵਾਈ।

ਪੰਜਾਬ ਆ ਕੇ ਪਹਿਲਾਂ ਤਾਂ ਮੈਂ ਮੇਲੇ ਵਿੱਚ ਔਂਟਲੇ ਬਾਲ ਵਾਂਗ ਓਦਰਿਆ ਰਿਹਾ। ਪੰਜਾਬ ਮੇਰੀ ਜਨਮ ਭੂਮੀ ਹੈ ਤੇ ਕਲਕੱਤਾ ਮੇਰੀ ਕਰਮ ਭੂਮੀ ਸੀ ਪਰ ਮੈਨੂੰ ਇਸ ਤਰ੍ਹਾਂ ਆਭਾਸ ਹੁੰਦਾ ਰਿਹਾ ਜਿਵੇਂ ਪੰਜਾਬ ਵਿੱਚ ਮੈਂ ਬਹੁਤਿਆਂ ਲਈ ਓਪਰਾ ਹੋਵਾਂ। ਜ਼ਿੰਦਗੀ ਦੇ ਵਧੀਆ ਵਰ੍ਹੇ ਮੈਂ ਪੱਛਮੀ ਬੰਗਾਲ ਦੀ ਧਰਤੀ ਉਪਰ ਗੁਜ਼ਾਰ ਆਇਆ ਸਾਂ। ਉਥੋਂ ਦਾ ਵੰਨ-ਸੁਵੰਨਾ ਸਭਿਆਚਾਰ ਹਰ ਤਰ੍ਹਾਂ ਦਾ ਸਿਨਮਾ, ਨਾਟ-ਘਰ ਤੇ ਹੋਰ ਗਤੀਵਿਧੀਆਂ, ਧਰਮਤੱਲਾ ਦੇ ਵੈਸ਼ਾਲ ਮੈਦਾਨਾਂ ਵਿੱਚ ਵੱਡੀਆਂ ਰਾਜਨੀਤਕ ਰੈਲੀਆਂ, ਅਣਗਿਣਤ ਲੋਕਾਂ ਦੀ, ਲੱਖਾਂ ਦੀ ਗਿਣਤੀ ਵਿੱਚ ਪਰਚੰਡ ਭੀੜ, ਇਹ ਸਭ ਪੰਜਾਬ ਵਿੱਚ ਨਹੀਂ ਸੀ, ਜਾਂ ਮੇਰੀ ਪਹੁੰਚ ਤੋਂ ਬਾਹਰ ਸੀ। ਫਿਰ ਵੀ ਏਥੇ ਮਾਂ-ਬਾਪ ਸਨ, ਭੈਣ-ਭਾਈ ਸਨ, ਰਿਸ਼ਤੇਦਾਰ ਸਨ। ਪਰ ਕੋਈ ਕੰਮ ਤਾਂ ਵਿੱਢਣਾ ਹੀ ਪਵੇਗਾ। ਘਰ ਦਾ ਖਰਚ, ਬੱਚਿਆਂ ਦੀ ਪੜ੍ਹਾਈ, ਜੀਵਨ ਦੀਆਂ ਹੋਰ ਜ਼ਰੂਰੀ ਲੋੜਾਂ ਕਿਥੋਂ ਪੂਰੀਆਂ ਹੋਣਗੀਆਂ?

ਸਮੇਂ ਨੇ ਇਕ ਵਾਰ ਫਿਰ ਅਜਿਹੀ ਥਾਂ ਲਿਆ ਕੇ ਖੜ੍ਹਾ ਕਰ ਦਿੱਤਾ, ਸਮਝ ਨਹੀਂ ਸੀ ਆਉਂਦੀ, ਕਿਸ ਪਾਸੇ ਜਾਵਾਂ। ਸਰਕਾਰੀ ਨੌਕਰੀ ਮਿਲਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਭਾਵੇਂ ਮੈਂ ਬੀ.ਏ.ਬੀ.ਐਡ ਸਾਂ ਤੇ ਸਰਕਾਰੀ ਅਧਿਆਪਕ ਦੀ ਨੌਕਰੀ ਛੱਡ ਕੇ ਗਿਆ ਸਾਂ। ਹੁਣ ਤਾਂ ਮੈਂ ਪੰਜਾਬੀ ਦੀ ਐਮ.ਏ. ਵੀ ਕਰ ਲਈ ਸੀ। ਕਹਾਵਤ ਹੈ, ਆਖ਼ਰ ਪੁੱਤ ਬਸੰਤਿਆ, ਤੂੰ ਹੱਟੀ ਬਹਿਣਾ। ਮੈਂ ਫਿਰ ਟਰਾਂਸਪੋਰਟ ਦੇ ਕਿੱਤੇ ਵਿੱਚ ਫਸ ਗਿਆ। ਪਹਿਲਾਂ ਥਰੀ ਵੀਲ੍ਹਰ ਇਕ ਟੈਂਪੂ ਲਿਆ। ਫਿਰ ਤਿੰਨ ਬਣਾ ਲਏ। ਮਿੰਨੀ ਬੱਸ ਦਾ ਪਰਮਿੱਟ ਮਿਲ ਗਿਆ। ਸਮੇਂ ਨੂੰ ਨੱਥ ਮਾਰ ਕੇ ਮਰਜ਼ੀ ਅਨੁਸਾਰ ਤੋਰਨ ਲਈ: ਕਲਕੱਤਾ ਪ੍ਰਿੰਟਰਜ਼ ਦੇ ਨਾਮ ਹੇਠ ਛਾਪਖਾਨਾ ਵੀ ਲਗਾ ਲਿਆ। ਆਪਣੇ ਛੋਟੇ ਭਰਾ ਦੀ ਮੱਦਦ ਨਾਲ ਕਲਕੱਤੇ ਤੋਂ ਆਉਣ ਤੋਂ ਪਹਿਲਾਂ ਹੀ ਇਹ ਸ਼ੁਰੂ ਕਰ ਲਿਆ ਸੀ ਪਰ ਮੈਂ ਇਕ ਥਾਂ ਟਿਕ ਕੇ ਨਾ ਬੈਠ ਸਕਣ ਦੇ ਸੁਭਾਅ ਨੂੰ ਨਹੀਂ ਬਦਲ ਸਕਿਆ ਤੇ ਸਮੇਂ ਨੇ ਧੁਰਲੀ ਮਾਰ ਕੇ ਨੱਥ ਤੁੜਾ ਲਈ। ਕਲਕੱਤਾ ਪ੍ਰਿੰਟਿੰਗ ਪਰੈੱਸ ਵੇਚ ਦਿੱਤੀ, ਸ਼ਾਇਦ ਉਦੋਂ ਸਮਾਂ ਮੇਰੇ ਉਪਰ ਵਿਅੰਗ ਨਾਲ ਜ਼ਰੂਰ ਹੱਸਿਆ ਹੋਵੇਗਾ। ਕਿਉਂਕਿ ਬਾਅਦ ਵਿੱਚ ਮੈਂ ਮਹਿਸੂਸ ਕੀਤਾ, ਮੈਨੂੰ ਥਰੀ ਵੀਲ੍ਹਰ, ਬੱਸਾਂ ਵੇਚਣੀਆਂ ਚਾਹੀਦੀਆਂ ਸਨ, ਪਰੈੱਸ ਨਹੀਂ ਸੀ ਵੇਚਣੀ ਚਾਹੀਦੀ। ਸਾਲ ਕੁ ਬਾਅਦ ਹੀ ਪ੍ਰਿੰਟਿੰਗ ਦਾ ਸਾਰਾ ਕੰਮ ਕੰਪਿਊਟਰਾਈਜ਼ ਹੋ ਗਿਆ। ਕੁਆਲਟੀ ਵੀ ਕਮਾਲ, ਵੰਨਗੀਆਂ ਦੀ ਬਹੁਤਾਤ ਤੇ ਕੰਮ ਵੀ ਛੇਤੀ। ਟਰਾਂਸਪੋਰਟ ਦਾ ਧੰਦਾ ਤਾਂ ਬੱਸ ਧੰਦਾ ਬਣ ਗਿਆ। ਦੋ-ਚਾਰ ਚੱਕਵੇਂ ਤੇ ਅਥਰੇ ਜਿਹੇ ਮੁੰਡੇ ਬੱਸ ਉਪਰ ਹੋਣੇ ਜ਼ਰੂ ਰੀ ਹਨ। ਜਿਹੜਾ ਬੋਲੂ, ਜਿਹੜਾ ਟਾਈਮ ਖਾਊ, ਜਿਹੜੇ ਫਰੀ ਵਾਲੇ ਵਿਦਿਆਰਥੀ ਹੈਂਕੜ ਵਿਖਾਉਣ, ਉਹਨਾਂ ਦੀਆਂ ਰਗ਼ਾਂ 'ਤੇ



ਹੱਥ ਪਾਉਣ ਤੋਂ ਭੋਰਾ ਵੀ ਨਹੀਂ ਸੰਕੋਚ ਕਰਨਗੇ ਤਾਂ ਤੁਸੀਂ ਕਾਮਯਾਬ, ਨਹੀਂ ਤਾਂ ਗੱਡੀਆਂ ਵੇਚੋ ਤੇ ਆਰਾਮ ਨਾਲ ਘਰ ਬੈਠੋ। ਜਾਣੀ ਟਰਾਂਸਪੋਰਟ ਧੰਦਾ ਪੂਰੀ ਤਰ੍ਹਾਂ ਗੈਂਗਵਾਦੀ ਧੰਦਾ ਬਣ ਗਿਆ।

ਮੈਂ ਸਮਾਂ ਵਿਚਾਰਿਆ। ਨਾਲ ਦੇ ਟਰਾਂਸਪੋਟਰਾਂ ਨੇ ਵੀ ਨੇਕ ਸਲਾਹ ਦੇਣ ਦਾ ਆਪਣਾ ਫਰਜ਼ ਨਿਭਾਇਆ- 'ਜਾਂ ਗੱਡੀਆਂ 'ਤੇ ਦੋ-ਦੋ-ਚਾਰ ਗੁੰਡੇ (ਮੁੰਡੇ) ਰੱਖ ਜਾਂ ਵੇਚ ਦੇ। ਮੈਨੂੰ ਵੇਚਣ ਵਾਲੀ ਸਲਾਹ ਚੰਗੀ ਲੱਗੀ। ਲੜਨਾ ਮੇਰੇ ਸੁਭਾਅ ਵਿੱਚ ਹੀ ਨਹੀਂ ਹੈ। ਮੈਂ ਘਰ ਆ ਬੈਠਾ। ਪਰੈੱਸ ਪਹਿਲਾਂ ਹੀ ਵੇਚ ਬੈਠਾ ਸੀ। ਏਸ ਉਮਰ ਵਿੱਚ ਹੁਣ ਕੋਈ ਨਵਾਂ ਖੂਹ ਪੁੱਟਣ ਦੀ ਊਰਜਾ ਨਹੀਂ ਸੀ। ਬੱਚੇ ਸਾਰੇ ਵਿਆਹੇ ਜਾ ਚੁੱਕੇ ਹਨ, ਆਪਣੇ-ਆਪਣੇ ਕੰਮਾਂ, ਨੌਕਰੀਆਂ ਵਿੱਚ ਮਸਰੂਫ਼ ਹਨ। ਸਮੇਂ ਨੇ ਪੋਤੇ, ਪੋਤੀਆ, ਦੋਹਤੇ, ਦੋਹਤੀ ਦਾ ਦਾਦਾ-ਨਾਨਾ ਬਣਾ ਦਿੱਤਾ। ਮੈਂ ਆਪਣਾ ਪੂਰਾ ਸਮਾਂ ਸਾਹਿਤ ਦੇ ਲੇਖੇ ਲਾਉਣ ਦਾ ਮਨ ਬਣਾ ਲਿਆ।

ਹੁਣ ਸਮਾਂ ਵੀ ਮੇਰੇ ਨਾਲ ਸਹਿਯੋਗੀ ਹੋ ਕੇ ਤਰਿਆ। ਕਹਾਣੀਆਂ, ਨਾਵਲ, ਨਾਟਕ, ਬਾਲ ਸਹਿਤ, ਵਾਰਤਕ, ਸੰਪਾਦਨ, ਅਨੁਵਾਦ, ਸਫਰਨਾਮੇ, ਜੀਵਨੀਆਂ ਜਾਣੀ ਕਿ ਸਾਹਿਤ ਦੀ ਹਰ ਵੰਨਗੀ (ਵਿਧਾ) ਨੂੰ ਅਪਣਾਇਆ। ਪਾਠਕਾਂ ਦਾ ਇਕ ਵੱਡਾ ਵਰਗ ਮੇਰੇ ਨਾਲ ਜੁੜਿਆ। ਟਰਾਂਸਪੋਰਟ ਦਾ ਕਿੱਤਾ ਕਰਨ ਵਾਲੇ ਸਿੱਧੇ ਸਾਦੇ ਡਰਾਈਵਰ ਦੇ ਰਚੇ ਸਾਹਿਤ ਨੂੰ ਸਰਕਾਰੀ, ਗੈਰ-ਸਰਕਾਰੀ ਪ੍ਰਵਾਨਗੀ ਮਿਲੀ। ਸਹਿਤ ਅਕਾਦਮੀ ਐਵਾਰਡ, ਸ਼੍ਰੋਮਣੀ ਸਾਹਿਤਕਾਰ ਐਵਾਰਡ, ਕਰਤਾਰ ਸਿੰਘ ਧਾਲੀਵਾਲ ਪੁਰਸਕਾਰ, ਨਾਗਮਣੀ ਐਵਾਰਡ, ਕਥਾ ਐਵਾਰਡ, ਢਾਹਾਂ ਪੁਰਸਕਾਰ ਕੈਨੇਡਾ ਤੇ ਹੋਰ ਅਨੇਕਾਂ ਸੰਸਥਾਵਾਂ ਨੇ ਮਾਣ-ਸਨਮਾਨ ਮੇਰੀ ਝੋਲੀ ਪਾਏ। ਮੇਰੀਆਂ ਕੁਝ ਰਚਨਾਵਾਂ 'ਤੇ ਬੇਲੋੜਾ ਵਿਵਾਦ ਵੀ ਹੋਇਆ।

ਉਮਰ ਦੇ ਇਸ ਪੜਾਅ 'ਤੇ ਆ ਕੇ ਸਮੇਂ ਨੇ ਸੋਝੀ ਦਿੱਤੀ, ਸੱਚ ਲਿਖਣਾ ਬਹੁਤ ਔਖਾ ਹੈ, ਉਸ ਤੋਂ ਔਖਾ ਸੱਚ ਸਹਿਣਾ ਹੈ। ਆਖਰੀ ਸਾਹ ਤੱਕ ਲਿਖਦੇ ਰਹਿਣ ਦਾ ਸੰਕਲਪ ਹੈ। ਪੂਰਾ ਭਰੋਸਾ ਹੈ, ਸਮਾਂ ਮੇਰੇ ਨਾਲ ਦਗ਼ਾ ਨਹੀਂ ਕਰੇਗਾ, ਮੈਂ ਸਦਾ ਸਮੇਂ ਦੀ ਕਦਰ ਕੀਤੀ ਹੈ ਤੇ ਇਸ ਸਚਾਈ ਨਾਲ ਸਹਿਮ ਹਾਂ:

ਇਹ ਠਹਿਰਨ ਦੀ ਜਾਚ ਨਾ ਜਾਣਦਾ, ਲੰਘ ਗਿਆ ਨਾ ਮੁੜ ਕੇ ਆਂਵਦਾ।
ਤੇ ਮੇਰਾ ਯਤਨ ਰਹਿੰਦਾ ਹੈ, ਮੈਂ ਸਮੇਂ ਦੇ ਨਾਲ ਨਾਲ ਤੁਰਦਾ ਰਹਾਂ।

ਫੋਨ-98147-83069

**2020 ਵਿੱਚ ਛਪੇ ਨਵੇਂ ਕਹਾਣੀ ਸੰਗ੍ਰਹਿ**
**ਪੂਰਨ ਅਪੂਰਨ/ਕੁਲਦੀਪ ਸਿੰਘ ਬੇਦੀ**
**ਫੁੱਲਾਂ ਦੀ ਫ਼ਸਲ /ਸੁਖਪਾਲ ਸਿੰਘ ਥਿੰਦ**
**ਹਾਰੀਂ ਨਾ ਬਚਨਿਆ /ਗੁਰਮੀਤ ਕੜਿਆਲਵੀਂ**
**ਸਿਲਸਿਲੇ/ਕਿਰਪਾਲ ਕਜ਼ਾਕ**
**ਸਿਆਸਤ ਖੇਡ, ਸਿਆਸਤ/ਜਿੰਦਰ**

## ਮੇਰਾ ਸਮਾਂ: ਦੁੱਖ-ਸੁੱਖ ਦਾ ਸੁਮੇਲ/ਅਜਾਇਬ ਹੁੰਦਲ

ਸਿਆਣੇ ਕਹਿੰਦੇ ਹਨ ਕਿ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਬੜਾ ਔਖਾ ਹੈ। ਉਦੋਂ ਤਾਂ ਹੋਰ ਵੀ ਔਖਾ ਹੋ ਜਾਂਦਾ ਹੈ ਜਦ ਪੀੜ੍ਹੀ ਤਾਂ ਆਪਣੀ ਹੋਵੇ ਹੀ, ਸੋਟਾ ਵੀ ਆਪਣਾ ਹੀ ਹੋਵੇ! ਮੈਂ ਸੋਚਦਾ ਹਾਂ ਕਿਉਂ ਨਾ ਉਹ ਸੋਟਾ ਕਚਹਿਰੀ ਵਿੱਚ ਖੜੇ ਕਿਸੇ ਦਰਖ਼ਤ ਦਾ ਹੋਵੇ ਜਿਸ ਹੇਠਾਂ ਬੈਠਿਆਂ ਮੈਨੂੰ ਤਕਰੀਬਨ ਪੰਜਤਾਲੀ ਸਾਲ ਹੋ ਗਏ ਨੇ। ਉਸ ਦਰਖ਼ਤ ਹੇਠਾਂ ਬੈਠਿਆਂ ਮੈਂ ਵਕਾਲਤ ਵੀ ਕੀਤੀ ਹੈ, ਸਹਿਤ ਵੀ ਰਚਿਆ ਹੈ। ਮੈਂ ਕਈ ਨਜ਼ਮਾਂ ਕਚਹਿਰੀ ਆਪਣੇ ਚੈਂਬਰ ਵਿੱਚ ਬੈਠਿਆਂ ਵੀ ਲਿਖੀਆਂ ਨੇ ਤੇ ਅਦਾਲਤ ਵਿੱਚ ਆਪਣੀ ਵਾਰੀ ਉਡੀਕਦੇ ਬੈਠਿਆਂ ਵੀ। ਵੈਸੇ ਉਹ ਸੋਟਾ ਉਸ ਦਰਖ਼ਤ ਦਾ ਵੀ ਹੋ ਸਕਦਾ ਹੈ ਜਿਸ 'ਤੇ ਪੀਂਘ ਝੂਟਦੀਆਂ ਮੁਟਿਆਰਾਂ ਅਸਮਾਨ ਨੂੰ ਲਾਉਣ ਤੱਕ ਜਾਂਦੀਆਂ ਨੇ, ਜਾਂ ਉਸ ਦਰਖ਼ਤ ਦਾ ਵੀ ਜਿਸ ਨੂੰ ਉੱਗਣ ਲਈ ਜ਼ਮੀਨ ਤਾਂ ਮਿਲੀ ਪਰ ਫੈਲਣ ਲਈ ਅਸਮਾਨ ਨਹੀਂ ਮਿਲਿਆ। ਐਸੇ ਹਰ ਦਰਖ਼ਤ ਦੀ ਮੈਂ ਲੰਮੀ ਉਮਰ ਤੇ ਠੰਡੀ ਹਵਾ ਲਈ ਦੁਆ ਕਰਦਾ ਹਾਂ।

ਇਸ ਤੋਂ ਪਹਿਲਾਂ ਕਿ ਮੈਂ ਆਪਣੀ ਕਵਿਤਾ ਜਾਂ ਵਕਾਲਤ ਦੀ ਗੱਲ ਕਰਾਂ ਮੈਂ ਪਾਠਕਾਂ ਨੂੰ ਦੱਸ ਦੇਣਾ ਜ਼ਰੂਰੀ ਸਮਝਦਾਂ ਕਿ ਮੈਂ ਪੜ੍ਹਨ ਵਿੱਚ ਬੜਾ ਹੁਸ਼ਿਆਰ ਹੋਇਆ ਕਰਦਾ ਸਾਂਤੇ ਅੱਗੇ ਪੜ੍ਹਨਾ ਚਾਹੁੰਦਾ ਸਾਂ ਪਰ ਮੈਨੂੰ ਦਸਵੀਂ ਕਰਕੇ ਨੌਕਰੀ ਕਰਨੀ ਪੈ ਗਈ। ਨੌਕਰੀ ਮੇਰੀ ਮਰਜ਼ੀ ਦੀ ਨਹੀਂ ਸੀ, ਘਰ ਦੀ ਹਾਲਤ ਦੀ ਲੋੜ ਸੀ। ਮੈਂ ਆਪਣੇ ਆਪ ਨੂੰ ਉਸ ਨੌਕਰੀ ਵਿੱਚ ਹਮੇਸ਼ਾ ਮਿਸਫਿਟ ਸਮਝਦਾ ਰਿਹਾ। ਕਈ ਵਾਰ ਕੋਸ਼ਿਸ਼ ਕੀਤੀ ਪਰ ਉਹ ਨੌਕਰੀ ਮੇਰੇ ਤੋਂ ਛੱਡੀ ਨਾ ਜਾ ਸਕੀ। ਵਕਤ ਗੁਜ਼ਰਨ ਨਾਲ ਹੋਇਆ ਇਸ ਤਰ੍ਹਾਂ ਕਿ ਹੈਲਥ ਵਿਭਾਗ ਜਿੱਥੇ ਮੈਂ ਬਤੌਰ ਸੈਨੇਟਰੀ ਇਨਸਪੈਕਟਰ ਸਾਂ, ਫੈਮਲੀ ਪਲੈਨਿੰਗ ਵਿਭਾਗ ਵਿੱਚ ਹੈਲਥ ਐਜੂਕੇਟਰ ਦੀਆਂ ਨੌਕਰੀਆਂ ਨਿਕਲੀਆਂ। ਕੰਮ ਰਤਾ ਔਖਾ ਸੀ ਪਰ ਤਨਖਾਹ ਚੰਗੀ ਸੀ। ਮੈਂ ਸ਼ਾਇਰ ਹੋਣ ਕਰਕੇ ਚੁਣ ਲਿਆ ਗਿਆ ਅਤੇ ਮੇਰੀ ਪੋਸਟਿੰਗ ਪਟਿਆਲਾ ਦੇ ਸਰਕਾਰੀ ਹਸਪਤਾਲ ਵਿੱਚ ਹੋ ਗਈ। ਮੈਂ ਪਟਿਆਲੇ ਹਸਪਤਾਲ ਵਿੱਚ ਬਤੌਰ ਹੈਲਥ ਐਜੂਕੇਟਰ ਪਹੁੰਚ ਗਿਆ। ਦੋ-ਚਾਰ ਦਿਨਾਂ ਵਿੱਚ ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਡਾਕਟਰ ਮੈਨੂੰ ਕੋਈ ਨਵਾਂ ਮਰੀਜ਼ ਸਮਝਦੇ ਨੇ ਤੇ ਮਰੀਜ਼ ਕੋਈ ਨਵਾਂ ਆਇਆ ਡਾਕਟਰ। ਮੈਂ ਸੋਚਣ ਲੱਗ ਪਿਆ ਕਿ ਮੈਂ ਡਾਕਟਰ ਹਾਂ ਕਿ ਮਰੀਜ਼। ਮੈਂ ਕੌਣ ਹਾਂ? ਮੇਰਾ ਇਕ ਕੁਲੀਗ ਉਸ ਵਕਤ ਪ੍ਰਾਈਵੇਟ ਪੜ੍ਹ ਕੇ ਬੀ.ਏ. ਕਰ ਰਿਹਾ ਸੀ। ਮੈਨੂੰ ਰਸਤਾ ਮਿਲ ਗਿਆ। ਮੈਂ ਚੰਗੀ ਭਲੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਮੈਨੂੰ ਬੜਾ ਸਮਝਾਇਆ ਗਿਆ ਪਰ ਮੈਂ ਨਾ ਮੰਨਿਆਂ ਤੇ ਵਾਪਸ ਆਪਣੀ ਨੌਕਰੀ 'ਤੇ ਆ ਕੇ ਗਿਆਨੀ ਦੀਆਂ ਕਲਾਸਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਵੇਰੇ ਨੌਕਰੀ ਕਰਨੀ ਸ਼ਾਮਾਂ ਨੂੰ ਕਲਾਸਾਂ ਲਾਉਣੀਆਂ। ਪਿੰਡ ਜਾਣ ਤਕ ਹਨੇਰਾ ਹੋ ਜਾਂਦਾ ਸੀ। ਨੌਕਰੀ ਪਿੰਡ ਜੰਡਿਆਲਾ ਗੁਰੂ, ਪੜ੍ਹਨਾ ਅੰਮ੍ਰਿਤਸਰ ਤੇ ਰਹਿਣਾ ਪਿੰਡ ਵੇਰਕਾ ਜੋ ਅੰਮ੍ਰਿਤਸਰ ਤੋਂ ਅੱਠ ਨੌਂ ਕਿਲੋਮੀਟਰ ਦੂਰ ਸੀ।

ਜਿਵੇਂ ਕਿਵੇਂ ਵੀ ਹੋਇਆ,ਬੀ.ਏ. ਪਾਸ ਕਰ ਲਈ ਤੇ ਪਟਿਆਲਾ ਯੂਨੀਵਰਸਟੀ ਤੋਂ ਐਮ.ਏ. ਪੰਜਾਬੀ ਵੀ ਕਰ ਲਈ। ਭੂਸ਼ਨ ਧਿਆਨਪੁਰੀ ਮੇਰਾ ਜਮਾਤੀ ਵੀ ਸੀ ਤੇ ਸਮਕਾਲੀ ਸ਼ਾਇਰ ਵੀ ਸੀ। ਉਨ੍ਹਾਂ ਦਿਨਾਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਟੀ ਦੀਆਂ ਲਾਅ ਦੀਆਂ ਈਵਨਿੰਗ ਕਲਾਸਾਂ ਸ਼ੁਰੂ ਹੋਈਆਂ। ਤਿੰਨ ਸਾਲ ਦਾ ਕੋਰਸ ਸੀ। ਕੋਰਸ ਦੌਰਾਨ ਮੇਰੀ ਬਦਲੀ



ਫਰੀਦਕੋਟ ਦੀ ਹੋ ਗਈ। ਬੜੀਆਂ ਔਕੜਾਂ ਝੱਲਣੀਆਂ ਪਈਆਂ ਵਕਾਲਤ ਪਾਸ ਕਰਨ ਲਈ। ਵਿੱਚ ਵਿੱਚ ਪੰਜਾਬੀ ਦਾ ਲੈਕਚਰਾਰ ਬਣਨ ਦੀ ਕੋਸ਼ਿਸ਼ ਕਰਦਾ ਰਿਹਾ ਪਰ ਗੱਲ ਨਾ ਬਣੀ। ਜੁਲਾਈ ੧੯੭੫ ਵਿੱਚ ਲਾਅ ਦਾ ਕੋਰਸ ਖ਼ਤਮ ਹੋ ਗਿਆ। ਮੈਂ ਨੌਕਰੀ ਛੱਡ ਦਿੱਤੀ ਤੇ ਵਕੀਲ ਬਣ ਗਿਆ।

ਆਪਣੇ ਪਿੰਡ ਵਿੱਚ ਮੈਂ ਪਹਿਲਾ ਜੱਟ ਵਕੀਲ ਸਾਂ। ਸਾਡੇ ਪਿੰਡ ਦੇ ਪੰਡਤਾਂ ਦੇ ਪੰਜ ਹੋਰ ਵਕੀਲ ਸਨ। ਵਕਾਲਤ ਦਾ ਪੇਸ਼ਾ ਮੇਰੀ ਮਰਜ਼ੀ ਦਾ ਸੀ। ਇੱਜ਼ਤ ਮਾਣ ਵਾਲਾ ਤੇ ਆਜ਼ਾਦ ਵੀ। ਮੈਂ ਆਪਣੇ ਅੰਦਰਲੇ ਸ਼ਾਇਰ ਤੇ ਉਸ ਦੇ ਕਰਤੱਵ ਦਾ ਸਦਾ ਖਿਆਲ ਰੱਖਿਆ। ਉਹ ਕਿਵੇਂ ਰੱਖਿਆ ਇਹ ਮੈਂ ਜ਼ਰੂਰ ਦੱਸਣਾ ਚਾਹਾਂਗਾ।

ਇਕ ਦਿਨ ਮੈਂ ਆਪਣੇ ਚੈਂਬਰ ਵਿੱਚ ਇਕੱਲਾ ਤੇ ਵਿਹਲਾ ਬੈਠਾ ਸਾਂ। ਇਕ ਸ਼ਖਸ ਆ ਕੇ ਪੁੱਛਣ ਲੱਗਾ, "ਇਸ ਹੁਕਮ ਦੀ ਅਪੀਲ ਕਰਨੀ ਹੈ, ਕਿੰਨੀ ਫੀਸ-ਕੋਰਟ ਲਗੇਗਾ?" ਮੈਂ ਕਿਹਾ, "ਸਵਾ ਰੁਪੱਈਆ।" ਉਸ ਨੇ ਦੁਬਾਰਾ ਪੁੱਛਿਆ, ਮੈਂ ਦੁਬਾਰਾ ਦੱਸਿਆ, ਉਹ ਕਿਸੇ ਨਾਲ ਸਲਾਹ ਕਰਨ ਚਲੇ ਗਿਆ। ਕੁਝ ਦੇਰ ਮਗਰੋਂ ਆਇਆ, ਫਿਰ ਪੁੱਛਣ ਲੱਗਾ, "ਅਪੀਲ ਦਾ ਕੁੱਲ ਖਰਚਾ ਕਿੰਨਾ ਆਏਗਾ?" ਮੈਂ ਕਿਹਾ, "ਕੋਈ ਵੀਹ ਪੰਜੀ ਰੁਪੈ।" ਉਸ ਨੇ ਫੀਸ ਪੁੱਛੀ, ਮੈਂ ਦੋ ਸੌ ਰੁਪਏ ਦੱਸ ਦਿੱਤੀ। ਉਦੋਂ ਵਕੀਲ ਤਿੰਨ ਸੌ ਰੁਪਏ ਲੈਂਦੇ ਸਨ। ਉਹ ਕਹਿਣ ਲੱਗੇ, "ਸਾਡਾ ਇਕ ਜਾਣੂ ਵਕੀਲ ਆ, ਉਹ ਕਹਿੰਦਾ ਛੇ ਸੌ ਰੁਪਏ ਖਰਚਾ ਲੱਗੇਗਾ। ਮੈਂ ਕਿਹਾ ਕਿ ਫੀਸ ਕਿੰਨੀ ਮੰਗਦਾ। ਉਹਨੇ ਕਿਹਾ ਕਿ ਸੌ ਰੁਪਏ। ਮੈਂ ਕਿਹਾ ਕਿ ਉਹ ਤਾਂ ਸੌ ਰੁਪਏ ਫੀਸ ਲੈ ਕੇ ਵੀ ਪੰਜ ਸੌ ਹੋਰ ਲੈ ਗਿਆ। ਉਸ ਨੇ ਅਪੀਲ ਮੈਨੂੰ ਦੇ ਦਿੱਤੀ। ਮੇਰੀ ਹਰ ਗੱਲ ਸੱਚੀ ਸੀ।

ਇਕ ਹੋਰ ਦਿਲਚਸਪ ਅਪੀਲ ਦੀ ਗੱਲ ਜ਼ਰੂਰ ਕਰਨੀ ਚਾਹੁੰਦਾ ਹਾਂ ਕਿਉਂਕਿ ਇਸ ਦਾ ਮੇਰੇ ਸ਼ਾਇਰ ਹੋਣ ਨਾਲ ਜ਼ਿਆਦਾ ਅਤੇ ਵਕੀਲ ਹੋਣ ਨਾਲ ਘੱਟ ਵਾਸਤਾ ਹੈ। ਇਕ ਕਿਰਾਏਦਾਰ ਆਪਣਾ ਮੁਕੱਦਮਾ ਹਾਰ ਗਿਆ ਸੀ। ਉਹਨੂੰ ਦੁਕਾਨ ਖ਼ਾਲੀ ਕਰਨੀ ਪੈਣੀ ਸੀ। ਮੈਂ ਹੁਕਮ ਪੜ੍ਹ ਕੇ ਕਿਹਾ ਕਿ ਕੇਸ ਬਹੁਤ ਕਮਜ਼ੋਰ ਹੈ। ਸਾਰੇ ਦਸਤਾਵੇਜ਼ੀ ਸਬੂਤ ਤੇਰੇ ਖ਼ਿਲਾਫ ਨੇ। ਅਪੀਲ ਕਰਨਾ ਬਣਦਾ ਨਹੀਂ। ਉਸ ਦੇ ਜ਼ਿੱਦ ਕਰਨ 'ਤੇ ਮੈਂ ਅਪੀਲ ਕਰ ਦਿੱਤੀ ਪਰ ਮੈਨੂੰ ਪਤਾ ਸੀ ਕਿ ਹੱਥ ਪੱਲੇ ਕੁਝ ਨਹੀਂ ਪੈਣਾ।

ਉਸ ਮੁਕੱਦਮੇ ਦੀ ਕਾਨੂੰਨੀ ਗੱਲ ਇਹ ਸੀ ਕਿ ਜੇ ਕਰ ਕੋਈ ਕਿਰਾਏ ਵਾਲੀ ਥਾਂ ਬਿਨਾਂ ਕਾਰਨ, ਚਾਰ ਮਹੀਨੇ ਤੋਂ ਜ਼ਿਆਦਾ ਦੇਰ ਤਕ ਬੰਦ ਰਹੇ ਤਾਂ ਮਕਾਨ ਮਾਲਕ ਉਸ ਨੂੰ ਬੰਦ ਰਹਿਣ ਦੇ ਸਬੂਤ ਦੇ ਕੇ ਖ਼ਾਲੀ ਕਰਾ ਸਕਦਾ। ਦੁਕਾਨ ਦਾ ਮਾਲਕ ਬੜਾ ਚਲਾਕ ਸੀ। ਉਸ ਨੇ ਕਿਰਾਏਦਾਰ ਨੂੰ ਇਕ ਦੋ ਨੋਟਿਸ ਕਿਸੇ ਵਕੀਲ ਤੋਂ ਦਵਾਏ ਅਤੇ ਡਾਕੀਏ ਨਾਲ ਮਿਲ ਕੇ ਰਜਿਸਟਰੀਆਂ ਇਸ ਰਿਪੋਰਟ ਨਾਲ ਵਾਪਸ ਭਜਵਾ ਦਿੱਤੀਆਂ ਕਿ ਦੁਕਾਨ ਬੰਦ ਹੋਣ ਕਰਕੇ ਰਜਿਸਟਰੀ ਡਿਲਿਵਰ ਨਹੀਂ ਹੋ ਸਕੀ। ਦੂਸਰੀ ਗੱਲ ਉਸ ਨੇ ਬਿਜਲੀ ਦਾ ਮੀਟਰ ਚੈੱਕ ਕਰਨ ਵਾਲੇ ਨਾਲ ਮਿਲ ਕੇ ਕੀਤੀ ਕਿ ਦੁਕਾਨ ਬਾਰ ਬਾਰ ਜਾਣ 'ਤੇ ਬੰਦ ਹੈ। ਤੇ ਜਦ ਉਸ ਨੇ ਮੁਕੱਦਮਾ ਕੀਤਾ ਉਸ ਨੇ ਅਦਾਲਤ ਦੇ ਸੰਮਣ ਵੀ ਇਹ ਲਿਖਵਾ ਕੇ ਵਾਪਸ ਕਰਾ ਦਿਤੇ ਕਿ ਦੁਕਾਨ ਬੰਦ ਹੈ। ਬਾਰ ਬਾਰ ਜਾਣ 'ਤੇ ਸੰਮਣ ਸਰਵ ਨਹੀਂ ਹੋ ਸਕੇ। ਅਖੀਰ ਵਿੱਚ ਮਾਲਕ ਦੁਕਾਨ ਨੇ ਕਿਰਾਏਦਾਰ ਦੇ ਘਰ ਦੇ ਪਤੇ 'ਤੇ ਉਸ ਨੂੰ ਇਤਲਾਹ ਕਰਾ ਦਿੱਤੀ।

ਕਿਰਾਏਦਾਰ ਦੀ ਪਤਨੀ ਡਾਕਟਰ ਸੀ। ਇਸ ਨਾਲ ਲਵਮੈਰਿਜ ਹੋਈ ਸੀ। ਕਿਰਾਏਦਾਰ ਆਪ ਮੁਨਿਆਰੀ ਦੀ ਦੁਕਾਨ (ਝਗੜੇ ਵਾਲੀ) ਕਰਦਾ ਸੀ। ਕਿਰਾਏਦਾਰ ਨੇ ਪਤਨੀ ਦੀ ਅਚਾਨਕ ਮੌਤ ਅਤੇ ਹੋਰ ਕਈ ਨੁਕਤੇ ਉਠਾਏ ਪਰ ਦਸਤਾਵੇਜ਼ੀ ਸਬੂਤਾਂ ਕਰਕੇ ਦੁਕਾਨ ਖ਼ਾਲੀ ਕਰਨ ਦਾ ਹੁਕਮ ਹੋ ਗਿਆ। ਫਾਈਨਲ ਬਹਿਸ ਵਾਲੇ ਦਿਨ ਜੱਜ ਕਹਿਣ ਲੱਗਾ, "ਤੁਹਾਡੇ ਕੇਸ ਵਿੱਚ ਕੁਝ ਨਹੀਂ। ਸਾਰੇ ਦਸਤਾਵੇਜ਼ੀ ਸਬੂਤ ਤੁਹਾਡੇ ਖ਼ਿਲਾਫ ਨੇ, ਅਦਾਲਤ ਦਾ ਵਕਤ ਬਰਬਾਦ ਨਾ ਕਰੋ।"

ਮੇਰੇ ਮਿੰਨਤ ਤਰਲਾ ਕਰਨ 'ਤੇ ਪੰਜ ਮਿੰਟ ਵਿੱਚ ਕੋਈ ਖ਼ਾਸ ਨੁਕਤਾ ਸੁਣਨ ਲਈ ਮੰਨ ਗਿਆ। ਮੈਂ ਕਿਹਾ, "ਜਨਾਬ, ਇਕ ਗੱਲ ਤਾਂ ਤੈਅ ਹੈ ਕਿ ਦੁਕਾਨ ਬਿਨਾਂ ਕਾਰਨ ਬੰਦ ਹੋਵੇ ਤਾਂ ਖ਼ਾਲੀ ਹੋ ਸਕਦੀ ਹੈ ਵਰਨਾ ਨਹੀਂ।" ਮੈਂ ਅੱਗੇ ਕਿਹਾ, "ਕਿਰਾਏਦਾਰ ਦੀ ਘਰਵਾਲੀ ਡਾਕਟਰ ਸੀ ਜਿਸ ਨਾਲ ਲਵ-ਮੈਰਿਜ ਹੋਈ ਸੀ ਅਤੇ ਉਸ ਦੀ ਮੌਤ ਹੋ ਗਈ। ਜਵਾਨ ਪਤਨੀ ਦਾ ਮਰ ਜਾਣਾ ਏਡਾ ਵੱਡਾ ਸਦਮਾ ਸੀ ਕਿ ਦੁਕਾਨ ਚਾਰ ਮਹੀਨੇ ਕੀ ਚਾਰ ਸਾਲ ਵੀ ਬੰਦ ਰਹਿ ਸਕਦੀ ਹੈ। ਇਸ ਤੋਂ ਵੱਡੀ ਦੂਜੀ ਹੋਰ ਕਿਹੜੀ ਗੱਲ ਹੋ ਸਕਦੀ ਹੈ।" ਮੇਰੀ ਗੱਲ ਜੱਜ ਨੂੰ ਕਲਿੱਕ ਕਰ ਗਈ। ਅਸੀਂ ਕੇਸ ਜਿੱਤ ਲਿਆ। ਦੂਸਰੇ ਵਕੀਲ ਦਾ ਕਹਿਣਾ ਸੀ ਕਿ ਇਹ ਅਪੀਲ ਸਿਆਣਾ ਵਕੀਲ ਕਰਕੇ ਨਹੀਂ ਮਨਜ਼ੂਰ ਹੋਈ। ਸ਼ਾਇਰ ਵਕੀਲ ਹੋਣ ਕਰਕੇ ਹੋਈ ਹੈ। ਮੈਂ ਆਪਣਾ ਕੰਮ ਕਰਨ ਦਾ ਢੰਗ ਅਤੇ ਸ਼ਾਇਰ ਵਕੀਲ ਦੀ ਜ਼ਿੰਮੇਵਾਰੀ ਲਈ ਰਤਾ ਵੱਧ ਲਿਖ ਦਿੱਤਾ, ਮੁਆਫ਼ੀ ਚਾਹਾਂਗਾ।

ਮੇਰੇ ਸਾਇਲਾਂ ਵਿੱਚ ਸ਼ਾਇਰ ਮੋਹਨਜੀਤ, ਕਹਾਣੀਕਾਰ ਵਰਿਆਮ ਸੰਧੂ, ਮੋਹਨ ਸਿੰਘ ਰਾਹੀ, ਮਾਲਕ ਰਵੀ ਸਾਹਿਤ ਪ੍ਰਕਾਸ਼ਨ ਸ਼ਾਮਿਲ ਨੇ। ਰਵੀ ਸਹਿਤ ਵਾਲਿਆਂ 'ਤੇ ਕਿਸੇ ਨੇ ਚਲਾਕੀ ਨਾਲ ਮੁਰੰਮਤ ਕਰਨ ਦੇ ਬਹਾਨੇ ਦੁਕਾਨ ਖ਼ਾਲੀ ਕਰਵਾ ਲਈ ਸੀ। ਦੁਕਾਨ ਵਾਪਸ ਕਰਨ ਲਈ ਬੰਦੇ ਇਕੱਠੇ ਕਰਨ ਤੋਂ ਲੈ ਕੇ ਗੱਲ ਠਾਣੇ ਤਕ ਗਈ ਪਰ ਰਾਹੀ ਨੂੰ ਦੁਕਾਨ ਨਾ ਮਿਲੀ। ਰਾਹੀ ਕੋਲ ਮੁਕੱਦਮਾ ਕਰ ਕੇ ਦੁਕਾਨ ਵਾਪਸ ਲੈਣ ਦਾ ਹੱਕ ਸੀ ਪਰ ਉਸ ਦੀ ਮਿਆਦ ਛੇ ਮਹੀਨੇ ਸੀ ਜੋ ਗੱਲਾਂ ਬਾਤਾਂ ਵਿੱਚ ਲੰਘ ਚੁੱਕੀ ਸੀ। ਮੋਹਨ ਸਿੰਘ ਰਾਹੀ ਬੜਾ ਉਦਾਸ ਸੀ। ਮੈਂ ਉਸ ਨੂੰ ਝੂਠ ਬੋਲਣ ਲਈ ਕਿਹਾ। ਉਹ ਮੰਨ ਗਿਆ। ਅਸੀਂ ਮੁਕੱਦਮਾ ਇਸ ਤਰ੍ਹਾਂ ਤਿਆਰ ਕੀਤਾ ਕਿ ਗਵਾਹ ਵੀ ਝੂਠੇ ਤਿਆਰ ਕੀਤੇ। ਮੈਨੂੰ ਵਿਸ਼ਵਾਸ ਸੀ ਕਿ ਜੱਜ ਉਨ੍ਹਾਂ ਗਵਾਹਾਂ ਤੋਂ ਝੂਠ ਦੀ ਆਸ ਨਹੀਂ ਰੱਖੇਗਾ। ਹੋਇਆ ਵੀ ਇਸ ਤਰ੍ਹਾਂ, ਜੱਜ ਸਾਬ ਨੇ ਲਿਖਿਆ ਕਿ ਜੇ ਇਕ ਪ੍ਰੋਫੈਸਰ ਤੇ ਇਕ ਐਮ.ਏ. ਕਰ ਰਿਹਾ ਬੰਦਾ ਝੂਠ ਬੋਲੇਗਾ ਤਾਂ ਸੱਚ ਕੌਣ ਬੋਲੇਗਾ। ਅਸੀਂ ਮੋਹਨ ਸਿੰਘ ਰਾਹੀ ਨੂੰ ਦੁਕਾਨ ਵਾਪਸ ਦਵਾ ਦਿੱਤੀ। ਕਈ ਲੋਕਾਂ ਦਾ ਖ਼ਿਆਲ ਹੈ ਕਿ ਵਕੀਲ ਝੂਠ ਬੜਾ ਬੋਲਦੇ ਨੇ। ਮੈਂ ਕਹਿੰਨਾ ਕਿ ਵਕੀਲ ਝੂਠ ਨਹੀਂ ਬੋਲਦੇ, ਵਕੀਲ ਮੁਕੱਦਮਾ ਜਿੱਤਣ ਲਈ ਮੁਕੱਦਮਾ ਜਿੱਤਣ ਦਾ ਰਸਤਾ ਦਸਦੇ ਹਨ। ਝੂਠ ਸਾਇਲ ਬੋਲਦਾ ਹੈ ਜੋ ਆਪਣੇ ਹਿੱਤ ਲਈ ਸਭ ਕੁਝ ਕਰਨ ਲਈ ਤਿਆਰ ਹੋ ਜਾਂਦਾ ਹੈ। ਸਾਡੇ ਸੱਚ ਵਾਂਗ ਅਦਾਲਤ ਦਾ ਵੀ ਇਕ ਆਪਣਾ ਸੱਚ ਹੈ। ਸਾਨੂੰ ਅਦਾਲਤਾਂ ਦਾ ਸੱਚ ਸਾਬਤ ਕਰਨਾ ਪੈਂਦਾ ਹੈ।

ਜਦੋਂ ਮੈਂ ਵਕਾਲਤ ਦੇ ਕਿੱਤੇ ਵਿੱਚ ਆਇਆ ਉਦੋਂ ਜੱਜ ਜ਼ਿਆਦਾ ਕਾਬਲ ਹੁੰਦੇ ਸਨ। ਸਖ਼ਤ ਵੀ ਹੁੰਦੇ ਸਨ। ਉਹ ਵਕੀਲਾਂ ਵਿੱਚੋਂ ਬਣੇ ਹੁੰਦੇ ਸਨ। ਵਕੀਲ ਤਿੰਨ ਸਾਲ ਵਕਾਲਤ ਕਰਨ ਮਗਰੋਂ ਜੱਜ ਦਾ ਇਮਿਤਿਹਾਨ ਦੇ ਸਕਦਾ ਸੀ। ਉਸ ਨੂੰ ਵਕੀਲਾਂ ਦੀਆਂ ਤਕਲੀਫ਼ਾਂ ਅਤੇ ਕੰਮ ਕਰਨ ਦੇ ਤੌਰ ਤਰੀਕੇ ਸਮਝ ਆ ਜਾਂਦੇ ਸਨ। ਉਹਨਾਂ ਦਿਨਾਂ ਵਿੱਚ ਮੁਕੱਦਮਿਆਂ ਦੀ ਅਪੀਲ ਕਰੀਏ ਤਾਂ ਇਕ ਜਾਂ ਦੋ ਮਨਜ਼ੂਰ ਹੁੰਦੀਆਂ ਸਨ। ਅਪੀਲ ਮਨਜ਼ੂਰ ਕਰਾਉਣਾ ਬੜਾ ਔਖਾ ਸੀ



ਕਿਉਂਕਿ ਸਾਰਾ ਕੁਝ ਠੀਕ ਠਾਕ ਚਲਦਾ ਸੀ। ਅੱਜਕੱਲ੍ਹ ਜੱਜ ਬਣਨ ਲਈ ਕਿਸੇ ਨੂੰ ਵਕਾਲਤ ਕਰਨ ਦੀ ਲੋੜ ਨਹੀਂ। ਕੋਈ ਵੀ ਲਾਅ ਗਰੇਜੂਏਟ ਕਾਲਜ ਵਿੱਚੋਂ ਨਿਕਲਦੇ ਹੀ ਜੱਜ ਬਣ ਸਕਦਾ ਹੈ। ਇਸ ਤਰ੍ਹਾਂ ਬਣਿਆਂ ਜੱਜ ਕਾਬਲ ਤਾਂ ਹੁੰਦਾ ਹੈ ਪਰ ਸਿਆਣਾ ਨਹੀਂ ਹੁੰਦਾ। ਦੁਨੀਆਦਾਰ ਨਹੀਂ ਹੁੰਦਾ। ਉਹ ਅਫਸਰ ਹੁੰਦਾ ਹੈ। ਉਸ ਦੇ ਸਿਰ ਨੂੰ ਜੱਜੀ ਚੜ੍ਹੀ ਹੁੰਦੀ ਹੈ। ਉਸ ਤਰ੍ਹਾਂ ਵੀ ਉਦੋਂ ਨਾਲੋਂ ਅੱਜ ਬੜਾ ਕੁਝ ਬਦਲ ਗਿਆ ਹੈ। ਸਿਆਸੀ ਕਦਰਾਂ ਕੀਮਤਾਂ, ਸਮਾਜਕ ਕਦਰਾਂ ਕੀਮਤਾਂ, ਧਾਰਮਿਕ ਮੁੱਲ ਸਭ ਕੁਝ ਦਾ ਪੱਧਰ ਬੜਾ ਨੀਵਾਂ ਹੋ ਗਿਆ ਹੈ। ਜਿਸ ਦਾ ਅਸਰ ਜੁਡੀਸ਼ਰੀ 'ਤੇ ਪੈਣਾ ਸੁਭਾਵਿਕ ਹੈ।ਮੈਂ ਇਕ ਬਹੁਤ ਵੱਡੇ ਧਾਰਮਿਕ ਨੇਤਾ ਨੂੰ ਇਹ ਕਹਿੰਦਿਆਂ ਸੁਣਿਆਂ ਕਿ ਭਾਈ ਗੁਪਾਲ ਸਿੰਘ ਰਾਗੀ ਦੀ ਮਾਂ ਮਰ ਚੁੱਕੀ ਹੈ ਜਦ ਕਿ ਉਹ ਜ਼ਿੰਦਾ ਸੀ। ਮੈਂ ਮੁਕੱਦਮਾ ਲੜਿਆ ਸੀ ਉਸ ਨੂੰ ਜ਼ਿੰਦਾ ਦੱਸਣ ਲਈ। ਇਕ ਬੜੇ ਸਿਆਣੇ ਬਿਆਣੇ ਜੱਜ ਨੇ ਵੀ ਇਕ ਵਕੀਲ ਦੇ ਸ਼ੋਕ ਸਮਾਗਮ ਵੇਲੇ ਕਿਹਾ ਸੀ, "ਜੱਜਾਂ ਨੇ ਵੀ ਧੀਆਂ ਤੋਰਨੀਆਂ, ਨੂੰਹਾਂ ਲਿਆਉਣੀਆਂ। ਜੱਜ ਵੀ ਇਸੇ ਸਮਾਜ ਦਾ ਹਿੱਸਾ ਨੇ।"

ਆਪਣੇ ਵੱਡੇ ਬੇਟੇ ਰਵਦੀਪ ਸਿੰਘ ਹੁੰਦਲ ਨੂੰ ਮੈਂ ਐਮ.ਬੀ.ਏ. ਵਿੱਚ ਦਾਖ਼ਲ ਕਰਾਉਣ ਬਾਰੇ ਸੋਚ ਰਿਹਾ ਸਾਂ, ਉਹ ਕਹਿਣ ਲੱਗਾ ਕਿ ਉਸ ਨੇ ਲਾਅ ਕਰਨਾ ਹੈ। ਮੈਂ ਕਿਹਾ ਕਿ ਵਕਾਲਤ ਦਾ ਕਿੱਤਾ ਵਧੀਆ ਹੈ ਪਰ ਇਹ ਮਿਹਨਤ ਬੜੀ ਮੰਗਦਾ ਹੈ। ਦਿਨ-ਬ-ਦਿਨ ਔਖਾ ਹੁੰਦਾ ਜਾ ਰਿਹਾ ਹੈ। ਆਮ ਕਿੱਤਿਆਂ ਵਾਂਗ ਇਸ ਵਿੱਚ ਵੀ ਗਿਰਾਵਟ ਆ ਰਹੀ ਹੈ। ਬੇਟਾ ਕਹਿਣ ਲੱਗਾ ਕਿ ਉਸ ਨੇ ਵਕਾਲਤ ਨਹੀਂ ਕਰਨੀ, ਜੱਜ ਬਣਨਾ ਹੈ। ਮੈਂ ਪੁੱਛਿਆ ਕਿ ਤੇਰੇ ਮਨ ਵਿੱਚ ਇਹ ਅਚਾਨਕ ਕਿਵੇਂ ਆਇਆ। ਉਸ ਨੇ ਦੱਸਿਆ ਕਿ ਉਸ ਦਾ ਦੋਸਤ ਕਿਸੇ ਜੱਜ ਦਾ ਬੇਟਾ ਹੈ ਸੋ ਉਹ ਦੋਵੇਂ ਜੱਜ ਬਣਨਾ ਚਾਹੁੰਦੇ ਹਨ। ਕਮਾਲ ਦੀ ਗੱਲ ਕਿ ਉਹ ਦੋਵੇਂ ਹੀ ਜੱਜ ਬਣ ਗਏ ਤੇ ਅੱਜਕੱਲ੍ਹ ਦੋਵੇਂ ਹੀ ਅਡੀਸ਼ਨਲ ਜ਼ਿਲਾ ਅਤੇ ਸੈਸ਼ਨ ਜੱਜ ਨੇ।

ਛੋਟੇ ਬੇਟੇ ਨੇ ਉਦੋਂ ਪਲੱਸ ਟੂ ਪਾਸ ਕੀਤੀ ਸੀ। ਅਸੀਂ ਸਾਰਿਆਂ ਨੇ ਸਲਾਹ ਕੀਤੀ ਕਿ ਲਵਦੀਪ ਹੁੰਦਲ, ਛੋਟੇ ਬੇਟੇ ਨੂੰ ਲਾਅ ਕਰਾ ਦੇਈਏ। ਬਾਪ ਦੀ ਗੱਦੀ ਵੀ ਸਾਂਭ ਲਏਗਾ। ਉਸ ਨੂੰ ਪੰਜ ਸਾਲਾ ਕੋਰਸ ਵਿੱਚ ਦਾਖ਼ਲ ਕਰਾਇਆ ਜਿਥੇ ਲਾਅ ਕੀਤਿਆਂ ਇਕ ਸਾਲ ਬਚਦਾ ਸੀ। ਜਦ ਉਸ ਨੇ ਲਾਅ ਕਰ ਲਿਆ ਤਾਂ ਮੈਂ ਕਿਹਾ, "ਲਵਦੀਪ, ਜੇ ਤੂੰ ਜੱਜ ਬਣ ਜਾਵੇਂ ਮੇਰੀ ਉਮਰ ਦਸ ਸਾਲ ਵੱਧ ਸਕਦੀ ਹੈ।" ਉਹ ਕਹਿਣ ਲੱਗਾ, "ਲਿਖ ਲਵੋ, ਮੈਂ ਜੱਜ ਹੀ ਬਣਾਂਗਾ ਤੇ ਪਹਿਲੀ ਵਾਰ ਹੀ ਬਣਾਂਗਾ।" ਉਹ ਚੌਵੀ ਸਾਲ ਦੀ ਉਮਰ ਵਿੱਚ ਹਰਿਆਣਾ ਅਤੇ ਪੰਜਾਬ ਦੋਵੇਂ ਪਾਸੇ ਚੁਣਿਆਂ ਗਿਆ। ਅੱਜਕੱਲ੍ਹ ਉਹ ਸਿਵਲ ਜੱਜ ਸੀਨੀਅਰ ਡਵੀਯਨ ਜ਼ੀਰਾ ਲੱਗਾ ਹੋਇਆ ਹੈ। ਮੈਂ ਕਈ ਵਾਰਾਂ ਸੋਚਦਾਂ ਕਿ ਮੈਂ ਵਕੀਲ ਨਾ ਬਣਦਾ ਤਾਂ ਮੇਰੇ ਦੋਵੇਂ ਬੇਟੇ ਜੱਜ ਨਹੀਂ ਸਨ ਬਣਨੇ। ਮੇਰੇ ਨਾਲ ਨੌਕਰੀ ਕਰਨ ਵਾਲੇ ਲੱਗਭੱਗ ਸਾਰੇ ਅੱਲਾਮੀਆਂ ਨੂੰ ਪਿਆਰੇ ਹੋ ਚੁੱਕੇ ਨੇ। ਮੈਂ ਆਪਣੇ ਛੋਟੇ ਬੇਟੇ ਦੀ ਦਿੱਤੀ ਉਮਰ ਹੰਢਾ ਰਿਹਾ ਹਾਂ। ਮੇਰੀ ਸਿਹਤ ਵੀ ਠੀਕ-ਠਾਕ ਹੈ, ਆਮਦਨ ਵੀ ਠੀਕ ਹੈ...।

ਜਿਵੇਂ ਮੈਂ ਵਕੀਲ ਬਣਨਾ ਕਦੇ ਸੋਚਿਆ ਨਹੀਂ ਸੀ, ਸ਼ਾਇਰ ਬਣਨਾ ਵੀ ਮੈਂ ਕਦੇ ਨਹੀਂ ਸੀ ਸੋਚਿਆ। ਸ਼ਾਇਰੀ ਦਾ ਸ਼ੌਂਕ ਮੈਨੂੰ ਬਚਪੱਨ ਤੋਂ ਨਹੀਂ ਸੀ। ਪੜ੍ਹਨ ਦਾ ਸ਼ੌਂਕ ਜ਼ਰੂਰ ਸੀ। ਮੈਂ ਜਿਹੜੀ ਪਹਿਲੀਆਂ ਵਿੱਚ ਕਿਤਾਬ ਪੜ੍ਹੀ ਉਹ ਵਾਰਿਸ ਸ਼ਾਹ ਦੀ ਹੀਰ ਸੀ। ਮੈਨੂੰ ਏਨੀ ਚੰਗੀ ਲੱਗੀ ਕਿ ਮੈਂ ਆਪਣੇ ਅਨਪੜ੍ਹ ਤਾਏ ਨੂੰ ਥੋੜੀ ਥੋੜੀ ਇਸ ਤਰ੍ਹਾਂ ਪੜ੍ਹ ਕੇ ਸੁਣਾਈ ਕਿ ਉਸ ਨੇ ਪੰਜਾਬੀ ਪੜ੍ਹਨੀ ਸਿੱਖ ਲਈ। ਉਸ ਵਕਤ ਹੋਰ ਪੜ੍ਹੀਆਂ ਕਿਤਾਬਾਂ ਵਿੱਚ ਪ੍ਰੋਫੈਸਰ ਮੋਹਨ ਸਿੰਘ ਦੀ

'ਸਾਵੇ ਪੱਤਰ', ਦਰਸ਼ਨ ਸਿੰਘ ਦੀ 'ਆਵਾਰਗੀ', 'ਬਗਾਵਤ', ਹਾਸ਼ਮ ਦੀ 'ਸੱਸੀ' ਤੋਂ ਇਲਾਵਾ ਨਾਨਕ ਸਿੰਘ ਦੇ ਕਈ ਨਾਵਲ ਅਤੇ ਜਸਵੰਤ ਕੰਵਲ ਦੇ ਨਾਵਲ ਵੀ ਪੜ੍ਹੇ। 'ਰਾਤ ਬਾਕੀ ਹੈ' ਨਾਵਲ ਨੇ ਮੇਰੀ ਸੋਚ ਹੀ ਬਦਲ ਦਿੱਤੀ ਤੇ 'ਮੜ੍ਹੀ ਦਾ ਦੀਵਾ' ਤਾਂ ਮੈਨੂੰ ਕਿਤੇ ਦਾ ਕਿਤੇ ਲੈ ਗਿਆ।

ਅਸਲ ਵਿੱਚ ਮੈ ਸਿੰਗਰ ਬਣਨਾ ਚਾਹੁੰਦਾ ਸਾਂ। ਮੈਨੂੰ ਗਾਣੇ ਦਾ ਸ਼ੌਂਕ ਸੀ। ਮੈਂ ਕਈ ਸਾਲ ਕਲਾਸੀਕਲ ਸੰਗੀਤ ਸਿਖਿਆ ਵੀ ਪਰ ਸਿੰਗਰ ਨਾ ਬਣ ਸਕਿਆ। ਇਕ ਉਸਤਾਦ ਨੇ ਮਸ਼ਵਰਾ ਦਿੱਤਾ ਕਿ ਤੂੰ ਯਾਰਾਂ ਦੋਸਤਾਂ ਵਿੱਚ ਗਾ-ਗੂ ਸਕਦਾਂ, ਵਧੀਆ ਸਿੰਗਰ ਨਹੀਂ ਬਣ ਸਕਦਾ। ਮੈਂ ਸੰਗੀਤ ਸਮਝਣ ਤਾਂ ਲੱਗ ਪਿਆ ਸਾਂ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਕਰਾਂ। ਮੈਂ ਕੁਝ ਕਰਨਾ ਚਾਹੁੰਦਾ ਸਾਂ ਪਰ ਹੋ ਨਹੀਂ ਸੀ ਰਿਹਾ। ਪਾਕਿਸਤਾਨ ਤੇ ਹਿੰਦੁਸਤਾਨ ਦੀ ੧੯੬੫ ਦੀ ਲੜਾਈ ਵੇਲੇ ਮੈਂ ਕਰਨਾਲ ਨੌਕਰੀ ਕਰਦਾ ਸਾਂ। ਉਸ ਵਕਤ ਸੜਕ 'ਤੇ ਖਲੋ ਕੇ ਮੈਂ ਇਕ ਕਵੀ ਦਰਬਾਰ ਸੁਣਿਆਂ ਜਿਸ ਵਿੱਚ ਮੈਨੂੰ ਭਗਤ ਸਿੰਘ ਦੀ ਗਜ਼ਲ ਬੜੀ ਚੰਗੀ ਲਗੀ। ਮੈਂ ਸਟੇਜ ਸਕੱਤਰ ਹਰਭਜਨ ਸਿੰਘ ਕੋਮਲ ਨਾਲ ਵਾਕਫੀਅਤ ਬਣਾ ਲਈ ਤੇ ਸੋਚਿਆ ਕਿ ਮੈਂ ਵੀ ਗਜ਼ਲ ਲਿਖ ਕੇ ਦੇਖਾਂ। ਵਜ਼ਨ ਦੀ ਤਾਂ ਮੈਨੂੰ ਸਮਝ ਸੀ, ਗੱਲ ਵਿਚਾਰਾਂ ਦੀ ਸੀ, ਮੈਂ ਪਹਿਲੀ ਗਜ਼ਲ ਕਰਨਾਲ ਦੇ ਕਵੀ ਦਰਬਾਰ ਤੋਂ ਪ੍ਰਭਾਵਤ ਹੋ ਕੇ ਲਿਖੀ—

"ਲੰਘ ਜਾਣਾ ਹੈ ਗ਼ਮਾ ਦੀ ਰਾਤ ਨੇ।
ਚੁੰਮਣੇ ਨੇ ਪੈਰ ਆ ਪ੍ਰਭਾਤ ਨੇ।
ਪੀਣ ਦੇ ਹੁਣ ਹਰ ਕਿਸੇ ਨੂੰ ਸਾਕੀਆ,
ਰੋਕਿਆਂ ਰੁਕਣਾ ਨਹੀਂ ਬਰਸਾਤ ਨੇ।"

ਮੈਂ ਹਰਭਜਨ ਸਿੰਘ ਕੋਮਲ ਨੂੰ ਪੂਰੀ ਗਜ਼ਲ ਸੁਣਾਈ। ਉਹ ਪ੍ਰਗਤੀਵਾਦੀ ਸ਼ਾਇਰ ਸੀ, ਬੜਾ ਖੁਸ਼ ਹੋਇਆ। ਮੈਨੂੰ ਹੌਂਸਲਾ ਦਿੱਤਾ ਅਤੇ ਕਰਨਾਲ ਤੋਂ 'ਪ੍ਰਤੀਕ' ਤ੍ਰੈਮਾਸਕ ਦੇ ਪਹਿਲੇ ਅੰਕ ਵਿੱਚ ਮੇਰੀ ਇਹ ਗਜ਼ਲ ਛਾਪੀ। ਮੇਰਾ ਹੌਂਸਲਾ ਵਧ ਗਿਆ। ਮੈਂ ਬਹਿਰਾਂ ਦੇ ਨਾਵਾਂ ਤੋਂ ਅਣਜਾਣ ਸਾਂ ਪਰ ਮੈਂ ਅਲੱਗ ਅਲੱਗ ਬਹਿਰਾਂ ਵਿੱਚ ਗਜ਼ਲਾਂ ਲਿਖਣ ਲੱਗਾ। ਮੇਰੀਆਂ ਗਜ਼ਲਾਂ ਹੋਰ ਸਾਹਿਤਕ ਪਰਚਿਆਂ ਵਿੱਚ ਵੀ ਛਪਣ ਲੱਗੀਆਂ। ਜੇ ਮੈਂ ਗਲਤ ਨਾ ਹੋਵਾਂ ਤਾਂ ਗਜ਼ਲ ਦਾ ਮੈਂ ਪਹਿਲਾ ਸ਼ਾਇਰ ਸਾਂ ਜਿਸ ਦੀ ਗਜ਼ਲ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਪਰਚੇ 'ਨਾਗਮਣੀ' ਵਿੱਚ ਛਾਪੀ। ਸਵਾਏ 'ਪ੍ਰੀਤ ਲੜੀ' ਦੇ ਮੈਂ ਹਰ ਪਰਚੇ ਵਿੱਚ ਛਪਿਆ। 'ਪ੍ਰੀਤ ਲੜੀ' ਵਿੱਚ ਸਰਦਾਰ ਗੁਰਬਖ਼ਸ਼ ਸਿੰਘ ਦੀ ਮੌਤ ਤੋਂ ਬਾਅਦ ਛਪਿਆ। ਨਾਗਮਣੀ ਵਿੱਚ ਛਪੀ ਗਜ਼ਲ ਸੀ—

"ਚਾਹਿਆ ਬਹੁਤ ਮੈਂ ਨੇੜੇ ਆਉਣਾ ਰੱਬ ਦੇ।
ਐਪਰ ਪੈਂਡੇ ਮੇਚ ਨਾ ਆਏ ਪੱਬ ਦੇ।
ਸਾਡੇ ਕੋਲ ਤਾਂ ਲੀਰਾਂ ਵੀ ਨਾ ਰਹੀਆਂ,
ਨੰਗੇ ਪਿੰਡੇ ਦੱਸੋਕੀਕਣ ਸਜਦੇ।"

ਨਾਗਮਣੀ ਵਿੱਚ ਮੇਰੀਆਂ ਕਈ ਕਵਿਤਾਵਾਂ ਵੀ ਛਪੀਆਂ ਤੇ ਇਕ ਨਜ਼ਮ 'ਨਾਗਮਣੀ' ਦੇ ਟਾਈਟਲ 'ਤੇ ਵੀ ਛਪੀ ਸੀ।



ਮੇਰੀਆਂ ਗਜ਼ਲਾਂ ਦੀ ਪਹਿਲੀ ਕਿਤਾਬ 'ਅੱਗ ਦੇ ਘੁੱਟ' ਸੀ। ਉਦੋਂ ਤੱਕ ਮੈਨੂੰ ਚੰਗੇ ਚੰਗੇ ਸ਼ਾਇਰ ਅਤੇ ਆਲੋਚਕ ਜਾਨਣ ਲੱਗ ਪਏ ਸਨ। ਉਸ ਕਿਤਾਬ ਨੂੰ ਰਲੀਜ਼ ਕਰਨ ਸਮੇਂ ਹਰਭਜਨ ਸਿੰਘ ਕੋਮਲ ਤੇ ਡਾ ਕੁਲਬੀਰ ਸਿੰਘ ਕਾਂਗ ਨੇ ਵਿਚਾਰਾਂ ਦੇ ਪੱਖ 'ਤੇ ਪਰਚੇ ਪੜ੍ਹੇ। ਡਾਕਟਰ ਜਗਤਾਰ ਨੇ ਰੂਪਕ ਪੱਖ 'ਤੇ ਪਰਚਾ ਪੜ੍ਹਿਆ। ਡਾਕਟਰ ਜਗਤਾਰ ਦਾ ਪਰਚਾ ਸਖ਼ਤ ਸੀ। ਉਹ ਆਪਣੇ ਨਾਲ ਸਾਧੂ ਸਿੰਘ ਹਮਦਰਦ ਨੂੰ ਲਿਆਇਆ ਸੀ ਤਾਂ ਜੋ ਉਸ ਦੀ ਕੱਢੀ ਗਲਤੀ 'ਤੇ ਕੋਈ ਕਿੰਤੂ ਕਰੇ ਤਾਂ ਡਾਕਟਰ ਹਮਦਰਦ ਉਸ ਦਾ ਫੈਸਲਾ ਕਰੇ। ਜਗਤਾਰ ਦੇ ਪਰਚੇ ਦਾ ਨਚੋੜ ਸੀ ਕਿ 'ਅੱਗ ਦੇ ਘੁੱਟ' ਵਿੱਚ ਇਕ ਵੀ ਐਸੀ ਗਜ਼ਲ ਨਹੀਂ ਜਿਸ ਵਿੱਚ ਕੋਈ ਨੁਕਸ ਨਾ ਹੋਵੇ। ਕੁਝ ਚੰਗੇ ਸ਼ੇਅਰਾਂ ਦੀ ਤਾਰੀਫ ਵੀ ਉਸ ਨੇ ਦਿਲ ਖੋਹਲ ਕੇ ਕੀਤੀ ਸੀ। ਮੈਨੂੰ ਮਸ਼ਵਰਾ ਵੀ ਦਿੱਤਾ ਸੀ ਕਿ ਮੈਂ ਹੋਰ ਕੁਝ ਵੀ ਚਾਹੇਂਕਰ ਸਕਦਾ ਹਾਂ ਪਰ ਗਜ਼ਲ ਲਿਖਣਾ ਮੇਰੇ ਵੱਸ ਦੀ ਗੱਲ ਨਹੀਂ। ਮੈਂ ਸਾਰਿਆਂ ਦੇ ਸਾਹਮਣੇ ਆਪਣੀ ਗਲਤੀ ਕਬੂਲ ਕਰ ਲਈ ਅਤੇ ਜਗਤਾਰ ਦਾ ਪਰਚਾ ਲੈ ਲਿਆ। ਜਗਤਾਰ ਦੀਆਂ ਕੱਢੀਆਂ ਸਾਰੀਆਂ ਗਲਤੀਆਂ ਮੇਰੀਆਂ ਗਲਤੀਆਂ ਸਨ। ਕਈ ਮੈਂ ਖ਼ੁਦ ਠੀਕ ਕਰ ਸਕਦਾ ਸਾਂ, ਮਸਲਨ ਸ਼ਬਦ 'ਨਜ਼ਰ' ਨੂੰ ਮੈਂ 'ਰਾਤ', ਦੇ ਵਜ਼ਨ 'ਤੇ ਬੰਨ੍ਹਿਆਂ ਸੀ ਜੋ 'ਰਤਾ', ਦੇ ਵਜ਼ਨ 'ਤੇ ਚਾਹੀਦਾ ਹੈ ਆਦਿ। ਕੁਝ ਗਲਤੀਆਂ ਕਿਸੇ ਸਿਆਣੇ ਸ਼ਾਇਰ ਦੀ ਇਸਲਾਹ ਮੰਗਦੀਆਂ ਸਨ ਜੋ ਮੈਂ ਅਮਰ ਚਿਤਰਕਾਰ ਤੇ ਹੋਰ ਕਈ ਵਿਦਵਾਨਾਂ ਨਾਲ ਸਲਾਹ ਮਸ਼ਵਰਾ ਕਰ ਕੇ ਸਮਝ ਲਈਆਂ। ਤੁਸੀਂ ਹੈਰਾਨ ਹੋਵੋਗੇ ਕਿ ਡਾਕਟਰ ਜਗਤਾਰ ਨੇ ਗਜ਼ਲਾਂ ਦੀ ਕਿਤਾਬ ਦੀ ਸੰਪਾਦਨਾ ਕਰਦੇ ਸਮੇਂ ਮੇਰੇ ਤੋਂ ਖ਼ੁਦ ਮੰਗ ਕੇ ਗਜ਼ਲਾਂ ਲਈਆਂ। ਚੰਗੀ ਗਜ਼ਲ ਲਿਖਣ ਲਈ ਪ੍ਰਿੰ ਤਖਤ ਸਿੰਘ ਪੁਰਸਕਾਰ ਵੀ ਮੈਨੂੰ ਦਿੱਤਾ। 'ਅੱਗ ਦੇ ਘੁੱਟ', 'ਚਲਦੇ ਫਿਰਦੇ ਰੁੱਖ', 'ਘਰ ਤੋਂ ਮਕਾਨ ਤੱਕ' ਅਤੇ 'ਆਪਣੀ ਤਲਾਸ਼ ਵਿੱਚ' ਚਾਰੇ ਗਜ਼ਲਾਂ ਦੀਆਂ ਕਿਤਾਬਾਂ ਮਗਰੋਂ ਮੈਂ ਭਗਤ ਸਿੰਘ ਸ਼ਹੀਦ ਬਾਰੇ ਲਿਖਣ ਬਾਰੇ ਸੋਚਿਆ। ਬੜੀ ਕੋਸ਼ਿਸ਼ ਕੀਤੀ ਪਰ ਭਗਤ ਸਿੰਘ ਗਜ਼ਲ ਦਾ ਵਿਸ਼ਾ ਨਹੀਂ ਸੀ। ਬਿਨਾਂ ਸ਼ੱਕ ਗਜ਼ਲ ਵਿੱਚ ਬੜਾ ਕੁਝ ਕਿਹਾ ਜਾ ਸਕਦਾ ਹੈ ਪਰ ਸਭ ਕੁਝ ਨਹੀਂ ਕਿਹਾ ਜਾ ਸਕਦਾ। ਮੈਂ ਨਜ਼ਮ ਲਿਖਣੀ ਚਾਹੀ ਤੇ ਮੇਰੀ ਪਹਿਲੀ ਨਜ਼ਮ ਸ਼ਹੀਦ ਭਗਤ ਸਿੰਘ ਬਾਰੇ ਸੀ ਜੋ ਫਾਇਲਾਤਨ ਦੇ ਵਜ਼ਨ 'ਤੇ ਸੀ ਅਤੇ ਹਮਦਰਦ ਸਾਹਿਬ ਨੇ ਵੀ ਪਸੰਦ ਕੀਤੀ ਸੀ—

"ਮੈਂ ਕਚਹਿਰੀ ਤੋਂ ਹੁਣੇ ਘਰ ਪਰਤਿਆ ਹਾਂ
ਮੇਰਾ ਬੱਚਾ ਰੋ ਰਿਹਾ ਹੈ, ਰੋ ਰਿਹਾ ਹੈ
ਕੋਲ ਜਿਸ ਦੇ ਇਕ ਪਈ ਸੋਟੀ ਹੈ ਦਿਸਦੀ
ਕੋਲ ਉਸ ਦੇ ਹੀ ਇਕ ਕਪੜਾ ਪਿਆ ਹੈ
ਰੰਗ ਉਸ ਕਪੜੇ ਦਾ ਭਾਵੇਂ ਕੁਝ ਵੀ ਹੋਵੇ
ਪਰ ਬਸੰਤੀ ਉਹ ਕਦੇ ਲਗਦਾ ਨਹੀਂ ਹੈ।"

"ਮੇਰਾ ਕਾਲਾ ਕੋਟ ਚਿੱਟਾ ਹੋ ਗਿਆ ਹੈ
ਮੇਰੀ ਚਿੱਟੀ ਪੱਗ ਕਾਲੀ ਹੋ ਗਈ ਹੈ..."

ਗਜ਼ਲਾਂ ਦੀਆਂ ਚਾਰ ਕਿਤਾਬਾਂ ਤੋਂ ਬਾਅਦ ਮੇਰੀ ਪਹਿਲੀ ਕਵਿਤਾਵਾਂ ਦੀ ਕਿਤਾਬ ਸੀ, 'ਕਾਰਡ ਤੇ ਕਲੰਡਰ' ਦੂਸਰੀ 'ਫੈਸਲੇ ਤੋਂ ਬਾਅਦ' ਅਤੇ ਤੀਸਰੀ 'ਇਕ ਉਮਰ ਦੀ ਵਾਪਸੀ'। ਉਦੋਂ

ਤੱਕ ਸਹਿਤਕ ਹਲਕਿਆਂ ਵਿੱਚ ਮੇਰੀ ਪੱਛਾਣ ਬਣ ਚੁੱਕੀ ਸੀ। ਸ਼ਿਵ ਕੁਮਾਰ ਨੇ ਇਕ ਖ਼ਤ ਵਿੱਚ ਲਿਖਿਆ ਸੀ, "ਤੈਨੂੰ ਕਿਸੇ ਗਿਣਤੀ ਵਿੱਚ ਆਉਣਾ ਚਾਹੀਦਾ ਹੈ ਪਰ ਏਥੇ ਗਿਣਤੀਆਂ ਕਰਦਾ ਕੋਈ ਨਹੀਂ।"

ਪ੍ਰਿੰਸੀਪਲ ਜਗਦੀਸ਼ ਸਿੰਘ ਜੋ ਮੇਰਾ ਲਾਅ ਦਾ ਜਮਾਤੀ ਸੀ ਉਸ ਦੀ ਲੜਕੀ ਦੇ ਵਿਆਹ ਸਮੇਂ ਮੈਂ ਪਹਿਲੀ ਵਾਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਸਾਹਿਬ ਸਿੰਘ ਹੋਰਾਂ ਦੇ ਦਰਸ਼ਨ ਕੀਤੇ ਸਨ। ਉਸ ਸ਼ਾਦੀ ਵਿੱਚ ਸ਼ਾਮਿਲ ਡਾਕਟਰ ਤੇਜਵੰਤ ਸਿੰਘ ਗਿੱਲ ਕਹਿਣ ਲੱਗਾ, "ਸ਼ਿਵ ਕੁਮਾਰ ਲੂਣਾਂ ਕਰਕੇ ਵੱਡਾ ਸ਼ਾਇਰ ਬਣਿਆਂ ਸੀ, ਤੂੰ ਵੀ ਕੋਈ ਵੱਡੀ ਰਚਨ ਕਰ। ਹਲਕੀਆਂ ਫੁਲਕੀਆਂ ਰਚਨਾਵਾਂ ਦਾ ਕੀ ਫਾਇਦਾ। ਮੈਂ ਡਾਕਟਰ ਗਿੱਲ ਦੀ ਗੱਲ ਪੱਲੇ ਬੰਨ ਲਈ। ਸਬੱਬ ਵੀ ਇਹ ਬਣਿਆਂ ਕਿ ਮੈਨੂੰ ਕਮਰ ਦਰਦ ਦੀ ਤਕਲੀਫ ਹੋ ਗਈ। ਕਾਫੀ ਦੇਰ ਬਿਸਤਰੇ 'ਤੇ ਪਿਆ ਰਿਹਾ। ਉਦੋਂ ਮੈਂ ਲੰਮੀ ਨਜ਼ਮ 'ਗੱਲ ਜਦੋਂ ਤੁਰੀ' ਲਿਖੀ। ਇਹ ਨਜ਼ਮ ੧੯੫੦ ਤੋਂ ਲੈ ਕੇ ੧੯੯੫ ਤੱਕ ਦੇ ਪੰਜਾਬ ਦੇ ਹਾਲਾਤ ਬਾਰੇ ਸੀ। ਅਮਰੀਕ ਅਮਨ ਵਲੋਂ ਕੱਢੇ ਜਾਂਦੇ ਸਾਹਿਤਕ ਰਸਾਲੇ 'ਲੋਅ' ਵਿੱਚ ਇਹ ਸਾਰੀ ਨਜ਼ਮ ਛਾਪ ਦਿੱਤੀ। ਲੋਕਾਂ ਨੇ ਬਹੁਤ ਪਸੰਦ ਕੀਤੀ, ਮੈਂ ਸ਼ਾਇਰ ਬਣ ਗਿਆ। ਕਈ ਵਿਦਵਾਨਾਂ ਨੇ ਮੈਨੂੰ ਉਹ ਨਜ਼ਮ ਕਿਤਾਬੀ ਰੂਪ ਵਿੱਚ ਛਾਪਦੇ ਵਕਤ ਭੂਮਿਕਾ ਲਿਖਣ ਲਈ ਕਿਹਾ। ਉਸ ਤੋਂ ਮਗਰੋਂ ਮੈਂ ਇਕ ਹੋਰ ਲੰਮੀ ਨਜ਼ਮ ਡਾਕਟਰ ਗੁਰਦਿਆਲ ਸਿੰਘ ਫੁੱਲ ਦੇ ਨਾਟਕ ਦੇ ਆਧਾਰ 'ਤੇ ਲਿਖੀ, 'ਮਿੱਟੀ ਸਾਵੇਂ ਖੜਾ ਵਾਰਿਸ', ਮੈਂ ਉਸ ਨੂੰ ਮਹਾਂਕਾਵਿ ਦਾ ਰੂਪ ਦੇਣਾ ਚਾਹਿਆ ਪਰ ਉਹ ਹੋਇਆ ਨਾ। ਮੇਰੀ ਉਹ ਨਜ਼ਮ ਜਿਸ ਵੀ ਪੜ੍ਹੀ ਹੈ ਪਸੰਦ ਕੀਤੀ ਹੈ। ਕੇਵਲ ਧਾਲੀਵਾਲ ਨੇ ਕਈ ਵਾਰ ਉਸ ਨੂੰ ਨਾਟਕੀ ਰੂਪ ਦੇਣ ਲਈ ਕਿਹਾ ਪਰ ਗੱਲ ਕਿਸੇ ਪਾਸੇ ਨਹੀਂ ਲੱਗੀ। ਮੈਨੂੰ ਇਹ ਵੀ ਖੁਸ਼ੀ ਹੈ ਕਿ ਉਹ ਨਜ਼ਮ ਨਾਟਕ ਬਣਨ ਦੇ ਕਾਬਲ ਹੈ।

ਪੰਜਾਬੀ ਸਾਹਿਤ ਜਗਤ ਵਿੱਚ ਮੈਂ ਛੇ ਲੰਮੀਆਂ ਨਜ਼ਮਾਂ ਲਿਖੀਆਂ ਨੇ। ਏਨੀਆਂ ਨਜ਼ਮਾਂ ਸ਼ਾਇਦ ਹੋਰ ਕਿਸੇ ਇਕ ਸ਼ਾਇਰ ਨੇ ਨਾ ਲਿਖੀਆਂ ਹੋਣ। ਪਹਿਲੀ 'ਜਦ ਗੱਲ ਤੁਰੀ', ਦੂਸਰੀ 'ਮਿੱਟੀ ਸਾਵੇਂ ਖੜਾ ਵਾਰਿਸ', ਤੀਸਰੀ 'ਤਾਰੀਖ ਵਰਕਾ ਵਰਕਾ', ਚੌਥੀ 'ਲਫ਼ਜ਼ ਬਲਫ਼ਜ਼', ਪੰਜਵੀਂ 'ਆਪਣਾ ਆਪਣਾ ਕੁਰੂਕਸ਼ੇਤਰ' ਅਤੇ ਛੇਵੀਂ 'ਸੁਪਨਾ ਤੇ ਸਫਰ'। ਦੋ ਕਾਵਿ ਚਿਤਰਾਂ ਦੀਆਂ ਪੁਸਤਕਾਂ ਵੀ ਛਪੀਆਂ। ਜਿਨ੍ਹਾਂ ਵਿੱਚ ਨਾਨਕ ਸਿੰਘ ਨਾਵਲਿਸਟ, ਅੰਮ੍ਰਿਤਾ ਪ੍ਰੀਤਮ, ਜਸਵੰਤ ਕੰਵਲ ਆਦਿ ਹਨ। ਕੁਲ ਮਿਲਾ ਕੇ ਮੇਰੀਆਂ ਇੱਕੀ ਕਿਤਾਬਾਂ ਛਪੀਆਂ ਹਨ।

ਵਾਰਿਸ ਸ਼ਾਹ ਦੇ ਕਹਿਣ ਮੁਤਾਬਕ 'ਫਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ', ਮੈਂ ਕਵਿਤਾ ਬਾਰ ਬਾਰ ਲਿਖਦਾ ਹਾਂ, ਜਦ ਤੱਕ ਮੇਰੀ ਤਸੱਲੀ ਨਾ ਹੋ ਜਾਵੇ। ਮੈਨੂੰ ਕਵਿਤਾ ਉਤਰਦੀ ਨਹੀਂ। ਕਵਿਤਾ ਉਤਰੀ ਤੇ ਮੈਂ ਲਿਖ ਕੇ ਵਿਹਲਾ। ਮੈਂ ਸੋਚ ਸਮਝ ਕੇ ਲਿਖਦਾ ਹਾਂ। ਕਵਿਤਾ ਲਿਖਣ ਦਾ ਮੇਰਾ ਮਕਸਦ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਵਿੱਚ ਆਪਣਾ ਹਿੱਸਾ ਪਾਉਣਾ ਹੈ। ਮੈਂ ਲੋਕਾਂ ਦੇ ਨਾਲ ਚਲਣ ਤੇ ਲੋਕਾਂ ਨੂੰ ਨਾਲ ਲੈ ਕੇ ਚਲਣ ਹੱਕ ਵਿੱਚ ਹਾਂ। ਮੈਨੂੰ ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ ਵੀ ਮਿਲਿਆ ਤੇ ਹੋਰ ਕਈ ਪੁਰਸਕਾਰ ਵੀ ਮਿਲੇ ਨੇ। ਮੈਂ ਚਾਹੁੰਨਾਂ ਜਿੰਨਾ ਚਿਰ ਲਿਖਿਆ ਜਾ ਸਕਦਾ ਹੈ ਲਿਖਣਾ ਚਾਹੀਦਾ ਹੈ। ਸਾਡੇ ਕਈ ਲੇਖਕ ਪੁਰਸਕਾਰ ਮਿਲਣ ਮਗਰੋਂ ਲਿਖਣੋ ਹਟ ਜਾਂਦੇ ਨੇ। ਮੇਰੀ ਕਵਿਤਾ ਨੇ ਇਕਾਂਤ ਵਾਸ ਦੇ ਦਿਨਾਂ ਵਿੱਚ ਮੇਰਾ ਸਾਥ ਦਿੱਤਾ ਹੈ। ਪਾਠਕ ਹੈਰਾਨ ਹੋਣਗੇ ਕਿ ਮੈਂ ਪਿਛਲੇ ਦੋ ਮਹੀਨਿਆਂ ਵਿੱਚ ਤਕਰੀਬਨ ਪੰਜੀ ਕਵਿਤਾਵਾਂ ਲਿਖੀਆਂ ਨੇ। ਏਨੀਆਂ ਕਵਿਤਾਵਾਂ ਦੋ ਮਹੀਨਿਆਂ ਵਿੱਚ ਮੈਂ ਕਦੇ ਨਹੀਂ ਲਿਖੀਆਂ। ਮੈਂ ਇਕ ਕਵਿਤਾ ਰਾਹੀਂ 'ਕਵਿਤਾ ਦਾ



ਧੰਨਵਾਦ ਵੀ ਕੀਤਾ ਹੈ ਜੋ ਮੇਰੇ ਹਰ ਦੁੱਖ ਵਿੱਚ ਮੇਰੇ ਨਾਲ ਰਹੀ, ਮੈਨੂੰ ਰਸਤਾ ਦਿਖਾਉਂਦੀ ਰਹੀ, ਮੈਨੂੰ ਹੌਂਸਲਾ ਦਿੰਦੀ ਰਹੀ। ਉਸ ਦਾ ਕੁਝ ਹਿੱਸਾ ਮੈਂ ਪਾਠਕਾਂ ਨਾਲ ਸਾਂਝਾ ਕਰਨਾ ਚਾਹਾਂਗਾ—

"ਮੇਰੀ ਪਿਆਰੀ ਕਵਿਤਾ
ਮੈਂ ਧੰਨਵਾਦੀ ਹਾਂ ਤੇਰਾ
ਮੇਰੇ ਔਖੇ ਦਿਨਾਂ ਵਿੱਚ
ਤੂੰ ਮੇਰਾ ਸਾਥ ਦਿੱਤਾ
ਮੇਰੀ ਆਵਾਰਗੀ ਤੂੰ ਵੇਖੀ ਸੀ
ਮੇਰੀ ਵਿਚਾਰਗੀ ਵੀ ਵੇਖ ਲਈ
ਮੈਂ ਉਨ੍ਹਾਂ ਰਸਤਿਆਂ ਦਾ ਮੁਸਾਫ਼ਿਰ ਨਹੀਂ ਸਾਂ
ਜਿਨ੍ਹਾਂ 'ਤੇ ਮੈਨੂੰ ਤੁਰਨਾ ਪੈ ਗਿਆ।
ਤੇਰਾ ਸਾਥ ਹੀ ਸੀ
ਕਿ ਮੇਰੀ ਪੱਛਾਣ ਬਣੀ ਰਹੀ
ਮੇਰੀ ਪੱਛਾਣ ਬਚੀ ਰਹੀ
ਮੈਨੂੰ ਵਿਸ਼ਵਾਸ ਦਵਾਇਆ।
ਸਮੁੰਦਰ ਕਿੰਨਾ ਵੀ ਪਿਆਸਾ ਹੋਵੇ
ਉਹ ਝੀਲ ਦਾ ਪਾਣੀ ਨਹੀਂ ਪੀਂਦਾ
ਤੇ ਰੱਬ ਨਾ ਕਰੇ
ਘਰ ਵਿੱਚ ਕੋਈ ਸੱਪ ਆ ਜਾਵੇ
ਉਸ ਸੱਪ ਨੂੰ ਮਾਰੀਦਾ ਹੈ
ਘਰ ਖ਼ਾਲੀ ਨਹੀਂ ਕਰੀਦਾ।
ਮੇਰੀ ਪਿਆਰੀ ਕਵਿਤਾ
ਮੈਂ ਧੰਨਵਾਦੀ ਹਾਂ ਤੇਰਾ
ਮੇਰੇ ਔਖੇ ਦਿਨਾਂ ਵਿੱਚ
ਤੂੰ ਮੇਰਾ ਸਾਥ ਦਿੱਤਾ।"

ਪੰਜਾਹ ਸਾਲਾਂ ਤੋਂ ਉਪਰ ਹੋ ਗਏ ਮੈਨੂੰ ਕਵਿਤਾ ਲਿਖਦਿਆਂ ਤੇ ਵਕਾਲਤ ਕਰਦਿਆਂ ਵੀ ਪੰਜਤਾਲੀ ਸਾਲ। ਗੱਲਾਂ ਬਹੁਤ ਨੇ ਜੋ ਲਿਖਣੀਆਂ ਬਣਦੀਆਂ ਵੀ ਨੇ ਤੇ ਨਹੀਂ ਵੀ ਬਣਦੀਆਂ। ਕਈ ਲੇਖਕਾਂ ਦਾ ਕਹਿਣਾ ਹੈ ਕਿ ਮੈਂ ਆਪਣੀ ਜੀਵਨੀ ਲਿਖਾਂ। ਮੈਂ ਕੋਈ ਦੋ ਸੌ ਸਫ਼ੇ ਲਿਖੇ ਵੀ ਫਿਰ ਪਾੜ ਦਿੱਤੇ। ਸੱਚ ਲਿਖਣਾ ਬੜਾ ਔਖਾ। ਕਈ ਗੱਲਾਂ ਮੈਂ ਲਿਖਣਾ ਚਾਹੁੰਦਾ ਹੋਇਆ ਵੀ ਨਹੀਂ ਲਿਖ ਸਕਦਾ। ਅਦਾਲਤਾਂ ਬਾਰੇ ਵੀ ਬੜਾ ਕੁਝ ਨਵਾਂ ਲਿਖਿਆ ਜਾ ਸਕਦਾ ਪਰ ਕਪੜਾ ਚੁਕਿਆਂ ਆਪਣਾ ਢਿੱਡ ਨੰਗਾ ਹੁੰਦਾ। ਮੈਂ ਦਾਲ਼ ਵਿੱਚੋਂ ਸਿਰਫ ਦਾਣਾ ਹੀ ਟੋਹਿਆ ਹੈ।

ਫੋਨ: 9915224041

# ਮੇਰੇ ਸਮੇਂ ਦਾ ਸੱਚ/ਦੇਵਿੰਦਰ ਕੌਰ

ਆਪਣੇ ਸਮੇਂ ਬਾਰੇ ਸੋਚਦਿਆਂ 1978 ਜ਼ਿਹਨ ਵਿੱਚ ਆਉਂਦਾ ਹੈ। ਉਮਰ ਤਕਰੀਬਨ ਉੱਨਤੀ ਤੀਹ ਸਾਲ ਦੀ। ਏਸ ਉਮਰ ਵਿੱਚ ਜਦ ਕਿ ਕੁੜੀਆਂ ਜ਼ਿੰਦਗੀ ਵਿਚ ਪੂਰੀ ਤਰ੍ਹਾਂ ਸੈੱਟਲ ਹੋ ਜਾਂਦੀਆਂ ਹਨ, ਵਿਆਹ ਕਰਵਾ ਕੇ ਇਕ ਦੋ ਬੱਚੇ ਵੀ ਪੈਦਾ ਕਰ ਲੈਂਦੀਆਂ ਹਨ, ਮੈਂ ਇਸ ਉਮਰ ਵਿੱਚ ਕਾਲਜ ਤੋਂ ਘਰ, ਘਰ ਤੋਂ ਕਾਲਜ ਪੜ੍ਹਾਉਣਾ, ਕਾਲਜ ਵਿੱਚ ਸਭਿਆਚਾਰਕ ਗਤੀਵਿਧੀਆਂ ਦੀ ਜ਼ਿੰਮੇਵਾਰੀ ਨਿਭਾਉਣਾ ਤੇ ਘਰ ਆ ਕੇ ਸੌਂ ਜਾਣਾ। ਇਸ ਤੋਂ ਇਲਾਵਾ ਸੋਚਣ ਦੀ ਵਿਹਲ ਹੀ ਨਹੀਂ ਮਿਲੀ। ਜ਼ਿੰਦਗੀ ਦੇ ਹੋਰ ਉਤਾਰ ਚੜ੍ਹਾਅ ਵਿੱਚੋਂ ਗੁਜ਼ਰਨਾ, ਆਪਣੇ ਬਾਰੇ ਸੋਚਣਾ ਤਾਂ ਜ਼ਿੰਦਗੀ ਦੀ ਕਿਤਾਬ ਵਿੱਚੋਂ ਮਨਫ਼ੀ ਹੋ ਗਿਆ ਸੀ। ਕਾਰਨ, ਜਲਦੀ ਹੀ ਪਿਤਾ ਦਾ ਦੇਹਾਂਤ, ਮਾਂ ਤੇ ਭਰਾ ਦਾ ਇੱਕਲਿਆਂ ਰਹਿ ਜਾਣਾ, ਮੇਰੇ ਅੰਦਰ ਇਕ ਅਜੀਬ ਜਿਹੀ ਉਦਾਸੀ ਭਰ ਗਿਆ। ਪੜ੍ਹਾਉਣ ਲਈ ਜਿੰਨਾ ਪੜ੍ਹਨਾ ਪੈਂਦਾ, ਪੜ੍ਹਦੀ, ਕਾਲਜ ਵਿੱਚ ਵੱਧ ਤੋਂ ਵੱਧ ਸਮਾਂ ਗੁਜ਼ਾਰਦੀ, ਘਰ ਆਉਂਦੀ, ਇਸ ਤੋਂ ਇਲਾਵਾ ਬੱਸ ਕੁਝ ਵੀ ਨਹੀਂ ਸੀ। ਜ਼ਿੰਦਗੀ ਉਦਾਸ ਉਦਾਸ ਰਹਿਣ ਲੱਗੀ।

ਉਦਾਸੀ ਤੋਂ ਛੁਟਕਾਰਾ ਪਾਉਣ ਲਈ 1978 ਵਿੱਚ ਹੀ ਮੈਂ ਮੇਰਠ ਯੂਨੀਵਰਸਿਟੀ ਤੋਂ ਪ੍ਰਾਈਵੇਟ ਤੌਰ 'ਤੇ ਐਮ.ਏ ਅੰਗਰੇਜ਼ੀ ਵਿੱਚ ਡਿਗਰੀ ਹਾਸਿਲ ਕਰ ਲਈ ਸੀ। ਏਸੇ ਸਾਲ ਹੀ ਦਿੱਲੀ ਯੂਨੀਵਰਸਿਟੀ ਵਿੱਚ ਪੀ.ਐਚ.ਡੀ ਲਈ ਦਾਖ਼ਲਾ ਲੈਣ ਇਕ ਦਿਨ ਯੂਨੀਵਰਸਿਟੀ ਪਹੁੰਚ ਗਈ। ਯੂਨੀਵਰਸਿਟੀ ਦੇ ਲਾਅਨ ਵਿੱਚ ਡਾਕਟਰ ਸੁਤਿੰਦਰ ਸਿੰਘ ਨੂਰ ਆਪਣੇ ਪੰਜ ਛੇ ਵਿਦਿਆਰਥੀਆਂ ਨਾਲ ਬੈਠੇ ਸਨ। ਨੂਰ ਸਾਹਿਬ ਮੇਰੇ ਲਈ ਜਾਣੇ ਪਛਾਣੇ ਨਹੀਂ ਸਨ। ਮੈਂ ਹਿੰਮਤ ਕਰ ਕੇ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਯੂਨੀਵਰਸਿਟੀ ਵਿੱਚ ਆਉਣ ਦਾ ਆਪਣਾ ਮਕਸਦ ਦੱਸਿਆ। ਉਨ੍ਹਾਂ ਇਕ ਦਮ ਹਾਮੀ ਭਰੀ, ਨਾਲ ਹੀ ਪੀ.ਐਚ.ਡੀ ਦਾ ਟੌਪਿਕ ਸੁਝਾਇਆ ਤੇ ਮੈਨੂੰ ਡਾਕਟਰ ਹਰਿਭਜਨ ਸਿੰਘ ਕੋਲ ਡਿਪਾਰਟਮੈਂਟ ਦੇ ਆਫਿਸ ਗੱਲ ਕਰਨ ਲਈ ਭੇਜ ਦਿੱਤਾ। ਨੂਰ ਸਾਹਿਬ ਨੇ ਮੈਨੂੰ ਅਮ੍ਰਿੰਤਾ ਪ੍ਰੀਤਮ ਦੀ ਕਵਿਤਾ ਉਪਰ ਪੀ.ਐਚ.ਡੀ ਕਰਨ ਦਾ ਸੁਝਾਉ ਦਿੱਤਾ ਅਤੇ ਉਨ੍ਹਾਂ ਦੇ ਸੁਝਾਅ ਮੁਤਾਬਿਕ ਮੈਂ ਡਾਕਟਰ ਸਾਹਿਬ ਕੋਲ ਪਹੁੰਚ ਕੇ ਆਪਣੀ ਪੀ.ਐਚ.ਡੀ ਦੀ ਇੱਛਾ ਜ਼ਾਹਿਰ ਕੀਤੀ। ਪੀ.ਐਚ.ਡੀ ਬਾਰੇ ਗੱਲ ਕਰਨ ਦੀ ਬਜਾਏ ਉਨ੍ਹਾਂ ਤਲਖ਼ ਲਹਿਜੇ ਵਿੱਚ ਆਖਿਆ, 'ਆ ਗਈਂ ਏਂ ਏਨੇ ਸਾਲਾਂ ਬਾਅਦ! ਜਾਹ ਕੋਈ ਮੁੰਡਾ ਸ਼ੁੰਡਾ ਲੱਭ ਕੇ ਵਿਆਹ ਕਰਵਾ ਲੈ। ਜੇ ਨਹੀਂ ਮਿਲਦਾ ਤੇ ਮੈਂ ਲੱਭ ਦੇਂਦਾ ਹਾਂ।' ਮੈਂ ਕਿਹਾ, 'ਨਹੀਂ ਡਾਕਟਰ, ਮੈਂ ਪੀ.ਐਚ.ਡੀ ਕਰਨ ਦਾ ਪੱਕਾ ਮਨ ਬਣਾ ਕੇ ਆਈ ਹਾਂ।' ਥੋੜ੍ਹੀ ਦੇਰ ਸੋਚਣ ਤੋਂ ਬਾਅਦ ਉਨ੍ਹਾਂ ਆਖਿਆ, 'ਅੱਛਾ, ਇਸ ਤਰ੍ਹਾਂ ਕਰ ਤੂੰ ਭਾਈ ਵੀਰ ਸਿੰਘ ਦੀ ਕਵਿਤਾ ਉਪਰ ਕਰ ਲੈ।' ਮੇਰਾ ਨਾਤਾ ਕਈ ਸਾਲਾਂ ਤੋਂ ਦਿੱਲੀ ਯੂਨੀਵਰਸਿਟੀ ਨਾਲੋਂ ਟੁੱਟਿਆ ਹੋਣ ਕਰਕੇ ਜੋ ਉਨ੍ਹਾਂ ਆਖਿਆ, ਮੈਂ ਮੰਨ ਗਈ। ਡਾਕਟਰ ਸਾਹਿਬ ਨੇ ਮੈਨੂੰ 'ਭਾਈ ਵੀਰ ਸਿੰਘ ਦਾ ਰੂਪ ਵਿਗਿਆਨਕ ਅਧਿਐਨ' ਟੌਪਿਕ ਦੇ ਕੇ ਫਾਰਮ ਭਰਨ ਲਈ ਕਹਿ ਦਿੱਤਾ। ਫਾਰਮ ਤਾਂ ਯੂਨੀਵਰਸਿਟੀ ਦੇ ਦਫ਼ਤਰ ਜਾ ਕੇ ਭਰਨਾ ਸੀ। ਮੈਂ ਖ਼ੁਸ਼ੀ ਖ਼ੁਸ਼ੀ ਬਾਹਰ ਆਈ ਤੇ ਨੂਰ ਸਾਹਿਬ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਕੋਈ ਉਜ਼ਰ ਨਾ ਕੀਤਾ ਤੇ ਇਸ ਤਰ੍ਹਾਂ ਯੂਨੀਵਰਸਿਟੀ ਵਿੱਚ ਪੀ.ਐਚ.ਡੀ ਦਾ ਵਿਦਿਆਰਥੀ ਬਣਨ ਲਈ ਮੇਰਾ ਪਹਿਲਾ ਕਦਮ ਸ਼ੁਰੂ ਹੋ ਗਿਆ। ਹੁਣ ਜਦੋਂ ਮੈਂ ਬੈਠ ਕੇ ਸੋਚਦੀ ਹਾਂ ਤਾਂ ਮੈਨੂੰ ਮਹਿਸੂਸ



ਹੁੰਦਾ ਹੈ ਕਿ ਇਹ ਮੇਰੀ ਜ਼ਿੰਦਗੀ ਦੀ 'ਮੈਂ' ਯਾਨੀ ਮੇਰੀ ਜ਼ਿੰਦਗੀ ਦੇ ਬੌਧਿਕ ਵਿਕਾਸ ਦਾ ਪਹਿਲਾ ਪੜਾਅ ਸੀ।

ਪੀ.ਐਚ.ਡੀ ਦੀ ਰਜਿਸਟ੍ਰੇਸ਼ਨ ਦੀ ਕਾਰਵਾਈ ਮੈਂ ਕੁਝ ਹੀ ਦਿਨਾਂ ਵਿੱਚ ਪੂਰੀ ਕਰ ਲਈ। ਹੁਣ ਮੈਂ ਅਕਾਦਮਿਕ ਜ਼ਿੰਦਗੀ ਦੇ ਅਗਲੇ ਪੜਾਅ ਹਾਸਿਲ ਕਰਨ ਦੇ ਯਤਨਾਂ ਵੱਲ ਪੈਰ ਪੁੱਟ ਰਹੀ ਸਾਂ। ਕਾਲਜ ਪੜ੍ਹਾਉਣ ਦੇ ਨਾਲ ਨਾਲ ਆਪ ਵੀ ਵਿਦਿਆਰਥੀ ਬਣ ਗਈ। ਇਕੋ ਵੇਲੇ ਅਧਿਆਪਕ ਅਤੇ ਵਿਦਿਆਰਥੀ ਦੇ ਰੋਲ ਵਿੱਚ ਪੈ ਮੇਰੀਆਂ ਅਕਾਦਮਿਕ ਲੋੜਾਂ ਵੱਧ ਗਈਆਂ।

ਮੈਂ ਪੀ.ਐਚ.ਡੀ ਕਰਨ ਰਤਾ ਪੱਛੜ ਕੇ ਗਈ ਸਾਂ। ਯੂਨੀਵਰਸਿਟੀ ਦੀ ਪੜ੍ਹਾਈ ਵਿੱਚ ਬਹੁਤ ਕੁਝ ਬਦਲ ਚੁੱਕਾ ਸੀ। ਸਾਹਿਤ ਪੜ੍ਹਣ ਦੀਆਂ ਨਵੀਆਂ ਨਵੀਆਂ ਵਿਧੀਆਂ ਅਪਣਾਈਆਂ ਜਾ ਰਹੀਆਂ ਸਨ। ਮੈਨੂੰ ਸਮਝਣ ਵਿੱਚ ਦਿੱਕਤ ਆ ਰਹੀ ਸੀ। ਯੂਨੀਵਰਸਿਟੀ ਵਿੱਚ ਜ਼ਿਆਦਾ ਸਮਾਂ ਬਿਤਾਉਣ ਲਈ ਮੈਂ ਕਾਲਜ ਤੋਂ 2 ਸਾਲ ਦੀ ਅਕਾਦਮਿਕ ਛੁੱਟੀ ਲੈ ਲਈ। ਪ੍ਰਿੰਸੀਪਲ ਨੇ ਮੇਰੀ ਛੁੱਟੀ ਮਨਜ਼ੂਰ ਕਰ ਲਈ। ਜਿਹੜਾ ਸਮਾਂ ਮੈਂ ਕਾਲਜ ਪੜ੍ਹਾਉਣ 'ਤੇ ਲਾਉਂਦੀ ਸਾਂ, ਉਹੀ ਸਮਾਂ ਮੈਂ ਡਾਕਟਰ ਹਰਿਭਜਨ ਸਿੰਘ ਦੀਆਂ ਐਮ. ਏ. ਦੀਆਂ ਕਲਾਸਾਂ ਅਟੈਂਡ ਕਰਨ ਵਿੱਚ ਲਾਉਣ ਲੱਗ ਪਈ ਤੇ ਸਾਹਿਤ ਨੂੰ ਪੜ੍ਹਣ ਲਈ ਨਵੀਆਂ ਵਿਧੀਆਂ ਦਾ ਗਿਆਨ ਹਾਸਿਲ ਕਰਨ ਲੱਗੀ। ਜ਼ਿੰਦਗੀ ਵਿੱਚ ਮੇਰਾ ਦਿਲ ਲੱਗਣਾ ਸ਼ੁਰੂ ਹੋ ਗਿਆ। ਪਿਤਾ ਦੀ ਮੌਤ ਦੇ ਗ਼ਮ ਵਿਚੋਂ ਉਭਰਨ ਲੱਗੀ। ਇਸ ਤਰ੍ਹਾਂ ਮੈਂ ਰੋਜ਼ਾਨਾ ਸਵੇਰੇ ਅੱਠ ਵਜੇ ਤੋਂ ਲੈ ਕੇ ਸ਼ਾਮ ਦੇ ਸੱਤ ਅੱਠ ਵਜੇ ਤੱਕ ਦਾ ਸਮਾਂ ਦਿੱਲੀ ਯੂਨੀਵਰਸਿਟੀ ਬਿਤਾਉਣ ਲੱਗੀ। ਡਾਕਟਰ ਸਾਹਿਬ ਦੀਆਂ ਕਲਾਸਾਂ ਅਟੈਂਡ ਕਰਨ ਤੋਂ ਬਾਅਦ ਮੈਂ ਯੂਨੀਵਰਸਿਟੀ ਦੇ ਰਿਸਰਚ ਫਲੋਰ 'ਤੇ ਚਲੀ ਜਾਂਦੀ ਤੇ ਬੈਠ ਕੇ ਪੀ.ਐਚ.ਡੀ ਲਈ ਡਾਕਟਰ ਸਾਹਿਬ ਵੱਲੋਂ ਦੱਸੀਆਂ ਗਈਆਂ ਕਿਤਾਬਾਂ ਪੜ੍ਹਣ ਲਗਦੀ।

ਏਸੇ ਸਮੇਂ ਹੀ ਮੈਂ ਮਹਿਸੂਸ ਕੀਤਾ ਕਿ ਯੂਨੀਵਰਸਿਟੀ ਵਕਤ ਬਿਤਾਉਣ ਦਾ ਸਮਾਂ, ਡਾਕਟਰ ਹਰਿਭਜਨ ਸਿੰਘ ਦੀ ਨਿਗਰਾਨੀ ਵਿੱਚ ਖੋਜ ਕਾਰਜ ਕਰਨ ਦਾ ਸਮਾਂ ਜਿਥੇ ਮੇਰੇ ਬੌਧਿਕ ਵਿਕਾਸ ਦੀ ਜ਼ਮੀਨ ਤਿਆਰ ਕਰ ਰਿਹਾ ਸੀ ਓਥੇ ਮੈਂ ਆਪਣੇ ਬਾਰੇ, ਆਪਣੀ ਜ਼ਿੰਦਗੀ ਬਾਰੇ, ਆਪਣੇ ਅਹਿਸਾਸਾਤ ਬਾਰੇ ਵੀ ਚੇਤੰਨ ਹੋਣ ਲੱਗੀ। ਮੇਰੀ ਜ਼ਿੰਦਗੀ ਮੈਨੂੰ ਆਪਣੀ ਆਪਣੀ ਜਾਪਣ ਲੱਗੀ। ਏਥੇ ਹੀ ਮੈਨੂੰ ਇਹ ਮਹਿਸੂਸ ਹੋਣ ਲੱਗਾ ਜ਼ਿੰਦਗੀ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ ਲਈ ਜਿਥੇ ਪੜ੍ਹਾਈ ਜ਼ਰੂਰੀ ਹੈ ਓਥੇ ਤੁਹਾਨੂੰ ਢੁਕਵਾਂ ਉਸਤਾਦ, ਨਿਗਰਾਨ ਮਿਲਣਾ ਵੀ ਜ਼ਰੂਰੀ ਹੈ। ਡਾਕਟਰ ਸਾਹਿਬ ਦੀ ਨਿਗਰਾਨੀ ਵਿੱਚ ਕੰਮ ਕਰਦਿਆਂ ਜੋ ਗਿਆਨ ਦੀ ਰੌਸ਼ਨੀ ਮੈਨੂੰ ਪ੍ਰਾਪਤ ਹੋਣ ਲੱਗੀ, ਉਦੋਂ ਮੈਂ ਇਹ ਸ਼ੁਕਰ ਕੀਤਾ ਕਿ ਮੈਂ ਨੂਰ ਸਾਹਿਬ ਦੀ ਬਜਾਏ ਡਾਕਟਰ ਹਰਿਭਜਨ ਸਿੰਘ ਦੀ ਵਿਦਿਆਰਥਣ ਬਣੀ। ਭਾਵੇਂ ਇਹ ਸਬੱਬ ਮੇਰੀ ਚੋਣ ਨਹੀਂ ਸੀ, ਲੇਕਿਨ ਇਹ ਮੈਨੂੰ ਬੜਾ ਰਾਸ ਆ ਰਿਹਾ ਸੀ। ਡਾਕਟਰ ਸਾਹਿਬ ਕੋਲੋਂ ਭਾਵੇਂ 1969/70 ਵਿੱਚ ਮੈਂ ਪੜ੍ਹ ਚੁੱਕੀ ਸਾਂ, ਲੇਕਿਨ ਪੀ.ਐਚ.ਡੀ ਕਰਨ ਦੌਰਾਨ ਦੋ ਸਾਲਾਂ ਤੱਕ ਜਿਹੜਾ ਵਕਤ ਮੈਂ ਡਾਕਟਰ ਸਾਹਿਬ ਦੀ ਨਿਗਰਾਨੀ ਹੇਠ ਬਿਤਾਇਆ, ਉਹ ਅੱਜ ਤੱਕ ਮੇਰੇ ਜ਼ਿਹਨੀ ਵਿਕਾਸ ਦੀ ਮਜ਼ਬੂਤ ਅਧਾਰਸ਼ਿਲਾ ਬਣਿਆ ਹੋਇਆ ਹੈ।

ਡਾਕਟਰ ਸਾਹਿਬ ਦੀ ਨਿਗਰਾਨੀ ਦੀ ਖ਼ਾਸ ਗੱਲ ਇਹ ਕਿ ਉਹ ਇਕ ਨਿਗਰਾਨ ਵਾਂਗ ਨਹੀਂ, ਇਕ ਦੋਸਤ ਵਾਂਗ, ਇਕ ਬਾਪ ਵਾਂਗ ਆਪਣੇ ਵਿਦਿਆਰਥੀਆਂ ਨੂੰ ਗਾਈਡ ਕਰਦੇ ਸਨ। ਉਨ੍ਹਾਂ ਦਿਨ੍ਹਾਂ ਵਿੱਚ ਉਹ ਮਾਡਲ ਟਾਊਨ ਵਿੱਚ ਕਿਰਾਏ ਦੇ ਘਰ ਵਿਚ ਰਹਿ ਰਹੇ ਸਨ ਕਿਉਂਕਿ

ਉਨ੍ਹਾਂ ਦਾ ਆਪਣਾ ਮਕਾਨ ਮਾਨ ਸਰੋਵਰ ਗਾਰਡਨ ਵਿੱਚ ਬਣ ਰਿਹਾ ਸੀ। ਉਹ ਆਪਣੇ ਡਿਪਾਰਟਮੈਂਟ ਵਿੱਚ ਵਿਦਿਆਰਥੀ ਨੂੰ ਬੁਲਾਉਂਦੇ, ਸਮਝਾਉਂਦੇ, ਗੱਲ ਏਨੀ ਦਿਲਚਸਪ ਹੋ ਜਾਂਦੀ, ਡਾਕਟਰ ਸਾਹਿਬ ਡਿਪਾਰਟਮੈਂਟ ਵਿਚੋਂ ਉਠ ਵਿਦਿਆਰਥੀਆਂ ਨੂੰ ਨਾਲ ਲੈ ਪੈਦਲ ਹੀ ਮਾਡਲ ਟਾਊਨ ਤੱਕ ਪਹੁੰਚ ਜਾਂਦੇ। ਨਾਲ਼ੇ ਉਨ੍ਹਾਂ ਦੇ ਘਰ ਵਿੱਚ ਰੋਟੀ ਖਾਣ ਨੂੰ ਮਿਲਦੀ, ਨਾਲ਼ੇ ਉਨ੍ਹਾਂ ਕੋਲੋਂ ਖੋਜ ਕਾਰਜ ਦੇ ਨੁਕਤਿਆਂ ਦਾ ਗਿਆਨ ਮਿਲਦਾ।

ਇਹ ਉਹ ਸਮਾਂ ਸੀ ਜਦੋਂ ਦਿੱਲੀ ਯੂਨੀਵਰਸਿਟੀ ਦਾ ਹਰ ਵਿਦਿਆਰਥੀ ਯੂਨੀਵਰਸਿਟੀ ਜਾਣ ਲਈ ਉਤਾਵਲਾ ਰਹਿੰਦਾ। ਯੂਨੀਵਰਸਿਟੀ ਜਾਣਾ ਹਰ ਵਿਦਿਆਰਥੀ ਨੂੰ ਇਸ ਤਰ੍ਹਾਂ ਲਗਦਾ ਜਿਵੇਂ ਉਹ ਕੋਈ ਗਿਆਨ ਮੰਦਰ ਵਿੱਚ ਦਾਖਿਲ ਹੋ ਰਿਹਾ ਹੋਵੇ। ਉਸ ਵੇਲੇ ਨੂੰ ਯਾਦ ਕਰਦਿਆਂ ਜ਼ਿਹਨ ਵਿੱਚ ਐਸੇ ਮੱਠ ਦੀ ਤਸਵੀਰ ਬਣਦੀ ਹੈ ਜਿਸ ਵਿੱਚ ਬੁੱਧ ਆਪਣੇ ਸ਼ਿਸ਼ਾਂ ਨਾਲ ਸੰਵਾਦ ਰਚਾ ਰਹੇ ਹੋਣ। ਡਾਕਟਰ ਸਾਹਿਬ ਆਪਣੇ ਵਿਦਿਆਰਥੀਆਂ ਦੇ ਸ਼ੰਕਿਆਂ ਨੂੰ ਵੀ ਇਸੇ ਤਰ੍ਹਾਂ ਨਵਿਰਤ ਕਰਦੇ। ਸਚਮੁਚ ਮੇਰੀ ਜ਼ਿੰਦਗੀ ਦਾ ਇਹ ਸਮਾਂ ਮੇਰੀ ਸ਼ਖ਼ਸੀਅਤ ਨੂੰ ਘੜਨ ਵਿੱਚ ਅਧਾਰਸ਼ਿਲਾ ਦਾ ਕੰਮ ਕਰਦਾ ਹੈ।

ਇਹ ਉਹ ਸਮਾਂ ਵੀ ਸੀ ਜਿਸ ਵਿੱਚ ਮੋਹਨਜੀਤ, ਮਨਜੀਤ ਸਿੰਘ, ਕੇ ਟੀ ਐੱਸ, ਨਰਿੰਦਰ ਸਿੰਘ, ਕੁਲਜੀਤ ਸਿੰਘ ਵਰਗੇ ਸਾਹਿਤਿਕ ਦੋਸਤਾਂ ਦਾ ਸਾਥ ਵੀ ਪ੍ਰਾਪਤ ਸੀ। ਇਨ੍ਹਾਂ ਨਾਲ ਸਾਹਿਤਿਕ ਵਿਸ਼ਿਆਂ ਉਪਰ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ। ਪੜ੍ਹਾਈ ਦੇ ਨਾਲ ਨਾਲ ਮਾਹੌਲ ਵਿੱਚ ਇਕ ਊਰਜਾਵਾਨ ਅਸਰ ਬਣਿਆ ਰਹਿੰਦਾ। ਮਾਨਸਿਕ ਕਸਰਤ ਦੇ ਨਾਲ ਨਾਲ ਮਾਨਸਿਕ ਤਸੱਲੀ ਵੀ ਹੁੰਦੀ। ਇਹਨਾਂ ਸਾਹਿਤਿਕ ਦੋਸਤਾਂ ਦੇ ਸਾਥ ਵਿੱਚ ਇਕ ਗੱਲ ਬਹੁਤ ਮਹੱਤਵ ਪੂਰਨ ਸੀ ਕਿ ਸਾਰੇ ਹੀ ਆਪੋ ਆਪਣੇ ਵਿਸ਼ੇ ਬਾਰੇ ਪੁਸਤਕਾਂ ਪੜ੍ਹ ਕੇ ਆਉਂਦੇ ਤੇ ਜਦੋਂ ਚਾਹ ਲਈ ਇਕੱਠੇ ਜੁੜਦੇ ਤਾਂ ਚਾਹ ਦੀਆਂ ਚੁਸਕੀਆਂ ਦੇ ਨਾਲ ਨਾਲ ਵਿਚਾਰਾਂ ਦਾ ਆਦਾਨ ਪ੍ਰਦਾਨ ਵੀ ਹੁੰਦਾ, ਜ਼ਿੰਦਗੀ ਜਗਦੀ ਮਘਦੀ ਲਗਦੀ।

ਇਹ ਉਹ ਸਮਾਂ ਵੀ ਸੀ ਜਿਥੇ ਆਪਣੀ ਪਸੰਦ ਦੇ ਆਦਮੀ ਨਾਲ ਮੁਹੱਬਤ ਦਾ ਰਿਸ਼ਤਾ ਕਾਇਮ ਕਰਨ ਦੀ ਦਲੇਰੀ ਵੀ ਪੈਦਾ ਹੋਈ। ਨਹੀਂ ਤੇ ਆਪਣੀ ਬੀ. ਏ., ਐਮ. ਏ. ਦੀ ਪੜ੍ਹਾਈ ਦੇ ਦੌਰਾਨ ਐਸਾ ਕਰਨ ਦੀ ਹਿੰਮਤ ਵੀ ਪੈਦਾ ਨਹੀਂ ਸੀ ਹੁੰਦੀ। ਹਰ ਗੱਲ ਤੋਂ ਡਰ ਲਗਦਾ ਸੀ। ਯੂਨੀਵਰਸਿਟੀ ਦੇ ਮਾਹੌਲ ਨੇ ਇਸ ਤਰ੍ਹਾਂ ਦੇ ਡਰਾਂ ਉਪਰ ਜਿੱਤ ਪ੍ਰਾਪਤ ਕਰਨ ਦੀ ਦਲੇਰੀ ਅਤੇ ਹਿੰਮਤ ਵੀ ਪੈਦਾ ਕੀਤੀ।

ਇਸ ਸਮੇਂ ਦੌਰਾਨ ਮੈਨੂੰ ਦਿੱਲੀ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਕੁਰੁਸ਼ੇਤਰ ਯੂਨੀਵਰਸਿਟੀ ਆਦਿ ਵਿੱਚ ਜਾਣ ਦੇ ਅਵਸਰ ਵੀ ਪ੍ਰਾਪਤ ਹੋਏ। ਇਸ ਨਾਲ ਹਰਿਭਜਨ ਭਾਟੀਆ, ਨਰਵਿੰਦਰ ਸਿੰਘ ਕੌਸ਼ਲ ਵਰਗੇ ਕਈ ਦੋਸਤਾਂ ਨਾਲ ਪਰਿਚੈ ਹੋਇਆ। ਕਈ ਵਿਦਵਾਨ ਜੋ ਉਸ ਵੇਲੇ ਵਿਦਿਆਰਥੀ ਸਨ ਨਾਲ ਵੀ ਜਾਣ ਪਹਿਚਾਣ ਹੋਈ। ਅਕਸਰ ਹੀ ਸੁਰਜੀਤ ਭੱਟੀ, ਰਣਜੀਤ ਬਾਜਵਾ, ਤੇਜਬੀਰ ਕਸੇਲ, ਆਦਿ ਵਰਗੇ ਬੁੱਧੀਜੀਵੀ ਵਿਦਿਆਰਥੀ ਦਿੱਲੀ ਯੂਨੀਵਰਸਿਟੀ ਆਉਂਦੇ ਰਹਿੰਦੇ ਤੇ ਉਨ੍ਹਾਂ ਨਾਲ ਸਮਾਂ ਬਿਤਾਉਣ ਦੇ ਮੌਕੇ ਮਿਲਦੇ ਰਹਿੰਦੇ। ਡਾਕਟਰ ਸੁਤਿੰਦਰ ਸਿੰਘ ਨੂਰ, ਡਾਕਟਰ ਜਗਬੀਰ, ਡਾਕਟਰ ਤਰਲੋਕ ਸਿੰਘ ਕੰਵਰ ਵਰਗੇ ਨਾਮੀ ਚਿੰਤਕਾਂ ਦੇ ਵਿਚਾਰ ਸੁਣਨ, ਗ੍ਰਹਿਣ ਕਰਨ ਦੇ ਅਵਸਰ ਵੀ ਪ੍ਰਾਪਤ ਹੁੰਦੇ। ਗੱਲ ਕੀ ਜ਼ਿੰਦਗੀ ਭਰੀ ਭਰੀ ਲਗਦੀ। ਸਵੇਰੇ ਅੱਠ ਵਜੇ ਯੂਨੀਵਰਸਿਟੀ, ਸ਼ਾਮ ਨੂੰ



ਅੱਠ ਵਜੇ ਘਰ ਵਾਪਸੀ, ਅਗਲੇ ਦਿਨ ਫੇਰ ਯੂਨੀਵਰਸਿਟੀ ਪਹੁੰਚਣ ਦਾ ਇੰਤਜ਼ਾਰ, ਇਕ ਅਜੀਬ ਜਿਹਾ ਸਰੂਰ ਤਾਰੀ ਰਹਿੰਦਾ।

ਇਸ ਸਾਰੇ ਮਾਹੌਲ ਨੂੰ ਜੀਂਦਿਆਂ ਮੈਂ ਪਿਤਾ ਦੀ ਮੌਤ ਦੇ ਸਦਮੇ ਚੋਂ ਬਾਹਰ ਨਿਕਲਣ ਲੱਗੀ ਅਤੇ ਆਪਣੀ ਜ਼ਿੰਦਗੀ ਦੇ ਭਵਿੱਖ ਬਾਰੇ ਸੋਚਣ ਲੱਗੀ। ਅਖੀਰ ਮੈਂ ਪੀ. ਐਚ. ਡੀ. ਪੂਰੀ ਕਰ ਲਈ ਅਤੇ ਮੁੜ ਕੇ ਫੇਰ ਆਪਣੇ ਕਾਲਜ ਪੜ੍ਹਾਉਣ ਚਲੀ ਗਈ। ਮੇਰੀ ਛੁੱਟੀ ਵੀ ਖ਼ਤਮ ਹੋ ਰਹੀ ਸੀ। ਲੇਕਿਨ ਛੇਤੀ ਹੀ ਡਾਕਟਰ ਸਾਹਿਬ ਦੀ ਰਿਟਾਇਰਮੈਂਟ ਦਾ ਵਕਤ ਆ ਗਿਆ ਤੇ ਯੂਨੀਵਰਸਿਟੀ ਦਾ ਮਾਹੌਲ ਬਦਲ ਗਿਆ। ਪਹਿਲਾ ਕੰਮ ਤਾਂ ਇਹ ਹੋਇਆ ਕਿ ਪੰਜਾਬੀ ਡਿਪਾਰਟਮੈਂਟ ਭਾਰਤੀ ਭਾਸ਼ਾਵਾਂ ਵਿਭਾਗ ਦਾ ਹਿੱਸਾ ਨਾ ਰਹਿ ਕੇ ਇਕ ਵੱਖਰਾ ਸੁਤੰਤਰ ਵਿਭਾਗ ਬਣ ਗਿਆ ਅਤੇ ਡਾਕਟਰ ਹਰਿਭਜਨ ਸਿੰਘ ਦੇ ਵਿਰੋਧ ਵਿੱਚ ਨਵੀਂ ਤਰ੍ਹਾਂ ਦੀ ਰਾਜਨੀਤੀ ਸ਼ੁਰੂ ਹੋ ਗਈ ਜਿਹੜੀ ਕਿ ਡਾਕਟਰ ਸਹਿਬ ਨਾਲ ਈਰਖਾ ਕਰਨ ਵਾਲੇ ਲੋਕਾਂ ਨੇ ਸ਼ੁਰੂ ਕੀਤੀ ਸੀ। ਉਸ ਦਾ ਵੱਡਾ ਨੁਕਸਾਨ ਇਹ ਹੋਇਆ ਕਿ ਡਾਕਟਰ ਸਾਹਿਬ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਨਾਲ ਜੋੜ ਕੇ ਦੇਖਿਆ ਜਾਣ ਲੱਗਾ ਅਤੇ ਉਨ੍ਹਾਂ ਨੂੰ ਹਰ ਪ੍ਰਕਾਰ ਨਾਲ ਯੂਨੀਵਰਸਿਟੀ ਦੇ ਮਾਹੌਲ ਤੋਂ ਦੂਰ ਰੱਖਿਆ ਜਾਣ ਲੱਗਾ। ਯੂਨੀਵਰਸਿਟੀ ਵਿੱਚ ਇਕ ਨਵੀਂ ਲੌਬੀ ਤਿਆਰ ਹੋ ਗਈ।

ਇਹ ਉਹ ਸਮਾਂ ਸੀ ਜਿਥੇ ਮੈਂ ਪਹਿਲੀ ਵਾਰ ਇਹ ਮਹਿਸੂਸ ਕੀਤਾ ਕਿ ਉਹ ਅਧਿਆਪਕ ਜਿਨ੍ਹਾਂ ਨੂੰ ਅਸੀਂ ਆਪਣੇ ਜੀਵਨ ਦਾ ਆਦਰਸ਼ ਮੰਨ ਕੇ ਚਲਦੇ ਹਾਂ ਉਹ ਆਪਸੀ ਰੰਜਿਸ਼ ਦਾ ਬਦਲਾ ਵਿਦਿਆਰਥੀਆਂ ਪਾਸੋਂ ਕਿਸ ਤਰ੍ਹਾਂ ਲੈਂਦੇ ਹਨ। ਏਸੇ ਦੌਰ ਵਿੱਚ ਮੈਂ ਇਹ ਵੀ ਦੇਖਿਆ ਕਿ ਯੂਨੀਵਰਸਿਟੀਆਂ ਵਿੱਚ ਆਪਣੇ ਚਹੇਤੇ ਵਿਦਿਆਰਥੀਆਂ ਨੂੰ ਨੌਕਰੀ ਦੇਣ ਵਿੱਚ ਪਹਿਲ ਕਰਨ ਲਈ ਉਹ ਵਿਦਿਆਰਥੀਆਂ ਦੀ ਅਸਲੀ ਯੋਗਤਾ ਵੱਲੋਂ ਕਿਵੇਂ ਮੂੰਹ ਮੋੜ ਲੈਂਦੇ ਹਨ। ਏਥੇ ਹੀ ਬੱਸ ਨਹੀਂ ਇਹੋ ਜਿਹੀ ਰਾਜਨੀਤੀ ਦੇ ਅਸਰ ਨੂੰ ਮੈਂ ਵੀ ਮਹਿਸੂਸ ਕੀਤਾ ਜਦੋਂ ਮੈਂ ਯੂਨੀਵਰਸਿਟੀ ਵਿੱਚ ਰੀਡਰ ਦੀ ਪੋਸਟ ਲਈ ਅਪਲਾਈ ਕੀਤਾ ਤਾਂ ਮੇਰੇ ਖ਼ਿਲਾਫ਼, ਮੇਰੇ ਚਰਿੱਤਰ ਨਾਲ ਜੋੜ ਕੇ, ਉਸ ਵੇਲੇ ਦੇ ਮੇਰੇ ਅਧਿਆਪਕਾਂ ਨਾਲ ਮੇਰੇ ਸੰਬੰਧ ਜੋੜ ਜੋੜ ਕੇ ਲੇਖ ਛਾਪੇ ਗਏ। ਮੈਨੂੰ ਇਹ ਵੀ ਪਤਾ ਹੈ ਕਿ ਇਹ ਕਿਸ ਦਾ ਕੰਮ ਸੀ ਪਰ ਕਿਉਂਕਿ ਉਹ ਸ਼ਖ਼ਸ ਹੁਣ ਇਸ ਦੁਨੀਆ ਵਿੱਚ ਨਹੀਂ ਹੈ ਇਸ ਲਈ ਮੈਂ ਉਸ ਦਾ ਨਾਂ ਲੈ ਕੇ ਜ਼ਿਕਰ ਨਾ ਕਰਨਾ ਹੀ ਬਿਹਤਰ ਸਮਝਦੀ ਹਾਂ। ਹਾਲਾਂ ਕਿ ਇਨ੍ਹਾਂ ਗੱਲਾਂ ਨੇ ਮੇਰੇ 'ਤੇ ਬਹੁਤਾ ਅਸਰ ਨਹੀਂ ਪਿਆ, ਸਗੋਂ ਲੋਕਾਂ ਦੀ ਪਛਾਣ ਜ਼ਰੂਰ ਕਾਰਵਾਈ। ਇਸ ਤਰ੍ਹਾਂ ਮੇਰੀ ਪੀ. ਐਚ. ਡੀ. ਦੀ ਡਿਗਰੀ ਮੈਨੂੰ ਉਸੇ ਸਾਲ ਡਾਕਟਰ ਹਰਿਭਜਨ ਸਿੰਘ ਹੋਰਾਂ ਦੇ ਹੁੰਦੇ ਹੋਏ ਨਾ ਮਿਲੇ ਇਸ ਕੰਮ ਲਈ ਮੇਰੇ ਖਿਲਾਫ ਇਕ ਮੁਹਿੰਮ ਬਣ ਕੇ ਪੂਰਾ ਵਾਹ ਲਾਇਆ ਗਿਆ। ਮੇਰੇ ਪੇਪਰ ਖੁਰਦ-ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਗਈ। ਯੂਨੀਵਰਸਟੀ ਪੁੱਜੀ ਮੇਰੀ ਫਾਈਲ ਰੁਕਵਾ ਦਿੱਤੀ ਗਈ। ਮੇਰੀ ਡਿਗਰੀ ਨੂੰ ਰੋਕਣ ਵਿੱਚ ਕੋਈ ਕਸਰ ਨਾ ਛੱਡੀ। ਇਹ ਤਾਂ ਮੇਰੀ ਕਾਲਜ ਦੀ ਦੋਸਤ ਸਰਲਾ ਚੌਧਰੀ ਦੇ ਪਤੀ ਡਾ ਰਵੀ ਚੌਧਰੀ ਦੀ ਹਿੰਮਤ ਸਦਕਾ ਉਹ ਫਾਈਲ ਕਿਸੇ ਨਾ ਕਿਸੇ ਤਰ੍ਹਾਂ ਯੂਨੀਵਰਸਟੀ ਦੇ ਦਫਤਰ ਵਿੱਚੋਂ ਲੱਭੀ ਗਈ ਕਿਉਂ ਕਿ ਡਾ ਰਵੀ ਚੌਧਰੀ ਬਹੁਤ ਵੱਡੀ ਜੌਬ 'ਤੇ ਸੀ ਤੇ ਉਸ ਦੀ ਬਹੁਤ ਚਲਦੀ ਸੀ। ਸੋ ਡਾ ਰਵੀ ਚੌਧਰੀ ਦੀਆਂ ਕੋਸ਼ਿਸ਼ਾਂ ਕਾਰਨ ਮੈਨੂੰ ਪੀ. ਐਚ. ਡੀ. ਦੀ ਡਿਗਰੀ ਵਕਤ ਸਿਰ ਮਿਲ ਗਈ ਤੇ ਵਿਰੋਧੀ ਦੇਖਦੇ ਰਹਿ ਗਏ। ਕਿਹਾ ਜਾ ਸਕਦਾ ਹੈ ਕਿ ਇਹ ਹੀ ਉਹ ਸਮਾਂ ਸੀ ਜਦੋਂ ਤੁਹਾਡੇ ਮਿੱਤਰ, ਤੁਹਾਡੇ ਦੁਸ਼ਮਣ ਤੁਹਾਡੇ ਆਸ ਪਾਸ ਹੀ ਹੁੰਦੇ ਹਨ ਤੇ ਤੁਹਾਨੂੰ ਉਹਨਾਂ ਵਿੱਚ ਰਹਿ ਕੇ ਹੀ ਆਪਣੀ ਮੰਜ਼ਿਲ ਵੱਲ ਵਧਦੇ ਜਾਣਾ ਹੁੰਦਾ ਹੈ,

ਆਪਣੇ ਮਕਸਦ ਦੀ ਪੂਰਤੀ ਕਰਨੀ ਹੁੰਦੀ ਹੈ ਜਿਸ ਵਿੱਚ ਕਦੇ ਤੁਸੀਂ ਪਾਸ ਹੋ ਜਾਂਦੇ ਹੋ ਤੇ ਕਦੇ ਫੇਹਲ ਵੀ ਹੁੰਦੇ ਹੋ।

ਸਮਾਂ ਲੰਘਦਾ ਗਿਆ ਤੇ 1989 ਵਿੱਚ ਜ਼ਿੰਦਗੀ ਮੈਨੂੰ ਕਈ ਹਾਦਸਿਆਂ ਵਿੱਚੋਂ ਲੰਘਾ ਕੇ ਇੰਗਲੈਂਡ ਲੈ ਗਈ। ਮੇਰੀ ਜ਼ਿੰਦਗੀ ਦਾ ਇਕ ਨਵਾਂ ਚੈਪਟਰ ਆਰੰਭ ਹੋਇਆ। ਸ਼ੁਰੂ ਸ਼ੁਰੂ ਵਿੱਚ ਮੈਨੂੰ ਇਹ ਚੈਪਟਰ ਬੜਾ ਆਨੰਦਦਾਇਕ ਲੱਗਿਆ ਲੇਕਿਨ ਹੌਲੀ ਹੌਲੀ ਇਸ ਦੇ ਖੱਟੇ ਕੌੜੇ ਸੁਆਦਾਂ ਨੇ ਮੈਨੂੰ ਜ਼ਿੰਦਗੀ ਦੀਆਂ ਕਈ ਸਲੇਟੀ ਭਾਅ ਮਾਰਦੀਆਂ ਪਰਤਾਂ 'ਚੋਂ ਲੰਘਾਇਆ। ਕਦੇ ਮੈਂ ਉਦਾਸ ਹੋਈ, ਕਦੇ ਰੋਈ, ਕਦੇ ਕੁਰਲਾਈ, ਕਦੇ ਡਿਪ੍ਰੈਸ਼ਨ 'ਚ ਗਈ, ਲੇਕਿਨ ਇੰਗਲੈਂਡ ਦੀ ਜ਼ਿੰਦਗੀ ਦੇ ਇਨ੍ਹਾਂ ਤਲਖ਼ ਤਜਰਬਿਆਂ ਵਿੱਚੋਂ ਸਹਿਜ ਲੰਘ ਸਕਣ ਲਈ ਜਿਥੇ ਮਰਹੂਮ ਨਿਰੰਜਨ ਸਿੰਘ ਨੂਰ ਮੇਰਾ ਸਹਾਰਾ ਬਣੇ, ਉਨ੍ਹਾਂ ਆਪਣੇ ਕਾਲਜ ਵਿੱਚ ਮੈਨੂੰ ਨੌਕਰੀ ਦਿੱਤੀ, ਓਥੇ ਇੰਗਲੈਂਡ ਦੇ ਅਦੀਬ ਦੋਸਤਾਂ ਵਲੋਂ ਮਿਲੇ ਪਿਆਰ, ਸਤਿਕਾਰ ਨੇ ਮੇਰਾ ਹੌਸਲਾ ਕਾਇਮ ਰੱਖਿਆ ਤੇ ਮੈਂ ਜ਼ਿੰਦਗੀ ਦੇ ਇਸ ਚਾਹੇ ਅਣਚਾਹੇ ਸਫ਼ਰ ਵਿੱਚੋਂ ਸਹਿਜ ਰੂਪ ਵਿੱਚ ਗੁਜ਼ਰਦੀ ਗਈ। ਇਨ੍ਹਾਂ ਦੋਸਤਾਂ ਵਿਚੋਂ ਮੈਂ ਵਿਸ਼ੇਸ਼ ਤੌਰ ਤੇ ਮੁਸ਼ਤਾਕ ਸਿੰਘ, ਸੰਤੋਖ ਸਿੰਘ ਸੰਤੋਖ, ਹਰਜੀਤ ਅਟਵਾਲ, ਕੁਲਵੰਤ ਢਿੱਲੋਂ, ਦਰਸ਼ਨ ਧੀਰ, ਡਾਕਟਰ ਮਹਿੰਦਰ ਗਿੱਲ, ਭੂਪਿੰਦਰ ਸੱਗੂ, ਸੰਤੋਖ ਧਾਲੀਵਾਲ, ਮਹਿੰਦਰਪਾਲ ਧਾਲੀਵਾਲ, ਸਾਥੀ ਲੁਧਿਆਣਵੀ, ਯਸ਼ ਸਾਥੀ, ਨਿਰਮਲ ਸਿੰਘ ਕੰਧਾਲਵੀ, ਮੋਤਾ ਸਿੰਘ ਸਰਾਏ, ਡਾਕਟਰ ਕਰਨੈਲ ਸ਼ੇਰਗਿੱਲ, ਕਿਰਪਾਲ ਪੂੰਨੀ, ਦਲਵੀਰ ਕੌਰ ਆਦਿ ਦਾ ਨਾਮ ਲੈਣਾ ਚਾਹਵਾਂਗੀ ਜਿਨ੍ਹਾਂ ਸਮੇਂ ਸਮੇਂ ਸਿਰ ਮੈਨੂੰ ਨੈਤਿਕ ਸਪੋਰਟ ਰਾਹੀਂ ਮੇਰੇ ਹੌਸਲੇ ਨੂੰ ਸਦਾ ਬੁਲੰਦ ਰੱਖਿਆ ਅਤੇ ਇੰਗਲੈਂਡ ਵਿੱਚ ਰਹਿ ਸਕਣ ਲਈ ਮੇਰੀ ਵਜ੍ਹਾ ਬਣੇ। ਮੈਂ ਇਨ੍ਹਾਂ ਦੇ ਪਰੋਗਰਾਮਾਂ ਵਿੱਚ ਹਮੇਸ਼ਾ ਸ਼ਿਰਕਤ ਕਰਦੀ ਰਹੀ ਅਤੇ ਇਨ੍ਹਾਂ ਹਮੇਸ਼ਾ ਹੀ ਮੈਨੂੰ ਆਪਣੇ ਆਪ ਵਿੱਚ ਇਕ ਵਿਸ਼ੇਸ਼ ਤਰ੍ਹਾਂ ਮਹਿਸੂਸ ਕਰ ਸਕਣ ਲਈ ਮਾਹੌਲ ਮੁਹੱਈਆ ਕਰਵਾਇਆ। ਏਥੇ ਮੈਂ ਕਹਿਣਾ ਚਾਹਾਂਗੀ ਕਿ ਰਿਟਾਇਰ ਹੋਣ ਤੋਂ ਬਾਅਦ ਤੇ ਕੁਝ ਸਿਹਤ ਦੀਆਂ ਸਮੱਸਿਆਵਾਂ ਕਰਕੇ ਮੈਂ ਕਾਰ ਚਲਾਉਣੀ ਛੱਡ ਦਿੱਤੀ ਹੋਈ ਸੀ। ਸਾਡੇ ਵੁਲਵਰਹੈਂਪਟਨ ਵਿੱਚ ਮਨਮੋਹਨ ਸਿੰਘ ਮਹੇੜੂ ਹੋਰਾਂ ਦੇ ਸਹਿਯੋਗ ਨੂੰ ਮੈਂ ਕਦੇ ਵੀ ਭੁੱਲ ਨਹੀਂ ਸਕਦੀ। ਔਖੇ ਸਮੇਂ ਵਿੱਚ ਉਹਨਾਂ ਦੀ ਕੀਤੀ ਸਹਾਇਤਾ ਨੂੰ ਜੇ ਮੈਂ ਅੱਖੋਂ ਪਰੋਖੇ ਕਰਾਂ ਤਾਂ ਇਹ ਕੁਤਾਹੀ ਕਰ ਰਹੀ ਹੋਵਾਂਗੀ। ਮਨਮੋਹਨ ਹੋਰਾਂ ਨੇ ਲਗਾਤਾਰ ਆਪਣੀ ਗੱਡੀ ਵਿੱਚ ਮੈਨੂੰ ਹਰ ਪ੍ਰੋਗਰਾਮ ਵਿੱਚ ਲੈ ਜਾਕੇ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰਨ ਵਿੱਚ ਸਦਾ ਮੇਰੀ ਮੱਦਦ ਕੀਤੀ। ਪ੍ਰੋਗਰਾਮ ਵਿੱਚ ਜਾਣ ਦਾ ਫਿਕਰ ਉਹਨਾਂ ਨੂੰ ਮੇਰੇ ਨਾਲੋਂ ਵੱਧ ਹੁੰਦਾ ਸੀ। ਏਥੇ ਇਕ ਛੋਟੀ ਜਿਹੀ ਘਟਨਾ ਸਾਂਝੀ ਕਰਨੀ ਚਾਹਾਂਗੀ ਕਿ ਇਕ ਵਾਰ ਮਨਮੋਹਨ ਮਹੇੜੂ ਦੀ ਸਿਹਤ ਵੱਲ ਨਹੀਂ ਸੀ ਚੱਲ ਰਹੀ। ਸ਼ਾਇਦ ਡਾਕਟਰ ਨੇ ਕਾਰ ਚਲਾਉਣ ਤੋਂ ਵੀ ਮਨ੍ਹਾਂ ਕੀਤਾ ਹੋਇਆ ਸੀ। ਲੰਡਨ ਦੇ ਦੋਸਤਾਂ ਨੇ ਇਕ ਪ੍ਰੋਗਰਾਮ ਰੱਖ ਲਿਆ। ਮੈਂ ਲੰਡਨ ਦੇ ਦੋਸਤਾਂ ਖਾਸ ਕਰ ਕੇ ਸਾਊਥਾਲ ਦੇ ਦੋਸਤਾਂ ਬਾਰੇ ਇਕ ਗੱਲ ਦੱਸ ਦੇਵਾਂ ਕਿ ਜਦ ਵੀ ਮੇਰਾ ਲੰਡਨ ਦਾ ਗੇੜਾ ਲਗਦਾ ਹੈ ਤਾਂ ਉਹ ਮੇਰੇ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕ ਲੈਂਦੇ ਹਨ। ਇਸ ਨਾਲ ਮੈਨੂੰ ਬਹੁਤ ਹੌਸਲਾ ਮਿਲਦਾ ਹੈ। ਮੈਂ ਲੰਡਨ ਦੇ ਦੋਸਤਾਂ ਵਲੋਂ ਕੀਤੇ ਜਾਣ ਵਾਲੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਤੋਂ ਨਾਂਹ ਕਰ ਰਹੀ ਸਾਂ, ਕਾਰਨ ਸੀ ਮਨਮੋਹਨ ਤੋਂ ਕਾਰ ਨਹੀਂ ਚਲਾਈ ਜਾ ਸਕਣੀ। ਹਰਜੀਤ ਅਟਵਾਲ ਨੂੰ ਮੈਂ ਨਾ ਆ ਸਕਣ ਦਾ ਕਾਰਨ ਦੱਸਿਆ ਤਾਂ ਉਸ ਦਾ ਕਹਿਣਾ ਸੀ ਕਿ ਇਸ ਬਾਰੇ ਚਿੰਤਾ ਨਾ ਕਰੋ। ਮਨਮੋਹਨ ਮੈਨੂੰ ਮਿਥੇ ਦਿਨ ਪ੍ਰੋਗਰਾਮ 'ਤੇ ਲੈ ਗਿਆ। ਲੰਡਨ ਜਾ ਕੇ ਪਤਾ ਲੱਗਾ ਕਿ ਮੇਰੇ ਇਹ ਦੋਸਤ ਇਕੱਠੇ ਹੋ ਕੇ



ਮੇਰਾ ਸੱਤਰਵਾਂ ਜਨਮਦਿਨ ਇਕ ਖਾਸ ਅੰਦਾਜ਼ ਵਿੱਚ ਮਨਾ ਰਹੇ ਸਨ ਤੇ ਇਸੇ ਕਰਕੇ ਮਨਮੋਹਨ ਨੇ ਆਪਣੀ ਖਰਾਬ ਸਿਹਤ ਦਾ ਵੀ ਰਿਸਕ ਲੈ ਲਿਆ ਸੀ। ਮਨਮੋਹਨ ਮਹੇੜੂ ਤੇ ਲੰਡਨ ਦੇ ਇਹਨਾਂ ਦੋਸਤਾਂ ਨੂੰ ਕੌਣ ਭੁੱਲ ਸਕਦਾ ਹੈ? ਤੁਹਾਡੇ ਜਨਮ ਦਿਨ ਨੂੰ ਇਵੇਂ ਖਾਸ ਬਣਾਉਣਾ ਤੁਹਾਡੇ ਖਾਸ ਦੋਸਤ ਹੀ ਕਰ ਸਕਦੇ ਹਨ।

ਇਥੇ ਹੀ ਇਕ ਗੱਲ ਹੋਰ ਸਾਂਝੀ ਕਰਦੀ ਜਾਵਾਂ ਕਿ ਲੰਡਨ ਵਿੱਚ ਮੇਰੇ ਬਹੁਤ ਦੋਸਤ ਹਨ ਜਿਹਨਾਂ ਦੇ ਨਾਂ ਉਂਗਲਾਂ 'ਤੇ ਗਿਣਨੇ ਮੁਸ਼ਕਲ ਹੋਣਗੇ ਪਰ ਲੰਡਨ ਵਿੱਚ ਮੇਰਾ ਟਿਕਾਣਾ ਅਮਨਦੀਪ ਚੰਦਨ ਤੇ ਸਿੰਮੀ ਦਾ ਘਰ ਹੀ ਹੁੰਦਾ ਹੈ। ਬਹੁਤ ਸਾਰੇ ਦੋਸਤ ਜਾਣਦੇ ਹਨ ਕਿ ਅਮਨਦੀਪ ਚੰਦਨ ਡਾ ਸਵਰਨ ਚੰਦਨ ਦਾ ਬੇਟਾ ਹੈ, ਅਮਨਦੀਪ ਦੀ ਪਤਨੀ ਸਿੰਮੀ ਤੇ ਅਨੀਸ਼ ਉਹਨਾਂ ਦਾ ਬੇਟਾ। ਸਮੇਂ ਨੇ ਜੋ ਕੁਝ ਵੀ ਮੇਰੇ ਨਾਲ ਕੀਤਾ ਸੋ ਕੀਤਾ ਪਰ ਸਮੇਂ ਨੇ ਮੈਨੂੰ ਇਸ ਪਰਿਵਾਰ ਦਾ ਅਨੰਤ ਮੋਹ ਵੀ ਦਿੱਤਾ ਹੈ। ਅੱਜਕੱਲ ਮੈਂ ਦਿੱਲੀ ਬੈਠੀ ਹਾਂ ਤੇ ਅਮਨਦੀਪ ਤੇ ਸਿੰਮੀ ਲੰਡਨ ਵਿੱਚ ਬੈਠੇ ਮੇਰੇ ਬਾਰੇ ਫਿਕਰ ਕਰਦੇ ਮੈਨੂੰ ਫੋਨ ਕਰਦੇ ਰਹਿੰਦੇ ਹਨ। ਉਹਨਾਂ ਦਾ ਬੇਟਾ ਅਨੀਸ਼ ਮੇਰਾ ਏਨਾ ਮੋਹ ਕਰਦਾ ਹੈ ਕਿ ਉਸ ਤੋਂ ਸਭ ਕੁਝ ਵਾਰਨ ਨੂੰ ਦਿਲ ਕਰਦਾ ਹੈ।

ਦੋਸਤਾਂ ਤੋਂ ਇਲਾਵਾ ਸਾਹਿਤ ਮੇਰੀ ਜ਼ਿੰਦਗੀ ਦਾ ਅਸਲੀ ਸਾਥੀ ਰਿਹਾ ਹੈ ਅਤੇ ਅੱਜ ਵੀ ਹੈ। ਕਿਤਾਬਾਂ ਮੇਰੇ ਦੋਸਤ ਬਣ ਕੇ ਹਮੇਸ਼ਾ ਮੇਰੇ ਨਾਲ ਰਹੀਆਂ ਹਨ। ਇੰਗਲੈਂਡ ਵਿੱਚ ਹੋਣ ਵਾਲੀਆਂ ਸਾਹਿਤਿਕ ਮਹਿਫ਼ਿਲਾਂ ਵਿੱਚ ਮਿਲਦੇ ਸਨਮਾਨ ਨੇ ਮੇਰੇ ਹੌਸਲੇ ਸਦਾ ਬੁਲੰਦ ਰੱਖੇ ਹਨ। ਇੰਗਲੈਂਡ ਦਾ ਅਦਬੀ ਸੰਸਾਰ ਮੇਰਾ ਪਰਿਵਾਰ ਹੈ ਜਿਸ ਵਿਚ ਰਹਿ ਕੇ ਮੈਂ ਹਮੇਸ਼ਾ ਆਪਣੇ ਆਪ ਨੂੰ ਭਰਿਆ ਭਰਿਆ ਮਹਿਸੂਸ ਕੀਤਾ ਹੈ। ਇਸੇ ਅਦਬੀ ਪਰਿਵਾਰ ਸਦਕਾ ਕਵਿਤਾ ਮੇਰੇ ਅੰਗ ਸੰਗ ਰਹੀ ਹੈ। ਇਸ ਪਰਿਵਾਰ ਦੇ ਮੋਹ ਕਾਰਨ ਮੈਂ ਖਰਾਬ ਸਿਹਤ ਵਿੱਚ ਵੀ ਬਹੁਤ ਸਾਰਾ ਕੰਮ ਕਰ ਜਾਂਦੀ ਹਾਂ। ਮੈਂ ਔਖਿਆਂ ਹੋ ਕੇ ਬਹੁਤ ਸਾਰੀਆਂ ਕਿਤਾਬਾਂ ਉਪਰ ਆਲੋਚਨਾਤਮ ਪਰਚੇ ਲਿਖ ਪੜ੍ਹ ਜਾਂਦੀ ਹਾਂ। ਆਲੋਚਨਾ ਨੇ ਮੈਨੂੰ ਸਾਹਿਤਕ ਦੋਸਤਾਂ ਨਾਲ ਜੋੜੀ ਰੱਖਿਆ ਹੈ।

ਇੰਗਲੈਂਡ ਦੇ ਨਾਲ ਨਾਲ ਮੇਰੇ ਦਿੱਲੀ ਦੇ ਸਾਹਿਤਿਕ ਦੋਸਤਾਂ ਨੇ ਵੀ ਮੈਨੂੰ ਹਮੇਸ਼ਾ ਪਿਆਰ ਸਤਿਕਾਰ ਦਿੱਤਾ ਹੈ। 1989 ਤੋਂ ਲੈ ਕੇ ਹੁਣ ਤੱਕ ਮੈਂ ਹਰ ਸਾਲ ਦਿੱਲੀ ਆਈ ਹਾਂ ਅਤੇ ਹਮੇਸ਼ਾ ਆਪਣੇ ਕਾਲਜ, ਯੂਨੀਵਰਸਿਟੀ, ਭਾਈ ਵੀਰ ਸਿੰਘ ਸਾਹਿਤ ਸਦਨ, ਪੰਜਾਬੀ ਸਾਹਿਤ ਸਭਾ, ਦਿੱਲੀ, ਪੰਜਾਬੀ ਅਕਾਦਮੀ ਦਿੱਲੀ ਮੇਰੀਆਂ ਜਾਣ ਯੋਗ, ਬਹਿਣ ਯੋਗ, ਸੁਣਨ ਯੋਗ ਤੇ ਮਾਨਣ ਯੋਗ ਸਥਾਨ ਰਹੇ ਹਨ। ਰਾਜਨੀਤੀ ਹਰ ਪਾਸੇ ਚਲਦੀ ਹੈ ਲੇਕਿਨ ਮੈਨੂੰ ਕਿਸੇ ਕਿਸਮ ਦੀ ਰਾਜਨੀਤੀ ਪ੍ਰਭਾਵਿਤ ਨਹੀਂ ਕਰਦੀ, ਹਾਂ ਉਸ ਬਾਰੇ ਜ਼ਿਕਰ ਕਰਨ ਤੋਂ ਮੈਂ ਕਦੇ ਗੁਰੇਜ ਵੀ ਨਹੀਂ ਕਰਦੀ। ਦਿੱਲੀ ਆ ਕੇ ਡਾ ਮਨਜੀਤ ਸਿੰਘ, ਮੋਹਨਜੀਤ, ਡਾ ਜਸਪਾਲ ਕੌਰ, ਬਲਬੀਰ ਮਾਧੋਪੁਰੀ, ਸੁਰਿੰਦਰ ਕੌਰ, ਹਰਚਰਨ ਕੌਰ ਵਰਗੇ ਦੋਸਤਾਂ ਅਤੇ ਆਪਣੇ ਵਿਦਿਆਰਥੀਆਂ ਨੂੰ ਮਿਲ ਕੇ ਜ਼ਿੰਦਗੀ ਭਰੀ ਭਰੀ ਲਗਦੀ ਹੈ। ਇਹਨਾਂ ਦੀ ਦੋਸਤੀ ਸਹਾਰੇ ਹੀ ਹਰ ਸਾਲ ਪੰਜ ਮਹੀਨੇ ਦਿੱਲੀ ਵਿੱਚ ਗੁਜ਼ਾਰਦੀ ਹਾਂ।

ਸਮੇਂ ਦੇ ਨਾਲ ਨਾਲ ਤਕਨਾਲੌਜੀ ਨੇ ਇਨਸਾਨ ਦੀ ਜ਼ਿੰਦਗੀ ਵਿੱਚ ਬਹੁਤ ਵੱਡਾ ਇਨਕਲਾਬ ਲਿਆਂਦਾ ਹੈ। ਸੋਸ਼ਲ ਮੀਡੀਆ ਨੇ ਸਰੀਰਕ ਤੌਰ ਤੇ ਭਾਵੇਂ ਲੋਕਾਂ ਨੂੰ, ਏਥੋਂ ਤੱਕ ਕੇ ਪਰਿਵਾਰ ਦੇ ਜੀਆਂ ਨੂੰ ਵੀ ਇਕ ਦੂਜੇ ਤੋਂ ਦੂਰ ਕਰ ਦਿੱਤਾ ਹੈ ਲੇਕਿਨ ਇਕ ਮਸਨੂਈ ਦੁਨੀਆ ਸਿਰਜ ਦਿੱਤੀ ਹੈ ਜਿਥੇ ਇਹ ਭੁਲੇਖਾ ਪੈਂਦਾ ਹੈ ਕਿ ਅਸੀਂ ਸਾਰੇ ਇਕ ਦੂਜੇ ਦੇ ਨਾਲ ਜੁੜੇ ਹੋਏ ਹਾਂ।

ਇਵੇਂ ਇਹ ਜੁੜਨਾ ਤੁਹਾਡਾ ਵਕਤ ਤਾਂ ਗੁਜ਼ਾਰ ਦੇਂਦਾ ਹੈ ਲੇਕਿਨ ਜ਼ਿਹਨੀ ਖ਼ੁਸ਼ੀ ਪ੍ਰਦਾਨ ਨਹੀਂ ਕਰਦਾ। ਘੱਟੋ ਘੱਟ ਮੈਂ ਤਾਂ ਇੰਝ ਮਹਿਸੂਸ ਕਰਦੀ ਹਾਂ। ਅਸੀਂ ਕੁਝ ਨਾ ਕੁਝ ਫੇਸ ਬੁੱਕ 'ਤੇ, ਟਵਿੱਟਰ 'ਤੇ ਪੋਸਟ ਕਰ ਕੇ ਇਕ ਭਰਮ ਜਿਹਾ ਪਾਲ ਰਹੇ ਹਾਂ ਕਿ ਸਮਾਜਿਕ ਤੌਰ ਤੇ ਇਕ ਦੂਜੇ ਨਾਲ ਜੁੜੇ ਹੋਏ ਹਾਂ। ਕਦੇ ਸਮਾਂ ਉਹ ਵੀ ਸੀ ਕਿ ਸਾਡੇ ਕੋਲ ਫੋਨ ਵੀ ਨਹੀਂ ਸਨ ਹੁੰਦੇ। ਕਿਸੇ ਨੂੰ ਮਿਲਣ ਲਈ ਆਪ ਚੱਲ ਕੇ ਜਾਣਾ ਪੈਂਦਾ ਸੀ। ਉਸ ਮਿਲਣੀ ਦਾ ਆਪਣਾ ਹੀ ਅਨੰਦ ਹੁੰਦਾ ਸੀ। ਮੈਨੂੰ ਯਾਦ ਹੈ ਕਿ ਕਿਸੇ ਨੂੰ ਮਿਲਣ ਜਾਣ ਲਈ ਪੂਰੇ ਦਿਨ ਦਾ ਸਮਾਂ ਚਾਹੀਦਾ ਸੀ। ਲੇਕਿਨ ਹੁਣ ਸਮਾਂ ਬਦਲ ਚੁੱਕਾ ਹੈ। ਏਥੋਂ ਤੱਕ ਕਿ ਗਿਆਨ ਹਾਸਿਲ ਕਰਨ ਦੇ ਮਾਪਦੰਡ ਵੀ ਬਦਲ ਗਏ ਹਨ। ਅੱਜ ਗਿਆਨ ਦੀ ਥਾਂ ਇਨਫਰਮੇਸ਼ਨ ਅਤੇ ਕਿਤਾਬਾਂ ਦੀ ਥਾਂ ਗੂਗਲ ਨੇ ਲੈ ਲਈ ਹੈ। ਜਾਣਕਾਰੀ ਪੱਖੋਂ ਸੋਸ਼ਲ ਮੀਡੀਆ ਸਾਡਾ ਸਭ ਤੋਂ ਵੱਡਾ ਸਾਥੀ ਹੈ। ਖ਼ਾਸ ਤੌਰ ਤੇ ਇਸ ਦੀ ਅਹਮਿਅਤ ਸਾਨੂੰ ਅੱਜ ਕਰੋਨਾ ਦੀ ਸਥਿਤੀ ਵਿੱਚੋਂ ਗੁਜ਼ਰਦਿਆਂ ਸਮਝ ਆਈ ਹੈ। ਅਸੀਂ ਆਪਣੇ ਪਿਆਰਿਆਂ ਤੋਂ ਦੂਰ ਬੈਠੇ ਉਨ੍ਹਾਂ ਦੀ ਸੁੱਖ ਸਾਂਦ ਪੁੱਛ ਸਕਦੇ ਹਾਂ, ਵੀਡੀਓ ਰਾਹੀਂ ਉਨ੍ਹਾਂ ਨੂੰ ਦੇਖ ਸਕਦੇ ਹਾਂ, ਉਨ੍ਹਾਂ ਨਾਲ ਗੱਲਾਂ ਕਰ ਸਕਦੇ ਹਾਂ, ਉਨ੍ਹਾਂ ਦਾ ਹਾਲ ਜਾਣ ਸਕਦੇ ਹਾਂ। ਸੋਚੋ ਜੇ ਇਹ ਨਾ ਹੁੰਦਾ ਤਾਂ ਅੱਜ ਮਨੁੱਖ ਦੀ ਕੀ ਹਾਲਤ ਹੁੰਦੀ। ਕਿਸੇ ਨੂੰ ਪਤਾ ਵੀ ਨਾ ਲਗਦਾ ਕਿ ਉਨ੍ਹਾਂ ਦੇ ਪਿਆਰਿਆਂ ਦੀ ਜ਼ਿੰਦਗੀ ਵਿੱਚ ਕੀ ਵਾਪਰ ਰਿਹਾ ਹੈ। ਸੋ ਮੈਂ ਆਪਣੇ ਇਸ ਤਕਨਾਲੋਜੀ ਦੇ ਸਮੇਂ ਨੂੰ ਕੁਝ ਹੱਦ ਤੱਕ ਵਰਦਾਨ ਤੇ ਕੁਝ ਹੱਦ ਤੱਕ ਮਸਨੂਈ ਸਹਾਰਾ ਸਮਝਦੀ ਹਾਂ। ਲੇਕਿਨ ਇਹ ਅੱਜ ਦੇ ਸਮੇਂ ਦੀ ਸਚਾਈ ਹੈ ਅਤੇ ਅਸੀਂ ਸਾਰੇ ਇਸ ਸਮੇਂ ਵਿੱਚੋਂ ਗੁਜ਼ਰ ਰਹੇ ਹਾਂ।

ਅੱਜ ਮੈਂ ਉਮਰ ਦੇ ਜਿਸ ਪੜਾ 'ਚੋਂ ਗੁਜ਼ਰ ਰਹੀ ਹਾਂ ਇਸ ਵਿੱਚ ਮੋਬਾਈਲ ਫ਼ੋਨ, ਲੈਪਟਾਪ ਮੇਰੀ ਜ਼ਿੰਦਗੀ ਦੇ ਗਹਿਣੇ ਬਣ ਗਏ ਹਨ। ਇਨ੍ਹਾਂ ਬਿਨਾਂ ਜ਼ਿੰਦਗੀ ਅਧੂਰੀ ਜਾਪਦੀ ਹੈ। ਸਰੀਰ ਵਿੱਚ ਹੁਣ ਏਨੀ ਤਾਕਤ ਨਹੀਂ ਰਹੀ ਕਿ ਦੋਸਤਾਂ ਨੂੰ ਮਿਲਣ ਲਈ ਆਪ ਚੱਲ ਕੇ ਉਨ੍ਹਾਂ ਕੋਲ ਜਾਇਆ ਜਾਏ। ਫ਼ੋਨ ਰਾਹੀਂ ਹੀ ਕਿਸੇ ਨਾਲ ਗੱਲ ਹੋ ਜਾਂਦੀ ਹੈ, ਕਿਸੇ ਨਾਲ ਵੀਡੀਓ ਕਾਲ ਹੋ ਜਾਂਦੀ ਹੈ। ਲੈਪਟੌਪ 'ਤੇ ਮੈਂ ਬਹੁਤ ਘੱਟ ਜਾਂਦੀ ਹਾਂ। ਕਾਰਨ, ਮੇਰੇ ਵਾਂਗ ਮੇਰਾ ਲੈਪਟੌਪ ਵੀ ਬੁੱਢਾ ਹੋ ਗਿਆ ਹੈ, ਰੁਕ ਰੁਕ ਕੇ ਚਲਦਾ ਹੈ, ਮੇਰੀ ਚਾਲ ਵਿਚ ਵੀ ਤੇਜ਼ੀ ਨਹੀਂ, ਬਸ ਅਸੀਂ ਦੋਵੇਂ ਇਕ ਦੂਜੇ ਨਾਲ ਬਹਿ ਕੇ, ਇਕ ਦੂਜੇ ਦਾ ਸਾਥ ਦੇਂਦੇ ਆ ਰਹੇ ਹਾਂ। ਜ਼ਿੰਦਗੀ ਵਿੱਚ ਇਕੱਲ ਹੈ ਤੇ ਏਸ ਇਕੱਲ ਦੇ ਦੌਰ ਵਿੱਚੋਂ ਗੁਜ਼ਰਨ ਲਈ ਫ਼ੋਨ ਤੇ ਲੈਪਟਾਪ ਹੀ ਅਸਲੀ ਸਾਥੀ ਹਨ ਇਹ ਜਾਣਦੇ ਹੋਏ ਕਿ ਇਹ ਜੀਵੰਤ ਸਾਥੀ ਨਹੀਂ। ਇਸ ਮਸ਼ੀਨੀ ਯੁੱਗ ਵਿੱਚ ਬੰਦੇ ਦੇ ਜੀਉਣ ਲਈ ਸਾਥੀ ਵੀ ਮਸ਼ੀਨੀ ਹਨ। ਜੇ ਹੌਲੀ ਹੌਲੀ ਬੰਦਾ ਵੀ ਮਸ਼ੀਨ ਵਾਂਗ ਸੋਚਣ ਲੱਗ ਪਿਆ ਹੈ ਤਾਂ ਇਸ ਵਿੱਚ ਕਿਸ ਦਾ ਕਸੂਰ ਹੈ?

---


**2020 ਵਿੱਚ ਨਵੇਂ ਛਪੇ ਨਾਵਲ**

**ਹੱਦ ਤੋਂ ਪਰੇ ਪਰ੍ਹੇ/ਮਹਿੰਦਰ ਸਿੰਘ ਤਤਲਾ**

**ਮੋਨਾਲੀਸਾ ਹੱਸ ਰਹੀ ਸੀ/ਅਸ਼ੋਕ ਭੌਮਿਕ**

**ਉਹੀ ਇੱਕੋ ਦਿਨ/ਗੁਰਮੀਤ ਕੜਿਆਲਵੀ**

**ਮੈਲੀ ਮਿੱਟੀ / ਹਰਵਿੰਦਰ ਭੰਡਾਲ**

**ਮਿੱਟੀ ਬੋਲ ਪਈ/ਬਲਬੀਰ ਮਾਧੋਪੁਰੀ**




## ਸੀਰਤ, ਸਿਰਜਣਾ ਤੇ ਸਮਕਾਲ/ਸੁਰਿੰਦਰ ਸੀਰਤ

ਕਿਸੇ ਵੀ ਸਾਹਿਤਕ ਰਚਨਾ ਦਾ ਆਧਾਰ ਸਮੇਂ, ਸਥਾਨ ਅਤੇ ਸਥਿੱਤੀ 'ਤੇ ਹੀ ਨਿਰਭਰ ਕਰਦਾ ਹੈ। ਇਸ ਲਈ ਸਮੇਂ ਅਤੇ ਸਥਾਨ ਦੀ ਸਥਿੱਤੀ ਦਾ ਰਚਨਾਤਮਿਕ ਪ੍ਰਕਿਰਿਆ ਉੱਤੇ ਅਸਰ ਹੋਣਾ ਅਵੱਸ਼ਕ ਹੈ। ਇਸੇ ਫ਼ਿਕਰ ਨੂੰ ਸਾਹਿਤਕ ਰੁੱਚੀ ਤਹਿਤ ਮਾਨਤਾ ਪ੍ਰਦਾਨ ਹੈ। ਫਿਰ ਜਦੋਂ ਕੁਝ ਅਜੇਹਾ ਬਦਲਾਓ ਵਾਪਰਦਾ ਹੈ ਤਾਂ ਸੁਭਾਵਕ ਹੀ ਸਿਰਜਨ ਪ੍ਰਕਿਰਿਆ ਵਿੱਚ ਅਣਦਿਸਦਾ ਬਦਲਾਓ ਆ ਹੀ ਜਾਂਦਾ ਹੈ। ਜਦੋਂ ਮੈਂ ਆਪਣੀਆਂ ਰਚਨਾਵਾਂ ਦਾ ਅਧਿਅਨ ਕਰਦਾ ਹਾਂ ਤਾਂ ਅਚੰਭਿਤ ਰਹਿ ਜਾਂਦਾ ਹਾਂ। ਮੇਰੀ 8 ਗ਼ਜ਼ਲਾਂ ਦੀ ਸੀ.ਡੀ. ਵਿੱਚ ਇਕ ਗ਼ਜ਼ਲ ਜੋ ਬਹੁਤ ਗੰਭੀਰ ਪ੍ਰਸੰਸਕਾਂ ਵਲੋਂ ਪਸੰਦ ਕੀਤੀ ਗਈ ਹੈ ਜਿਸ ਦਾ ਮਤਲਾ ਇੰਝ ਹੈ,

"ਗਵਾ ਰਹੇ ਹਾਂ ਸ਼ਰਾਬਾਂ 'ਚ ਆਰਸੀ ਅਪਣੀ / ਇਹ ਕਿਸ ਮੁਕਾਮ 'ਤੇ ਲੈ ਆਈ ਤਿਸ਼ਨਗੀ ਅਪਣੀ"

ਇਸ ਸ਼ਿਅਰ ਵਿੱਚ ਆਰਥਕ ਮੰਦਹਾਲੀ ਕਾਰਨ ਜਾਂ ਇਕ ਚਕਾਚੌਂਧ ਜੀਵਨ ਜੀਣ ਦੀ ਲਾਲਸਾ ਹਿੱਤ ਪਰਵਾਸ ਧਾਰਨ ਕਾਰਨ ਆਪਣੀ ਪੱਛਾਣ ਹੀ ਨੂੰ ਗਵਾ ਬੈਠਣਾ ਸੰਕੇਤਿਕ ਹੈ। ਮੈਂ ਜੰਮੂ ਕਸ਼ਮੀਰ ਵਿੱਚ ਸਥਾਪਤੀ ਦੇ ਮੋੜ 'ਤੇ ਸੀ ਅਤੇ ਪੁਸਤਕਾਂ (ਛੱਲਾਂ, ਖ਼ਲਾਅ'ਚ ਟੰਗੇ ਹਰਫ਼, ਕਿਰਚਾਂ ਅਤੇ ਭਰਮ ਭੁਲਈਆਂ-ਕਾਵਿ, ਕਾਵਿ, ਗ਼ਜ਼ਲ ਅਤੇ ਉਪੰਨਿਆਸ) ਦਾ ਲਖਾਇਕ ਹੋ ਨਿੱਬੜਿਆ ਸੀ, ਜਦ ਨਵੰਬਰ 1988 ਵਿੱਚ ਕੈਲੀਫੋਰਨੀਆ ਵਿਖੇ ਪਰਵਾਸ ਧਾਰ ਲਿਆ। ਮੇਰੀਆਂ ਤਿੰਨ ਪੁਸਤਕਾਂ ਨੂੰ ਜੰਮੂ-ਕਸ਼ਮੀਰ ਅਕੈਡਮੀ ਆਫ ਆਰਟਸ, ਕਲਚਰ ਅਤੇ ਲੈਂਗੁਏਜਜ਼ ਵਲੋਂ ਪ੍ਰਥਮ ਪੁਸਤਕ ਪੁਰਸਕਾਰ ਪ੍ਰਾਪਤ ਸਨ। ਜਦ ਮੈਂ ਇਸ ਬਾਰੇ ਕਦੀ ਸੋਚਿਆ ਹੈ ਤਾਂ ਹੈਰਤ ਵੀ ਹੋਈ ਹੈ ਕਿ ਮੈਨੂੰ ਖ਼ੁੱਲੀ ਕਵਿਤਾ (ਛੱਲਾਂ), ਅਰੂਜ਼ ਬੰਦ ਗ਼ਜ਼ਲ (ਕਿਰਚਾਂ) ਅਤੇ ਵਾਰਤਕ ਪੁਸਤਕ (ਭਰਮ ਭੁਲਈਆਂ) ਜਿਹੇ ਵਖੋ-ਵਖਰੇ ਰੂਪਾਂ ਵਿੱਚ ਪਰਵਾਨ ਕੀਤਾ ਗਿਆ। ਮੈਂ ਸਾਹਿਤ ਨੂੰ ਆਪਣੇ ਇਸ਼ਟ ਵਜੋਂ ਧਾਰ ਲਿਆ ਸੀ। ਅਮਰੀਕਾ ਵਿਖੇ ਇਕ ਅੱਧ ਸਾਲ ਤਾਂ ਆਪਣੇ-ਆਪ ਨੂੰ ਸੰਭਾਲਣ ਵਿੱਚ ਹੀ ਲੰਘ ਗਿਆ, ਪਰ ਇਕ ਅਸਾਹਿਤਕ ਖ਼ਲਾਅ ਵਿੱਚ ਸਾਹਿਤਕ ਮਾਹੌਲ ਦੀ ਜਗਿਆਸਾ ਅਤੇ ਇਸ ਦੀ ਉਤਪਤੀ ਲਈ ਅੰਦਰ ਹੀ ਅੰਦਰ ਘੋਲ਼ ਕਰ ਰਿਹਾ ਸੀ। ਸੈਨਹੌਜ਼ੇ ਸ਼ਹਿਰ ਵਿੱਚ ਇਕ ਪੰਜਾਬੀ ਦਾ ਪਰਚਾ, "ਜਾਗੋ" ਮਹੀਨੇਵਾਰ ਅਤੇ ਦੋ ਤਿੰਨ ਪੰਜਾਬੀ ਦੀਆਂ ਅਖ਼ਬਾਰਾਂ ਨਿਕਲਦੀਆਂ ਵੇਖੀਆਂ। 'ਜਾਗੋ' ਦੇ ਸੰਪਾਦਕ ਪ੍ਰੋ. ਸ਼ੇਰ ਸਿੰਘ ਕੰਵਲ ਨਾਲ ਕੇਵਲ ਫੋਨ 'ਤੇ ਹੀ ਗੱਲਬਾਤ ਹੋ ਸਕੀ। ਉਹਨਾਂ ਕੋਲ ਸਮਾਂ ਹੀ ਨਹੀਂ ਸੀ ਅਤੇ ਉਹ ਜਲਦੀ ਹੀ ਨਿਊਯਾਰਕ ਪ੍ਰਸਥਾਨ ਕਰ ਗਏ। ਅਖ਼ਬਾਰ, 'ਪੰਜਾਬ ਟਾਇਮਜ਼' ਵਿੱਚ ਇਕ ਦੋ ਵੇਰ ਪੰਜਾਬੀ ਕਹਾਣੀ, ਕਿਸੇ ਅਮਰਜੀਤ ਦਰਦੀ ਦੀ ਪੜ੍ਹੀ ਅਤੇ ਉਹ ਕੌਣ ਸੀ! ਜਾਣ ਹੀ ਨਹੀਂ ਸਕਿਆ। ਪਰ ਮੇਰੀ ਇਸ ਭਟਕਣ ਨੇ ਮੈਨੂੰ ਉਸ ਮੁਕਾਮ ਤੇ ਲਿਆ ਖੜਾ ਕੀਤਾ ਜਿੱਥੇ ਮੇਰੀ ਅਚਨਚੇਤ ਹੀ, ਯੂਬਾ-ਸਿਟੀ ਸ਼ਹਿਰ ਵਿਖੇ, ਇਕ ਉੱਚਕੋਟੀ ਦੇ ਕਹਾਣੀਕਾਰ ਜਨਾਬ ਰਾਬਿੰਦਰ ਸਿੰਘ ਅਟਵਾਲ ਨਾਲ ਭੇਂਟ ਹੋ ਗਈ। ਇਹਨਾਂ ਬਾਰੇ ਮੈਨੂੰ ਜੇ-ਐਂਡ-ਕੇ ਕਲਚਰਲ ਅਕੈਡਮੀ ਦੇ ਪੰਜਾਬੀ ਵਿਭਾਗ ਦੇ ਸੰਪਾਦਕ ਸ. ਅਮਰੀਕ ਸਿੰਘ ਵੱਲੋਂ ਦਸਿਆ ਗਿਆ ਸੀ ਕਿ ਆਪ ਇਕ ਕਹਾਣੀਕਾਰ ਹਨ ਅਤੇ ਉੱਥੋਂ ਦੇ ਕੁਝ ਲੇਖਕਾਂ ਨਾਲ ਇਕ ਸੰਪਾਦਿਤ ਕਹਾਣੀ ਸੰਗ੍ਰਹਿ ਛਾਪ ਚੁਕੇ ਹਨ ਜਿੰਨ੍ਹਾਂ ਵਿੱਚ ਜੰਮੂ ਦੀ ਰਾਣੀ ਨਰਿੰਦਰ ਵੀ ਸ਼ਾਮਿਲ ਹੈ। ਉਹਨਾਂ ਤੋਂ ਇਕ ਖ਼ਾਸ ਪ੍ਰਾਪਤੀ ਇਹ ਹੋਈ ਕਿ ਮੈਂ ਬੇ-ਏਰੀਏ

ਵਿਖੇ ਇਕ ਕਵੀ ਸੁਖਵਿੰਦਰ ਕੰਬੋਜ ਨੂੰ ਮਿਲਾਂ ਜੋ ਉਸ ਸਮੇਂ ਇਕ ਅਮਰੀਕੀ ਪੰਜਾਬੀ ਕਵਿਤਾ ਪੁਸਤਕ ਸੰਪਾਦਨ ਹਿੱਤ ਕੰਮ ਕਰ ਰਿਹਾ ਸੀ। ਪਰ ਉਹਨਾਂ ਕੋਲ ਸੁਖਵਿੰਦਰ ਕੰਬੋਜ ਦਾ ਕੋਈ ਅੱਤਾ-ਪਤਾ ਨਹੀਂ ਸੀ। ਕੇਵਲ ਇਹ ਹੀ ਦਸ ਸਕੇ ਕਿ ਉਹ ਕਿਸੇ 'ਪਰਾਈਸ ਕਲੱਬ' (ਅੱਜ ਦੇ 'ਕੌਸਟਕੋ') ਨਾਂ ਦੇ ਸਟੋਰ ਵਿੱਚ ਕੰਮ ਕਰ ਰਿਹਾ ਹੈ। 1990 ਵਿੱਚ ਮੈਂ ਬੀਮਾਰ ਹੋ ਗਿਆ ਅਤੇ ਦੋ ਮਹੀਨਿਆਂ ਲਈ ਜੰਮੂ ਬੱਚਿਆਂ ਕੋਲ ਆ ਗਿਆ। 1991 ਵਿੱਚ ਆ ਕੇ ਮੈਂ ਆਈ ਬੀ ਐਮ ਕੰਪਨੀ ਵਿੱਚ ਜੌਬ ਤੇ ਲੱਗ ਗਿਆ ਜਿੱਥੋ ਕਹਾਣੀਕਾਰ ਅਮਰਜੀਤ ਦਰਦੀ ਵੀ ਕੰਮ ਕਰ ਰਿਹਾ ਸੀ। ਬਸ ਇਕ ਕੰਪਨੀ ਪਿਕਨਿਕ ਵਿੱਚ ਉਸ ਨਾਲ ਮੁਲਾਕਾਤ ਹੋ ਹੀ ਗਈ। ਉਸ ਨੇ ਦਸਿਆ ਕਿ ਕੰਬੋਜ ਕਿੱਥੇ ਕੰਮ ਕਰਦਾ ਹੈ। ਅਸੀਂ (ਦੋਹਾਂ ਨੇ) ਉਸ ਨੂੰ ਫਰੀਮੌਂਟ ਸਟੋਰ ਵਿੱਚ ਲੱਭ ਲਿਆ। ਮੁਲਾਕਾਤ ਹੋਈ। ਉਸ ਨੇ ਮੇਰਾ ਨਾਂ ਸੁਣਿਆ ਹੋਇਆ ਸੀ ਅਤੇ ਇਕ ਆਪਣੇ-ਪਨ ਜਿਹੀ ਸਾਂਝ ਬਣ ਗਈ। ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਵੀ ਕਰੀਬ ਕਰੀਬ ਮੇਰੇ ਹੀ ਇਲਾਕੇ ਵਿੱਚ ਰਿਹਾਇਸ਼ ਪਜ਼ੀਰ ਸੀ, ਜਿਸ ਨੂੰ ਲੱਭਣ ਵਿੱਚ ਦੋ ਸਾਲ ਲੱਗ ਗਏ। ਉਸ ਵੱਲੋਂ ਅਤੇ ਨਿਊਯਾਰਕ ਵਿਖੇ ਰਹਿ ਰਹੇ ਰਵਿੰਦਰ ਸਹਿਰਾ ਵਲੋਂ ਸੰਪਾਦਿਤ ਸੰਗ੍ਰਹਿ ਛੱਪਵਾਉਣ ਲਈ ਪੰਜਾਬ ਭੇਜਿਆ ਗਿਆ ਸੀ। ਉਸ ਨੇ ਮੇਰੀ ਵੀ ਇਕ ਕਵਿਤਾ ਭੇਜ ਦਿੱਤੀ ਜੋ ਉਸ ਵਿੱਚ ਸ਼ਾਮਿਲ ਹੋ ਗਈ। ਪਰ ਇਸੇ ਮਹੀਨੇ ਮੈਨੂੰ ਮੁੜ ਇੰਡੀਆ ਜਾਣਾ ਪਿਆ ਕਿਉਂਕਿ ਮੈਂ ਕਾਲਜ ਤੋਂ ਫਰਲੋ-ਲੀਵ 'ਤੇ ਸਾਂ ਜਿਸ ਦੀ ਮਿਆਦ ਖ਼ਤਮ ਹੋਣ ਤੇ ਸੀ ਅਤੇ ਮੈਂ ਮੁੜ ਕੇ ਕਾਲਜ ਵਿੱਚ ਹਾਜ਼ਰੀ ਭਰ ਦਿੱਤੀ। ਇਹਨਾਂ ਵ੍ਹਰਿਆਂ ਵਿੱਚ ਸਲੇਬਸ ਵਿੱਚ ਬਹੁਤ ਤਬਦੀਲੀ ਹੋ ਗਈ ਸੀ। ਮਿਹਨਤ ਕਰਨੀ ਪਈ ਅਤੇ ਨੌਆਂ ਮਹੀਨਿਆਂ ਦੇ ਅੰਦਰ ਅੰਦਰ ਮੈਂ ਯੂ.ਜੀ.ਸੀ ਤਹਿਤ ਇਕ ਐਸੋਸਿਏਟ ਪ੍ਰੋਫੈਸਰ ਦੀ ਪਦਵੀਂ ਤੋਂ ਵਾਲੰਟੇਰੀ ਰਿਟਾਇਰਮੈਂਟ ਲੈ ਕੇ ਮੁੜ ਅਕਤੂਬਰ 1992 ਵਿੱਚ ਅਮਰੀਕਾ, ਕੈਲੀਫੋਰਨੀਆ (ਸੈਨਹੌਜ਼ੇ) ਆਵਾਸ ਧਾਰ ਲਿਆ। ਸੁਖਵਿੰਦਰ ਕੰਬੋਜ ਨਾਲ ਮੁਲਾਕਾਤ ਕੀਤੀ ਅਤੇ ਸਾਹਿਤਕ ਵਿਚਾਰ ਵਟਾਂਦਰਾ ਹੋਇਆ। ਇਸ ਅਨੁਸਾਰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਨਿਰਮਾਣ ਦੀ ਯੋਜਨਾ ਤਿਆਰ ਕੀਤੀ ਗਈ। ਕੰਬੋਜ ਨੇ ਮੈਨੂੰ ਹੀ ਉਹਨਾਂ ਕਵੀਆਂ ਨਾਲ ਸੰਪਰਕ ਕਰਨ ਲਈ ਉਹਨਾਂ ਦੇ ਫੋਨ ਨੰਬਰ ਦਿੱਤੇ। ਬੇ-ਏਰੀਏ ਵਿੱਚ ਕਹਾਣੀਕਾਰ ਅਮਰਜੀਤ ਦਰਦੀ ਤੋਂ ਛੁੱਟ ਇਕ ਸੰਜੀਦਾ ਕਵੀ ਸੁਖਦਰਸ਼ਨ ਧਾਲੀਵਾਲ ਨਾਲ ਮੁਲਾਕਾਤ ਹੋਈ। ਉਹ ਸੈਨਹੋਜ਼ੇ ਵਿੱਚ ਇੱਕ ਲਿੱਕਰ ਸਟੋਰ ਦਾ ਮਾਲਕ ਸੀ। ਇਸ ਲਈ ਇਹ ਫੈਸਲਾ ਹੋਇਆ ਕਿ ਸਾਰਿਆਂ ਲੇਖਕਾਂ ਨੂੰ ਇਸੇ ਸਟੋਰ ਵਿੱਚ ਬੁਲਾਇਆ ਜਾਏ। ਸਾਰਿਆਂ ਨੂੰ ਫੋਨ ਕੀਤੇ ਗਏ ਅਤੇ 6 ਜਨਵਰੀ 1993 ਨੂੰ ਇਸੇ ਮਨੋਰਥ ਅਧੀਨ ਮੇਰੇ ਨਾਲ ਬੇ-ਏਰੀਏ ਤੋਂ ਸੁਖਵਿੰਦਰ ਕੰਬੋਜ, ਵੇਦ ਵਟੁਕ, ਅਮਰਜੀਤ ਦਰਦੀ, ਜਸਵੰਤ ਸਿੰਘ ਸ਼ਾਦ ਅਤੇ ਸੁਖਦਰਸ਼ਨ ਧਾਲੀਵਾਲ; ਫਰਿਜ਼ਨੋ ਤੋਂ ਡਾ.ਗੁਰੁਮੇਲ ਸਿੱਧੂ, ਹਰਜਿੰਦਰ ਕੰਗ, ਮੁਹੰਮਦ ਅਸ਼ਰਫ ਗਿੱਲ, ਪੀ ਐਸ ਮਾਨ ਅਤੇ ਯੂਬਾ ਸਿਟੀ ਤੋਂ ਰਾਬਿੰਦਰ ਸਿੰਘ ਅਟਵਾਲ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ ਅਤੇ ਗੁਰਦੇਵ ਸਿੰਘ ਚਿੱਟੀ ਸ਼ਾਮਲ ਹੋਏ। ਇਸ ਮੀਟਿੰਗ ਦੀ ਰਿਪੋਰਟ 15 ਜਨਵਰੀ, 1993 ਦੇ 'ਹਮਦਰਦ' ਅਖ਼ਬਾਰ ਅਨੁਸਾਰ ਵੇਦ ਵਟੁਕ ਦੀ ਪ੍ਰਧਾਨਗੀ ਅਧੀਨ, ਸੁਖਵਿੰਦਰ ਕੰਬੋਜ ਨੇ ਕਾਰਵਾਈ ਚਲਾਂਉਦਿਆਂ ਮੈਨੂੰ ਇਸ ਬੈਠਕ ਦੀ ਮਹੱਤਤਾ ਪ੍ਰਤੀ ਵਿਚਾਰ ਪ੍ਰਗਟ ਕਰਨ ਦੀ ਅਨੁਮੱਤੀ ਦਿੱਤੀ। ਮੈਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਾਨੂੰ ਇਕ ਪੰਜਾਬੀ ਸਾਹਿਤਕ ਸੰਸਥਾ ਦੇ ਨਿਰਮਾਣ ਦੀ ਅਵਸ਼ਕਤਾ ਹੈ ਤਾਂ ਜੋ ਅਸੀਂ ਇੱਧਰਲੀ ਦੁਨਿਆ ਵਿੱਚ ਵਸਦੇ ਹੋਏ ਵੀ ਆਪਣੀਆਂ ਜੜ੍ਹਾਂ ਨਾਲ



ਜੁੜੇ ਰਹਿ ਸਕੀਏ। ਸਭਨਾਂ ਨੇ ਇਸ ਦੀ ਸਹਿਮਤੀ ਪ੍ਰਗਟਾਈ ਅਤੇ ਮਹੀਨੇ ਮਗਰੋਂ ਨਿਰਣੇ ਜਨਕ ਫੈਸਲੇ ਪਰਵਾਨ ਕੀਤੇ ਗਏ :

(1) ਸਭਾ ਦਾ ਨਾਂ, "ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ" ਹੋਵੇਗਾ।

(2) ਸਭਾ ਦਾ ਸੰਵੀਧਾਨ, ਸੁਰਿੰਦਰ ਸੀਰਤ ਵਲੋਂ ਤਿਆਰ ਕੀਤਾ ਜਾਏਗਾ, ਜਿਸ ਤੇ ਬਹਿਸ ਕਰਨ ਉਪਰੰਤ ਪਰਵਾਨਗੀ ਦਿੱਤੀ ਜਾਏਗੀ।

(3) ਸਮੁੱਚੀ ਸੰਸਥਾ ਦੇ ਤਿੰਨ ਯੂਨਿਟ ਹੋਣਗੇ ਜੋ ਕਰਮਵਾਰ ਕੇਂਦਰ ਦੀ ਭੂਮਿਕਾ ਨਿਭਾਉਣਗੇ। ਇਹ ਯੂਨਿਟ ਕਰਮਵਾਰ ਯੂਬਾ ਸਿਟੀ, ਫਰਿਜ਼ਨੋ ਅਤੇ ਬੇ-ਏਰੀਆ ਹੋਣਗੇ।

ਇੰਝ ਅਮਰੀਕਾ ਦੀ ਧਰਤੀ 'ਤੇ ਗ਼ਦਰੀ ਬਾਬਿਆਂ ਤੋਂ ਬਾਅਦ ਪੰਜਾਬੀ ਸਾਹਿਤ ਦਾ ਇਕ ਸੰਜੀਦਾ ਆਰੰਭ ਹੋਇਆ। ਸਾਹਿਤਕ ਬੈਠਕਾਂ ਆਪੋ ਆਪਣੇ ਯੂਨਿਟਾਂ ਵਿੱਚ ਲਗਾਤਾਰ ਦੋ ਮਹੀਨੇ ਕਰਨ ਉਪਰੰਤ ਹਰ ਤੀਜੇ ਮਹੀਨੇ ਤਿੰਨੋ ਇਕਾਈਆਂ ਦੀ ਮਿਲਵੀਂ ਬੈਠਕ ਦਾ ਸਿਲਸਿਲਾ ਤੋੜ ਚੜ੍ਹ ਗਿਆ। ਇਕ ਦੂਸਰੇ ਨੂੰ ਸੁਣਨ, ਘੋਖਣ ਨਾਲ ਬੜਾ ਕੁਝ ਸਜਰਾ ਦ੍ਰਿਸ਼ਟੀਕੋਣ ਵਿਚ ਸਮੋਂਦਾ ਗਿਆ। ਇਸ ਤੋਂ ਪਹਿਲਾਂ 1992 ਵਿੱਚ ਜਦ ਮੈਂ ਮੁੜ ਊਧਮਪੁਰ-ਜੰਮੂ ਵਿਖੇ ਕਾਲਜ ਵਿੱਚ ਹਾਜ਼ਰ ਸਾਂ ਤਾਂ ਮੇਰੀ ਨਵੀਂ ਕਾਵਿ ਪੁਸਤਕ, 'ਕਿੱਕਰ ਕੰਡੇ' ਦਾ ਲੋਕ ਅਰਪਨ ਸਮਾਰੋਹ ਜੰਮੂ ਦੇ ਇਕ ਹੋਟਲ ਵਿੱਚ, ਪੰਜਾਬੀ ਵਿਭਾਗ ਦੇ ਹੈਡ ਸਵਰਗੀਏ ਡਾ. ਦੇਵਿੰਦਰ ਸਿੰਘ ਵਲੋਂ ਕਰਾਇਆ ਗਿਆ।

ਡਾ ਦਵਿੰਦਰ ਸਾਹਿਬ ਦੇ ਇਸ ਪੁਸਤਕ 'ਤੇ ਅੰਕਿਤ ਇਕ ਦੋ ਵਾਕ ਸਾਂਝਿਆਂ ਕਰਨ ਦੀ ਖੁਲ੍ਹ ਲੈ ਰਿਹਾਂ ਹਾਂ। ਉਹਨਾਂ ਨੇ ਲਿਖਿਆ ਹੈ, "ਸੁਰਿੰਦਰ ਸੀਰਤ ਜੰਮੂ-ਕਸ਼ਮੀਰ ਦਾ ਉਹ ਸੰਵੇਦਨਸ਼ੀਲ ਕਵੀ ਹੈ ਜਿਸ ਨੇ ਬੜ੍ਹੇ ਥੋੜੇ ਅਰਸੇ ਵਿੱਚ ਸਮੁੱਚੇ-ਪੰਜਾਬੀ ਜਗਤ ਵਿੱਚ ਆਪਣੀ ਮਾਣਯੋਗ ਥਾਂ ਬਣਾ ਲਈ ਹੈ। ਬੇਸ਼ਕ ਉਸ ਨੇ ਆਪਣੀ ਕਾਵਿ ਯਾਤਰਾ ਖੁੱਲ੍ਹੀ ਕਵਿਤਾ ਤੋਂ ਆਰੰਭੀ ਸੀ ਪਰੰਤੂ ਗ਼ਜ਼ਲ ਉਸ ਦਾ ਮਨਭਾਉਂਦਾ ਰੂਪਾਕਾਰ ਹੈ ਅਤੇ ਸੰਤੁਸ਼ਟੀ ਵਾਲੀ ਗੱਲ ਇਹ ਹੈ ਕਿ ਉਹ ਇਸ ਰੂਪਾਕਾਰ ਦੇ ਸਿਧਾਂਤਕ ਪਹਿਲੂ ਤੋਂ ਸਭ ਤੋਂ ਵਧੇਰੇ ਚੇਤੰਨ ਕਵੀ ਹੈ" ਇਸ ਪੁਸਤਕ ਦੇ ਪੰਨਾ 42 ਤੇ ਕਹੀ ਗਈ ਕਵਿਤਾ, 'ਅਲਵਿਦਾ' ਸੰਜੀਦਾ ਪਾਠਕਾਂ/ ਲੇਖਕਾਂ ਨੂੰ ਪੜ੍ਹਨ ਦੀ ਬਿਨਤੀ ਹੈ। 1988 ਤੋਂ 1992 ਤੀਕ ਜੋ ਨਵਾਂ ਅਨੁਭਵ ਹੋਇਆ ਉਹ ਭਾਵੇਂ ਹੋਰਵੇ ਅਨੁਕੂਲ ਹੈ ਪਰ ਇਹ ਅਹਿਸਾਸ ਪੰਨਾ 77 ਤੇ ਇੱਥੋਂ ਦੀ ਪ੍ਰਸਥਿੱਤੀ ਦੀ ਦੇਣ ਵਜੋਂ ਹੈ, ਜਿਵੇਂ

" ਇਹ ਨਗਰ ਮਿਰਾ ਨਾ ਜ਼ਮੀਂ ਮਿਰੀ, ਨਾ ਈ ਮੇਰਾ ਕੋਈ ਅਕਾਸ਼ ਹੈ
ਮੈਂ ਅਦਿਸ ਦਿਸ਼ਾ 'ਚ ਭਟਕ ਰਿਹਾਂ, ਮੈਨੂੰ ਅਪਣੇ ਘਰ ਦੀ ਤਲਾਸ਼ ਹੈ "

ਅਮਰੀਕਾ ਵਿਖੇ ਵਰ੍ਹਾ 1993 ਸਾਡੀਆਂ ਸਾਹਿਤਕ ਗਤੀਵਿਧੀਆਂ ਦਾ ਆਰੰਭਿਕ ਵਰ੍ਹਾ ਹੈ। ਇਸ ਵ੍ਹਰੇ ਯੂਬਾ ਸਿਟੀ ਦੇ ਯੂਨਿਟ ਨੂੰ ਕੇਂਦਰੀ ਯੂਨਿਟ ਦੀ ਜ਼ਿੰਮੇਦਾਰੀ ਦਿੱਤੀ ਗਈ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਪਸਸਕ) ਵੱਲੋਂ ਪਹਿਲੀ ਕਾਨਫਰੰਸ, ਯੂਨਿਟ ਦੇ ਪ੍ਰਧਾਨ ਮਹਿੰਦਰ ਸਿੰਘ ਘੱਗ ਦੀ ਅਗਵਾਈ ਵਿੱਚ, ਲਾਇਵ ਓਕ ਵਿਖੇ ਨੇਪਰੇ ਚੜ੍ਹੀ। ਇਹ ਕਾਨਫਰੰਸ ਬਹੁਤ ਸਫ਼ਲ ਰਹੀ ਅਤੇ ਜੋਸ਼ ਖ਼ਰੋਸ਼ ਨਾਲ ਸੰਪਨ ਹੋਈ। ਫਿਲਮੀ ਜਗਤ ਦੇ ਚੋਟੀ ਦੇ ਕਲਾਸੀਕਲ ਗਾਇਕ ਜਨਾਬ ਸੁਰੇਸ਼ ਵਾਡਿਕਰ ਤੇ ਟੀਮ, ਸਰਦੂਲ ਕਵਾਤਰਾ ਸਾਹਿਬ ਅਤੇ ਲੱਗ ਭੱਗ 100 ਲੇਖਕ ਅਤੇ ਸਰੋਤੇ ਇਸ ਵਿੱਚ ਆ ਜੁੜੇ। ਇੰਝ ਭਾਸਿਆ ਜਿਵੇਂ ਨੌਰਥ ਕੈਲੀਫੋਰਨੀਆਂ ਵਿੱਚ ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਦੀ ਇਕ ਲਹਿਰ ਤੁਰ ਪਈ ਹੋਵੇ। ਮਈ 27, 1993

ਨੂੰ ਹੀ ਬਰਕਲੇ ਯੂਨੀਵਰਸਿਟੀ ਵਿਖੇ ਕੁਝ ਉਰਦੂ ਅਤੇ ਪੰਜਾਬੀ ਸ਼ਾਇਰਾਂ ਨੇ ਸ਼ਬਾਨਾ ਆਜ਼ਮੀ ਅਤੇ ਜਾਵੇਦ ਅਖ਼ਤਰ ਸਾਹਿਬ ਨਾਲ ਮੁਸ਼ਾਇਰੇ ਵਿੱਚ ਸੰਗਤ ਕੀਤੀ। ਉਸ ਵਿੱਚ ਪਸਸਕ ਦੇ ਵੇਦ ਵਟੁਕ ਵੇਦ, ਹਰਜਿੰਦਰ ਕੰਗ, ਫਾਰੂਕ ਤਰਾਜ਼, ਨੋਸ਼ੀ ਗਿਲਾਨੀ, ਸੁਖਵਿੰਦਰ ਕੰਬੋਜ, ਸੁਦਰਸ਼ਨ ਧਾਲੀਵਾਲ, ਆਜ਼ਾਦ ਜਲੰਧਰੀ (ਜੋ ਉਸ ਸਮੇਂ ਇਕ ਉਰਦੂ ਦੇ ਸ਼ਾਇਰ ਵਜੋਂ ਜਾਣੇ ਜਾਂਦੇ ਸਨ), ਅਤੇ ਮੈਂ(ਸੁਰਿੰਦਰ ਸੀਰਤ) ਸ਼ਮੂਲੀਅਤ ਕੀਤੀ। 1994 ਵਿੱਚ ਫਰਿਜ਼ਨੋ ਇਕਾਈ ਨੂੰ ਪ੍ਰਦਾਨਤਾ ਮਿਲੀ ਅਤੇ ਉਹਨਾਂ ਵੱਲੋਂ ਵੀ ਇਕ ਸੰਜੀਦਾ ਪਰ ਅਕਾਦਮਿਕ ਕਾਨਫਰੰਸ ਕੀਤੀ ਗਈ, ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਇਸ ਚਾਂਸਲਰ ਜਨਾਬ ਜੁਗਿੰਦਰ ਸਿੰਘ ਪਵਾਰ ਨੇ ਅਹਿਮ ਭੂਮਿਕਾ ਨਿਭਾਈ। 1995 ਵਿੱਚ ਮੇਰੀ ਪ੍ਰਧਾਨਗੀ ਵਿੱਚ ਬੇ-ਏਰੀਆ ਯੂਨਿਟ ਵਲੋਂ ਮਿਲਪੀਟਸ ਵਿਖੇ ਕਰਾਈ ਗਈ ਕਾਨਫਰੰਸ ਵਿੱਚ ਕਵਿਤਾ, ਕਹਾਣੀ, ਸੱਭਿਆਚਾਰਕ ਪ੍ਰਦਰਸ਼ਨੀ ਦੇ ਨਾਲ ਨਾਲ ਨਾਟਕ ਵੀ ਪ੍ਰਦਰਸ਼ਿਤ ਕੀਤਾ ਗਿਆ। ਇਸ ਕਾਨਫਰੰਸ ਵਿੱਚ ਭਾਰਤ ਪੰਜਾਬ ਤੋਂ ਬੀਬੀ ਬਚਿੰਤ ਕੌਰ, ਉਰਮਿਲਾ ਆਨੰਦ ਤੇ ਡਾ ਤੇਜਵੰਤ ਸਿੰਘ ਗਿੱਲ ਦੀ ਸ਼ਮੂਲੀਅਤ ਵਿਸ਼ੇਸ਼ਤਾ ਰਖਦੀ ਹੈ। ਜਨਾਬ ਰਵਿੰਦਰ ਰਵੀ ਅਤੇ ਨਦੀਮ ਪਰਮਾਰ ਕੈਨੇਡਾ ਤੋਂ ਆਏ ਅਤੇ ਬੇ-ਏਰੀਏ ਵਿੱਚ ਪੰਜਾਬੀ ਸਾਹਿਤ ਪ੍ਰਤੀ ਜਗਿਆਸਾ ਰੱਖਣ ਵਾਲੇ ਬੁੱਧੀਜੀਵੀਆਂ ਨੇ ਸਵਾਗਤ ਹੀ ਨਹੀਂ ਕੀਤਾ ਸਗੋਂ ਸਾਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣ ਲਈ ਵਚਨਬੱਧਤਾ ਦਰਸਾਈ। ਕਵੀ-ਦਰਬਾਰ ਦੀ ਪ੍ਰਧਾਨਤਾ ਕਰਦੇ ਹੋਏ ਜਨਾਬ ਰਵਿੰਦਰ ਰਵੀ ਨੇ ਮੇਰੇ ਵੱਲੋਂ ਕਹੀ ਗਈ ਗ਼ਜ਼ਲ ਦੀ ਉਚੇਚੇ ਤੌਰ ਤੇ ਪ੍ਰਸੰਸਾ ਕੀਤੀ।

ਹੁਣ ਤੀਕ ਤਿੰਨਾਂ ਯੂਨਿਟਾਂ ਵਿੱਚ 40 ਦੇ ਕਰੀਬ ਲੇਖਕ ਜੁੜ ਚੁਕੇ ਸਨ। ਇਕ ਦੂਜੇ ਦੇ ਅਨੁਭਵ ਤੋਂ ਸਾਮਿਗਰਿਕ ਵਿਚਾਰਧਾਰਾ ਵਿੱਚ ਵਿਸਥਾਰ ਕੁਦਰਤੀ ਸੀ। ਫਿਰ ਹੁਣ ਭਾਰਤ ਤੋਂ ਮਹਿਮਾਨ ਲੇਖਕ ਵੀ ਸਾਡੇ ਨਾਲ ਜੁੜ ਬੈਠਣ ਵਿੱਚ ਮਾਣ ਅਤੇ ਉਤਸੁਕਤਾ ਅਨੁਭਵ ਕਰਦੇ ਪਰਤੀਤ ਹੋਣ ਲੱਗੇ। ਕੈਨੇਡਾ ਤੋਂ ਰਵਿੰਦਰ ਰਵੀ, ਗੁਰਚਰਨ ਰਾਮਪੁਰੀ, ਨਦੀਮ ਪਰਮਾਰ, ਪਾਲ ਢਿੱਲੋਂ, ਸੁਰਜੀਤ ਕਲਸੀ, ਅਜਮੇਰ ਰੋਡੇ, ਦਰਸ਼ਨ ਗਿੱਲ, ਸਿਆਟਲ ਤੋਂ ਹਰਭਜਨ ਸਿੰਘ ਬੈਂਸ ਆਦਿ। ਭਾਰਤ ਤੋਂ ਡਾ. ਜਸਵੰਤ ਸਿੰਘ ਨੇਕੀ, ਡਾ ਮਦਨ ਗੋਪਾਲ, ਸੁਰਜੀਤ ਪਾਤਰ, ਡਾ ਜਗਤਾਰ, ਪ੍ਰੋ. ਗੁਰਭਜਨ ਸਿੰਘ ਗਿੱਲ, ਗੁਰਬਚਨ ਸਿੰਘ ਭੁੱਲਰ, ਗੁਰਸ਼ਰਨ ਸਿੰਘ ਭਾਅਜੀ, ਡਾ ਵਰਿਆਮ ਸਿੰਘ ਸੰਧੂ, ਪ੍ਰੋ. ਸੁਰਜੀਤ ਜੱਜ, ਸੁਖਵਿੰਦਰ ਅੰਮ੍ਰਿਤ, ਸਰਦਾਰ ਪੰਛੀ, ਇਲਿਆਸ ਘੁੰਮਣ, ਡਾ. ਫੌਜ਼ੀਆ ਰਫ਼ੀਕ, ਜਾਵੇਦ ਸਈਅਦ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ ਮੋਹਨ ਤਿਆਗੀ ਅਤੇ ਕਈ ਹੋਰ ਬੁੱਧੀਜੀਵੀ ਸੰਪਰਕ ਵਿੱਚ ਆਏ। ਅਜਿਹੇ ਅਦੀਬਾਂ, ਬੁੱਧੀਜੀਵਿਆਂ, ਆਲੋਚਕਾਂ ਨਾਲ ਸੰਵਾਦ ਰਚਾਉਣ ਦਾ, ਮਿਲ ਬੈਠਣ ਦਾ, ਸਾਹਿਤਕ ਅਦਾਨ ਪਰਦਾਨ ਕਰਨ ਦਾ ਆਪਣਾ ਹੀ ਇਕ ਮਹੱਤਵ ਹੈ। ਮੇਰੇ ਲਈ ਤਾਂ ਖਾਸ ਕਰ ਕੇ ਅਜੇਹਾ ਵਾਤਾਵਰਨ ਮੁਲਵਾਨ ਰਿਹਾ। ਇਸੇ ਵ੍ਹਰੇ ਬਰਕਲੇ ਯੂਨੀਵਰਸਿਟੀ ਵਿੱਚ, "ਸ਼ਾਮ-ਏ-ਫ਼ਰਾਜ਼" ਦੇ ਸ਼ੁਭ ਅਵਸਰ 'ਤੇ ਜਨਾਬ ਅਹਿਮਦ ਫ਼ਰਾਜ਼ ਸਾਹਿਬ ਨਾਲ ਇਕ ਸ਼ਾਇਰੀ ਦੀ ਸ਼ਾਮ ਵਿੱਚ ਹਾਜ਼ਰੀ ਭਰਨ ਦਾ ਅਵਸਰ ਪ੍ਰਾਪਤ ਹੋਇਆ। ਮੇਰੇ ਨਾਲ ਇਸ ਮੁਸ਼ਾਇਰੇ ਵਿੱਚ ਜਨਾਬ ਆਜ਼ਾਦ ਜਲੰਧਰੀ, ਵੇਦ ਵਟੁਕ, ਨੋਸ਼ੀ ਗਿਲਾਨੀ, ਫ਼ਾਰੂਕ ਤਰਾਜ਼, ਹਰਜਿੰਦਰ ਕੰਗ, ਅਸ਼ਰਫ਼ ਗਿੱਲ, ਸੁਰਿੰਦਰ ਧਨੋਆ, ਪਿਆਰਾ ਸਿੰਘ ਕੁੱਦੋਵਾਲ ਅਤੇ ਸੁਰਜੀਤ ਕੌਰ ਸ਼ਾਮਿਲ ਹੋਏ। ਅਜੇਹੇ ਵਾਤਾਵਰਨ ਵਿੱਚ ਮੇਰੀ ਗਲੋਬਲ ਪਰੀਪੇਖ ਵਿੱਚ ਅੱਖ ਖੁਲ੍ਹਦੀ ਗਈ। 1996 ਵਿੱਚ 'ਪਸਸਕ' ਵਿੱਚ ਇਕ ਨਵਾਂ ਯੂਨਿਟ



'ਨੋਰਥ ਬੇ' ਆਣ ਰਲਿਆ। ਇਸ ਦਾ ਪ੍ਰਧਾਨ ਹਰਭਜਨ ਸਿੰਘ ਢਿੱਲੋਂ ਸੀ, ਜਿਸ ਨਾਲ ਨਵੇਂ ਲੇਖਕ ਮੇਜਰ ਭੁਪਿੰਦਰ ਸਿੰਘ ਦਲੇਰ , ਕੁਲਵਿੰਦਰ, ਅਮਰਜੀਤ ਕੌਰ ਪੰਨੂ, ਜਸਵੰਤ ਸਿੰਘ ਸ਼ਾਦ ਆਦਿ ਸਨ। ਕੁਲਵਿੰਦਰ ਮੇਰੇ ਲਈ ਵਿਸ਼ੇਸ਼ ਸੀ ਕਿਉਂ ਕਿ ਉਹ ਵੀ ਮੇਰੇ ਨਾਲ ਪ੍ਰਿੰਸੀਪਲ ਤਖ਼ਤ ਸਿੰਘ (ਜਗਰਾਂਓ) ਦਾ ਸ਼ਾਗਿਰਦ ਰਹਿ ਚੁੱਕਾ ਸੀ। ਇਸੇ ਵ੍ਹਰੇ ਜੰਮੂ ਤੋਂ ਬੇਏਰੀਏ ਵਿੱਚ ਸੁਪ੍ਰਸਿੱਧ ਸ਼ਾਇਰਾ ਸੁਰਜੀਤ ਸਖ਼ੀ ਦਾ ਆਗਮਨ ਵੀ ਹੋਇਆ। ਸਖ਼ੀ ਵੀ ਮੇਰੇ ਅਤੇ ਕੁਲਵਿੰਦਰ ਨਾਲ ਹਮ-ਗੁਰੂ ਦੀ ਸ਼ਿੱਸ਼ ਸੀ। ਫਿਰ ਕੀ ਸੀ 'ਪਸਸਕ' ਵਿੱਚ ਗ਼ਜ਼ਲ ਨੇ ਮੈਦਾਨ ਫ਼ਤਿਹ ਕਰ ਲਿਆ। ਹੁਣ ਮੇਰੇ ਨਾਲ ਸੁਰਜੀਤ ਸਖ਼ੀ, ਕੁਲਵਿੰਦਰ, ਮੇਜਰ ਭੁਪਿੰਦਰ ਦਲੇਰ, ਹਰਜਿੰਦਰ ਕੰਗ, ਅਸ਼ਰਫ਼ ਗਿੱਲ, ਆਜ਼ਾਦ ਜਾਲੰਧਰੀ, ਈਸ਼ਰ ਸਿੰਘ ਮੋਮਨ, ਗੁਰਦੇਵ ਸਿੰਘ ਚਿੱਟੀ, ਫ਼ਾਰੂਖ਼ਤਰਾਜ਼, ਨੋਸ਼ੀ ਗਿਲਾਨੀ ਅਤੇ ਸੋਨੇ ਤੇ ਸੁਹਾਗਾ ਗ਼ਜ਼ਲ ਵਿੱਚ ਅਰੂਜ਼ ਦੀ ਵੱਡਮੁੱਲੀ ਪੁਸਤਕ 'ਤਫ਼ਹੀਮ-ਉਲ-ਅਰੂਜ਼' ਦੇ ਰਚੇਤਾ ਡਾ. ਜਮਾਲ ਹੋਸ਼ਿਆਰਪੁਰੀ ਵੀ ਆ ਰੱਲੇ। ਬੈਠਕਾਂ ਹੁੰਦੀਆਂ ਰਹੀਆਂ। ਅਧਾਨ ਪਰਧਾਨ ਹੁੰਦਾ ਰਿਹਾ ।

ਵ੍ਹਰਾ 1996 ਦੇ ਨਵੰਬਰ ਮਹੀਨੇ ਵਿੱਚ ,"ਨਾਨਕ ਸਿੰਘ ਨਾਵਲਿਸਟ ਸ਼ਤਾਬਦੀ ਸਮਾਰੋਹ" ਜੰਗ ਸਿੰਘ ਗਿਆਨੀ ਦੀ ਪ੍ਰਧਾਨਗੀ ਵਿੱਚ ਨੇਪਰੇ ਚੜ੍ਹਿਆ। ਇਸ ਸਮਾਰੋਹ ਵਿੱਚ ਮੈਂ ਪਸਸਕ ਦੇ ਜਨਰਲ ਸਕੱਤਰ ਦੀ ਭੂਮਿਕਾ ਨਿਭਾ ਰਿਹਾ ਸਾਂ। ਡਾ, ਕਰਤਾਰ ਸਿੰਘ ਸੂਰੀ, ਕਰਮਵੀਰ ਸਿੰਘ ਸੂਰੀ ਅਤੇ ਸੂਰੀ ਪਰਵਾਰ ਦੇ ਹੋਰ ਮੈਂਬਰ, ਨਾਵਲਿਸਟ ਕੇਸਰ ਸਿੰਘ ਨੀਰ, ਸੁਰਜੀਤ ਸਿੰਘ ਬਰਨਾਲਾ ਅਤੇ ਹੋਰਾਂ ਨਾਲ ਇਕ ਯਾਦਗਾਰੀ ਸਮਾਰੋਹ ਹੋ ਨਿੱਬੜਿਆ। ਇਹ ਯਾਦਗਾਰੀ ਇਸ ਲਈ ਵੀ ਹੈ ਕਿ ਜਨਾਬ ਸੁਰਜੀਤ ਸਿੰਘ ਬਰਨਾਲਾ ਤੇ ਕੁਝ ਕੁ ਪੰਜਾਬੀ ਮੁੰਡਿਆਂ ਨੇ ਆਂਡਿਆਂ ਨਾਲ ਸਵਾਗਤ ਕੀਤਾ।

ਸਮੇਂ ਸਮੇਂ ਕੁਝ ਪਰਚੇ ਵੀ ਨਿਕਲੇ ਜਿਨਾਂ ਵਿੱਚ ਬਲਬੀਰ ਸੰਘੇੜਾ ਵਲੋਂ 'ਆਰ ਪਾਰ', ਕੁਲਦੀਪ ਧਾਲੀਵਾਲ ਵਲੋਂ ' ਇੰਡੋ-ਯੂ.ਐ.ਏ ਡਾਇਲਾਗ, ਨਦੀਮ ਪਰਮਾਰ ਵੱਲੋਂ', 'ਗ਼ਜ਼ਲ' ਅਤੇ ਡਾ. ਗੁਰੂਮੇਲ ਸਿੱਧੂ ਵੱਲੋਂ ਸੰਪਾਦਿਤ ਵਿਸ਼ੇਸ਼ ਕਾਵਿ ਪੁਸਤਕ, 'ਸ਼ਬਦਾਂ ਦਾ ਸ਼ਗਨ' ਜਿਸ ਵਿੱਚ 1999 ਤੀਕ ਜੁੜ ਚੁਕੇ ਪਸਸਕ ਦੇ 37 ਸ਼ਾਇਰਾਂ ਦਾ ਕਲਾਮ ਦਰਜ ਹੈ ਅਤੇ ਇਸ ਵਿੱਚ ਮੇਰੀਆਂ 5 ਗ਼ਜ਼ਲਾਂ ਛਪੀਆਂ ਹਨ।

ਸਾਲ 2000 ਵਿੱਚ ਬੇਏਰੀਏ ਵੱਲੋਂ, ਮੇਰੀ ਪ੍ਰਧਾਨਗੀ ਅਧੀਨ 'ਪਸਸਕ' ਦੇ ਸਾਹਿਤਕ ਇਤਿਹਾਸ ਵਿੱਚ ਇਕ ਕਦੀ ਨਾ ਭੁਲਾਈ ਜਾਣ ਵਾਲੀ ਕਾਨਫ਼ਰੰਸ ਹੋ ਨਿੱਬੜੀ। ਇਸ ਵਿੱਚ ਪੰਜਾਬੀ ਗ਼ਜ਼ਲ ਦੇ ਸਿਰਤਾਜ ਡਾ ਜਗਤਾਰ ਦੇ ਆਉਣ ਨਾਲ ਪਸਸਕ ਦਾ ਨਵਾਂ ਇਤਿਹਾਸ ਰਚਿਆ ਗਿਆ। ਇਸ ਕਾਨਫ਼ਰੰਸ ਵਿੱਚ ਲੱਗਭਗ 50 ਸ਼ਾਇਰਾਂ ਨੇ ਕਵੀ-ਦਰਬਾਰ ਵਿੱਚ ਸ਼ਮੂਲੀਅਤ ਕੀਤੀ ਅਤੇ ਤਕਰੀਬਨ 200 ਪੰਜਾਬੀ ਨਾਗ੍ਰਿਕ ਅਤੇ ਸਰੋਤੇ ਆ ਜੁੜੇ। ਇਸ ਦਾ ਕਵੀ ਦਰਬਾਰ ਇਕ ਪਾਸੇ ਤਾਂ ਨਾਮੁੱਕਣ ਵਿੱਚ ਸੀ ਅਤੇ ਦੂਜੇ ਪਾਸੇ ਕੁਝ ਇਕਾਈਆਂ ਦੇ ਸ਼ਾਇਰ, ਜਿੰਨਾਂ ਵਿੱਚ ਮੈਂ ਵੀ ਸ਼ਾਮਿਲ ਸੀ, ਇਸ ਵਿੱਚ ਹਿੱਸਾ ਨਾ ਲੈ ਸਕੇ। ਇਹ ਸਥਿੱਤੀ ਬਿਖਰਾਓ ਦਾ ਕਾਰਨ ਬਣੀ ਅਤੇ ਅਗਲੇ ਵਰ੍ਹੇ ਗੁਰੂਮੇਲ ਸਿੱਧੂ ਵੱਲੋਂ 'ਪਸਸਕ' ਤੋਂ ਅੱਡ ਹੋ ਕੇ ਇਕ ਨਵੀਂ ਸੰਜੀਦਾ ਸਾਹਿਤਕ ਸੰਸਥਾ, "ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫ਼ੋਰਨੀਆ" ਦਾ ਨਿਰਮਾਣ ਹੋਇਆ। ਇਸ ਦੀ ਪਹਿਲੀ ਹੰਗਾਮਾ-ਖੇਜ਼ ਬੈਠਕ 2002 ਵਿੱਚ ਓਕਲੈਂਡ ਵਿਖੇ ਹੋਈ ਜਿਸ ਵਿੱਚ ਸੁਰਜੀਤ ਪਾਤਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਨੂੰ , "ਵਿਪਸਾ" ਕਰ ਕੇ ਸੰਬੋਧਨ

ਕੀਤਾ ਗਿਆ। ਇਸ ਦੇ ਦੋ ਯੂਨਿਟ ਬਣੇ, 'ਵਿਪਸਾ ਫਰਿਜ਼ਨੋ' ਅਤੇ 'ਵਿਪਸਾ ਬੇ-ਏਰੀਆ'। ਇਸ ਤਰਾਂ ਨੌਰਥ ਕੈਲੀਫੋਰਨੀਆ ਵਿੱਚ ਹੁਣ ਦੋ ਸਾਹਿਤਕ ਸਭਾਵਾਂ (ਪਸਸਕ ਤੇ ਵਿਪਸਾ) ਕਾਰਜਸ਼ੀਲ ਹੋ ਗਈਆਂ। ਇਹ ਵਰ੍ਹਾ ਮੇਰੇ ਠਹਿਰਾਓ ਦਾ ਵਰ੍ਹਾ ਸੀ ਅਤੇ ਮੇਰਾ ਨਿਰੋਲ ਗ਼ਜ਼ਲ ਸੰਗ੍ਰਿਹ , "ਸੂਰਤ ਸੀਰਤ ਤੇ ਸ਼ਰਾਬ" ਚੇਤਨਾ ਪ੍ਰਕਾਸ਼ਨ ਵੱਲੋਂ ਛਾਪਿਆ ਗਿਆ। ਇਸ ਦੀਆਂ ਗ਼ਜ਼ਲਾਂ ਪ੍ਰਤੀ ਮੈਂ ਇਸ ਵਿੱਚ ਧੰਨਵਾਦ ਕੀਤਾ ਹੈ ਕਿ, "ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਇਕ ਅਜੇਹੀ ਸਾਹਿਤਕ ਸੰਸਥਾ ਹੈ ਜਿਸ ਦੀ ਹੋਂਦ ਸਦਕਾ ਇਸ ਪੁਸਤਕ ਦੀਆਂ ਤਕਰੀਬਨ ਸਾਰੀਆਂ ਗ਼ਜ਼ਲਾਂ ਆਕਾਰ ਧਾਰ ਸਕੀਆਂ ਹਨ।" ਮੇਰੇ ਲਈ ਇਕ ਤੌਫ਼ੀਕ ਦੀ ਗੱਲ ਹੈ ਕਿ ਡਾ ਜਗਤਾਰ ਨੇ ਇਸ ਦੇ ਮੁਢਲੇ ਅੱਖਰ ਸਿਰਜਦਿਆਂ ਇਸ ਦਾ ਸ਼ੀਰਸ਼ਕ, "ਬਾਕਮਾਲ ਸ਼ਾਇਰ -ਸੀਰਤ" ਵਜੋਂ ਦਰਸਾਇਆ ਹੈ ਜੋ ਪੜ੍ਹਨ ਲਈ ਪ੍ਰੇਰਦਾ ਹੈ। ਉਹਨਾਂ ਅਨੁਸਾਰ, "ਸੁਰਿੰਦਰ ਸੀਰਤ ਬਾਕਮਾਲ ਸ਼ਾਇਰ ਹੈ। ਉਸਦੇ ਸ਼ਿਅਰਾਂ ਵਿੱਚ ਬੜੀ ਤਾਜ਼ਗੀ ਹੈ । ਉਸਦੀ ਭਾਸ਼ਾ ਵਿੱਚ ਤਾਜ਼ਾ ਲਹੂ ਦੌੜ ਰਿਹਾ ਹੈ ਜੋ ਪਰਚੱਲਤ ਮੁਹਾਵਰੇ ਤੋਂ ਕਾਫੀ ਭਿੰਨ ਹੈ। ਬਦੇਸ਼ਾਂ ਵਿੱਚ ਗ਼ਜ਼ਲ ਕਹਿ ਰਹੇ ਸਿਰਕੱਢ ਗ਼ਜ਼ਲਗੋਆਂ ਵਿੱਚੋਂ ਉਹ ਇਕ ਹੈ, ਜਿਸਦਾ ਨਵੇਕਲਾ ਅੰਦਾਜ਼ੇ-ਬਿਆਂ ਅਤੇ ਨਵੇਕਲਾ ਤਰਜ਼ੇ-ਫ਼ਿਕਰ ਹੈ।"

ਇਸ ਗ਼ਜ਼ਲ ਸੰਗ੍ਰਿਹ ਨੂੰ ਇਕ ਨਵੀਂ ਵਿਧੀ ਵਿੱਚ ਕਲਮਬੰਦ ਕੀਤਾ ਹੈ। ਜਿਸ ਅਨੁਸਾਰ ਇਸ ਦੀਆਂ ਗ਼ਜ਼ਲਾਂ ਨੂੰ ਨੌਵਾਂ (9) ਘਰਾਂ ਵਿੱਚ ਸੰਜੋਇਆ ਗਿਆ ਹੈ ਜੋ ਇਸ ਨੂੰ ਨੌਂ ਬਹਿਰਾਂ ਦੇ ਪਰੀਵਾਰ ਵਿੱਚ ਵੰਡਦੇ ਹਨ। ਅਜੇਹਾ ਕਰਨ ਨਾਲ ਗ਼ਜ਼ਲਾਂ ਨੂੰ ਪੜ੍ਹਨ ਵਿੱਚ ਰਵਾਨਗੀ ਦਾ ਆਨੰਦ ਪ੍ਰਾਪਤ ਹੁੰਦਾ ਹੈ ਅਤੇ ਬਹਿਰਾਂ ਦੇ ਪਰੀਵਾਰ (ਸਾਲਮ ਤੇ ਜ਼ਿਹਾਫ਼ਾਂ ਵਿੱਚ ਸਿਰਜਿਤ) ਵਿੱਚ ਕਹੀਆਂ ਗਈਆਂ ਗ਼ਜ਼ਲਾਂ ਦੀ ਨਿਸ਼ਾਨਦੇਹੀ ਵੀ ਹੁੰਦੀ ਹੈ।

ਇਸੇ ਵਰ੍ਹੇ ਡਾ ਜਗਤਾਰ ਨੇ ਇਕ ਗ਼ਜ਼ਲ ਸੰਗ੍ਰਹਿ, "ਬਰਫ਼ ਹੇਠ ਦੱਬੇ ਹਰਫ਼" ਦਾ ਸੰਪਾਦਨ ਕੀਤਾ। ਇਸ ਵਿੱਚ ਉਹਨਾਂ ਨੇ ਪਰਵਾਸ ਦੇ 15 ਗ਼ਜ਼ਲਕਾਰਾਂ ਨੂੰ ਸ਼ਾਮਿਲ ਕੀਤਾ, ਜਿਸ ਵਿੱਚ ਮੇਰੀਆਂ ਅੱਠ (8) ਗ਼ਜ਼ਲਾਂ ਅੰਕਿਤ ਹਨ।

ਇੰਝ ਸਮਾਂ ਸਾਹਿਤਕ ਗਤੀਵਿਦੀਆਂ ਵਿੱਚ ਆਪਣੀ ਤੋਰ ਤੁਰਦਾ ਗਿਆ। ਵਿਪਸਾ ਦੀਆਂ ਮਹਿਫ਼ਲਾਂ'ਚ ਸਾਹਿਤਕਾਰ ਜੁੜਦੇ ਗਏ ਅਤੇ ਮੇਰੀ ਨਵੀਂ ਕਾਵਿ-ਗ਼ਜ਼ਲ ਪੁਸਤਕ, "ਸੇਜ ਸੂਲੀ ਤੇ ਸਲੀਬ" ਵਰ੍ਹਾ 2007 ਵਿਚ ਲੋਕਅਰਪਨ ਹੋ ਨਿੱਬੜਦੀ ਹੈ। ਇਸ ਦੇ ਮੁਢਲੇ ਸ਼ਬਦ ਵੀ ਡਾ. ਜਗਤਾਰ ਵਲੋਂ, "ਚਿਰਜੀਵੀ ਸ਼ਾਇਰ- ਸੀਰਤ" ਦੇ ਸਿਰਲੇਖ ਹੇਠ ਪੁਸਤਕ ਨੂੰ ਮਾਣ ਬਖ਼ਸ਼ਦੇ ਹਨ। ਉਹਨਾਂ ਦੇ ਇਹ ਸ਼ਬਦ ਮੇਰੀ ਆਤਮਾਂ ਵਿੱਚ ਇਕ ਕਾਂਬਾ ਛੇੜ ਦੇਂਦੇ ਹਨ ਜਦ ਕਦੀ ਵੀ ਮੈਂ ਇਹ ਪੜ੍ਹਨ ਦੀ ਜੁਅਰਤ ਕਰਦਾ ਹਾਂ। ਉਹ ਲਿਖਦੇ ਹਨ, "ਕਿਸੇ ਵੱਡੇ ਸ਼ਾਇਰ ਜਾਂ ਅਦੀਬ ਬਾਰੇ ਕੁਝ ਕਹਿਣ ਵੇਲੇ ਮੇਰੇ ਦੁਆਲੇ ਡਰ ਤੇ ਖ਼ੁਸ਼ੀ ਦੀ ਫ਼ਸੀਲ ਖੜ੍ਹੀ ਹੋ ਜਾਂਦੀ ਹੈ। ਸੀਰਤ ਦੀ ਕਵਿਤਾ ਵਿੱਚ ਵਿਗਿਆਨ ਤੇ ਦਰਸ਼ਨ ਦਾ ਸਮਾਵੇਸ਼ ਬੜੇ ਮੌਲਕ ਅੰਦਾਜ਼ ਵਿੱਚ ਪੇਸ਼ ਹੋਇਆ ਹੈ। ਉਸਦੀ ਸ਼ਾਇਰੀ ਵਿੱਚ ਆਰਜ਼ੂ ਹੈ, ਜੁਸਤਜੂ ਹੈ , ਤਲਾਸ਼ ਹੈ, ਇਸ ਲਈ ਉਸਦੀ ਸ਼ਾਇਰੀ ਸਾਰਥਕ ਹੈ, ਉਹ ਚਿਰਾਂ ਤਕ ਜਿਊਂਦੀ ਰਹੇਗੀ।" ਇਸਦੇ ਕਵਿਤਾ ਭਾਗ ਵਿੱਚ 'ਸੇਜ ਸੂਲੀ ਤੇ ਸਲੀਬ, ਜਾਗ, ਚੁੰਧਿਆਈ ਨਜ਼ਰ, ਕੁਰਾਹੇ, ਆਤਮ ਖੋਜ ਤੇ ਵਿਵੱਸ਼ਤਾ' ਕਵਿਤਾਵਾਂ ਪੜ੍ਹਨ ਨਾਲ ਸੰਬੰਧ ਰਖਦੀਆਂ ਹਨ। ਫਿਰ ਸ਼ਾਇਰੀ ਵਿੱਚ ਜੋ ਨਵਾਂਪਨ ਨਿਸਰਿਆ ਪਰਤੀਤ ਹੁੰਦਾ ਹੈ।



ਅਗਸਤ, 2012 ਵਿੱਚ ਕਰਾਈ ਗਈ ਵਿਪਸਾ ਦੀ ਗਿਆਰਵੀਂ ਕਾਨਫ਼ਰੰਸ ਵਰਨਣ ਯੋਗ ਹੈ। ਇਸ ਦੇ ਪ੍ਰਧਾਨ ਸੁਖਵਿੰਦਰ ਕੰਬੋਜ, ਮੀਤ ਪ੍ਰਧਾਨ ਸੁਰਿੰਦਰ ਸੀਰਤ ਅਤੇ ਜਨਰਲ ਸਕੱਤਰ ਕੁਲਵਿੰਦਰ ਦੀ ਤ੍ਰੈ-ਸੋਚਣੀ ਨੇ ਇਸ ਦੋ-ਰੋਜ਼ਾ ਕਾਨਫਰੰਸ ਨੂੰ ਇਤਿਹਾਸਕ ਰੰਗਤ ਵਿੱਚ ਰੰਗ ਦਿੱਤਾ। ਇਸ ਬਾਰੇ ਕੇਵਲ ਇਹ ਹੀ ਜਾਣਲੈਣਾ ਕਾਫੀ ਹੈ ਕਿ ਇਸ ਵਿੱਚ ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ, ਡਾ ਗੁਰਭਜਨ ਸਿੰਘ ਗਿੱਲ, ਸੁਖਵਿੰਦਰ ਅੰਮ੍ਰਿਤ, ਅਜਮੇਰ ਸਿੱਧੂ, ਜਿੰਦਰ, ਬਿਕਰ ਸਿੰਘ ਕਮਿਆਣਾ ਅਤੇ ਅਮਰੀਕਾ -ਕੈਨੇਡਾ ਤੋਂ ਸਿਰਕੱਢ ਲੇਖਕਾਂ ਨੇ ਸ਼ਮੂਲੀਅਤ ਕੀਤੀ। ਇਸ ਦੋ ਰੋਜ਼ਾ ਕਾਨਫ਼ਰੰਸ ਵਿੱਚ ਬਹੁਤ ਕੁਝ ਸੁਣਨ, ਸਮਝਣ ਅਤੇ ਸਿਰਜਣ ਨੂੰ ਹਾਸਿਲ ਹੋਇਆ। ਅਤੇ ਅਜੇਹੇ ਮਾਹੌਲ ਵਿੱਚ ਰਚਿਤ ਮੇਰੀ ਸਤਵੀਂ ਕਾਵਿ ਪੁਸਤਕ, "ਅਰੂਪੇ ਅੱਖਰਾਂ ਦਾ ਅਕਸ" ਵਰ੍ਹਾ 2014 ਵਿੱਚ ਪ੍ਰਕਾਸ਼ਤ ਹੁੰਦੀ ਹੈ। ਇਸ ਵਿੱਚ ਨੌ ਘਰਾਂ (ਬਹਿਰਾਂ) ਵਿੱਚ ਅੰਕਿਤ 63 ਗ਼ਜ਼ਲਾਂ ਅਤੇ ਨੌਂ ਕਵਿਤਾਵਾਂ ਗੀਤ ਹਨ। ਇਸ ਪੁਸਤਕ ਬਾਰੇ ਮੈਂ, ਮੇਰੇ ਇਕ ਐਸੇ ਮਿੱਤਰ ਦੇ ਹਵਾਲੇ ਨਾਲ ਗੱਲ ਕਰਨ ਜਾ ਰਿਹਾ ਹਾਂ, ਕੇਵਲ ਜਿਸ ਨੇ ਹੀ ਮੈਨੂੰ ਇਕ ਖੁੱਲ੍ਹੇ ਅਕਾਸ਼ ਵਿੱਚ ਚੜ੍ਹਾ ਦਿੱਤਾ ਜਿੱਥੇ ਮੇਰੇ 'ਤੇ ਕੋਈ ਵੀ ਕਿੰਤੂ-ਪ੍ਰੰਤੂ ਕਰਨ ਦੀ ਸਮਰੱਥਾ ਰਖਦਾ ਹੈ। ਮੇਰਾ ਉਹ ਮਿਹਰਬਾਨ ਮਿੱਤਰ ਗੁਰੂ ਨਾਨਕਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਅਨ ਵਿਭਾਗ ਦਾ ਮੁਖੀ ਅੱਜ ਕਰੋਨਾ ਦੀ ਭੇਂਟ ਚੜ੍ਹ ਚੁਕਿਆ ਹੈ ਇਕ ਅਜੇਹੀ ਸ਼ਖ਼ਸੀਅਤ ਜੋ ਇਕ ਵਿਸ਼ਾਲ ਸਮੁੰਦਰ ਹੁੰਦਿਆਂ ਵੀ ਇਕ ਦਰਿਆ ਦੀ ਗਹਿਰੀ ਸ਼ਾਂਤਮਈ ਤੋਰ ਹੀ ਤੁਰਦਾ ਰਿਹਾ। ਹਾਂ, ਮੇਰੀ ਮੁਰਾਦ ਡਾ ਦਰਿਆ ਤੋਂ ਹੈ। ਉਹਨਾਂ ਵਲੋਂ ਸੰਪਾਦਤ ਪੁਸਤਕ, "ਸੁਰਿੰਦਰ ਸੀਰਤ- ਸਿਰਜਣਾ ਤੇ ਸੰਵਾਦ" ਜੋ 296 ਪੰਨਿਆਂ ਵਿੱਚ 35 ਬੁੱਧੀਜੀਵੀਆਂ, ਲੇਖਕਾਂ ਅਤੇ ਰਿਸਰਚ ਸਕਾਲਰਾਂ ਦਿਆਂ ਸ਼ਬਦਾਂ, ਪਰਚਿਆਂ ਅਤੇ ਖੋਜਾਤਮਕ ਲੇਖਾਂ ਵਿੱਚ ਅਧਾਰਤ ਹੈ, ਮੇਰੀ ਸੰਪੂਰਨ ਸਾਹਿਤਕ ਅਭਿਵਿਅਕਤੀ ਨੂੰ ਸੰਪਨ ਹੈ।

ਡਾ. ਦਰਿਆ ਵਲੋਂ ਇਸ ਪੁਸਤਕ ਦੇ ਪੰਨਾ 19 'ਤੇ ਕਹੇ ਗਏ ਸ਼ਬਦ ਸਾਂਝੇ ਕਰਨ ਦੀ ਗੁਸਤਾਖ਼ੀ ਕਰ ਰਿਹਾ ਹਾਂ, "2014 ਵਿੱਚ ਸੁਰਿੰਦਰ ਸੀਰਤ ਬਹੁਤ ਦੀ ਮਹੱਤਵਪੂਰਨ ਪੁਸਤਕ 'ਅਰੂਪੇ ਅੱਖਰਾਂ ਦਾ ਅਕਸ' ਪ੍ਰਕਾਸ਼ਤ ਹੁੰਦੀ ਹੈ। ਇਸ ਪੁਸਤਕ ਵਿੱਚ ਵੱਖ-ਵੱਖ ਨੌਂ ਬਹਿਰਾਂ ਅਨੁਸਾਰ ਤਰੇਹਠ (63) ਗ਼ਜ਼ਲਾਂ ਅੰਕਿਤ ਹਨ। ਇਹ ਗ਼ਜ਼ਲਾਂ ਮਨੁੱਖੀ ਜੀਵਨ ਨਾਲ ਜੁੜੇ ਹੋਏ ਬਾਰੀਕ ਤੋਂ ਬਾਰੀਕ ਮਸਲਿਆਂ ਨੂੰ ਸਮੇਟਦੀਆਂ ਪ੍ਰਤੀਤ ਹੁੰਦੀਆਂ ਹਨ। ਡਾ. ਜਗਤਾਰ ਨੂੰ ਸਮਰਪਿਤ ਇਸ ਗ਼ਜ਼ਲ ਸੰਗ੍ਰਹਿ ਵਿੱਚ ਸੁਰਿੰਦਰ ਸੀਰਤ ਦਾ ਪ੍ਰਗਤੀਵਾਦੀ ਅਤੇ ਜੁਝਾਰਵਾਦੀ ਨਜ਼ਰੀਆ ਵੀ ਪੇਸ਼ ਹੋਇਆ ਹੈ। ਉਸ ਨੇ ਸਮਾਜਕ ਸੱਚ ਨੂੰ ਬਿਆਨ ਕਰਦਿਆਂ ਤਲਖ਼ ਹਕੀਕਤਾਂ ਹੰਢਾ ਰਹੇ ਮਨੁੱਖ ਦੀ ਹੋਣੀ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਗ੍ਰਹਿ ਰਾਹੀਂ ਸਾਧਾਰਨ ਮਨੁੱਖ ਦੇ ਜੀਵਨ ਸੰਘਰਸ਼ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੁਰਿੰਦਰ ਸੀਰਤ ਦੀ ਸ਼ਾਇਰੀ ਵਿੱਚ ਮੱਧਵਰਗੀ ਸਮਾਜ ਦੇ ਅੰਦਰ ਅਤੇ ਬਾਹਰ ਵਿਚਲੇ ਫ਼ਰਕ ਨੂੰ ਵੀ ਪੇਸ਼ ਕੀਤਾ ਗਿਆ ਹੈ। ਪਰਵਾਸੀ ਜੀਵਨ ਹੰਢਾਉਂਦਿਆਂ ਪ੍ਰਕਾਸ਼ਤ ਇਹ ਪੁਸਤਕ ਸਮੁੱਚੀ ਮਾਨਵਤਾ ਦੀ ਬਾਤ ਪਾਉਂਦੀ ਹੋਈ ਮਨੁੱਖੀ ਜੀਵਨ ਅਤੇ ਸਮਾਜਕ ਵਰਤਾਰਿਆਂ ਦੇ ਵਿਭਿੰਨ ਪ੍ਰਸੰਗਾਂ ਅਤੇ ਅਰਥਾਂ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕਰਦੀ ਹੈ।"

ਵਰ੍ਹਾ 2015-16 ਵਿੱਚ ਮੇਰੀ ਸਾਹਿਤਕ ਸਮਰੱਥਾ ਦੀ ਪੁਣ-ਛਾਣ ਨੂੰ ਅਵਸਰ ਪ੍ਰਾਪਤ ਹੁੰਦਾ ਹੈ ਜਦ ਜੰਮੂ ਵਿਖੇ ਮੇਰੇ ਸਮੁੱਚੇ ਸਾਹਿਤਕ ਸਫ਼ਰ ਉੱਪਰ ਦੋ ਰੋਜ਼ਾ ਸੈਮੀਨਾਰ, ਪੰਜਾਬੀ ਲੇਖਕ

ਸਭਾ ਦੁਆਰਾ ਡਾ ਸੁਸ਼ੀਲ ਸ਼ਰਮਾ ਦੀ ਨਿਗਰਾਨੀ ਵਿੱਚ ਸਿਰੇ ਚੜ੍ਹਿਆ। ਇਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਦੀਗੜ੍ਹ ਅਤੇ ਜੰਮੂ ਯੂਨੀਵਰਸਿਟੀ ਦਿਆਂ ਅਧਿਆਪਕਾਂ, ਖੋਜ ਵਿਦਿਆਰਥੀਆਂ ਅਤੇ ਪੰਜਾਬ ਤੋਂ ਚੁਨਿੰਦਾ ਸਾਹਿਤਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਹ ਕਾਲ ਮੇਰੇ ਸਾਹਿਤਕ ਸਫ਼ਰ ਦਾ ਸਿਖਰ ਕਿਹਾ ਜਾ ਸਕਦਾ ਹੈ। ਇਸ ਵਿੱਚ ਮੇਰੀਆਂ ਸੱਤ ਕਾਵਿ ਪੁਸਤਕਾਂ ਅਤੇ ਇਕ ਉਪੰਨਿਆਸ ਉੱਪਰ ਨਜਿੱਠ ਕੇ ਸੰਵਾਦ ਰਚਿਆ ਗਿਆ। ਇਸ ਦੇ ਫਲ-ਸਰੂਪ ਡਾ. ਦਰਿਆ ਵਲੋਂ 35 ਲੇਖਾਂ ਤੇ ਅਧਾਰਤ ਪੁਸਤਕ, "ਸੁਰਿੰਦਰ ਸੀਰਤ- ਸਿਰਜਣਾ ਤੇ ਸੰਵਾਦ" ਸੰਪਾਦਿਤ ਕੀਤੀ ਗਈ।

ਵਰ੍ਹਾ 2015 ਮੇਰੇ ਕਾਵਿ ਸਫ਼ਰ ਦਾ ਰੌਚਕ ਵਰ੍ਹਾ ਸਾਬਤ ਹੋਇਆ। ਮੈਂ ਬੜੀ ਸ਼ਿੱਦਤ ਨਾਲ ਇਹ ਮਹਿਸੂਸ ਕਰ ਰਿਹਾ ਸੀ ਕਿ ਗ਼ਜ਼ਲ ਗਾਇਕੀ ਵਿੱਚ ਹਮੇਸ਼ਾਂ ਉਰਦੂ ਗ਼ਜ਼ਲਾਂ ਨੂੰ ਹੀ ਸੁਣਿਆ ਜਾਂਦਾ ਹੈ। ਪੰਜਾਬੀ ਗ਼ਜ਼ਲ ਨੂੰ ਵੱਡੇ ਮੰਚ ਉੱਤੇ ਨਾ ਹੀ ਗਾਇਆ ਗਿਆ ਅਤੇ ਨਾ ਹੀ ਸੁਣਿਆ ਜਾਂਦਾ ਹੈ। ਜਿਨ੍ਹਾਂ ਗ਼ਜ਼ਲਾਂ ਨੂੰ ਗਾਇਆ ਗਿਆ ਜਾਂ ਜਿੰਨ੍ਹਾਂ ਦੀ ਸੀ.ਡੀ ਬਣੀ ਹੈ ਉਹ ਗ਼ਜ਼ਲਾਂ ਆਮ ਗਾਇਕੀ ਦੀ ਤਰ੍ਹਾਂ ਹਨ। ਜੰਮੂ ਵਿਖੇ ਮੇਰੀ ਮੁਲਾਕਾਤ ਡੋਗਰੀ -ਹਿੰਦੀ ਉਰਦੂ ਦੇ ਕਮਾਲ ਦੇ ਗ਼ਜ਼ਲ ਗਾਇਕ ਜਨਾਬ ਸ਼ਾਮ ਸਾਜਨ ਨਾਲ ਹੋਈ। ਅਤੇ ਨਿਸ਼ਕਰਸ਼ ਵਜੋਂ ਮੇਰੀ ਅੱਠਾਂ ਗ਼ਜ਼ਲਾਂ ਦੀ ਸੀ.ਡੀ ਬਣ ਗਈ। ਇਹ ਸੀ.ਡੀ ਮੇਰੀ ਇਕ ਬਹੁਤ ਵੱਡੀ ਪ੍ਰਾਪਤੀ ਸਿੱਧ ਹੋਈ। ਇਹ ਅੱਠ ਗ਼ਜ਼ਲਾਂ ਵੱਖ ਵੱਖ ਅੱਠਾਂ ਰਾਗਾਂ ਵਿੱਚ ਗਾਈਆਂ ਗਈਆਂ ਹਨ। ਜਿਸ ਨੂੰ ਬੇਹੱਦ ਪਸੰਦ ਕੀਤਾ ਗਿਆ। ਇਹ ਯੂ-ਟਯੂਬ 'ਤੇ ਸੁਣੀ/ਦੇਖੀ ਜਾ ਸਕਦੀ ਹੈ। ਮੈਂ ਸਮਝਦਾ ਹਾਂ ਕਿ ਇਹ ਸੀ.ਡੀ ਪੰਜਾਬੀ ਗ਼ਜ਼ਲ ਗਾਇਕੀ ਦਾ ਪਹਿਲਾ ਮੀਲ ਪੱਥਰ ਹੈ। ਜਿਸ ਅੰਦਾਜ਼ ਵਿੱਚ ਗਾਵਿਆ ਗਿਆ ਹੈ ਉਹ ਪੰਜਾਬੀ ਗਾਇਕੀ ਦੀ ਦੁਨਿਆ ਵਿੱਚ ਅਜੋੜ ਹੈ।

ਪਰ ਜਿੱਥੋਂ ਤੀਕ ਮੈਂ ਆਪਣੇ ਆਪ ਦਾ ਨਬਾਜ਼ ਕਹਿੰਦਾ ਹਾਂ, ਕੁਝ ਕੁ ਸਾਂਝਾ ਜ਼ਰੂਰ ਕਰਾਂਗਾ। 'ਨਵਾਂ ਜ਼ਮਾਨਾ- ਐਤਵਾਰਤਾ 27 ਮਈ 2001' ਵਿਚ 'ਆਹਮਣੇ- ਸਾਹਮਣੇ- 142' ਅਨੁਸਾਰ ਪ੍ਰੋ. ਗੁਰਬਖ਼ਸ਼ ਸਿੰਘ ਸਚਦੇਵ ਜੀ ਵਲੋਂ ਕੀਤੇ ਗਏ ਰੂ-ਬ-ਰੂ ਵਿੱਚ ਮੇਰੇ ਨਿਸ਼ਕਰਸ਼ ਵਜੋਂ ਜੋ ਸਾਹਮਣੇ ਆਇਆ ਸੀ, ਕਿ, "ਸਾਹਿਤ ਕਿਸੇ 'ਵਾਦ' ਦੇ ਘੇਰੇ ਤੱਕ ਸੀਮਤ ਨਹੀਂ" ਅਤੇ ਡਾ ਦਰਿਆ ਵਲੋਂ ਉਹਨਾਂ ਦੀ ਸੰਪਾਦਿਤ ਪੁਸਤਕ, 'ਸੁਰਿੰਦਰ ਸੀਰਤ- ਸਿਰਜਣਾ ਤੇ ਸੰਵਾਦ' ਵਿਚ ਮੇਰੇ ਨਾਲ ਕੀਤੇ ਗਏ ਰੂ-ਬ-ਰੂ ( ਪੰਨਾ 277-296 ) ਦੇ ਸੰਬੰਧ ਵਿਚ ਉਹਨਾਂ ਦੇ ਪ੍ਰਸ਼ਨ ਕਿ, "ਤੁਹਾਡੀ ਨਜ਼ਰ ਵਿੱਚ ਸਾਹਿਤ ਦਾ ਮਨੋਰਥ ਕੀ ਹੈ?" ਮੇਰਾ ਉੱਤਰ ਸੀ ਕਿ ਸਾਹਿਤ ਦਾ ਮਨੋਰਥ ਸੱਚ, ਸਥਾਨਕ ਪ੍ਰਵਿਰਤੀ ਅਤੇ ਅਧਾਰਤ ਪਰਿਪੇਖ ਦੇ ਕਾਲਪਨਿਕ ਬਿਰਤਾਂਤ ਦਾ ਉਲੇਖਣ ਹੁੰਦਾ ਹੈ। ਜਿਵੇਂ ਕਿ ਪਰਚੱਲਤ ਹੋਇਆ ਹੈ ਕਿ ਸਮੁੱਚੇ ਪੰਜਾਬੀ ਸਾਹਿਤ ਵਿੱਚ ਕਵਿਤਾ ਨੂੰ ਕੇਵਲ ਸਾਮਰਾਜੀ ਵਿਰੋਧਾਭਾਸੀ ਪਰੀਪੇਖ ਵਿੱਚ ਹੀ ਪਰਵਾਨਤਾ ਪ੍ਰਾਪਤ ਹੈ। ਇਸ ਅਨੁਸਾਰ ਜਿਸ ਕਵਿਤਾ ਵਿੱਚ ਸਾਮਰਾਜੀ ਤਾਕਤਾਂ ਦਾ ਖੰਡਨ ਸਿੱਧੀ ਸਪਾਟ ਪੇਸ਼ਕਾਰੀ ਰਾਹੀਂ ਕੀਤਾ ਗਿਆ ਹੁੰਦਾ ਹੈ ਉਸ ਰਚਨਾ ਨੂੰ ਮਹਾਨ ਕਵਿਤਾ ਅਤੇ ਕਵੀਆਂ ਨੂੰ ਜਾਗਰੂਕ ਕਵੀਆਂ ਵਜੋਂ ਪਹਿਲ ਦਿੱਤੀ ਜਾ ਰਹੀ ਹੈ, ਭਾਵੇਂ ਉਹ ਆਪ ਉਸੇ ਸਾਮਰਾਜ ਵਿੱਚ ਆਵਾਸ ਧਾਰ ਚੁਕੇ ਹੋਣ। ਦਰਅਸਲ ਸੱਮੁਚੀ ਪੰਜਾਬੀ ਸੋਚ ਵਿੱਚ ਕਵਿਤਾ ਗ਼ੈਰ ਹਾਜ਼ਰ ਹੈ। ਸ਼ੋਰ-ਸ਼ਰਾਬਾ, ਲੱਚਰਤਾ, ਪ੍ਰੋਪੇਗੰਡਾ, ਸਾਮਰਾਜਿਕ ਨਿੰਦਣ, ਨਾਅਰੇਬਾਜ਼ੀ, ਸਿੱਧੀ ਸਪਾਟ ਜਲੂਲਤਾ, ਊਟ-ਪਟਾਂਗ ਮੋਮਲ ਅਸ਼ਾਰ, ਜਟਲਤਾ ਜਿਹੇ ਅਢੁਕਵੇਂ ਪਰਸੰਗ ਅੱਜ ਦਿਆਂ ਆਲੋਚਕਾਂ ਦੇ ਮਨ ਭਾਂਉਦੇ ਵਿਸ਼ੇ-ਵਸਤੂ ਹੋ



ਨਿੱਬੜੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਰਾਹੀਂ 'ਅਮਰੀਕੀ ਪੰਜਾਬੀ ਕਵਿਤਾ-2' ਸੰਬੰਧੀ ਕੀਤਾ ਗਿਆ ਇਕ ਸੈਮੀਨਾਰ ਇਸ ਦਾ ਹਾਸਿਲ ਹੈ। ਇਹਨਾਂ ਆਲੋਚਕਾਂ ਨੂੰ ਸਾਮਿਗਰਿਕ ਵਲੱਖਣਤਾ ਲਈ ਸੰਜੀਦਗੀ ਨਾਲ ਅਧਿਅਨ ਕਰਨ ਦੀ ਆਵਸ਼ਕਤਾ ਹੈ। ਇਹ ਇਕ ਵਖਰੀ ਗੱਲ ਹੈ ਕਿ ਜਿਸ ਵੀ ਲੇਖਕ ਦਾ ਮੁੱਢ ਕਿਸੇ ਪ੍ਰੰਮਪਰਾ ਨਾਲ ਭਾਰਤ ਜਾਂ ਪੰਜਾਬ ਵਿਖੇ ਰਹਿੰਦਿਆਂ ਬੱਝ ਗਿਆ ਹੈ, ਜਿਸ ਨੂੰ ਪੰਜਾਬ ਵਿੱਚ ਇਸੇ ਸੰਦਰਭ ਵਿੱਚ ਜਾਣਿਆ ਗਿਆ ਹੈ ਉਹੋ ਹੀ ਉਸ ਦੀ ਸੋਚ ਸ਼ਕਤੀ ਉੱਪਰ ਹਾਵੀ ਹੋ ਬਹਿੰਦਾ ਹੈ ਉਹ ਫਿਰ ਆਪਣੇਆਪ ਨੂੰ ਕਿਸੇ ਵਿਸ਼ਾਲਤਾ ਵੱਲ ਲੈ ਜਾਣ ਬਾਰੇ ਉਤਸੁਕਤਾ ਹੀ ਨਹੀਂ ਦਰਸਾਂਉਦਾ।

ਹਾਂ, ਆਪਣੀ ਪਹਿਚਾਣ ਦੇ ਸੰਦਰਭ ਵਿੱਚ ਮੈਂ ਨਿਰਾਸ਼ਾਜਨਕ ਸਥਿੱਤੀ 'ਚੋਂ ਲੰਘ ਰਿਹਾ ਹਾਂ । ਭਾਵੇਂ 'ਜੇ-ਕੇ ਅਕੈਡਮੀ ਆਫ਼ ਆਰਟਸ, ਕਲਚਰ ਅਤੇ ਲੈਂਗਵੇਜਜ਼' ਵਲੋਂ ਮੇਰੀਆਂ ਤਿੰਨ ਪੁਸਤਕਾਂ ਨੂੰ ਪੁਰਸਕਾਰ ਮਿਲੇ ਹਨ, ਭਾਵੇਂ ਮੋਹਨ ਸਿੰਘ ਪੁਰਸਕਾਰ ਜਾਂ 'ਇੰਡੀਅਨ ਪੋਇਟਸ ਕਾਨਫ਼ਰੰਸ (2017-ਚੰਦੀਗੜ੍ਹ)' ਵਲੋਂ ਸਾਹਿਰ-ਲੁਧਿਆਨਵੀ ਪੁਰਸਕਾਰ ਪ੍ਰਾਪਤ ਹੈ ਪਰ ਪੰਜਾਬੀ ਅਕੈਡਮਿਕ ਅਤੇ ਸਾਹਿਤਕ ਅਦਾਰਿਆਂ ਵਲੋਂ ਅਣਗੌਲਿਆ ਮਹਿਸੂਸ ਕਰ ਰਿਹਾ ਹਾਂ। ਇਸ ਦਾ ਮੂਲ ਕਾਰਨ ਇਹ ਹੋ ਸਕਦਾ ਹੈ ਕਿ ਮੈਂ ਪੰਜਾਬ ਦਾ ਜੰਮਪਲ ਨਹੀਂ। ਭਾਵੇਂ ਮੈਂ ਆਹਲੂਵਾਲੀਆ ਮਿਸਲ ਤੋਂ ਹਾਂ ਪਰ ਪੰਜਾਬ ਦਿਆਂ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਨਹੀਂ ਕੀਤੀ। ਮੈਨੂੰ ਪੰਜਾਬ 'ਚੋਂ ਕੇਵਲ ਉਹ ਹੀ ਲੇਖਕ ਜਾਣਦੇ ਹਨ ਜਿੰਨ੍ਹਾਂ ਤੀਕ ਮੇਰੀ ਸਾਹਿਤਕ ਰਸਾਈ ਹੈ। ਨਾ ਮੈਂ ਕਿਸੇ ਜੱਥੇਬੰਦੀ ਦਾ ਮੈਂਬਰ ਹਾਂ ਨਾ ਹੀ ਮੇਰਾ ਕੋਈ ਗੁੱਟ ਸਥਾਪਿਤ ਹੈ ਅਤੇ ਨਾ ਹੀ ਇਤਨਾ ਧੰਨੀ ਕਿ ਜੋ ਵੀ ਮੇਰੇ ਕੋਲ ਆਏ ਧੰਨ ਧੰਨ ਹੋ ਜਾਏ। ਹਾਂ, ਮੈਂ ਸਵੀਕਾਰ ਕਰਦਾ ਹਾਂ ਕਿ ਮੇਰੀ ਪੱਛਾਣ ਵਖਰੀ ਹੈ। ਮੇਰੀ ਕਾਵਿ-ਰਚਨਾ-ਕਾਰੀ ਵਿੱਚ ਨਾ ਹੀ ਨਾਅਰੇਬਾਜ਼ੀ ਹੈ, ਨਾ ਹੀ ਸੁਝਾਵ ਹੈ, ਨਾ ਸੇਧ ਅਤੇ ਨਾ ਹੀ ਕਿਸੇ ਸੱਚ ਜਾਂ ਝੂਠ ਦਾ ਮਖੌਟਾ ਪਾਉਣ ਦਾ ਯਤਨ। ਮੇਰੀ ਕਾਵਿ-ਸ਼ੈਲੀ ਵਿੱਚ ਨਾ ਹੀ ਕਿਸੇ ਲਈ ਈਰਸ਼ਾ ਹੈ, ਨਾ ਦਵੈਤ ,ਨਾ ਹੀ ਭੇਦ ਭਾਓ ਨੂੰ ਅੰਕਿਤ ਕਰਨ ਦੀ ਚੇਸ਼ਠਾ। ਮੈਂ ਜੋ ਵੇਖਿਆ, ਮਹਿਸੂਸਿਆ, ਅਪਨਾਇਆ ਉਹੀ ਮੇਰਾ ਉਲੇਖ ਹੈ। ਸੁੱਤੇ ਹੋਏ ਸਮਾਜ ਨੂੰ ਜਗਾਉਣ ਦੀ ਲੋਅ ਪੁਜਾਉਣਾ ਹੈ।

ਇਸੇ ਸੰਦਰਭ ਵਿਚ ਪੁੱਛੇ ਗਏ ਇਸ ਸਵਾਲ ਦੇ ਉੱਤਰ ਵਿਚ ਮੇਰਾ ਅਪਣੇ ਪ੍ਰਤੀ ਇੰਕਸ਼ਾਫ਼ ਲਾਜ਼ਮੀਂ ਹੈ। ਪ੍ਰਸ਼ਨ ਹੈ ਕਿ, "ਤੁਸੀਂ ਆਪਣੀ ਸਾਹਿਤ ਰਚਨਾ ਨਾਲ ਸੰਤੁਸ਼ਟ ਹੋ ? ਜੇ ਨਹੀਂ ਤਾਂ ਕਿਉਂ ?"

"ਹਾਂ, ਮੈਂ ਆਪਣੀ ਸਾਹਿਤਕ ਰਚਨਾ ਨਾਲ ਸੰਤੁਸ਼ਟ ਨਹੀਂ ਹਾਂ। ਮੇਰੀ ਪੁਸਤਕ, 'ਕਿੱਕਰ ਕੰਡੇ' ਜੋ ਵ੍ਹਰਾ 1992 ਵਿਚ ਛਪੀ ਹੈ ਉਸ ਦੇ ਪੰਨਾ 91 'ਤੇ ਕਿਹਾ ਹੈ,

"ਨਿਕਲ ਆਏ ਉਹ ਬਾਹਰ ਪਰਦਿਆਂ ਨੂੰ ਪਾੜ ਕੇ ' ਸੀਰਤ' / ਅਜੇ ਐਸੀ ਗ਼ਜ਼ਲ
ਦਾ ਮੈਂ ਨ ਲਿਖਿਆ ਐੜਾ ਊੜਾ ਹੈ"

ਤੇ ਹੁਣ, 2020 ਵਿੱਚ ਇਕ ਦੋ ਅਣਛਪੀਆਂ ਗ਼ਜ਼ਲਾਂ ਚੋਂ ਵੀ ਮੇਰੀ ਅਸੰਤੁਸ਼ਟੀ ਬਰਸ ਰਹੀ ਏ, ਜਿਵੇਂ :

"ਮੈਂ ਤਾਂ ਲਿਖਿਆ ਨਹੀਂ , ਕਿ ਮੈਂ ਚਾਹਿਆ / ਸ਼ਬਦ ਅਪਣੇ ਲਹੂ'ਚ ਰੰਗ ਸਕਾਂ" ਜਾਂ
"ਲਿਖਾਂ ਤਸੱਵਰ ਦਾ ਚਾਕ-ਦਾਮਨ, ਜਾਂ ਰੱਤਜਗੇ ਦੀ ਲਿਖਾਂ ਇਬਾਰਤ / ਅਸੀਰ
ਰਮਜ਼ਾਂ, ਜਾਂ ਮੀਰ 'ਸੀਰਤ' ਲਿਖਾਂ ਕੁਝ ਐਸਾ ਕਲਾਮ ਆਏ"

ਅੰਤ ਵਿੱਚ ਇਹੋ ਕਹਾਂਗਾ ਕਿ ਆਪਣੇ ਸਾਹਿਤਕ ਸਮਕਾਲ ਵਿੱਚ ਇਕ ਵਖਰੇਵਾਂ ਜਿਹਾ ਅਨੁਭਵ ਵਿੱਚ ਉਤਰ ਆਇਆ ਹੈ। ਆਪਣੀ ਸਾਹਿਤਕ ਹੋਂਦ ਪ੍ਰਤੀ, ਆਪਣੇ ਪੰਜਾਬੀ ਦੇ ਲੇਖਕ ਹੋਣ ਪ੍ਰਤੀ, ਆਪਣੇ ਉਸ ਮੁੱਲ ਪ੍ਰਤੀ ਜਿਸ ਨੂੰ ਅਦਾ ਕਰਦਿਆਂ ਇਕ ਪੰਜਾਬੀ ਸਾਹਿਤਕ ਮਾਹੌਲ ਨੂੰ ਚਿਤਰਦਿਆਂ ਸੰਸੇ ਹਿੱਤ ਸਾਹ ਲੈ ਰਿਹਾ ਹਾਂ। ਗ਼ਮ ਇਸਦਾ ਨਹੀਂ ਕਿ ਬੇਗਾਨਗੀ ਬਰਕਰਾਰ ਹੈ ਜੇ ਕਰ ਗ਼ਮ ਹੈ ਤਾਂ ਇਸਦਾ ਹੈ ਕਿ ਮੇਰੀ ਸਾਹਿਤਕ ਵਲੱਖਣਤਾ ਨੂੰ ਕਿਸੇ ਕੋਲੋਂ ਵੀ ਪਰਖਿਆ ਨਹੀਂ ਗਿਆ। ਸ਼ਾਇਦ ਇਸੇ ਕਾਰਨ ਮੈਂ, 'ਅਰੂਪੇ ਅਖਰਾਂ ਦਾ ਅਕਸ' ਵਿੱਚ ਇਹ ਸ਼ਿਅਰ ਲਿਖਿਆ ਹੈ ਜੋ ਆਪ ਸਭਨਾਂ ਤੀਕ ਪੁਜਾਣਾ ਲੋਚਦਾ ਹਾਂ:

"ਕੁਈ ਪੁੱਜੇਗਾ ਮੇਰੇ ਤੀਕ, ਮੇਰੀ ਰੌਸ਼ਨੀ ਫੜ ਕੇ / ਮਿਰੀ ਭਟਕਣ ਦਾ 'ਸੀਰਤ' ਤਾਰ ਕੇ ਉਹ ਮੁੱਲ ਜਾਏਗਾ"

***

---

**ਪੰਨਾ ਨੰ. 79 ਦਾ**

ਮੈਂ ਇਸ ਇਤਿਹਾਸ ਨੂੰ ਮਹਿਸੂਸ ਕਰਕੇ ਹਾਸ਼ੀਆਗਤ ਧਿਰਾਂ ਦੀ ਨਵੀਂ ਦਰਜ਼ੇਬੰਦੀ ਨੂੰ ਵੀ ਸਮਝਿਆ ਏ। ਆਪਣੇ ਆਲੇ ਦੁਆਲੇ ਉਸਰਦੇ ਸਮਾਜਕ ਸੰਵਾਦ ਰਾਹੀ ਦਲਿਤਾਂ ਮੁਕਤੀ ਦੇ ਮਾਡਲ ਨੂੰ ਕਹਾਣੀਆਂ ਰਾਹੀਂ ਸਮਝਣ ਦਾ ਯਤਨ ਵੀ ਕੀਤਾ ਏ।

ਮੇਰੀਆਂ ਕਹਾਣੀਆਂ ਵਿਚ ਮੈਂ ਹਾਂ, ਮੇਰਾ ਸਮਾਂ ਏ ਅਤੇ 'ਮੇਰੇ ਸਮਾਜ' ਦੀ ਸਮਾਜਕ ਗਤੀ ਏ। ਸਮਾਜਕ ਇਤਿਹਾਸਕਾਰੀ ਏ। ਦਲਿਤ ਜੀਵਨ ਯਥਾਰਥ ਦੀਆਂ ਇਹ ਕਹਾਣੀਆਂ ਪੰਜਾਬ ਦੇ ਉਨ੍ਹਾਂ ਪੀੜਤ ਦਲਿਤ ਲੋਕਾਂ ਦੀ ਪ੍ਰਤੀਨਿੱਧਤਾ ਕਰਦੀਆਂ ਨੇ, ਜੋ ਸਮਾਜਿਕ ਤੌਰ ਤੇ ਹਾਸ਼ੀਏ 'ਤੇ ਧੱਕ ਦਿੱਤੇ ਗਏ ਨੇ।

(ਸੰਪਰਕ-94170-64350)

---

**ਪੰਨਾ ਨੰ. 64 ਦਾ ਬਾਕੀ**

ਸਗੋਂ ਇਸ ਦੀ ਬਹੁਤੀ ਸੰਭਾਵਨਾ ਹੈ। ਇਸ ਨੂੰ ਰੋਕਣ ਲਈ ਵਾਤਾਵਰਣ ਵਿਚ ਸ਼ੁੱਧਤਾ ਲਿਆਉਣਾ ਬਹੁਤ ਜ਼ਰੂਰੀ ਹੈ। ਪਰ ਵੱਡੀਆਂ ਕੰਪਨੀਆਂ ਨੂੰ ਸਿਰਫ ਮੁਨਾਫਾ ਦਿਸਦਾ ਹੈ। ਵਿਕਾਸ ਦੇ ਨਾਂ 'ਤੇ ਜੰਗਲਾਂ ਨੂੰ ਕੱਟਿਆ ਜਾ ਰਿਹਾ ਹੈ। ਪਰਦੂਸ਼ਣ ਨੂੰ ਰੋਕਣ ਲਈ ਭਾਰਤ ਦੇਸ਼ ਵਰਗੀਆਂ ਸਰਕਾਰਾਂ ਤਾਂ ਕੋਈ ਵੀ ਪ੍ਰੋਗਰਾਮ ਨਹੀਂ ਬਣਾ ਰਹੀਆਂ। ਇਸ ਪਾਸੇ ਆਮ ਲੋਕਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ। ਅਸੀਂ ਆਪਣੇ ਘਰਾਂ ਵਿਚ ਹੀ ਬਹੁਤ ਸਾਰਾ ਪ੍ਰਦੂਸ਼ਣ ਘਟਾ ਸਕਦੇ ਹਾਂ।

ਸਾਡੀ ਪੀੜ੍ਹੀ ਨੇ ਪ੍ਰਦੂਸ਼ਣ ਵਧਾਉਣ ਵਿਚ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਇਸ ਪੀੜ੍ਹੀ ਨੇ ਲੋਕਾਂ ਦੀ ਜ਼ਿੰਦਗੀ ਵਿਚ ਬਹੁਤ ਸਾਰੀਆਂ ਸੁਵਿਧਾਵਾਂ ਵੀ ਪੈਦਾ ਕੀਤੀਆਂ ਹਨ। ਪਰ ਚੰਗੀ ਖ਼ੁਰਾਕ ਤੇ ਚੰਗਾ ਵਾਤਾਵਰਣ ਮਨੁੱਖੀ ਸਿਹਤ ਦੀ ਕੁੰਜੀ ਹੈ। ਮੈਂ ਆਪਣੇ ਵੱਲੋਂ ਸਾਰੀ ਮਨੁੱਖਤਾ ਦੇ ਚੰਗੇਰੇ ਭਵਿੱਖ ਦੀ ਦੁਆ ਕਰਦਾ ਹਾਂ।



## ਵਕਤ ਤੇ ਮੈਂ- ਇਕ ਅਧੂਰੀ ਲਿਖਤ/ਮਕਸੂਦ ਸਾਕਿਬ

ਟ੍ਰਾਸਟਰਸੀ ਨੇ ਅਪਣੀ ਜੀਵਨੀ ਵਿੱਚ ਲਿਖਿਆ ਏ ਕਿ ਉਹਨੂੰ ਅਪਣੀ ਮਾਂ ਦੀ ਛਾਤੀ ਤੋਂ ਦੁੱਧ ਚੁੰਘਣਾ ਵੀ ਚੇਤੇ ਏ। ਸਗਵੇਂ ਇਕ ਗੱਲ ਮੇਰੀ ਏ, ਮੈਨੂੰ ਵੀ ਮਾਂ ਦੀ ਛਾਤੀ ਤੋਂ ਦੁੱਧ ਚੁੰਘਣਾ ਪੂਰਾ ਚੇਤੇ ਏ। ਉਹਦੀ ਝੋਲੀ ਵਿੱਚ ਵੜ ਕੇ ਅਪਣੇ ਨਿੱਕੇ ਨਿੱਕੇ ਹੱਥਾਂ ਵਿੱਚ ਮਾਂ ਦੀ ਛਾਤੀ ਨੂੰ ਫੜਣਾ ਤੇ ਅਪਣੇ ਮੂੰਹ ਵੱਲ ਛਿਕਣਾ (ਖਿੱਚਣਾ) ਤੇ ਫੇਰ ਮਾਂ ਦਾ ਛਾਤੀ ਮੇਰੇ ਮੂੰਹ ਵਿਚ ਪਾਣਾ ਤੇ ਮੇਰਾ ਗਟਗਟ ਦੁੱਧਾਂ ਦੇ ਘੁੱਟ ਭਰੀ ਜਾਣਾ ਤੇ ਫੇਰ ਉੱਥੇ ਈ ਗੂੜੀ ਨੀਂਦ ਵਿਚ ਸੌਂ ਜਾਣਾ।

ਜਦ ਨੱਸਣ ਜੋਗਾ ਹੋਇਆ ਤੇ ਮੈਂ ਚੌੜਾ ਜਿਹਾ ਪਹੀਆ ਵਿਹੜੇ ਵਿੱਚ ਨਸਾ ਨਸਾ ਕੇ ਉਹਦੇ ਨਾਲ ਖੇਡਦਾ ਪਿਆ ਸਾਂ ਉੱਥੇ ਕੋਲ ਈ ਮੇਰੀ ਮਾਂ ਤੇ ਮੇਰੀਆਂ ਭੈਣਾਂ ਬੈਠੀਆਂ ਸਨ। ਮਾਂ ਉਹਨਾਂ ਨੂੰ ਇੰਜ ਈ ਦਸਦੀ ਪਈ ਸੀ ਜਿਵੇਂ ਅਪਣੇ ਆਪ ਨਾਲ ਈ ਗੱਲ ਪਈ ਕਰਦੀ ਹੋਵੇ। ਦਸਾਂ ਜਿਉਂ ਬੱਚਿਆਂ ਨੇ ਮੇਰਾ ਦੁੱਧ ਰੱਜ ਕਿਸੇ ਪੀਤਾ ਹੋਇਆ ਏ ਜੇ ਨਹੀਂ ਪੀਤਾ ਤੇ ਇਕ ਮੇਰੇ ਸ਼ੋਹਦੇ ਨੇ ਨਹੀਂ ਪੀਤਾ। ਮੇਰੇ ਕੰਨਾਂ ਵਿੱਚ ਇਹ ਗੱਲ ਪਈ ਪਰ ਮੈਂ ਜਿਹੜੀ ਫਿਰ ਕਿਸੇ ਨੂੰ ਜ਼ਮੀਨ ਉੱਤੇ ਰੇੜਣ ਦੀ ਖੇਡ ਖੇਡਦਾ ਪਿਆ ਸਾਵਾਂ ਇਕ ਪਲ ਰੋਕੇ ਬਿਨਾਂ ਮੈਂ ਇਹ ਗੱਲ ਸੁਣ ਲਈ ਮੈਨੂੰ ਲੱਗਾ ਜਿਵੇਂ ਮਾਂ ਕਿਸੇ ਹੋਰ ਸ਼ੋਹਦੇ ਦੀ ਗੱਲ ਪਈ ਕਰਦੀ ਸੀ। ਉਹ ਏਸ ਲਈ ਜੋ ਮੈਨੂੰ ਤੇ ਮਾਂ ਦੇ ਦੁੱਧ ਦੀ ਕਿਸੇ ਵੇਲੇ ਵੀ ਤਰੁੱਟੀ ਨਹੀਂ ਸੀ ਆਈ।

ਫੇਰ ਇਕ ਦਿਨ ਨਾਲ ਦੇ ਛੋਟੇ ਕਮਰੇ ਵਿੱਚ ਬੂਹਾ ਵੜਦਿਆਂ ਕੰਦਲਿਆਂ ਵਾਲੀ ਬਾਰੀ ਤੋਂ ਅੱਗੇ ਸੁੱਚੇ ਭਾਂਡਿਆਂ ਦੀ ਵੱਡੀ ਸਾਰੀ ਅਲਮਾਰੀ ਦੇ ਉੱਤਲੇ ਖ਼ਾਂਸੇ ਵਿਚ ਐਵੇਂ ਝਾਕਦਾ ਸਾਂ। ਇਕ ਪੋਚੀ ਨਜ਼ਰੇ ਪਈ ਮੈਂ ਝੱਟ ਲਾ ਕਿਸੇ ਉਹਨੂੰ ਵੇਖਦਾ ਰਿਹਾ ਏਨੇ ਵਿਚ ਮੇਰੀ ਭੈਣ ਆ ਗਈ। ਮੈਨੂੰ ਵੇਖ ਆਖਣ ਲੱਗੀ, "ਸ਼ੋਹਦੇ ਕਿਆ ਪਿਆ ਵੇਖਨਾ ਏਂ?" ਉਹਨੇ ਮੈਨੂੰ ਕੁੱਛੜ ਚੱਕ ਲਿਆ ਤੇ ਅਲਮਾਰੀ ਦੇ ਸ਼ੀਸ਼ੇ ਦੇ ਨੇੜੇ ਲੈ ਗਈ। "ਇਹ ਪੂਚੀ ਏ ਇਹਦੇ ਵਿੱਚ ਤੂੰ ਦੁੱਧ ਪੀਂਦਾ ਹੁੰਦਾ ਸੈਂ। ਅੱਬਾ ਜੀ ਨੇ ਖ਼ਾਸ ਤੇਰੇ ਲਈ ਖ਼ੁਸ਼ਾਬ ਤੋਂ ਮੰਗਾਈ ਸੀ। ਉਹ ਦੇਖੀਏ ਇਹਦੇ ਅੱਗੇ ਨਿੱਪਲ ਲੱਗਾ ਹੁੰਦਾ ਸੀ।"

ਮੈਂ ਬਾਜੀ ਤੋਂ ਅਪਣਾ ਆਪਾ ਛੁਡਾ ਕੇ ਛੇਤੀ ਨਾਲ ਬਾਹਰ ਵਿਹੜੇ ਵਿੱਚ ਭੱਜ ਵਗਿਆ। ਅੰਮੀ ਮੁਸੱਲੇ ਤੇ ਬੈਠੀ ਨਮਾਜ਼ ਮਗਰੋਂ ਤਸ਼ਬੀਹ ਪਈ ਫੇਰਦੇ ਸਨ। ਮੈਂ ਝੱਟ ਉਹਨਾਂ ਦੀ ਝੋਲੀ ਵਿਚ ਵੜ ਗਿਆ, ਜੁੱਤੀ ਸਣੇ ਉਹਨਾਂ ਦੀ ਛਾਤੀ ਚੜ ਕੇ ਲੰਮਾ ਪੈ ਗਿਆ। ਅੰਮੀ ਮੇਰੇ ਉੱਤੇ ਚਾਦਰ ਦੇ ਕਿਸੇ ਹੱਥ ਲਮੇਰਾ ਕਰਕੇ ਤਸ਼ਬੀਹ ਫੇਰਦੇ ਰਹੇ।

***

ਗੂੜ੍ਹੀ ਹਨ੍ਹੇਰੀ ਰਾਤ ਵਿੱਚ ਸਰਕਦੀ ਠੰਢੀ ਸ਼ਾਮ। ਵਿਹੜੇ ਦੀ ਗੁੱਠ ਵਿੱਚ ਬੂਹੇ ਦੇ ਕੋਲ ਅਪਣੇ ਕੋਠੇ ਵਿੱਚ ਵੜ ਕੇ ਹੌਲੀ ਹੌਲੀ ਵਾਜਾਂ ਕੱਢਦੇ ਚੁੱਪ ਜੋ ਜਾਂਦੇ ਪਏ ਸਨ। ਛੋਟੀ ਬਾਜੀ ਬੂਛਾ ਨੇ ਕੋਠੇ ਦੇ ਮੂੰਹ ਅੱਗੇ ਲੱਕੜ ਧਰ ਕੇ ਅੱਗੇ ਭਾਰਾ ਪੱਥਰ ਦੇ ਦਿੱਤਾ। ਮੈਂ ਬਾਵਰਚੀ ਖ਼ਾਨੇ ਦੇ ਬੂਹੇ ਵਿੱਚ ਪਈ ਲਾਲਟੈਨ ਦੇ ਕੋਲ ਬੈਠਾ ਸ਼ੀਸ਼ੇ ਵਿੱਚੋਂ ਜਗਦੇ ਚਾਨਣ ਨੂੰ ਵੇਖਦਾ ਪਿਆ ਸਾਂ। ਮੈਂ ਪੈਰ ਅੱਲ ਬੈਠਾਂ ਸਾਂ ਮੇਰੀਆਂ ਦੋਵੇਂ ਅਰਕਾਂ ਮੇਰੇ ਗੋਡਿਆਂ ਉੱਤੇ ਸਨ ਤੇ ਹੱਥ ਦੋਵੇਂ ਗੱਲ੍ਹਾਂ ਸਤ ਪੈਲਾਣਾ ਭਰੀ। ਅੱਬਾ ਜੀ ਵੱਡੇ ਕਮਰੇ ਵਿੱਚੋਂ ਨਿਕਲਦੇ ਮੈਥੋਂ ਵੱਡੇ ਨੂੰ ਬੁਲਾਵਣ ਲੱਗੇ ਪਈ "ਬਾਊ ਕਿਥੇ ਏਂ। ਲਾਲਟੈਨ ਵਿਚ ਤੇਲ ਪਾ ਲੈ। ਚਾਨਣ ਘਟਦਾ ਪਿਆ ਏ।" ਬਾਊ ਮੇਰੇ ਤੋਂ ਵੱਡਾ ਸੀ। ਏਨਾ ਵੱਡਾ ਕਿ ਬਰਾਂਡੇ ਵਿੱਚ ਪਈ ਮੰਜੀ ਉੱਤੇ ਖਲੋ ਕੇ ਵੱਡੇ ਕਮਰੇ ਦੇ ਬੂਹੇ ਉੱਤਲੇ

ਕੰਦਲਿਆਂ ਨਾਲ ਵਲ੍ਹੇਟੀ ਪੀਂਘ ਦੀ ਰੱਸੀ ਖੋਲ੍ਹ ਲੈਂਦਾ ਸੀ। ਮੇਰੇ ਹੱਥ ਮੰਜੀ ਦੇ ਪਾਵੇ ਤੇ ਖਲੋਤਿਆਂ ਵੀ ਨੀਵੇਂ ਰਹਿੰਦੇ ਸਨ। ਮੈਂ ਇਹਦੇ ਲਈ ਛੋਟਾ ਛੋਟਾ ਮੂੜ੍ਹਾ ਲਿਆ ਕੇ ਮੰਜੀ ਉੱਤੇ ਧਰਦਾ ਸਾਂ ਪਰ ਮੂੜ੍ਹਾ ਟਿਕਦਾ ਨਹੀਂ ਸੀ।

ਮੇਰੇ ਖ਼ਿਆਲ ਚ ਅਜੇ ਬਾਊ ਘਰ ਨਹੀਂ ਸੀ ਆਇਆ। ਉਹਦੀ ਵਾਜ ਮੇਰੇ ਕੰਨੀਂ ਪਈ। ਉਹ ਗ਼ੁਸਲਖ਼ਾਨੇ ਵਿੱਚੋਂ ਨਿਕਲਦਾ ਹੋਇਆ ਅੱਬਾ ਜੀ ਨੂੰ ਅੱਛਾ ਅੱਬਾ ਜੀ ਕਹਿੰਦਾ ਪਿਆ ਸੀ। ਬਾਵਰਚੀ ਖ਼ਾਨੇ ਦੀ ਖੱਬੀ ਗੁੱਠ ਵਿਚ ਤੇਲ ਵਾਲਾ ਪੀਪਾ ਪਿਆ ਹੋਇਆ ਸੀ। ਨਲਕੇ ਦੀ ਟੂਟੀ ਥੱਲੇ ਬੋਤਲ ਪਈ ਸੀ। ਨਲਕਾ ਨਿੱਕਾ ਨਿੱਕਾ ਗੇੜ ਕੇ ਤੇਲ ਬੋਤਲ ਵਿਚ ਭਰਨ ਦਾ ਅਪਣਾ ਸਵਾਦ ਸੀ। ਮੈਂ ਬਾਊ ਤੋਂ ਪਹਿਲਾਂ ਈ ਉੱਥੇ ਜਾ ਅੱਪੜਿਆ। ਬਾਊ ਨੇ ਬੋਤਲ ਆਪ ਫੜ ਕੇ ਨਲਕੇ ਦੀ ਤਾਰ ਦਾ ਸਿਰਾ ਮੈਨੂੰ ਫੜਾ ਦਿੱਤਾ। ਮੈਂ ਬੋਤਲ ਹੌਲੀ ਹੌਲੀ ਤਾਰ ਨੂੰ ਹੇਠਾਂ ਉੱਤਾਂਹ ਹਿਲਾਂਦਾ ਹੋਇਆ ਨਲਕਾ ਚਲਾਵਣ ਲੱਗ ਪਿਆ। ਇਕ ਦਮ ਹੱਥ ਤੇਜ਼ ਹੋਇਆ ਤਾਂ ਤੇਲ ਬੋਤਲ ਚੋਂ ਛਲਕਿਆ।

ਮਾਂ ਚੁੱਲ੍ਹੇ ਕੋਲ ਬੈਠੇ ਅੱਗ ਪਏ ਸਾਂਭਦੇ ਸਨ, ਤੇਲ ਦੀ ਬੋ ਆਈ ਤੇ ਕਹਿਣ ਲੱਗੇ

"ਡੋਲ੍ਹਿਆ ਜੇ ਨਾ ਬਾਊ!"

ਬਾਊ ਕਹਿਣ ਲੱਗਾ, "ਅੰਮੀ ਮੈਂ ਨਹੀਂ ਵੀਰ ਪਿਆ ਨਲਕਾ ਚਲਾਵੰਦਾ ਏ।"

ਮਾਂ ਦੀ ਵਾਜ ਦਾ ਰੁਖ਼ ਹੁਣ ਮੇਰੇ ਵੱਲ ਸੀ, "ਸੁਹਦੋ ਧਿਆਨ ਨਾਲ ਪੁੱਤਰ। ਤੇਲ ਦੀ ਬੋ ਫੇਰ ਬਾਵਰਚੀ ਖ਼ਾਨੇ ਵਿਚੋਂ ਆਉਂਦੀ ਏ!"

"ਜੀ ਅੰਮੀ।"

ਬਾਊ ਨੇ ਲਾਲਟੈਨ ਦਾ ਢੱਕਣ ਖੋਲ੍ਹ ਕੇ ਬੜਾ ਸੰਭਾਲਦਿਆਂ ਬੋਤਲ ਉਹਦੇ ਉੱਤੇ ਹੌਲੀ ਹੌਲੀ ਓਨਡੀ ਕਰ ਲਈ। ਬਾਊ ਨੇ ਜਿਉਂ ਹੀ ਨੱਟੀ ਕਰਨ ਸੀ ਛੂਹੀ ਤੇਲ ਸੱਚੀ ਮੁੱਚੀ ਖਿੰਡਿਆ ਪਿਆ ਸੀ। ਬੱਤੀ ਇਕਦਮ ਹੁਲਾਰਾ ਮਾਰ ਕੇ ਸਿੱਧੀ ਹੋ ਗਈ ਤੇ ਚਾਨਣ ਪਹਿਲੇ ਤੋਂ ਕਿਤੇ ਚੋਖਾ ਤਿੱਖਾ ਹੋ ਗਿਆ। ਬੋਤਲ ਵਿਚ ਤੇਲ ਬਚ ਰਿਹਾ ਸੀ। ਬਾਊ ਨੇ ਬੋਤਲ ਅੰਮੀ ਨੂੰ ਪੀੜਾ ਉਹਨਾਂ ਚੁੱਲ੍ਹੇ ਦੀ ਗੁੱਠ ਵਿਚ ਪੀੜ੍ਹੀ ਦੇ ਪਾਵਿਓਂ ਅਗੀਰੇ ਧਰ ਲਿੱਤੀ।

ਬਾਵਰਚੀ ਖ਼ਾਨੇ ਦੇ ਸੱਜੇ ਪਾਸੇ ਵਾਲੀ ਗੁੱਠ ਵਿਚ ਦੇਗ਼ ਪਈ ਹੁੰਦੀ ਸੀ। ਉਸ ਤੋਂ ਅਗਲੇ ਬੋਰੀ ਵਿੱਛੀ ਹੁੰਦੀ ਸੀ, ਚੁੱਲ੍ਹੇ ਦੇ ਸੱਜੇ ਪਾਸੇ ਤੀਕਰ, ਏਥੇ ਲਕੜਾਂ ਲਈ ਕੋਠਾ ਹੁੰਦਾ ਸੀ। ਬਾਊ ਕੋਠੇ ਦੇ ਅੱਗੇ ਬੋਰੀ ਤੇ ਬਹਿ ਕੇ ਰੋਟੀ ਖਾਣ ਲੱਗ ਪਿਆ। ਅੱਬਾ ਜੀ ਬਾਵਰਚੀ ਖ਼ਾਨੇ ਦੇ ਸਾਹਮਣੇ ਬਾਂਗੀਰੀ ਤੇ ਲੋਈ ਦੀ ਬੁੱਕਲ ਮਾਰੀ ਬਹਿ ਗਏ। ਦੋਵੇਂ ਬਾਜੀਆਂ ਛੋਟੇ ਕਮਰੇ ਚ ਇਕ ਲੈਂਪ ਬਾਲੀ ਬੈਠੀਆਂ ਕੁੱਦ ਕੁੱਦ ਗੱਲਾਂ ਪਈਆਂ ਕਰਦੀਆਂ ਸਨ। ਸਭ ਤੋਂ ਵੱਡਾ ਭਰਾ ਪਤਾ ਨਹੀਂ ਕਿੱਥੇ ਸੀ? ਦੁਪਹਿਰ ਦਾ ਕਿਧਰੇ ਨਿਕਲਿਆ ਹੋਇਆ ਸੀ ਅੱਬਾ ਜੀ ਵਿਹਲੇ ਬੈਠੇ ਉਸੇ ਨੂੰ ਗ਼ੁੱਸੇ ਪਏ ਹੁੰਦੇ ਸਨ। ਮੈਂ ਮਾਂਜੇ ਦੀ ਤੀਲ ਫੜੀ ਦੂਰੋਂ ਆ ਕੇ ਲਾਲਟੈਨ ਦੇ ਸ਼ੀਸ਼ੇ ਤੋਂ ਉਤਲੇ ਟੀਨ ਵਿਚ ਹੋਈਆਂ ਮੋਰੀਆਂ ਵਿਚ ਤੀਲ ਨੂੰ ਵਾੜਣ ਦੀ ਕੋਸ਼ਿਸ਼ ਰਿਦਾ ਤੇ ਨਾਲ ਉੱਚੀ ਰੌਲਾ ਪਾ ਦੇਂਦਾ।

ਚੀਂ ਚੀਂ ਮੇਰਾ ਬੂੰਡਾ ਸੜਿਆ
ਕਿਉਂ ਪਰਾਇਆ ਖਿੱਚੜ ਖਾਧਾ।

ਅੱਬਾ ਜੀ ਅਪਣੀ ਥਾਉਂ ਉੱਠੇ ਤੇ ਓਡੋਲ ਦੋਵਾਂ ਬਾਜੀਆਂ ਨੂੰ ਸੱਦ ਲਿਆਏ। ਉਹ ਬਰਾਂਡੇ ਦੇ ਬੂਹੇ ਵਿਚ ਅੱਬਾ ਜੀ ਦੇ ਨਾਲ ਖਲੋ ਕੇ ਮੈਨੂੰ ਵੇਖਣ ਲੱਗ ਪਈਆਂ। ਅੰਮੀ ਜੀ ਨੇ ਬਾਊ



ਨੂੰ ਹੱਸਣੋਂ ਹੋੜਿਆ ਹੋਇਆ ਸੀ। ਅਖ਼ੀਰ ਭੈਣਾਂ ਤੋਂ ਚੁੱਪ ਨਾ ਰਹਿਆ ਗਿਆ ਉਹਨਾਂ ਅੱਬਾ ਜੀ ਕੋਲੋਂ ਭੱਜ ਕੇ ਆ ਮੈਨੂੰ ਜੱਫੀ ਪਾ ਲਈ ਮੇਰਾ ਮੂੰਹ ਸਿਰ ਚੁੰਮਣ ਲੱਗ ਪਈਆਂ।

ਉਹ ਮੈਨੂੰ ਚੁੱਕ ਕੇ ਖਲੋ ਗਈਆਂ ਅੱਬਾ ਜੀ ਵੀ ਹੱਸਦੇ ਪਏ ਸਨ। ਅੰਮੀ ਜੀ ਤੇ ਬਾਊ ਵੀ। ਅੱਬਾ ਜੀ ਦੱਸਦੇ ਪਏ ਸਨ ਮੇਰੇ ਅੰਮੀ ਜੀ ਨੂੰ, ਚਾਚੇ ਨੇ ਐਵੇਂ ਨਹੀਂ ਛੱਤ ਤੇ ਬਨ੍ਹੇਰੇ ਪਾਣ ਨੂੰ ਆਖਿਆ ਸੀ।

****

ਉਸ ਦਿਨ ਅੰਮੀ ਜੀ ਨੇ ਮੈਨੂੰ ਸਾਰਾ ਦਿਨ ਨਹੀਂ ਸੀ ਘਰੋਂ ਨਿਕਲਣ ਦਿੱਤਾ। ਬਸ ਬੂਹੇ ਅੱਗੇ ਈ ਰਹਿੰਦਾ ਹੁੰਦਾ ਸੀ। ਅੰਮੀ ਪਰਦੇ ਪਿੱਛਿਓਂ ਨਜ਼ਰ ਰੱਖਦੇ ਸਨ ਮੇਰੇ 'ਤੇ। ਦੂਜੇ ਦਿਨ ਬਾਹਰ ਨਿਕਲਿਆ ਤੇ ਝਟਪਟ ਅੰਦਰ ਜਾ ਵੜਿਆ।

ਅੰਮਾਂ ਦੇ ਬੂਹੇ ਅੱਗੇ ਕਬਰ ਨਿਕਲੀ ਹੋਈ ਸੀ।

ਮੈਂ ਅੰਮੀ ਨੂੰ ਦੱਸਿਆ ਉੱਥੋਂ ਪਰਾਂਹ ਕਬਰਾਂ ਵਿਚੋਂ ਟੁਰ ਕੇ ਇਹ ਕਬਰ ਸਾਡੇ ਬੂਹੇ ਅੱਗੇ ਆ ਗਈ ਏ। ਅੰਮੀ ਠੱਠੀ ਵਾਲੇ ਈਸਾਈਆਂ ਨੂੰ ਮੰਦਾ-ਚੰਗਾ ਬੋਲਦੀ ਰਹੇ, ਇਹਨਾਂ ਬਹਾਨੇ ਅਸਾਂ ਦੀਆਂ ਅਪਣੀਆਂ ਕਬਰਾਂ 'ਤੇ ਆ ਘਰ ਪਾਏ ਨੇ।

ਫੇਰ ਇਹ ਕਬਰ ਹੌਲੀ ਹੌਲੀ ਆਪ ਈ ਅਲੋਪ ਹੁੰਦੀ ਗਈ।

****

ਸਿਆਲ ਈ ਸਨ। ਰਾਤ ਦਾ ਮੀਂਹ ਪੈਂਦਾ ਸੀ ਪਿਆ। ਅੰਮੀ ਕਿਧਰੇ ਰਾਤ ਸਮੇਂ ਹੀ ਬਾਹਰ ਵਿਹੜਿਓਂ ਹੋ ਆਏ ਸਨ। ਅੰਮੀ ਵੁਜ਼ੂ ਕਰਨ ਗਏ ਤੇ ਮੈਂ ਵੀ ਬਿਸਤਰੇ ਵਿਚ ਉੱਠ ਕੇ ਬਹਿ ਗਿਆ। ਸਿਰਜਾਣੇ ਪਈ ਤੀਲੀ ਮੋਮਬੱਤੀ ਬਾਲ ਕੇ ਮੈਂ ਕਿਤਾਬ ਵੇਖਣ ਲੱਗ ਪਿਆ। ਮੋਢਿਆਂ ਤੀਕਰ ਲੇਫ਼ ਲੈ ਕੇ।

ਮੀਂਹ ਬੜੇ ਜ਼ੋਰ ਦਾ ਪੈਂਦਾ ਸੀ ਪਿਆ। ਅੰਮੀ ਨਿਮਾਜ਼ ਪੜ੍ਹ ਕੇ ਫੇਰ ਮੇਰੇ ਨਾਲ ਬਿਸਤਰੇ ਚ ਲੰਮੇ ਪੈ ਗਏ। "ਯਾ ਰੱਬਾ ਖ਼ੈਰ ਰੱਖੀਂ। ਇਹ ਤੇ ਕੋਹਮਕਾਂ ਦਾ ਮੀਂਹ ਪੈਂਦਾ ਪਿਆ ਏ। ਕੱਚੇ ਕੋਠੇ ਨੇ ਛੱਤਾਂ ਨਾ ਚੋ ਪੈਣ। ਕਿਧਰੇ!"

ਮੇਰੇ ਦਿਲ ਵਿਚ ਚਿੰਤਾ ਜਾਗ ਪਈ। ਅੰਮੀ ਮੇਰੇ ਬਿਸਤਰੇ ਚੋਂ ਨਿਕਲ ਕੇ ਬਰਾਂਡੇ ਵਿਚ ਮੰਜੀ ਤੇ ਜਾ ਬੈਠੇ ਗਰਮ ਕੰਬਲ ਦੀ ਬੁੱਕਲ ਮਾਰ ਕੇ ਦੋਵਾਂ ਕੋਠਿਆਂ ਦੀਆਂ ਛੱਤਾਂ ਦੀ ਕੈੜ ਲੈਂਦੇ। ਇਕ ਵਾਰ ਲਾਲਟੈਨ ਬਾਲ ਕੇ ਦੋਵਾਂ ਅੰਦਰਾਂ ਦੀ ਜੈੜ ਵੀ ਲੈ ਆਏ। ਮੈਂ ਵੀ ਏਨਾ ਨਿੱਕਾ ਜਿਹਾ ਕੋਟ ਗਲ਼ ਪਾ ਕੇ ਅੰਮੀ ਕੋਲ ਬਰਾਂਡੇ ਵਿਚ ਜਾ ਬੈਠਿਆ। ਉਹਨਾਂ ਮੈਨੂੰ ਵੀ ਕੰਬਲ ਵਿਚ ਵਾੜ ਲਿਆ। ਮੀਂਹ ਦਾ ਕੋਈ ਰੌਲਾ ਸੀ। ਅੰਮੀ ਘੜੀ ਮੁੜੀ ਆਖਦੇ ਪਏ ਸਨ, ਅੱਜ ਤੇ ਬਦਲਾਂ ਦੇ ਪੜ ਪਾਟ ਗਏ ਨੇ। ਇੰਜ ਤੇ ਬੱਦਲ ਪਾਕਿਸਤਾਨ ਬਣਨ ਵੇਲੇ ਵੱਸੇ ਸਨ। ਰੱਬਾ ਖ਼ੈਰ ਰੱਖੀਂ। ਫੇਰ ਚੁਪ ਹੋ ਗਏ। ਮੈਂ ਕੁਝ ਬੋਲਣ ਲੱਗਾ ਤੇ ਇਕਦਮ ਹੱਥ ਨਾਲ ਚੁੱਪ ਰਹਿਣ ਦਾ ਇਸ਼ਾਰਾ ਕੀਤੋ ਨੇਂ, "ਊਂ ਬਹੁੰ ਚੁੱਪ ਕਰ ਸੁਣਨ ਦੇ।" ਮੈਂ ਚੁੱਪ ਕਰ ਗਿਆ। ਕੋਠਿਆਂ ਕੰਧਾਂ ਤੇ ਜ਼ਮੀਨ ਵਿਚ ਲੱਥੀ ਜਾਂਦੀ ਊ ਭਾਰੀ ਇਕਾ ਵਾਜ, ਉੱਤੋਂ ਲੱਫਾਂ ਵਾਂਕਣ ਫਾਂਡਾ।

"ਇਹ ਕਿਸੇ ਤੇ ਡਿੱਗੀ ਊ ਛੱਤ ਕੋਈ।" ਮੇਰੇ ਕੰਨਾਂ ਵਿਚ ਰੋਣ ਚੀਕਣ ਦੀ ਵਾਜ ਆਉਣ ਲੱਗ ਪਈ। "ਬਚਾਓ ਮੈਨੂੰ ਆਓ ਮੈਂ ਛੱਤ ਥੱਲੇ ਆ ਗਿਆ ਜੇ। ਆਓ ਮੈਨੂੰ ਬਚਾਓ ਓ ਰੱਬ ਦੇ ਵਾਸਤੇ।" ਮੀਂਹ ਵਿਚ ਲੋਕਾਂ ਦੀਆਂ ਵਾਜਾਂ ਰਲ਼ ਪਈਆਂ, ਹਾਲ ਪਾਂਦਿਆਂ ਫੇਰ ਵੀ ਹੁੰਦੀ ਰਹੀ।

****

ਮਗਦਮ ਖੇਡਦਿਆਂ ਨਾਲ ਕੱਸਿਆ ਤੁੱਸਿਆ ਸਿਰ ਉੱਤੇ ਗਦਮ ਟੋਪੀ। ਅਪਣੇ ਬਜ਼ਾਰ ਵਿਚੋਂ ਸੜਕੇ ਸੜਕ ਮੈਂ ਟੁਰਿਆ ਜਾਂਦਾ ਰਿਹਾ। ਖੱਬੇ ਗੰਦੇ ਨਾਲੇ ਦੇ ਨਾਲ ਨਾਲ ਅੱਗੇ ਸਿੱਧੇ ਹੱਥ ਬਿਨਾਂ ਮੁੜਿਆਂ। ਬੜਾ ਚੰਗਾ ਲੱਗਦਾ ਪਿਆ ਸੀ। ਸ਼ੁਰੂ ਹੋਇਆ ਪਿਆ ਵੱਡਾ ਬਜ਼ਾਰ। ਲੋਕੀ ਵੱਖ-ਵੱਖ ਆਹਰਾਂ ਵਿਚ ਜੁੜੇ ਸਨ। ਕੋਈ ਖਲੋ ਕੇ ਸਿਗਰਟ ਪੀਂਦੇ ਆਪੂ ਵਿਚ ਹੱਸ ਗੱਲਾਂ ਕਰਦੇ ਹੋਣ। ਕਈ ਪਾਨ ਲੈਂਦੇ ਸਨ ਪਏ ਤੇ ਕੋਈ ਕੋਈ ਫਾਲ ਫਰੋਟ। ਮੇਰੇ ਅੱਬਾ ਜੀ ਵੀ ਉੱਥੇ ਖਲੋਤੇ ਸਨ ਗੱਲਾਂ ਵਾਲੀ ਇਕ ਮੰਡਲੀ ਵਿਚ।

ਮੈਂ ਜਿਸ ਵੇਲੇ ਉਹਨਾਂ ਦੀਆਂ ਲੱਤਾਂ ਨੂੰ ਜਾ ਚਿੰਬੜਿਆ ਤੇ ਉਹਨਾਂ ਥੱਲੇ ਨਿਗਾਹ ਪਾਈ ਤਾਂ ਇਕਦਮ ਉੱਚੀ ਸਾਰੀ, 'ਓ ਤੇਰੀ ਉਏ ਕਾਲੂਆ।' ਮੈਨੂੰ ਉਸੇ ਵੇਲੇ ਕੁੱਛੜ ਚੁੱਕ ਲਿਓ ਨੇਂ। 'ਏਡੀ ਦੂਰ ਕਾਲਾ ਆ ਗਿਆ ਏਂ!'

ਮੈਨੂੰ ਮੋਢਿਆਂ ਉੱਤੇ ਬਹਾ ਕੇ ਉਹ ਮੰਡਲੀ ਵਿਚੋਂ ਘਰ ਨੂੰ ਟੁਰ ਪਏ। ਘਰ ਅਪੜਦਿਆਂ ਉਹਨਾਂ ਖੱਪ ਪਾ ਦਿੱਤੀ। ਮੇਰੀ ਮਾਂ ਨੂੰ ਥੋੜ੍ਹਾ ਗੁੱਸੇ ਹੁੰਦੇ ਬੋਲੇ, "ਇਹਦਾ ਧਿਆਨ ਕਰੋ, ਅੱਜ ਇਹਨੇ ਗਵਾਚ ਜਾਣਾ ਸੀ । ਉਹ ਤੇ ਅਚਾਨਕ ਮੈਂ ਇਹਨੂੰ ਦਿਸ ਪਿਆ। ਥੋੜ੍ਹਾ ਹੋਰ ਚਿਰਕਾ ਹੋ ਜਾਂਦਾ ਇਹ ਤੇ ਮੈਂ ਉੱਥੋਂ ਨਿਕਲ ਪੈਣਾ ਸੀ।" ਮਾਂ ਹੋਰੀਂ ਤੇ ਮੇਰੇ ਤੋਂ ਮਿਰਚਾਂ ਵਾਰ-ਵਾਰ ਸੁੱਟਦੇ ਨਾ ਥੱਕਣ।

****

ਅੰਮਾਂ, ਅੱਬਾ ਦਾ ਕਿਰਾਏਦਾਰ ਆਇਆ। ਉਨ੍ਹਾਂ ਦੇ ਘਰ ਵਿੱਚ ਤਿੰਨ ਵੱਡੇ ਕੋਠੇ ਸਨ। ਅੰਮਾਂ ਅਤੇ ਅੱਬਾ ਇੱਕ ਵਿੱਚ ਰਹਿੰਦੇ ਸਨ। ਦੋ ਅਕਸਰ ਕਿਰਾਏ ਤੇ ਚੜ੍ਹਦੇ। ਜਦੋਂ ਇਹ ਖਾਲੀ ਹੁੰਦਾ, ਅੰਮਾਂ ਮੇਰੀ ਮਾਂ ਨੂੰ ਦੱਸਦੇ ਰਹਿੰਦੇ। ਅੰਮਾਂ ਮੇਰੀ ਨਾਨੀ ਬੇਬੇ ਸਨ ਤੇ ਬਾਬਾ ਮੇਰੇ ਨਾਨਾ ਅੱਬਾ ਜੀ। ਮੈਨੂੰ ਇਹ ਬੜਾ ਈ ਖਿਡਾਂਦੇ ਹੁੰਦੇ ਸਨ। ਇਕ ਦਿਨ ਅੰਮਾਂ ਤੇ ਬਾਬੇ ਹੋਰਾਂ ਦੇ ਘਰ ਕਿਰਾਏਦਾਰ ਆ ਗਿਆ।

ਇਹ ਵੀ ਡਾਕਖ਼ਾਨੇ ਵਿਚ ਕੰਮ ਕਰਦਾ ਸੀ। ਅਖੇ ਜੀ ਇਹ ਵਿਲੇਜ ਪੋਸਟਮੈਨ ਏ। ਪਿੰਡਾਂ ਵਿਚ ਜਾਂਦਾ ਏ, ਮਨੀ ਅਰਡਰ ਲੈ ਕੇ, ਥੱਬਾ ਥੱਬਾ ਪੈਸੇ ਹੁੰਦੇ ਨੇ ਇਹਦੇ ਕੋਲ। ਪੱਕ ਇਹਦੇ ਨਾਲ ਇਹਦੇ ਕੋਈ ਦਫ਼ ਵੀ ਹੋਣਾ ਏ।

"ਪਸਤੌਲ, ਬੰਦੂਕ?"

"ਨਹੀਂ, ਤਲਵਾਰ ਹੋਏਗੀ ਸੀ।" ਅੱਬਾ ਜੀ ਮੇਰੀ ਤੇ ਅੰਮਾਂ ਨੂੰ ਦੱਸਦੇ ਪਏ ਸਨ।

"ਇਹ ਤੇ ਚੰਗਾ ਏ ਫੇਰ। ਅੰਮਾਂ ਤੇ ਚਾਚਾ ਕੱਲੇ ਹੁੰਦੇ ਨੇ। ਅੱਗੇ ਸਾਰਾ ਉਜਾੜ ਬਿਆ ਏ।" ਅੰਮੀ ਕਹਿਣ ਲੱਗ ਪਏ।

"ਇਹੋ ਸੋਚ ਕੇ ਇਹਨੂੰ ਕਿਰਾਏਦਾਰ ਰੱਖਿਆ ਏ।" ਅੱਬਾ ਜੀ ਨੇ ਗੱਲ ਕੁੰਜ ਲਿਤੀ। ਮੈਨੂੰ ਤਲਵਾਰ ਵਾਲੀ ਗੱਲ ਪਚੇ ਨਾ। ਸਾਰੀ ਰਾਤ ਮੈਂ ਅੰਮਾਂ ਕੋਲ ਪਿਆ ਪਾਸੇ ਮਾਰਦਾ ਰਹਿਆ। ਸਵੇਰੇ ਅਜੇ ਦਿਨ ਪੂਰਾ ਨਹੀਂ ਸੀ ਚੜ੍ਹਿਆ ਜੋ ਮੈਂ ਬਿਸਤਰੇ ਚੋਂ ਨਿਕਲ ਕੇ ਬਾਹਰ ਨੂੰ ਖਿਸਕ ਗਿਆ।

ਅੰਮਾਂ ਹੋਰਾਂ ਦਾ ਬਾਹਰ ਦਾ ਬੂਹਾ ਖੁੱਲ੍ਹਾ ਸੀ। ਅੱਗੇ ਸਾਂਝਾ ਬੂਹਾ ਹੁੰਦਾ ਸੀ ਕਿਰਾਏ ਵਾਲੇ ਪਾਸੇ ਕਮਲੇ ਦਾ। ਕਪਾਟ ਮਿਲੇ ਹੋਏ ਸਨ। ਮੈਂ ਝੀਥ 'ਚੋਂ ਝਾਕਿਆ। ਲਾਲਟੈਨ ਪਈ ਸੀ ਤੇ ਕੋਈ ਬੰਦਾ ਸਿਰ ਤੇ ਕੱਪੜਾ ਰੱਖੀ ਕੁਰਾਨ ਸ਼ਰੀਫ਼ ਪੜ੍ਹਦਾ ਪਿਆ ਸੀ। ਮੇਰੇ ਵੇਖਦਿਆਂ ਵੇਖਦਿਆਂ ਉਹਨੇ ਕੁਰਾਨ ਬੰਦ ਕੀਤਾ ਤੇ ਹੱਥ ਚੁੱਕੇ ਕੇ ਦੁਆ ਮੰਗਣ ਲੱਗ ਪਿਆ। ਮੈਂ ਛੇਤੀ ਨਾਲ ਉੱਥੋਂ ਹਿਲ ਕੇ



ਅੰਮਾਂ ਦੇ ਕੋਠੇ ਵਿਚ ਚਲਾ ਗਿਆ। ਜਾਂਦਿਆਂ ਜਾਂਦਿਆਂ ਈ ਮੈਨੂੰ ਖ਼ਿਆਲ ਆਇਆ। ਅੰਮਾਂ ਹੋਰਾਂ ਦਾ ਅਜੇ ਵੀ ਇਕ ਕੋਠਾ ਕਿਰਾਏ ਤੇ ਚੜ੍ਹਣ ਵਾਲਾ ਸੀ। ਅੰਮਾਂ ਦਾ ਬੂਹਾ ਹੌਲੀ ਜਿਹੀ ਖੋਲ੍ਹ ਕੇ ਅੰਦਰ ਵੜਿਆ। ਅੰਮਾਂ ਚਾਹ ਦਾ ਬਗ਼ੌਰਾ ਫੜੀ ਉਹਦੇ ਵਿਚ ਪਾਪਾ ਡੋਬਦੀ ਪਈ ਸੀ। ਬਾਬਾ ਅਜੇ ਸੁੱਤਾ ਹੋਇਆ ਸੀ। ਅੰਮਾਂ ਮੈਨੂੰ ਝੋਲੀ 'ਚ ਬਹਾਨਾ ਚਾਹੁੰਦੀ ਸੀ। ਮੈਂ ਝੋਲੀ ਚੜ੍ਹਣ ਦੀ ਥਾਂ ਖਲੋਤਾ ਹੋਇਆ ਸਾਂ। ਬੂਹਾ ਮੇਲ ਕੇ ਮੈਂ ਫੇਰ ਕਿਰਾਏਦਾਰ ਦੇ ਬੂਹੇ ਵੱਲ ਵਧਿਆ। ਉਹਦਾ ਬੂਹਾ ਖੁੱਲ੍ਹਾ ਹੋਇਆ ਸੀ ਤੇ ਉਹ ਮੰਜੀ ਤੇ ਬੈਠਾ ਕੁਝ ਖਾਂਦਾ ਪਿਆ ਸੀ। ਮੈਨੂੰ ਵੇਖ ਕੇ ਉਹਨੇ ਅਪਣੇ ਵੱਲ ਆਉਣ ਦਾ ਇਸ਼ਾਰਾ ਕੀਤਾ। ਮੈਂ ਸੰਗਦਾ ਹੋਇਆ ਪਿੱਛੇ ਦੌੜ ਗਿਆ।

ਇਕ ਦਿਨ ਅੱਬਾ ਜੀ ਨੇ ਉਹਦੇ ਨਾਲ ਮਿਲਾ ਈ ਦਿੱਤਾ ਮੈਨੂੰ।

"ਆਰਿਫ਼ ਇਹ ਨਿੱਕਾ ਜਿਹਾ ਬੰਦਾ ਤੈਨੂੰ ਬੜਾ ਮਿਲਣਾ ਚਾਹੰਦਾ ਏ।"

ਆਰਿਫ਼ ਨੇ ਛੇਤੀ ਨਾਲ ਅੱਗੇ ਵਧ ਕੇ ਮੈਨੂੰ ਚੁੱਕ ਲਿਆ।

ਇਕ ਦਿਨ ਅੱਬਾ ਜੀ ਉਹਦੇ ਨਾਲ ਮਿਵਾਹਸੀ ਜਾਂਦਾ ਸੀ। ਅੱਬਾ ਜੀ ਮੈਨੂੰ ਉਹਦੇ ਕੁੱਛੜ ਚੜ੍ਹੇ ਨੂੰ ਇਹ ਆਖਦੇ ਟੁਰ ਗਏ।

"ਇਹ ਬੁਲਬੁਲ ਹਜ਼ਾਰ ਦਾਸਤਾਨ ਈ ਸਾਡੇ ਘਰ ਦੀ।"

ਆਰਿਫ਼ ਉੱਚੀ ਹੱਸਿਆ ਤੇ ਉਹਨੇ ਮੈਨੂੰ ਛਾਤੀ ਨਾਲ ਘੁੱਟ ਲਿਆ।

"ਕੀ ਨਾਂ ਏ?"

"ਮਕਸੂਦ। ਅੰਮੀ ਮੈਨੂੰ ਸੋਹਦੋ ਆਖਦੇ ਨੇਂ।"

ਆਰਿਫ਼ ਹੋਰ ਉੱਚੀ ਹੱਸਿਆ ਤੇ ਉਹਦੇ ਕੁੱਛੜੋਂ ਲਹਿ ਕੇ ਮੈਂ ਉਹਦੇ ਕਮਰੇ ਦੀ ਤਲਾਸ਼ੀ ਲੈਣ ਨੂੰ ਉਤਾਵਲਾ ਸਾਂ। ਉਹਨੇ ਮੈਨੂੰ ਛੱਡ ਦਿੱਤਾ ਤੇ ਉਹ ਇਕ ਕਾਪੀ ਕੱਢ ਕੇ ਉਹਦੇ ਵਿਚ ਕੁਝ ਲਿਖਣ ਲੱਗ ਪਿਆ। ਮੈਂ ਕਮਰੇ ਵਿਚ ਭੌਂਦਾ ਪਿਆ ਸਾਂ ਕਦੀਂ ਕਦਾਈਂ ਆਰਿਫ਼ ਵੱਲ ਵੇਖਦਾ ਤੇ ਕਈਂ ਉਹਦੀਆਂ ਸ਼ੈਵਾਂ ਨੂੰ ਉਂਗਲ ਨਾਲ ਛੂੰਹਦਾ ਜਾਂਦਾ ਸਾਂ। ਸ਼ੈਵਾਂ ਕੀ ਸਨ! ਆਲੇ ਵਿਚ ਕੰਘੀ ਸ਼ੀਸ਼ਾ ਸੀ। ਦਵਾਈਆਂ ਦੀਆਂ ਇਕ ਦੋ ਸ਼ੀਸ਼ੀਆਂ ਸਨ। ਜੁੱਤੀ ਦਾ ਜੋੜਾ ਸੀ। ਤਿੰਨ ਚਾਰ ਕਿਤਾਬਾਂ ਸਨ। ਇਕ ਵਰਦੀ ਉਹਨੇ ਪਾਈ ਹੋਈ ਸੀ। ਇਕ ਉਹਨੇ ਸੰਦੂਕ ਉੱਤੇ ਧਰੀ ਹੋਈ ਸੀ। ਕੰਧ ਉੱਤੇ ਇਕ ਵੱਡਾ ਸਾਰਾ ਡਾਕ ਥੈਲਾ ਟੰਗਿਆ ਹੋਇਆ ਸੀ। ਉਹਦੇ ਕੁੰਡੇ ਪਿੱਤਲ ਦੇ ਸਨ। ਮੇਰਾ ਦਿਲ ਕਰੇ ਉਹਦੇ ਵਿਚੋਂ ਸਾਰੀਆਂ ਸ਼ੈਵਾਂ ਇਕ ਵਾਰ ਕੱਢ ਕੇ ਬਾਹਰ ਢੇਰ ਲਾ ਦਿਆਂ ਤੇ ਮੁੜ ਕੇ ਇਕ ਇਕ ਸ਼ੈ ਨੂੰ ਅਪਣੇ ਅੰਦਰ ਧਰਦਾ ਜਾਵਾਂ।

ਨਸੀਮ ਮੇਰਾ ਵੱਡਾ ਭਰਾ ਆ ਗਿਆ ਸੀ। ਆਰਿਫ਼ ਨਾਲ ਬਹਿ ਕੇ ਉਹ ਮੈਨੂੰ ਘਰ ਲਿਜਾਣ ਲਈ ਪਿਆਰ ਨਾਲ ਬੁਲਾਣ ਲੱਗਾ। "ਸੋਹਦੂ ਆ ਜਾ ਚੱਲੀਏ। ਕੀ ਹੱਥ ਘੋਲੇ ਲੈਂਦਾ ਪਿਆ ਏਂ ਤੂੰ।"

ਕੁਝ ਬੋਲੇ ਬਿਨਾਂ ਮੇਰੇ ਹੱਥ ਝਵੱਲੇ ਝਵੱਲੇ ਚੱਲਣ ਲੱਗ ਪਏ।

ਸਾਰੀਆ ਸ਼ੈਵਾਂ ਮੈਂ ਇਕ ਵਾਰੀ ਫੇਰ ਉਂਗਲ ਲਾ ਲਾ ਵੇਖੀਆਂ।

"ਏਧਰ ਐਵੇਂ ਨਾ ਛਬਿਆ, ਕੀ ਲੱਭਦਾ ਪਿਆ ਏਂ ਮੈਨੂੰ ਦੱਸ।" ਨਸੀਮ ਮੇਰੇ ਮੂੰਹ ਨਾਲ ਆ ਕੰਨ ਲਾਇਆ ਸੀ ਤੇ ਮੇਰੇ ਮੂੰਹੋਂ ਜਿਹੜੀ ਸ਼ੈ ਮੈਂ ਲੱਭਦਾ ਪਿਆ ਸਾਂ ਉਹਦਾ ਨਾਂ ਨਿਕਲ ਗਿਆ। ਉਹਨੇ ਮੈਨੂੰ ਧੱਕੇ ਨਾਲ ਚੁੱਕ ਲਿਆ। "ਆਰਿਫ਼ ਯਾਰ ਉਹ ਕੱਢੀਂ ਨਾ।" ਉਹ ਹੈਰਾਨ ਹੋ ਗਿਆ।

"ਇਹ ਉਹ ਪਿਆ ਲੱਭਦਾ ਈ। ਉਹ ਝੋਲਾ ਖੋਲ੍ਹ ਕੇ ਕੱਢੀਂ ਨਾ ਜ਼ਰਾ।"

ਆਰਿਫ਼ ਨੇ ਕੰਧ ਨਾਲੋਂ ਝੋਲਾ ਲਾਹ ਲਿਆ। ਤੇ ਫੇਰ ਲਿੱਸੀ ਜਿਹੀ ਸ਼ੈ ਕੱਢੀਓ ਸੁ ਲੋਹੇ ਦੀ। ਪਿੱਛੇ ਮੁੱਠ ਬਣੀ ਹੋਵੇ ਉਹਨੇ ਉਹਨੂੰ ਫੜ ਕੇ ਖਿੱਚਿਆ। ਇਹ ਤਲਵਾਰ ਸੀ। ਮੇਰਾ ਦਿਲ ਧੜਕਣ ਲੱਗ ਪਿਆ। ਮੇਰਾ ਦਿਲ ਕੀਤਾ ਨਸੀਮ ਦੇ ਕੁੱਛੜੋਂ ਉਤਰ ਕੇ ਘਰ ਨੂੰ ਜਾਵਾਂ ਛੇਤੀ ਨਾਲ। ਆਰਿਫ਼ ਨੇੜਿਓਂ ਤਲਵਾਰ ਵਿਖਾਣ ਲਈ ਸਾਡੇ ਵੱਲ ਉਲਰਿਆ। ਮੈਂ ਛੇਤੀ ਨਾਲ ਨਸੀਮ ਦੇ ਗਲ਼ ਚਿੰਬੜ ਕੇ ਅੱਖਾਂ ਮੀਟ ਲਈਆਂ। ਦਿਲ ਮੇਰਾ ਟਿਕਦਾ ਈ ਨਹੀਂ ਪਿਆ।

**-ਲਿਪੀਅੰਤਰ: ਹਰਬੰਸ ਸਿੰਘ ਧੀਮਾਨ**

---

**ਪੰਨਾ ਨੰ. 51 ਦਾ ਬਾਕੀ**

ਸਮੇਂ ਦੇ ਬਦਲਣ ਨਾਲ ਕੁਝ ਤਾਂ ਬਦਲਣਾ ਹੀ ਸੀ ਪਰ ਹਲਕਾ ਜਿਹਾ ਦੁੱਖ ਹੈ ਕਿ ਇਹ ਜ਼ਰਾ ਕੁ ਗਲਤ ਦਿਸ਼ਾ ਵੱਲ ਬਦਲ ਰਿਹਾ ਹੈ। ਕੁਝ ਸਮਾਂ ਪਾ ਕੇ ਇਹ ਗਲਤ ਹੀ ਸਹੀ ਲੱਗਣ ਲੱਗ ਪਵੇਗਾ। ਜਿਹੜੀਆਂ ਪੀੜ੍ਹੀਆਂ ਇਸ ਸਥਿਤੀ ਵਿੱਚ ਪ੍ਰਫੁੱਲਤ ਹੋਣਗੀਆਂ ਉਹਨਾਂ ਨੂੰ ਇਹ ਹੀ ਦਰੁੱਸਤ ਲੱਗੇਗਾ।

ਮੇਰੇ ਹਿੱਸੇ ਦੇ ਸਮੇਂ ਵਿੱਚ ਇਕ ਹੋਰ ਵਧੀਆ ਘਟਨਾ ਘਟਦੀ ਹੈ, ਉਹ ਹੈ 'ਸ਼ਬਦ' ਦੀ ਸ਼ੁਰੂਆਤ। ਮੈਨੂੰ ਪਰਚਾ ਕੱਢਣ ਦਾ ਬਹੁਤ ਚਾਅ ਸੀ, ਜਦ ਪਤਾ ਲੱਗਾ ਕਿ ਪਰਚਾ ਕੱਢਣਾ ਤਾਂ ਬਹੁਤ ਹੀ ਔਖਾ ਕੰਮ ਹੈ ਤਾਂ ਮੇਰੀ ਹੋਸ਼ ਟਿਕਾਣੇ ਆਉਣ ਲੱਗੀ। ਪਰਚੇ ਦਾ ਬਹੁਤਾ ਭਾਰ ਜਿੰਦਰ ਦੇ ਮੋਢਿਆਂ 'ਤੇ ਹੀ ਰਿਹਾ। ਹਾਂ, ਸ਼ਬਦ ਦੀ ਸਾਹਿਤ ਵਿੱਚ ਹੋਂਦ ਦਾ ਅਨੰਦ ਮੈਂ ਵੀ ਪੂਰੀ ਤਰ੍ਹਾਂ ਮਾਣਿਆਂ ਹੈ। ਜਦ ਸ਼ਬਦ ਸ਼ੁਰੂ ਹੋਇਆ ਸੀ ਉਦੋਂ ਸਿਰਜਣਾ, ਕਹਾਣੀ ਪੰਜਾਬ, ਲਕੀਰ, ਆਰਸੀ ਵਰਗੇ ਵੱਡੇ ਪਰਚੇ ਸਨ। ਜਦ ਤੁਹਾਡੇ ਪਰਿਵਾਰ ਦੇ ਜੀਅ ਵੱਡੇ ਕੱਦ ਵਾਲੇ ਹੋਣ ਤਾਂ ਤੁਹਾਡਾ ਕੱਦ ਵੀ ਵੱਡਾ ਹੀ ਹੁੰਦਾ ਹੈ ਪਰ ਅੱਜ ਪਹਿਲਾਂ ਜਿਹੇ ਨਾ ਸੰਪਾਦਕ ਰਹੇ ਹਨ ਤੇ ਨਾ ਹੀ ਪਰਚੇ। ਪਹਿਲੇ ਪਰਚਿਆਂ ਵਿੱਚੋਂ ਸਿਰਜਣਾ ਹਾਲੇ ਵੀ ਨਿਕਲ ਰਿਹਾ ਹੈ ਪਰ ਪਹਿਲਾਂ ਵਾਲੀਆਂ ਗੱਲਾਂ ਨਹੀਂ ਹਨ, ਹੋ ਵੀ ਕਿਵੇਂ ਸਕਦੀਆਂ ਹਨ, ਸਭ ਸਮੇਂ ਦੇ ਅਧੀਨ ਬਦਲਦਾ ਰਹਿੰਦਾ ਹੈ।

ਸਮਾਂ ਤੇ ਮੈਂ ਨਾਲ ਨਾਲ ਹੀ ਚੱਲ ਰਹੇ ਹਾਂ। ਜਿਵੇਂ ਮੈਂ ਅਚਾਨਕ ਸਮੇਂ ਨਾਲ ਆ ਰਲ਼ਿਆ ਸਾਂ ਇਵੇਂ ਹੀ ਇਕ ਮੋੜ 'ਤੇ ਆ ਕੇ ਸਮੇਂ ਨੇ ਸਿੱਧਾ ਅੱਗੇ ਲੰਘ ਜਾਣਾ ਹੈ ਤੇ ਮੈਂ ਇਕ ਪਾਸੇ ਰੁਕ ਜਾਣਾ ਹੈ। ਮੈਂ ਮੁੜ ਉਸੇ ਕੁਦਰਤ ਵਿੱਚ ਮਿਲ ਜਾਣਾ ਹੈ ਜਿਸ ਦਾ ਮੈਂ ਇਕ ਜ਼ਰਾ, ਇਕ ਹਿੱਸਾ ਹਾਂ। ਸਮਾਂ ਬਲਵਾਨ ਹੈ। ਇਸ ਨੇ ਚਲਦੇ ਰਹਿਣਾ ਹੈ ਤੇ ਮੇਰੇ ਵਰਗੇ ਹੋਰ ਕਿੰਨਿਆਂ ਨੇ ਇਸ ਦੀ ਬੁੱਕਲ ਵਿੱਚ ਖੇਡਣ ਲਈ ਆਉਂਦੇ ਜਾਂਦੇ ਰਹਿਣਾ ਹੈ।



## ਸਮਾਂ ਬੜਾ ਬਲਵਾਨ !/ਹਰਜੀਤ ਅਟਵਾਲ

ਬਹੁਤ ਸਾਲ ਪਹਿਲਾਂ ਮਸ਼ਹੂਰ ਮੈਗਜ਼ੀਨ 'ਟਾਈਮਜ਼' ਵਿੱਚ ਕਿਸੇ ਨੇ ਸਮੇਂ ਦਾ ਕਾਰਟੂਨ ਛਾਪਿਆ ਸੀ, ਇਕ ਗੰਜਾ ਸਿਰ ਜਿਸ ਦੇ ਸਿਰ ਦੇ ਮੂਹਰੇ ਕੁਝ ਵਾਲ ਸਨ ਤੇ ਲਿਖਿਆ ਸੀ ਕਿ ਸਮੇਂ ਨੂੰ ਜੇ ਤੁਸੀਂ ਮੂਹਰਿਓਂ ਫੜ ਸਕੋਂ ਤਾਂ ਭਾਵੇਂ ਫੜ ਲਵੋਂ ਨਹੀਂ ਤਾਂ ਇਹ ਹੱਥ ਨਹੀਂ ਆਉਂਦਾ। ਇਹ ਸੱਚ ਹੈ ਕਿ ਸਮਾਂ ਸਹਿਜੇ ਕੀਤੇ ਹੱਥ ਆਉਣ ਵਾਲੀ ਸ਼ੈਅ ਨਹੀਂ ਹੈ।

ਸਮਾਂ ਨਿਰੰਤਰ ਚਲਦਾ ਹੈ ਤੇ ਸਦਾ ਬਦਲਦਾ ਰਹਿੰਦਾ ਹੈ। ਆਉਣ ਵਾਲਾ ਕੱਲ ਬੀਤੇ ਕੱਲ ਵਰਗਾ ਨਹੀਂ ਹੋਵੇਗਾ ਤੇ ਨਾ ਹੀ ਅੱਜ ਵਰਗਾ। ਮਨੁੱਖ ਦੇ ਇਤਿਹਾਸ ਵਿੱਚ ਬਹੁਤ ਸਾਰੀਆਂ ਕਾਢਾਂ ਆਈਆਂ ਜਿਹਨਾਂ ਨੇ ਸਮੇਂ ਵਿੱਚ ਤਬਦੀਲੀ ਲਿਆਂਦੀ। ਰੇਲ ਆਈ, ਹਵਾਈ ਜਹਾਜ਼ ਆਇਆ। ਆਵਾਜਾਈ ਦੇ ਹੋਰ ਸਾਧਨ ਆਏ ਜਿਹਨਾਂ ਨਾਲ ਇਨਸਾਨ ਦੀ ਜ਼ਿੰਦਗੀ ਬਦਲੀ। ਸਮਾਂ ਦੀ ਵਰਤੋਂ ਦੇ ਢੰਗ ਬਦਲੇ। ਮੈਂ ਸਮਝਦਾ ਹਾਂ ਕਿ ਮੇਰੀ ਪੀੜ੍ਹਆਂ ਦੇ ਲੋਕਾਂ ਦਾ ਸਮਾਂ ਸਭ ਤੋਂ ਵੱਧ ਬਦਲਿਆ ਹੈ। ਜਦ ਮੈਂ 'ਮੇਰੀਆਂ ਪੀੜ੍ਹੀਆਂ' ਕਹਿੰਦਾ ਹਾਂ ਤਾਂ ਭਾਵ ੧੯੩੫—੪੦ ਤੋਂ ਲੈ ਕੇ ੧੯੬੦—੬੫ ਵਿੱਚਕਾਰ ਜਨਮੇ ਲੋਕ। ਇਹਨਾਂ ਲੋਕਾਂ ਦੀ ਜ਼ਿੰਦਗੀ ਵਿੱਚ ਬਹੁਤ ਤਬਦੀਲੀਆਂ ਆਈਆਂ ਹਨ ਜਿੰਨੀਆਂ ਸ਼ਾਇਦ ਪਹਿਲਾਂ ਨਾ ਆਈਆਂ ਹੋਣ। ਜੇ ਮੈਂ ਆਪਣੀ ਗੱਲ ਕਰਾਂ ਤਾਂ ਜਦ ਮੈਂ ਜੰਮਿਆਂ ਤਾਂ ਬਿਜਲੀ ਨਹੀਂ ਸੀ। ਸਾਡੇ ਪਿੰਡ ਜਾਂ ਸਾਡੇ ਘਰ ਬਿਜਲੀ ਮੇਰੀ ਹੋਸ਼ ਵਿੱਚ ਆਈ ਜਿਸ ਦਾ ਮੇਰੇ ਬਾਬੇ ਨੇ ਬਹੁਤ ਵਿਰੋਧ ਕੀਤਾ ਸੀ। ਹੈਰਾਨ ਹੁੰਦੇ ਲੋਕ ਪੁੱਛਦੇ ਸਨ ਕਿ ਕੀ ਅਜਿਹਾ ਵੀ ਕੋਈ ਦੀਵਾ ਹੋ ਸਕਦਾ ਹੈ ਜੋ ਹਵਾ ਵਿੱਚ ਵੀ ਨਾ ਬੁਝੇ। ਰੇਡੀਓ ਘਰ ਵਿੱਚ ਆਇਆ ਤਾਂ ਇਕ ਡੱਬੇ ਨੂੰ ਬੋਲਦਾ ਸੁਣ ਕੇ ਹੈਰਾਨੀ ਹੁੰਦੀ ਸੀ। ਇਕ ਦਿਨ ਕਿਸੇ ਨੇ ਕਿਹਾ ਕਿ ਜਲਦੀ ਹੀ ਇਸ ਵਿੱਚ ਗਾਉਣ ਵਾਲੀ ਦੀ ਫੋਟੋ ਵੀ ਆਇਆ ਕਰੇਗੀ। ਫੋਨ ਆਏ ਤਾਂ ਲੋਕ ਦੂਰ ਬੈਠ ਰਿਸ਼ਤੇਦਾਰਾਂ ਨਾਲ ਗੱਲ ਕਰਕੇ ਹੈਰਾਨ ਹੁੰਦੇ। ਮੁਬਾਈਲ ਆਏ। ਮੁਬਾਈਲ ਵਿੱਚ ਗਾਣੇ ਸੁਣੇ ਜਾਣ ਲੱਗੇ। ਮੇਰਾ ਇਕ ਦੋਸਤ ਮੁਹੰਮਦ ਰਫੀ ਦਾ ਫੈਨ ਸੀ, ਉਸ ਦਾ ਇਕ ਗੀਤ ਸੁਣਦੇ ਸਮੇਂ ਉਹ ਕਹਿਣ ਲੱਗਾ ਕਿ ਕਿੰਨਾ ਚੰਗਾ ਹੋਵੇ ਜੇ ਇਸ ਦਾ ਵੀਡੀਓ ਵੀ ਫੋਨ 'ਤੇ ਦੇਖ ਸਕੀਏ। ਉਹ ਵੀ ਹੋ ਗਿਆ। ਸ਼ਾਮ ਨੂੰ ਕੰਮ ਤੋਂ ਥੱਕੇ ਆਏ ਟੈਲੀਵੀਯਨ ਮੂਹਰੇ ਬੈਠਿਆ ਕਰਦੇ ਸਾਂ, ਟੈਲੀਵੀਯਨ ਹੁਣ ਹੱਥ ਵਿੱਚ ਆ ਗਿਆ। ਜਦ ਮੇਰੇ ਘਰ ਪਹਿਲਾ ਕੰਪਿਊਟਰ ਆਇਆ ਤਾਂ ਇਵੇਂ ਸੀ ਜਿਵੇਂ ਘਰ ਵਿੱਚ ਕੋਈ ਨਵਾਂ ਜੀਅ ਆ ਗਿਆ ਹੋਵੇ। ਹੁਣ ਤਾਂ ਲੈਪਟੌਪ ਕੱਛ ਵਿੱਚ ਤੇ ਫੋਨ ਹੱਥ ਵਿੱਚ। ਤੇ ਸਾਰੀ ਦੁਨੀਆ ਇਹਨਾਂ ਵਿੱਚ। ਇਹ ਸਾਡੇ ਸਭ ਦੇ ਸਮੇਂ ਦੀ ਦਾਸਤਾਂ ਹੈ। ਸਭ ਦਾ ਸਮਾਂ ਬਹੁਤ ਬਦਲਿਆ ਹੈ। ਇਸ ਸਭ ਦੇ ਬਦਲਦੇ ਸਮੇਂ ਵਿੱਚ ਮੇਰੇ ਸਮੇਂ ਦਾ ਵੀ ਇਕ ਖਾਸ ਸਥਾਨ ਹੈ। ਮੇਰੇ ਸਮੇਂ ਦਾ ਆਪਣਾ ਇਕ ਗਰਾਫ ਹੈ। ਕਹਿੰਦੇ ਹਨ ਕਿ ਗਰਾਫ ਥੋੜ੍ਹਾ ਹੇਠਾਂ ਉਪਰ ਜਾਂਦਾ ਰਹੇ ਤਾਂ ਹੀ ਬੰਦਾ ਸਿਹਤਵੰਦ ਰਹਿ ਸਕਦਾ ਹੈ ਪਰ ਮੇਰੇ ਸਮੇਂ ਦਾ ਗਰਾਫ ਕੁਝ ਹੋਰ ਕਹਿੰਦਾ ਹੈ। ਆਓ ਦੇਖੀਏ:

ਮੇਰੀ ਜ਼ਿੰਦਗੀ ਵਿੱਚ ਕਈ ਵਾਰ ਅਜਿਹੇ ਮੋੜ ਆਏ ਕਿ ਹਾਲਾਤ ਕਿਸੇ ਹੋਰ ਪਾਸੇ ਲੈ ਜਾ ਰਹੇ ਸਨ ਪਰ ਸਮੇਂ ਦੀ ਮਰਜ਼ੀ ਕੁਝ ਹੋਰ ਸੀ। ਮੇਰਾ ਬਾਬਾ ਆਪਣੇ ਜ਼ਮਾਨੇ ਦਾ ਪੜ੍ਹਿਆ ਲਿਖਿਆ ਬੰਦਾ ਸੀ। ਉਰਦੂ-ਫਾਰਸੀ ਦਾ ਮਾਹਿਰ ਪਰ ਉਸ ਨੇ ਆਪਣੇ ਬੱਚੇ ਨਹੀਂ ਸਨ ਪੜ੍ਹਾਏ। ਮੇਰੇ ਪਿਤਾ ਤੇ ਚਾਚਾ ਕੋਰੇ ਅਨਪੜ੍ਹ ਰੱਖੇ। ਭੂਆ ਨੇ ਗੁਰਦਵਾਰੇ ਤੋਂ ਪੈਂਤੀ ਸਿੱਖ ਲਈ ਸੀ। ਮੇਰੇ

ਪਿਤਾ ਫੌਜ ਵਿੱਚ ਭਰਤੀ ਹੋ ਗਏ ਜਿਥੋਂ ਉਹਨਾਂ ਨੇ ਪੜ੍ਹਨਾ ਲਿਖਣਾ ਸਿਖਿਆ ਪਰ ਮੇਰੇ ਚਾਚੇ ਨੇ ਅਨਪੜ੍ਹਤਾ ਦਾ ਝੋਰਾ ਸਾਰੀ ਉਮਰ ਝੱਲਿਆ। ਮੈਂ ਉਸ ਦੀ ਤੜਫਣ ਦੇਖੀ, ਮਹਿਸੂਸ ਕੀਤੀ ਹੈ। ਉਹ ਆਪਣੀ ਅਨਪੜ੍ਹਤਾ ਮੈਨੂੰ ਪੜ੍ਹਾ ਕੇ ਸੁਧਾਰਨੀ ਚਾਹੁੰਦਾ ਸੀ।

ਬੱਚਿਆਂ ਨੂੰ ਸਕੂਲੇ ਨਾ ਭੇਜਣ ਦਾ ਕਾਰਨ ਬਾਬਾ ਦਿਆ ਕਰਦਾ ਕਿ ਸਕੂਲਾਂ ਵਿੱਚ ਮਾਸਟਰ ਕੁੱਟਦੇ ਬਹੁਤ ਹਨ। ਬਾਬਾ ਤਾਂ ਮੈਨੂੰ ਵੀ ਸਕੂਲ ਭੇਜਣ ਦੇ ਹੱਕ ਵਿੱਚ ਨਹੀਂ ਸੀ, ਇਹ ਤਾਂ ਘਰ ਦੇ ਬਾਕੀ ਜੀਆਂ ਨੇ ਜ਼ਿੱਦ ਕਰ ਕੇ ਮੈਨੂੰ ਸਕੂਲੇ ਦਾਖ਼ਲ ਕਰਾਇਆ। ਜਦ ਮੈਂ ਪੰਜਵੀਂ ਪਾਸ ਕਰ ਲਈ ਤਾਂ ਬਾਬੇ ਦਾ ਕਹਿਣਾ ਸੀ ਕਿ ਹੁਣ ਮੁੰਡਾ ਪਸ਼ੂ ਚਾਰੇਗਾ। ਦੋ ਮੱਝਾਂ ਹੋਰ ਲੈ ਲੈਂਦੇ ਹਾਂ ਇਹਦੇ ਚਾਰਨ ਲਈ। ਹੁਣ ਤੱਕ ਮੈਂ ਪਸ਼ੂਆਂ ਮਗਰ ਜਾਣ ਲੱਗ ਪਿਆ ਸਾਂ ਬਲਕਿ ਮਾਹਰ ਹੋ ਗਿਆ ਸਾਂ। ਸਾਰੀਆਂ ਬਰਸਾਤਾਂ ਜਾਂ ਸਕੂਲ ਦੀਆਂ ਛੁੱਟੀਆਂ ਮੈਂ ਪਸ਼ੂ ਹੀ ਚਾਰਦਾ ਸਾਂ। ਸਾਡੇ ਖੇਤ ਵੀ ਪਿੰਡੋਂ ਦੋ ਮੀਲ ਦੂਰ ਸਨ, ਘੰਟਾ-ਡੇਢ ਘੰਟਾ ਉਥੇ ਪੁੱਜਣ ਵਿੱਚ ਹੀ ਲੱਗ ਜਾਂਦਾ। ਇਥੇ ਵੀ ਘਰ ਦੇ ਬਾਕੀ ਦੇ ਜੀਅ ਇਹ ਨਹੀਂ ਮੰਨੇ ਕਿ ਮੈਨੂੰ ਸਕੂਲੋਂ ਹਟਾਇਆ ਜਾਵੇ, ਖਾਸ ਤੌਰ ਤੇ ਮੇਰਾ ਚਾਚਾ ਤੇ ਮੇਰੀ ਮਾਂ। ਮੈਂ ਪੜ੍ਹਾਈ ਵਿੱਚ ਵੀ ਠੀਕ ਸਾਂ, ਇਹ ਗੱਲ ਵੀ ਮੇਰੇ ਹੱਕ ਵਿੱਚ ਭੁਗਤਦੀ ਸੀ। ਜੇ ਉਸ ਵੇਲੇ ਮੈਨੂੰ ਸਕੂਲੋਂ ਹਟਾ ਲਿਆ ਜਾਂਦਾ ਤਾਂ ਮੇਰੀ ਜ਼ਿੰਦਗੀ ਅੱਜ ਹੋਰ ਹੁੰਦੀ। ਮੇਰਾ ਸਮਾਂ ਹੋਰ ਹੁੰਦਾ ਜਾਂ ਸਮੇਂ ਤੋਂ ਆਸਾਂ ਹੀ ਹੋਰ ਹੁੰਦੀਆਂ। ਮੈਂ ਅਨਪੜ੍ਹ ਰਹਿ ਜਾਂਦਾ। ਵੈਸੇ ਖੇਤਾਂ ਵਿੱਚ ਪਸ਼ੂ ਚਾਰਦੇ ਸਮੇਂ ਜਿਹੜੇ ਮੇਰੇ ਦੋਸਤ ਹੁੰਦੇ ਸਨ ਉਸ ਸਾਰੇ ਸਕੂਲਾਂ ਤੋਂ ਭੱਜੇ ਹੋਏ ਮੁੰਡੇ ਹੀ ਹੁੰਦੇ ਸਨ। ਜਦ ਮੈਂ ਦਸਵੀਂ ਕੀਤੀ ਤਾਂ ਘਰ ਵਿੱਚ ਫਿਰ ਝਗੜਾ ਖੜ੍ਹਾ ਹੋ ਗਿਆ ਕਿ ਮੈਨੂੰ ਅੱਗੇ ਨਹੀਂ ਪੜ੍ਹਾਇਆ ਜਾਣਾ ਚਾਹੀਦਾ। ਸਰੀਰ ਵਜੋਂ ਮੈਂ ਹੁੰਦੜ ਹੇਲ ਸਾਂ ਇਸ ਲਈ ਫੌਜ ਜਾਂ ਪੁਲੀਸ ਵਿੱਚ ਸਹਿਜੇ ਹੀ ਭਰਤੀ ਹੋ ਸਕਦਾ ਸਾਂ ਪਰ ਕਿਸੇ ਨਾ ਕਿਸੇ ਤਰ੍ਹਾਂ ਮੈ ਇਥੇ ਵੀ ਬਚ ਗਿਆ ਤੇ ਮੈਂ ਕਾਲਜ ਵਿੱਚ ਦਾਖਲਾ ਲੈ ਲਿਆ। ਬੀ.ਏ. ਕਰਕੇ ਇਕ ਵਾਰ ਫਿਰ ਝਗੜਾ ਪੈ ਗਿਆ। ਵੈਸੇ ਹੁਣ ਤੱਕ ਬਾਬਾ ਮੇਰੀ ਕਾਰਗੁਜ਼ਾਰੀ ਤੋਂ ਬਹੁਤ ਖੁਸ਼ ਸੀ ਕਿਉਂਕਿ ਮੈਂ ਕਦੇ ਫੇਹਲ ਨਹੀਂ ਸੀ ਹੋਇਆ। ਸੱਚੀ ਗੱਲ ਤਾਂ ਇਹ ਸੀ ਕਿ ਮੈਨੂੰ ਪਤਾ ਹੀ ਨਹੀਂ ਸੀ ਕਿ ਬੀ.ਏ. ਤੋਂ ਅੱਗੇ ਕੀ ਕਰਾਂ। ਇਕ ਸਾਲ ਇਸੇ ਸੋਚ ਵਿੱਚ ਖਰਾਬ ਵੀ ਹੋ ਗਿਆ। ਇਸ ਸਾਲ ਵਿੱਚ ਮੈਂ ਲਾਅ ਕਰਨ ਦਾ ਮਨ ਬਣਾ ਲਿਆ। ਇਹਨਾਂ ਦਿਨਾਂ ਵਿੱਚ ਮੇਰੇ ਕੁਝ ਦੋਸਤ ਕਨੇਡਾ ਜਾ ਰਹੇ ਸਨ। ਉਹ ਮੈਨੂੰ ਵੀ ਨਾਲ ਜਾਣ ਲਈ ਕਹਿ ਰਹੇ ਸਨ ਪਰ ਮੈਂ ਨਾ ਗਿਆ ਕਿਉਂਕਿ ਉਹਨਾਂ ਸੈਰ ਲਈ ਜਾ ਕੇ ਪੱਕੇ ਹੋਣ ਦੀ ਕੋਸ਼ਿਸ਼ ਕਰਨੀ ਸੀ, ਮੈਂ ਇਹ ਰਿਸਕ ਲੈਣ ਲਈ ਤਿਆਰ ਨਹੀਂ ਸਾਂ ਸੋ ਲਾਅ ਵਿੱਚ ਦਾਖਲਾ ਲੈ ਲਿਆ। ਪੰਜਾਬ ਵਿੱਚ ਲਾਅ ਕਰਨ ਲਈ ਪੰਜਾਹ-ਪੰਚਵੰਜਾ ਪਰਸੈਂਟ ਨੰਬਰ ਚਾਹੀਦੇ ਸਨ ਪਰ ਮੇਰੇ ਘੱਟ ਸਨ। ਇਸ ਲਈ ਮੈਨੂੰ ਯੂ.ਪੀ. ਵੱਲ ਨਿਕਲਣਾ ਪਿਆ। ਮੈਂ ਮੇਰਠ ਯੂਨੀਵਰਸਟੀ ਵਿੱਚ ਜਾਕੇ ਐਲ.ਐਲ. ਬੀ. ਕਰਨ ਲੱਗਾ। ਮੈਂ ਤਿੰਨ ਸਾਲ ਯੂਨੀਵਰਸਟੀ ਵਿੱਚ ਰਿਹਾ ਤੇ ਇਹ ਤਿੰਨ ਸਾਲ ਦਾ ਸਮਾਂ ਮੇਰੀ ਜ਼ਿੰਦਗੀ ਦਾ ਸਭ ਤੋਂ ਵਧੀਆ ਸਮਾਂ ਸੀ। ਲਾਅ ਦੀ ਡਿਗਰੀ ਦੇ ਨਾਲ ਨਾਲ ਇਸ ਸਮੇਂ ਦਾ ਅਨੁਭਵ ਵੀ ਮੇਰੀ ਪ੍ਰਾਪਤੀ ਹੈ। ਇਹ ਅਨੁਭਵ ਮੇਰੀ ਜ਼ਿੰਗਦੀ ਵਿੱਚ ਖਾਸ ਕਰਕੇ ਮੇਰੇ ਲੇਖਕ ਹੋਣ ਲਈ ਬਹੁਤ ਕੰਮ ਆਇਆ। ਡਿਗਰੀ ਕਰਕੇ ਮੈਂ ਨਵੇਂਸ਼ਹਿਰ ਦੀ ਅਦਾਲਤ ਵਿੱਚ ਪ੍ਰੈਕਟਿਸ ਸ਼ੁਰੂ ਕਰ ਲਈ ਪਰ ਜਲਦੀ ਹੀ ਮੈਨੂੰ ਪਤਾ ਲੱਗ ਗਿਆ ਕਿ ਇਹ ਕੰਮ ਮੇਰੇ ਵੱਸ ਦਾ ਨਹੀਂ। ਹੁਣ ਮੈਂ ਇਸ ਦਾ ਬਦਲ ਲੱਭਣ ਲੱਗਾ। ਇਸ ਦਾ ਬਦਲ ਕਨੇਡਾ, ਅਮਰੀਕਾ ਜਾਂ ਇੰਗਲੈਂਡ ਸੀ। ਮੈਂ ਕੋਸ਼ਿਸ਼ਾਂ ਕਰਨ ਲੱਗਾ। ਮੈਨੂੰ ਇਕ ਸੀਨੀਅਰ ਵਕੀਲ ਨੇ ਕਿਹਾ ਕਿ ਤੂੰ ਮੂੰਹ-ਤੂੰਹ ਲੱਗਦਾ ਹੈਂ, ਉਡੀਕ



ਕਰ, ਕੋਈ ਨਾ ਕੋਈ ਬਾਹਰਲਾ ਰਿਸ਼ਤਾ ਉਠ ਖੜੇਗਾ। ਮੇਰੇ ਕੁਝ ਹੋਰ ਵਕੀਲ ਦੋਸਤ ਵੀ ਬਾਹਰਲੇ ਰਿਸ਼ਤਿਆਂ ਦੀ ਉਡੀਕ ਹੀ ਕਰ ਰਹੇ ਸਨ। ਇਹ ਸਮਾਂ ਬਹੁਤ ਨਮੋਸ਼ੀ ਭਰਿਆ ਸੀ। ਘਰੋਂ ਤਿਆਰ ਹੋ ਕੇ ਕਚਹਿਰੀ ਚਲੇ ਜਾਣਾ ਤੇ ਲੱਗਭੱਗ ਖਾਲੀ ਹੱਥ ਮੁੜ ਜਾਣਾ। ਮੈਨੂੰ ਸਾਹਿਤ ਦੀ ਚੇਟਕ ਸਕੂਲ ਸਮੇਂ ਤੋਂ ਹੀ ਲੱਗ ਗਈ ਸੀ, ਕਚਹਿਰੀ ਵਿੱਚੋਂ ਵੀ ਮੈਂ ਆਪਣਾ ਕੇਸ ਛੱਡ ਕੇ ਸਾਹਿਤਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਚਲੇ ਜਾਂਦਾ ਸੀ। ਇਹ ਮੇਰਾ ਸਮਾਂ ਫਿਕਰਾਂ ਦਾ ਸੀ। ਮੈਂ ਫਿਕਰਵੰਦ ਨੌਜਵਾਨ ਸਾਂ, ਘਰ ਦਾ, ਪਰਿਵਾਰ ਦਾ ਵੀ ਮੈਂ ਬਹੁਤ ਫਿਕਰ ਕਰਦਾ। ਇਹਨਾਂ ਫਿਕਰਾਂ ਨੇ ਇਕ ਕਿਸਮ ਨਾਲ ਮੈਨੂੰ ਸਾਰੀ ਉਮਰ ਸੂਲੀ 'ਤੇ ਟੰਗੀ ਰਖਿਆ। ਇਹਨਾਂ ਫਿਕਰਾਂ ਨੇ ਜ਼ਿੰਦਗੀ ਵਿੱਚ ਮੇਰੇ ਤੋਂ ਕਈ ਗਲਤ/ਸਹੀ ਫੈਸਲੇ ਵੀ ਕਰਾਏ। ਜ਼ਿੰਦਗੀ ਦੇ ਰਾਹ ਬਦਲਣੇ ਪਏ। ਇਹਨਾਂ ਫਿਕਰਾਂ ਨੇ ਮੇਰੇ ਸੁਭਾਅ ਵਿੱਚ ਵੀ ਕੁਝ ਟੇਢ੍ਹਾਂ ਪੈਦਾ ਕਰ ਰੱਖੀਆਂ ਹਨ।

ਜਦ ਮੈਂ ਇੰਗਲੈਂਡ ਲਈ ਘਰੋਂ ਤੁਰਿਆ ਤਾਂ ਮੈਨੂੰ ਇਹ ਸੀ ਕਿ ਮੈਂ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਹੈ ਪਰ ਕਿਵੇਂ ਇਹ ਨਹੀਂ ਸੀ ਪਤਾ।

ਇੰਗਲੈਂਡ ਆ ਕੇ ਮੇਰਾ ਸਮਾਂ ਇਕ ਦਮ ਬਦਲ ਗਿਆ। ਅਜਿਹੇ ਸੁਫਨੇ ਵੀ ਪੂਰੇ ਹੋ ਗਏ ਜਿਹੜੇ ਕਦੇ ਲਏ ਹੀ ਨਹੀਂ ਸਨ। ਅਸਲ ਵਿੱਚ ਮੈਂ ਵਕਾਲਤ ਵਾਲਾ ਰਾਹ ਛੱਡ ਕੇ ਮਜਦੂਰੀ ਵਾਲਾ ਰਸਤਾ ਫੜ ਲਿਆ। ਕੁਝ ਤਕਲੀਫ ਤਾਂ ਹੋਈ ਪਰ ਮਸਲੇ ਬਹੁਤ ਸਾਰੇ ਹੱਲ ਹੋ ਗਏ। ਪੈਸੇ ਦੀ ਥੋੜ ਮੈਂ ਜਨਮ ਤੋਂ ਹੀ ਦੇਖਦਾ ਆਇਆ ਸਾਂ, ਇਥੇ ਆ ਕੇ ਉਸ ਥੋੜ ਵਾਲਾ ਮਸਲਾ ਹੱਲ ਹੋ ਗਿਆ। ਮੇਰੇ ਬਚਪੱਨ ਤੇ ਜਵਾਨੀ ਵਿੱਚ ਵੀ ਮੇਰਾ ਵਿਗੋਚਾ ਸੀ ਕਿ ਸਾਡਾ ਘਰ ਬਹੁਤ ਛੋਟਾ ਸੀ। ਮੇਰੇ ਕੋਲ ਆਪਣਾ ਕਮਰਾ ਕਦੇ ਵੀ ਨਹੀਂ ਸੀ ਹੋਇਆ। ਇੰਗਲੈਂਡ ਆਕੇ ਮੈਂ ਸਾਲ ਦੇ ਅੰਦਰ ਅੰਦਰ ਪੂਰਬੀ ਲੰਡਨ ਵਿੱਚ ਘਰ ਲੈ ਲਿਆ। ਪੱਛਮ ਦੀ ਇਕੌਨੋਮੀ ਹੀ ਅਜਿਹੀ ਹੈ ਕਿ ਸਭ ਕੁਝ ਕਿਸ਼ਤਾਂ ਉਪਰ। ਘਰ ਲਿਆ ਤਾਂ ਕਾਰ ਵੀ ਲੈ ਲਈ। ਘਰ ਕਿਸ਼ਤਾਂ 'ਤੇ ਸੀ ਤੇ ਕਾਰ ਵੀ ਕਿਸ਼ਤਾਂ 'ਤੇ ਹੀ ਪਰ ਇਹਨਾਂ ਦੇ ਮਾਲਕ ਹੋਣ ਦਾ ਅਹਿਸਾਸ ਤਾਂ ਹੈ ਸੀ। ਇਹ ਹਨੀਮੂਨ ਕੁਝ ਦੇਰ ਚੱਲਿਆ ਤੇ ਸਮੇਂ ਨੇ ਮੁੜ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ। ਇਹ ਕਹਾਵਤ ਬਹੁਤ ਸੱਚੀ ਹੈ: ਸਮਾਂ ਬੜਾ ਬਲਵਾਨ! ਮੈਂ ਇਹਦੀ ਬਲਵਾਨੀ ਬਹੁਤ ਨੇੜਿਓਂ ਦੇਖੀ ਹੈ।

ਇੰਗਲੈਂਡ ਵਿੱਚਆ ਕੇ ਬਹੁਤ ਜਲਦੀ ਮੈਨੂੰ ਉਹ ਹਰ ਸਹੂਲਤ ਹਾਸਲ ਹੋ ਗਈ ਜਿਸ ਦੀ ਇਕ ਮਿਡਲ ਕਲਾਸ ਬੰਦਾ ਆਸ ਰਖਦਾ ਹੈ- ਘਰ, ਕਾਰ, ਠੀਕ-ਠੀਕ ਨੌਕਰੀ। ਪੂਰਬੀ ਲੰਡਨ ਤੋਂ ਘਰ ਵੇਚ ਕੇ ਮੈਂ ਪੱਛਮੀ ਲੰਡਨ ਵਿੱਚ ਘਰ ਲੈ ਲਿਆ। ਘਰ ਨੂੰ ਪੂਰੀ ਤਰ੍ਹਾਂ ਸਜਾ ਲਿਆ। ਕੁਝ ਸਾਲ ਸਭ ਠੀਕ ਰਿਹਾ। ਫਿਰ ਸਮੇਂ ਨੇ ਕਰਵਟ ਬਦਲੀ। ਕਿਸੇ ਗੱਲੋਂ ਮੈਨੂੰ ਨੌਕਰੀ ਛੱਡਣੀ ਪਈ। ਨੌਕਰੀ ਛੱਡਣ ਤੋਂ ਬਾਅਦ ਕੁਝ ਹਾਲਾਤ ਅਜਿਹੇ ਬਣੇ ਕਿ ਘਰ ਵੇਚਣਾ ਮੇਰੀ ਮਜਬੂਰੀ ਬਣ ਗਿਆ। ਘਰ ਦੀਆਂ ਬਹੁਤ ਥੋੜੀਆਂ ਕਿਸ਼ਤਾਂ ਹਾਲੇ ਦੇ ਹੋਈਆਂ ਸਨ, ਉਹਨਾਂ ਦਿਨਾਂ ਵਿੱਚ ਘਰਾਂ ਦੀਆਂ ਕੀਮਤਾਂ ਵੀ ਬਹੁਤੀਆਂ ਨਹੀਂ ਸਨ ਵਧੀਆਂ। ਘਰ ਵਿਕ ਗਿਆ ਪਰ ਮੇਰੇ ਹੱਥ ਕੁਝ ਨਾ ਆਇਆ। ਜਿੰਨਾ ਕੁ ਮੇਰੇ ਕੋਲ ਸਮਾਨ ਸੀ ਉਹ ਇਕ ਦੋਸਤ ਦੀ ਗੈਰਜ ਵਿੱਚ ਰੱਖਿਆ। ਘਰ ਦੀ ਚਾਬੀ ਦੇ ਕੇ ਜਦ ਮੈਂ ਘਰ ਦੇ ਬਾਹਰ ਖੜ੍ਹਾ ਸਾਂ ਤਾਂ ਮੈਨੂੰ ਇਹ ਨਹੀਂ ਸੀ ਪਤਾ ਕਿ ਹੁਣ ਕਿਧਰ ਜਾਵਾਂਗਾ।

ਸਮਾਂ ਆਪਣੀ ਤਾਕਤ ਵਿਖਾ ਰਿਹਾ ਸੀ।

ਮੈਂ ਇਕ ਵਾਰ ਫਿਰ ਜ਼ਿੰਦਗੀ ਨੂੰ ਮੁੜ ਨਵੇਂ ਸਿਰਿਓਂ ਕਰਨ ਲਈ ਨਿਕਲ ਪਿਆ।

ਇਕ ਰਿਸ਼ਤੇਦਾਰ ਨੇ ਆਪਣੇ ਘਰ ਮੈਨੂੰ ਇਕ ਕਮਰਾ ਰਹਿਣ ਲਈ ਦੇ ਦਿੱਤਾ। ਇਵੇਂ ਹੀ ਖਾਸ ਮਿਹਰਬਾਨ ਨੇ ਗਰੰਟੀ ਦੇ ਕੇ ਮੈਨੂੰ ਇਕ ਸਟੋਰ ਭਾਵ ਸ਼ਰਾਬ ਦਾ ਠੇਕਾ ਲੈ ਦਿੱਤਾ। ਜ਼ਿੰਦਗੀ ਮੁੜ ਲੀਹੇ ਪੈ ਗਈ। ਮੈਂ ਦੁਕਾਨ ਵਿੱਚ ਸਵੇਰ ਦੇ ਸੱਤ ਵਜੇ ਤੋਂ ਲੈ ਕੇ ਰਾਤ ਦੇ ਗਿਆਰਾਂ ਵਜੇ ਤੱਕ ਕੰਮ ਕੀਤਾ। ਦੋ ਸਾਲ ਬਾਅਦ ਮੁੜ ਕੇ ਘਰ ਖਰੀਦ ਲਿਆ। ਇਹਨਾਂ ਦੋ ਸਾਲਾਂ ਵਿੱਚ ਘਰਾਂ ਦੀਆਂ ਕੀਮਤਾਂ ਨੂੰ ਅੱਗ ਲੱਗ ਗਈ ਸੀ। ਜਿਹੜਾ ਘਰ ਬੱਤੀ ਹਜ਼ਾਰ ਪੌਂਡ ਦਾ ਵੇਚਿਆ ਸੀ, ਉਹੋ ਜਿਹਾ ਦੋ ਸਾਲਾਂ ਬਾਅਦ ਚੌਂਹਟ ਹਜ਼ਾਰ ਦਾ ਮਿਲਿਆ। ਇਕ ਵਾਰ ਫਿਰ ਸਮਾਂ ਮੇਰੇ ਹੱਕ ਵਿੱਚ ਭੁਗਤਣ ਲੱਗਾ। ਮੈਂਸਟੋਰ ਵੇਚ ਦਿੱਤਾ, ਇੰਡੀਆ ਜਾ ਕੇ ਵਿਆਹ ਕਰਾ ਲਿਆ। ਪਤਨੀ ਆ ਗਈ। ਮੈਂ ਛੋਟਾ-ਮੋਟਾ ਕੰਮ ਵੀ ਕਰ ਰਿਹਾ ਸਾਂ। ਇਕ ਵਾਰ ਫਿਰ ਜਿਊਣ ਦਾ ਮਜ਼ਾ ਆਉਣ ਲੱਗਾ। ਮੈਂ ਕੰਮ ਤਾਂ ਕਰ ਰਿਹਾ ਸਾਂ ਪਰ ਜਿਹੋ ਜਿਹੀ ਨੌਕਰੀ ਮੈਂ ਭਾਲ ਰਿਹਾ ਸਾਂ ਨਹੀਂ ਸੀ ਮਿਲ ਰਹੀ। ਸ਼ਰਾਬ ਦੀ ਠੇਕੇਦਾਰੀ ਕਰਨ ਦਾ ਕੀੜਾ ਮੈਨੂੰ ਮੁੜ ਤੰਗ ਕਰਨ ਲੱਗਾ। ਘਰ ਵੇਚ ਕੇ ਇਕ ਵਾਰ ਫਿਰ ਦੁਕਾਨ ਲੈ ਲਈ। ਇਹ ਫਰੀ ਹੋਲਡ ਇਮਾਰਤ ਸੀ, ਹੇਠਾਂ ਦੁਕਾਨ ਤੇ ਉਪਰ ਘਰ।

ਮੇਰੇ ਸਮੇਂ ਦਾ ਗਰਾਫ ਹੇਠਾਂ ਉਪਰ ਹੁੰਦਾ ਰਿਹਾ ਪਰ ਇਸ ਦੇ ਸਪਾਈਕਸ ਬਹੁਤ ਤਿੱਖੇ ਹੁੰਦੇ ਸਨ। ਦਸ ਸਾਲ ਸਭ ਠੀਕ ਰਿਹਾ। ਇਸ ਦੁਰਮਿਆਨ ਮੇਰੀ ਗ੍ਰਿਹਿਸਥੀ ਖ਼ੂਬ ਚਮਕੀ। ਤਿੰਨ ਖ਼ੂਬਸੂਰਤ ਬੱਚੇ ਹੋਏ। ਸਟੋਰ ਠੀਕ ਚਲਦਾ ਸੀ ਪਰ ਇਸ ਨੂੰ ਸੀਰਾਂ ਵੀ ਬਹੁਤ ਪੈ ਰਹੀਆਂ ਸਨ। ਕਦੇ ਭੈਣ ਦੀ ਕੁੜੀ ਵਿਆਹ ਦਿੱਤੀ, ਕਦੇ ਭਰਾ ਦੀ ਕੋਈ ਮੱਦਦ ਕੀਤੀ, ਕਦੇ ਕਿਸੇ ਹੋਰ ਰਿਸ਼ਤੇਦਾਰ ਦੀਆਂ ਗਰਜਾਂ ਪੂਰੀਆਂ ਕੀਤੀਆਂ ਤੇ ਕਦੇ ਨਿੰਦਰ ਕੌਰ ਨੂੰ 'ਇੰਗਲੈਂਡ ਵਾਲੀ ਸਾਡੀ-ਬੀਬੀ' ਬਣਨਾ ਪੈਂਦਾ। ਕੁਝ ਮੇਰੀਆਂ ਵੀ ਅਣਗਹਿਲੀਆਂ ਸਨ। ਕੁਝ ਮੈਨੂੰ ਦੁਕਾਨ/ਘਰ ਉਪਰ ਵੀ ਪੈਸੇ ਖਰਚਣੇ ਪਏ ਕਿਉਂਕਿ ਉਹ ਬਿਲਡਿੰਗ ਬਹੁਤ ਪੁਰਾਣੀ ਸੀ। ਦਸਾਂ ਸਾਲਾਂ ਵਿੱਚ ਕੋਈ ਬੱਚਤ ਹੋਣੀ ਤਾਂ ਇਕ ਪਾਸੇ ਸਗੋਂ ਕਰਜ਼ਾ ਵੱਧਦਾ ਗਿਆ। ਇਹ ਮਾਰਗਰੇਟ ਥੈਚਰ ਦਾ ਦੌਰ ਸੀ ਜਦੋਂ ਸਾਰੀਆਂ ਜਾਇਦਾਦਾਂ ਦੀਆਂ ਕੀਮਤਾਂ ਅੱਧੀਆਂ ਰਹਿ ਗਈਆਂ ਸਨ। ਮੇਰੇ ਇਸ ਸਟੋਰ ਦੀ ਕੀਮਤ ਵੀ ਘਟ ਗਈ ਸੀ। ਇਥੇ ਆਕੇ ਸਮੇਂ ਨੇ ਇਕ ਝਪਟਾ ਮਾਰਿਆ। ਮੇਰੇ ਸਟੋਰ ਦੇ ਇਕ ਦਮ ਕੋਲ ਇਕ ਵੱਡਾ ਸਟੋਰ ਟੈਸਕੋ ਖੁਲ੍ਹ ਗਿਆ। ਜੇ ਕਿਸੇ ਨੂੰ ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇਕ ਸਵਾਰ' ਚੇਤੇ ਹੋਵੇ ਤਾਂ ਬਿਲਕੁਲ ਉਸ ਵਾਲੀ ਗੱਲ ਹੋਈ। ਕਿਥੇ ਕਾਰਪੋਰੇਟ ਦੇ ਵੱਡੇ-ਵੱਡੇ ਹਜ਼ਾਰਾਂ ਵਰਗ-ਗਜਾਂ ਵਿੱਚ ਫੈਲੇ ਸਟੋਰ ਭਾਵ ਬੱਸ, ਕਿਥੇ ਬਾਰੂ ਦਾ ਟਾਂਗਾ ਭਾਵ ਮੇਰੀ ਛੋਟੀ ਜਿਹੀ ਦੁਕਾਨ। ਉਸ ਦੀਆਂ ਕੀਮਤਾਂ ਸਾਡੇ ਨਾਲੋਂ ਬਹੁਤ ਘੱਟ ਸਨ ਸੋ ਸਾਡੀ ਵਿਕਰੀ ਘਟਣੀ ਹੀ ਸੀ। ਉਸ ਕਹਾਣੀ ਵਾਂਗ ਸਾਰੇ ਸਵਾਰ ਬੱਸ ਵਿੱਚ ਚੜ੍ਹ ਗਏ ਤੇ ਸਾਡੇ ਸਾਰੇ ਗਾਹਕ ਟੈਸਕੋ ਵਿੱਚ ਜਾ ਵੜੇ। ਦੁਕਾਨ ਦੀ ਵਿਕਰੀਏਨੀ ਘੱਟ ਹੋ ਗਈ ਕਿ ਦੁਕਾਨ ਦੀ ਕਿਸ਼ਤ ਵੀ ਰੁਕ ਗਈ। ਸਟੋਰ ਵੇਚਣ ਦੇ ਕੰਢੇ ਆ ਗਿਆ। ਸਟੋਰ ਸੇਲ 'ਤੇ ਲੱਗ ਗਿਆ ਪਰ ਕੋਈ ਖਰੀਦ ਹੀ ਨਹੀਂ ਸੀ ਰਿਹਾ। ਇਕ ਦਿਨ ਕਿਸੇ ਨੂੰ ਮੁਫਤ ਵਾਂਗ ਹੀ ਛੱਡਣਾਪਿਆ। ਜਿਸ ਦਿਨ ਦੁਕਾਨ ਦੀ ਚਾਬੀ ਨਵੇਂ ਮਾਲਕ ਨੂੰ ਦੇ ਕੇ ਬਾਹਰ ਨਿਕਲਿਆ ਤਾਂ ਮੈਨੂੰ ਉਹ ਦਿਨ ਚੇਤੇ ਆਇਆ ਜਿਸ ਦਿਨ ਪਹਿਲੇ ਘਰ ਦੀ ਚਾਬੀ ਦੇ ਕੇ ਖਾਲੀ ਹੱਥ ਬਾਹਰ ਨਿਕਲਿਆ ਸੀ। ਉਸ ਦਿਨ ਮੈਂ ਇਕੱਲਾ ਸਾਂ ਪਰ ਅੱਜ ਤਿੰਨ ਬੱਚੇ ਤੇ ਪਤਨੀ ਵੀ ਸੀ। ਇਕੱਲਾ ਤਾਂ ਮੈਂ ਕਿਤੇ ਵੀ ਸੌਂ ਸਕਦਾ ਸਾਂ ਪਰ ਬੱਚਿਆਂ ਨੂੰ ਲੈ ਕੇ ਹੁਣ ਕਿੱਥੇ ਜਾਵਾਂ? ਮੇਰੀ ਜੇਬ੍ਹ ਵਿੱਚ ਸ਼ਾਇਦ ਸੌ ਕੁ ਪੌਂਡ ਸੀ। ਹਾਂ, ਇਕ ਕਰੈਡਿਟ ਕਾਰਡ ਵੀ ਹੈ ਸੀ ਜਿਸ ਦੀ ਕਈ ਪੰਦਰਾਂ



ਹਜ਼ਾਰ ਪੌਂਡ ਲਿਮਟ ਸੀ। ਮੈਂ ਦੁਕਾਨ ਦੇ ਬਾਹਰ ਖੜ ਕੇ ਇਕ ਵਾਰ ਆਪਣੀ ਦੁਕਾਨ ਵੱਲ ਦੇਖਿਆ ਤੇ ਤੁਰ ਪਿਆ। ਪਤਨੀ ਰੋ ਰਹੀ ਸੀ। ਬੱਚੇ ਖ਼ੁਸ਼ ਸਨ ਕਿ ਸ਼ਾਇਦ ਅਸੀਂ ਕਿਤੇ ਘੁੰਮਣ ਜਾ ਰਹੇ ਹਾਂ।

ਇਹ ਤੀਜੀ ਵਾਰ ਸੀ ਜਦ ਮੈ ਜ਼ਿੰਦਗੀ ਨੂੰ ਏ.ਬੀ.ਸੀ. ਤੋਂ ਸ਼ੁਰੂ ਕਰਨ ਨਿਕਲਿਆ ਸਾਂ ਜਿਵੇਂ ਕਦੇ ਆਰੀਆ ਆਪਣੇ ਲਈ ਭੂਮੀ ਦੀ ਤਾਲਾਸ਼ ਵਿੱਚ ਨਿਕਲੇ ਸਨ।

ਦੋ ਦਿਨ ਅਸੀਂ ਇਕ ਹੋਟਲ ਵਿੱਚ ਠਹਿਰੇ ਤੇ ਫਿਰ ਇਕ ਘਰ ਕਿਰਾਏ 'ਤੇ ਲੈ ਲਿਆ। ਮੈਂ ਸਨੈਕਸ ਡਿਲਿਵਰ ਕਰਨ ਦਾ ਕੰਮ ਸ਼ੁਰੂ ਕਰ ਲਿਆ ਤੇ ਨਿੰਦਰ ਕੌਰ ਨੇ ਕਿਰਾਏ ਦੇ ਘਰ ਵਿੱਚ ਹੀ ਬਿਊਟੀਪਾਰਲਰ ਖੋਹਲ ਲਿਆ ਜਿਸ ਦਾ ਉਸ ਕੋਲ ਕੁਝ ਤਜਰਬਾ ਹੈ ਸੀ। ਅਸੀਂ ਇਕ ਵਾਰ ਫਿਰ ਮਿਹਨਤ ਕੀਤੀ। ਦੋ ਸਾਲ ਦੇ ਅੰਦਰ-ਅੰਦਰ ਫਿਰ ਆਪਣਾ ਘਰ ਲੈ ਲਿਆ।

ਡਾ ਸਵਰਨ ਚੰਦਨ ਮੇਰਾ ਦੋਸਤ ਸੀ। ਉਹ ਮੇਰੀ ਸਾਰੀ ਹਾਲਤ ਨੂੰ ਸਮਝਦਾ ਸੀ। ਉਹ ਹੈਰਾਨ ਹੁੰਦਾ ਕਹਿੰਦਾ ਕਿ ਏਨਾ ਕੁਝ ਵਾਪਰ ਜਾਂਦਾ ਹੈ ਤੇਰੇ ਨਾਲ ਪਰ ਤੂੰ ਰਿਐਕਟ ਕਿਉਂ ਨਹੀਂ ਕਰਦਾ। ਮੇਰਾ ਕਹਿਣਾ ਹੁੰਦਾ ਕਿ ਸਮਾਂ ਰਿਐਕਟ ਕਰਨ ਦਾ ਮੌਕਾ ਹੀ ਨਹੀਂ ਦਿੰਦਾ। ਫਿਰ ਰਿਐਕਟ ਕਰਨ ਦਾ ਮਤਲਬ ਤਾਂ ਰੁਕ ਜਾਣਾ ਹੁੰਦਾ ਹੈ।

ਇਹ ਘਰ ਲੈ ਕੇ ਅਸੀਂ ਇਕ ਵਾਰ ਫਿਰ ਸੈੱਟਲ ਹੋ ਗਏ। ਦੋ ਸਾਲ ਬਹੁਤ ਵਧੀਆ ਸੈਟਲ ਰਹੇ। ਅਸੀਂ ਬਹੁਤ ਖ਼ੁਸ਼ ਸਾਂ। ਮੇਰਾ ਕੰਮ ਵੀ ਠੀਕ ਚੱਲ ਰਿਹਾ ਸੀ ਤੇ ਨਿੰਦਰ ਕੌਰ ਨੇ ਹੁਣ ਘਰੋਂ ਸਹੀ ਤਰੀਕੇ ਨਾਲ ਬਿਊਟੀਪਾਰਲਰ ਸ਼ੁਰੂ ਕਰ ਲਿਆ। ਮੈਨੂੰ ਲੱਗਿਆ ਕਿ ਹੁਣ ਨਹੀਂ ਮੈਂ ਕਿਸੇ ਦੇ ਲੈਣ ਦਾ। ਪਰ ਕੋਈ ਕਿਸੇ ਕੋਨੇ ਖੜ੍ਹਾ ਮੈਨੂੰ ਦੇਖ ਰਿਹਾ ਸੀ। ਸ਼ਾਇਦ ਮੇਰੇ 'ਤੇ ਹੱਸ ਰਿਹਾ ਸੀ। ਇਹਨਾਂ ਖ਼ੁਸ਼ੀਆਂ ਦੀ ਉਮਰ ਡੇਢ-ਦੋ ਸਾਲ ਹੀ ਸੀ।

ਇਕ ਸ਼ਾਮ ਮੈਂ ਸ਼ਾਵਰ ਲੈ ਕੇ ਰੋਜ਼ ਮਰਹਾ ਵਾਂਗ ਆਪਣੇ ਲਈ ਪੈੱਗ ਬਣਾਇਆ। ਨਿੰਦਰ ਕੌਰ ਰਸੋਈ ਵਿੱਚ ਖਾਣੇ ਦੀ ਤਿਆਰੀ ਕਰ ਰਹੀ ਸੀ। ਬੱਚੇ ਟੈਲੀ ਮੂਹਰੇ ਬੈਠੇ ਸਨ।ਪਤਨੀ ਅਚਾਨਕ ਮੇਰੇ ਕੋਲ ਆਈ ਤੇ ਕੁਝ ਬੋਲੇ ਬਿਨਾਂ ਸੋਫੇ ਤੇ ਲੰਮੀ ਪੈ ਗਈ। ਮੈਂ ਬੁਲਾਇਆ ਤਾਂ ਕੁਝ ਨਾ ਬੋਲੀ, ਹਿਲਾਇਆ ਤਾਂ ਕੋਈ ਜਵਾਬ ਨਾ ਦਿੱਤਾ। ਮੈਨੂੰ ਫਿਕਰ ਪੈ ਗਿਆ। ਕੁਝ ਸਾਲ ਪਹਿਲਾਂ ਸਾਡੇ ਇਕ ਰਿਸ਼ਤੇਦਾਰ ਨਾਲ ਇਵੇਂ ਹੀ ਵਾਪਰਿਆ ਸੀ, ਉਹ ਕਈ ਘੰਟੇ ਇਵੇਂ ਹੀ ਪਿਆ ਰਿਹਾ। ਉਸ ਦੇ ਘਰਦਿਆਂ ਨੇ ਸੋਚਿਆ ਕਿ ਉਹ ਸੁੱਤਾ ਪਿਆ ਹੈ ਪਰ ਉਸ ਨੂੰ ਬਰੇਨ ਹੈਮਰਿਜ ਹੋ ਗਿਆ ਸੀ। ਉਹ ਮੁੜ ਕੇ ਕਦੇ ਨਹੀਂ ਸੀ ਉਠਿਆ। ਮੈਂ ਇਕ ਦਮ ਐਂਬੂਲੈਂਸ ਨੂੰ ਫੋਨ ਕਰ ਦਿੱਤਾ। ਹਸਪਤਾਲ ਵਾਲਿਆਂ ਨੇ ਦੱਸਿਆ ਕਿ ਦਿਮਾਗ ਦੀ ਨਾੜੀ ਫਟ ਗਈ ਹੈ, ਉਹੀ ਬਰੇਨ ਹੈਮਰਿਜ। ਇਹ ਨਵੇਂ ਸਾਲ ਤੋਂ ਪਹਿਲੀ ਰਾਤ ਸੀ। ਡਾਕਟਰ ਵੀ ਛੁੱਟੀ 'ਤੇ ਸਨ ਪਰ ਹਸਪਤਾਲ ਵਾਲਿਆਂ ਨੇ ਰਾਤੋ-ਰਾਤ ਓਪਰੇਸ਼ਨ ਦਾ ਇੰਤਜ਼ਾਮ ਕੀਤਾ। ਸਾਨੂੰ ਇਹ ਦੱਸ ਦਿੱਤਾ ਗਿਆ ਕਿ ਉਸ ਦੇ ਬਚਣ ਦੇ ਮੌਕੇ ਸਿਰਫ ਚਾਲ਼ੀ ਫੀ ਸਦੀ ਸਨ ਤੇ ਸੱਠ ਫੀ ਸਦੀ ਸਨ ਕਿ ਉਹ ਓਪਰੇਸ਼ਨ ਤੋਂ ਬਾਅਦ ਉਠੇਗੀ ਨਹੀਂ। ਓਪਰੇਸ਼ਨ ਤੋਂ ਪਹਿਲਾਂ ਪਤਨੀ ਨੂੰ ਜ਼ਰਾ ਕੁ ਹੋਸ਼ ਆਈ। ਡਾਕਟਰਾਂ ਵਲੋਂ ਉਸ ਨੂੰ ਸਮਝਾ ਦਿਤਾ ਗਿਆ ਸੀ ਕਿ ਉਸ ਦੇ ਬਚਣ ਦੇ ਮੌਕੇ ਬਹੁਤ ਘੱਟ ਸਨ। ਉਹ ਮੈਨੂੰ ਘਰ ਦੀਆਂ ਕੁਝ ਖਾਸ ਗੱਲਾਂ ਦੱਸਣ ਲੱਗੀ ਜਿਹਨਾਂ ਵਿੱਚ ਇਕ ਇਹ ਵੀ ਸੀ ਕਿ ਉਸ ਨੇ ਮੇਰੇ ਤੋਂ ਚੋਰੀ ਦੋ ਹਜ਼ਾਰ ਪੌਂਡ ਲੁਕੋ ਕੇ ਰੱਖਿਆ ਹੋਇਆ ਸੀ, ਮੈਨੂੰ ਕਿਹਾ ਕਿ ਮੈਂ ਜਾ ਕੇ ਚੁੱਕ ਲਵਾਂ। ਮੈਂ ਘਰ ਆ ਕੇ ਪੈਸੇ ਦੇਖੇ ਪਰ ਚੁੱਕੇ ਨਾ। ਮੈਨੂੰ ਯਕੀਨ ਸੀ ਕਿ ਉਹ ਮੁੜ ਆਵੇਗੀ। ਮੈਂ ਸੋਚਦਾ ਸਾਂ ਕਿ ਸਮਾਂ ਮੇਰਾ ਇਮਤਿਹਾਨ

ਤਾਂ ਲੈਂਦਾ ਹੀ ਰਹਿੰਦਾ ਹੈ ਪਰ ਇਕੱਲੇ ਨੂੰ ਕਦੇ ਨਹੀਂ ਛਡਦਾ। ਮੈਨੂੰ ਠਿੱਬੀਆਂ ਮਾਰ ਕੇ ਸੁੱਟਦਾ ਹੈ ਪਰ ਡਿੱਗੇ ਨੂੰ ਉਠਣ ਦਾ ਮੌਕਾ ਜ਼ਰੂਰ ਦਿੰਦਾ ਹੈ।

ਮੇਰਾ ਯਕੀਨ ਜਿੱਤ ਗਿਆ। ਓਪਰੇਸ਼ਨ ਤੋਂ ਬਾਅਦ ਨਿੰਦਰ ਕੌਰ ਨੂੰ ਹੋਸ਼ ਆ ਗਈ।ਕੁਝ ਮਹੀਨੇ ਬਿਮਾਰ ਰਹਿ ਕੇ ਉਸ ਨੇ ਆਪਣਾ ਕੰਮ ਮੁੜ ਸ਼ੁਰੂ ਕਰ ਲਿਆ। ਪਰ ਉਸ ਦੇ ਏਨੇ ਚਿਰ ਬਿਮਾਰ ਰਹਿਣ ਨਾਲ ਬੱਚੇ ਮੈਨੂੰ ਸੰਭਾਲਣੇ ਪਏ। ਤਿੰਨੇ ਬੱਚੇ ਹਾਲੇ ਬਹੁਤ ਛੋਟੇ ਸਨ। ਵੱਡੀ ਬੇਟੀ ਹਾਈ ਸਕੂਲ ਜਾਣ ਲੱਗੀ ਸੀ, ਛੋਟੇ ਦੋਵੇਂ ਹਾਲੇ ਪ੍ਰਾਇਮਰੀ ਸਕੂਲ ਵਿੱਚ ਹੀ ਸਨ। ਮੈਨੂੰ ਉਹਨਾਂ ਦੀ ਸੰਭਾਲ ਕਰਨੀ ਪਈ ਜਿਸ ਕਾਰਨ ਮੇਰਾ ਆਪਣਾ ਕੰਮ ਬਹੁਤ ਪਿੱਛੇ ਪੈ ਗਿਆ। ਪੈਸੇ ਵਲੋਂ ਬਹੁਤ ਨੁਕਸਾਨ ਹੋਇਆ। ਮੈਂ ਆਪਣਾ ਜੀਣ ਢੰਗ ਬਦਲ ਲਿਆ। ਸ਼ਰਾਬ ਬਿਲਕੁਲ ਛੱਡ ਦਿੱਤੀ, ਬੱਚੇ ਜਿਉਂ ਸੰਭਾਲਣੇ ਸਨ। ਹੋਰ ਖਰਚੇ ਵੀ ਘਟਾ ਲਏ।ਨਿੰਦਰ ਕੌਰ ਠੀਕ ਹੋਈ ਤਾਂ ਮੈਂ ਦੁਬਾਰਾ ਆਪਣਾ ਕੰਮ ਸ਼ੁਰੂ ਕਰ ਲਿਆ। ਉਸ ਨੇ ਵੀ ਆਪਣਾ ਬਿਊਟੀ ਪਾਰਲਰ ਦਾ ਕੰਮ ਚਲਾ ਲਿਆ। ਉਸ ਦਾ ਕੰਮ ਸਗੋਂ ਪਹਿਲਾਂ ਨਾਲੋਂ ਵੀ ਵਧੀਆ ਚੱਲ ਪਿਆ। ਇਸੇ ਸਮੇਂ ਦੁਰਮਿਆਨ ਉਸ ਨੇ ਇਲੈਕਟਰੌਲੌਸਿਜ਼ ਦਾ ਇਕ ਕੋਰਸ ਪਾਸ ਕਰ ਲਿਆ ਤੇ ਅਜਿਹਾ ਸਰਟੀਫਿਕੇਟ ਹਾਸਲ ਕਰ ਲਿਆ ਜਿਹੜਾ ਆਮ ਬਿਊਟੀਸ਼ਨਾਂ ਕੋਲ ਨਹੀਂ ਸੀ। ਇਸ ਨਾਲ ਉਸ ਦੇ ਕੰਮ ਨੂੰ ਹੋਰ ਵੀ ਮੱਦਦ ਮਿਲ ਗਈ।

ਨਿੰਦਰ ਕੌਰ ਦਾ ਕੰਮ ਏਨਾ ਵਧੀਆ ਚਲਿਆ ਕਿ ਜਿਥੋਂ ਅਸੀਂ ਬਿਊਟਪਾਰਲਰ ਦਾ ਸਮਾਨ ਖਰੀਦਦੇ ਸਾਂ ਉਥੇ ਸਭ ਤੋਂ ਵੱਧ ਸਮਾਨ ਅਸੀਂ ਹੀ ਖਰੀਦਦੇ ਸਾਂ। ਇਹ ਦੇਖ ਕੇ ਇਕ ਕੰਪਨੀ ਨੇ ਸਾਡੇ ਤੱਕ ਪਹੁੰਚ ਕੀਤੀ ਕਿ ਉਹ ਸਾਨੂੰ ਇਲੈਕਟਰੌਲੌਸਿਜ਼ ਦੀਆਂ ਮੌਡਰਨ ਮਸ਼ੀਨਾਂ ਦੇਣਗੇ ਪਰ ਸਾਡੇ ਕੋਲ ਉਸ ਲਈ ਸਹੀ ਜਗਾਹ ਚਾਹੀਦੀ ਹੈ। ਮੈਨੂੰ ਇਹ ਪੇਸ਼ਕਸ਼ ਬਹੁਤ ਚੰਗੀ ਲੱਗੀ। ਮੈਂ ਸੋਚਿਆ ਕਿ ਨਿੰਦਰ ਕੌਰ ਬਿਊਟੀਪਾਰਲਰ ਦਾ ਕੰਮ ਕਰੇਗੀ ਤੇ ਮੈਂ ਵੀ ਉਸ ਦੇ ਨਾਲ ਉਪਰਲਾ ਕੰਮ ਸੰਭਾਲਾਂਗਾ, ਇਹ ਡਿਲਿਵਰੀ ਵਾਲਾ ਕੰਮ ਛੱਡ ਦੇਵਾਂਗਾ। ਮੈਨੂੰ ਆਪਣੇ ਸਾਹਮਣੇ ਬਹੁਤ ਉਜਲਾ ਭਵਿੱਖ ਦਿਸਣ ਲੱਗਾ। ਮੈਂ ਬਹੁਤ ਸਾਰੇ ਸੁਫਨੇ ਦੇਖਣੇ ਸ਼ੁਰੂ ਕਰ ਦਿੱਤੇ। ਮੈਨੂੰ ਜਾਪਿਆ ਕਿ ਅਸੀਂ ਇਸ ਬਿਜ਼ਨਸ ਵਿੱਚ ਪੂਰੇ ਲੰਡਨ ਵਿੱਚ ਛਾ ਜਾਵਾਂਗੇ। ਕਈ ਹੋਰ ਬਿਊਟੀ ਪਾਰਲਰ ਖੋਹਲਾਂਗੇ।

ਸਾਡੇ ਘਰ ਦੇ ਨਾਲ ਕਾਫੀ ਸਾਰੀ ਜਗਾਹ ਪਈ ਸੀ। ਅਸੀਂ ਬੈਂਕ ਤੋਂ ਲੋਨ ਲੈ ਕੇ ਇਥੇ ਬਿਊਟੀ ਪਾਰਲਰ ਦੇ ਹਿਸਾਬ ਨਾਲ ਇਕ ਵੱਡਾ ਕਮਰਾ ਤਿਆਰ ਕਰ ਲਿਆ। ਪਤਨੀ ਨੇ ਨਵੀਆਂ ਮਸ਼ੀਨਾਂ ਦੀ ਟਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ।

ਮੈਂ ਸੋਚ ਰਿਹਾ ਸਾਂ ਕਿ ਕਾਸ਼, ਹੁਣ ਸਭ ਠੀਕ ਰਹੇ। ਸਮਾਂ ਆਪਣੀ ਠਿੱਬੀ ਤੋਂ ਸੰਕੋਚ ਕਰੇ ਪਰ ਸਮਾਂ ਤਾਂ ਸਮਾਂ ਹੈ, ਇਸ ਨੂੰ ਇਹ ਨਹੀਂ ਪਤਾ ਹੁੰਦਾ ਕਿ ਤੁਸੀਂ ਇਕ ਸੁਹਿਰਦ ਇਨਸਾਨ ਹੋ।

ਨਿੰਦਰ ਕੌਰ ਦੀ ਨਵੀਆਂ ਮਸ਼ੀਨਾਂ ਦੀ ਟਰੇਨਿੰਗ ਠੀਕ ਚੱਲ ਰਹੀ ਸੀ। ਮੈਂ ਵੀ ਇਸ ਟਰੇਨਿੰਗ ਤੇ ਮਸ਼ੀਨਾਂ ਵਿੱਚ ਪੂਰੀ ਦਿਲਚਸਪੀ ਲੈ ਰਿਹਾ ਸਾਂ। ਸ਼ੁਕਰਵਾਰ ਨੂੰ ਟਰੇਨਿੰਗ ਖਤਮ ਹੋਣੀ ਸੀ। ਸੋਮਵਾਰ ਨੂੰ ਮਸ਼ੀਨਾਂ ਲਗਣੀਆਂ ਸ਼ੁਰੂ ਹੋ ਜਾਣੀਆਂ ਸਨ। ਬੁਧਵਾਰ ਸ਼ਾਮ ਨੂੰ ਅਚਾਨਕ ਨਿੰਦਰ ਕੌਰ ਵਿੱਚ ਇਕ ਅਜੀਬ ਜਿਹਾ ਬਦਲਾਅ ਦੇਖਣ ਨੂੰ ਮਿਲਿਆ। ਇਵੇਂ ਗੱਲਾਂ ਕਰਨ ਲੱਗੀ ਜਿਵੇਂ ਕੋਈ ਸ਼ਰਾਬੀ ਕਰਦਾ ਹੈ। ਕੁਝ ਦੇਰ ਬਾਅਦ ਅਧਰੰਗ ਦਾ ਦੌਰਾ ਪੈ ਗਿਆ। ਐਂਬੂਲੈਂਸ ਆਈ ਤੇ ਲੈ ਗਈ। ਮੇਰੇ ਨਿੱਕੇ ਨਿੱਕੇ ਬੱਚੇ ਮੇਰੇ ਗਲ਼ ਨੂੰ ਆ ਚੁੰਬੜੇ।



ਮੇਰੀ ਦੁਨੀਆ ਇਕ ਵਾਰ ਫਿਰ ਉਲਟ ਪੁਲਟ ਹੋ ਗਈ। ਡਾਹਢੇ ਸਮੇਂ ਨੇ ਇਕ ਵਾਰ ਫਿਰ ਮੈਨੂੰ ਢਾਅ ਲਿਆ। ਸਮੇਂ ਦਾ ਇਹ ਵਾਰ ਬਹੁਤ ਵੱਡਾ ਸੀ। ਪਤਨੀ ਇਕ ਸਾਲ ਹਸਪਤਾਲ ਵਿੱਚ ਰਹੀ। ਇਲੈਕਟਰੌਲੌਸਿਜ਼ ਦੀਆਂ ਮਸ਼ੀਨਾਂ ਤਾਂ ਫਿਰ ਕੀ ਲਗਣੀਆਂ ਸਨ, ਮੇਰਾ ਕੰਮ ਵੀ ਬੰਦ ਹੋ ਗਿਆ। ਸਿਰ ਕਰਜ਼ਾ ਚੜ੍ਹਨ ਲੱਗਾ। ਘਰ ਦੀ ਪਹਿਲੀ ਕਿਸ਼ਤ ਵੀ ਸੀ ਤੇ ਘਰ ਵਿੱਚ ਹੋਰ ਵਾਧਾ ਕਰਨ ਲਈ ਪੰਜਾਹ ਹਜ਼ਾਰ ਪੌਂਡ ਹੋਰ ਬੈਂਕ ਤੋਂ ਉਧਾਰਾ ਫੜਿਆ ਸੀ, ਉਸ ਦੀ ਕਿਸ਼ਤ ਵੀ ਸਿਰ ਆ ਪਈ। ਬੱਚੇ ਛੋਟੇ ਸਨ, ਮੈਂ ਕੰਮ ਕਰਦਾ ਜਾਂ ਉਹਨਾਂ ਨੂੰ ਸੰਭਾਲਦਾ। ਮੈਂ ਇਹਦੀ ਤਫਸੀਲ ਵਿੱਚ ਹੋਰ ਨਹੀਂ ਜਾ ਸਕਦਾ ਕਿਉਂਕਿ ਕਾਫੀ ਤਕਲੀਫ ਦੇਹ ਹੈ।

ਹਸਦੀ ਖੇਡਦੀ ਗਈ ਨਿੰਦਰ ਕੌਰ ਇਕ ਸਾਲ ਹਸਪਤਾਲ ਰਹਿ ਕੇ ਵੀਅਲ ਚੇਅਰ ਉਪਰ ਘਰ ਆਈ। ਡਾਕਟਰਾਂ ਨੇ ਉਸ ਨੂੰ ਸਾਰੀ ਉਮਰ ਲਈ ਡਿਸਏਬਲ ਭਾਵ ਅਪਾਹਜ ਕਰਾਰ ਦੇ ਦਿੱਤਾ ਸੀ। ਖੱਬਾ ਪਾਸਾ ਸਾਰੇ ਦਾ ਸਾਰੇ ਆਰੀ ਹੋ ਗਿਆ ਸੀ। ਤੁਰ ਤਾਂ ਲੈਂਦੀ ਸੀ ਪਰ ਤੋਰ ਵਿੱਚ ਲੰਙ ਸੀ। ਖੱਬੀ ਬਾਂਹ ਵੀ ਮੁੜੀ ਹੋਈ। ਮੂੰਹ ਵਿੱਚੋਂ ਵੀ ਝੱਗ ਵਗਣ ਲਗਦੀ। ਬਹੁਤ ਪਤਲੀ ਹਾਲਤ ਸੀ। ਇਹ ਇਕ ਪਰੇਸ਼ਾਨੀ ਸੀ ਦੂਜੇ ਪਾਸੇ ਕਰਜ਼ਾ ਮੂੰਹ ਚੌੜਾ ਕਰੀ ਖੜਾ ਸੀ। ਕਿਸ਼ਤਾਂ ਰੁਕੀਆਂ ਪਈਆਂ ਸਨ। ਸਾਰੇ ਕਰੈਡਿਟ ਕਾਰਡ ਭਰੇ ਹੋਏ ਸਨ। ਘਰ ਇਕ ਵਾਰ ਫਿਰ ਵਿਕਰੀ ‘ਤੇ ਲੱਗਣ ਜਾ ਰਿਹਾ ਸੀ। ਇਸ ਵਾਰ ਇਕ ਗੱਲ ਮੇਰੇ ਹੱਕ ਵਿੱਚ ਸੀ ਕਿ ਪਿਛਲੇ ਸਾਲਾਂ ਵਿੱਚ ਲੰਡਨ ਦੇ ਘਰਾਂ ਦੀਆਂ ਕੀਮਤਾਂ ਵਧ ਗਈਆਂ ਸਨ, ਮੇਰਾ ਘਰ ਜੋ ਸਵਾ ਲੱਖ ਦਾ ਲਿਆ ਸੀ ਹੁਣ ਤਿੰਨ ਲੱਖ ਦਾ ਹੋ ਚੁੱਕਾ ਸੀ। ਕਰ ਕਰਾ ਕੇ ਇਸ ਉਪਰ ਡੇੜ ਲੱਖ ਦਾ ਕਰਜ਼ਾ ਸੀ ਤੇ ਡੇੜ ਲੱਖ ਪੌਂਡ ਇਸ ਵਿੱਚੋਂ ਨਿਕਲਣਾ ਸੀ। ਇੰਗਲੈਂਡ ਦੇ ਹੋਰਨਾਂ ਸ਼ਹਿਰਾਂ ਵਿੱਚ ਅਜਿਹਾ ਘਰ ਸਹਿਜੇ ਹੀ ਇਕ ਲੱਖ ਪੌਂਡ ਦਾ ਆ ਜਾਣਾ ਸੀ, ਕਿਉਂ ਨਾ ਕਿਸੇ ਹੋਰ ਸ਼ਹਿਰ ਵਿੱਚ ਜਾ ਵਸਾਂ? ਉਥੇ ਇਕ ਘਰ ਵੀ ਆ ਜਾਵੇਗਾ ਤੇ ਕੁਝ ਪੈਸੇ ਕੋਲ ਵੀ ਬਚ ਜਾਣਗੇ। ਜ਼ਿੰਦਗੀ ਸੌਖੀ ਹੋ ਜਾਵੇਗੀ। ਮੈਂ ਆਪਣੇ ਰਹਿਣ ਲਈ ਕਵੈਂਟਰੀ ਸ਼ਹਿਰ ਨੂੰ ਚੁਣਿਆਂ। ਆਪਣਾ ਘਰ ਸੇਲ ‘ਤੇ ਲਾ ਦਿੱਤਾ ਤੇ ਕਵੈਂਟਰੀ ਵਿੱਚ ਘਰ ਦੇਖਣੇ ਸ਼ੁਰੂ ਕਰ ਦਿੱਤੇ। ਅਜੀਬ ਗੱਲ ਇਹ ਸੀ ਕਿ ਮੇਰਾ ਘਰ ਵਿਕ ਹੀ ਨਹੀਂ ਸੀ ਰਿਹਾ। ਘਰਾਂ ਦੀ ਮਾਰਕਿਟ ਬਹੁਤ ਠੰਡੀ ਪਈ ਹੋਈ ਸੀ। ਕਈ ਮਹੀਨੇ ਘਰ ਮਾਰਕਿਟ ਵਿੱਚ ਲਗਾ ਰਿਹਾ, ਕੋਈ ਦੇਖਣ ਤੱਕ ਨਹੀਂ ਸੀ ਆਉਂਦਾ। ਕਵੈਂਟਰੀ ਵਿੱਚ ਇਕ ਲੱਖ ਦਾ ਬਹੁਤ ਵਧੀਆ ਘਰ ਮਿਲ ਰਿਹਾ ਸੀ ਪਰ ਮੇਰਾ ਵਿਕੇਗਾ ਤਦ ਹੀ ਲੈ ਹੋਵੇਗਾ। ਇਕ ਸਾਲ ਇਵੇਂ ਹੀ ਨਿਕਲ ਗਿਆ। ਹੁਣ ਮੇਰੀ ਵੱਡੀ ਬੇਟੀ ਯੂਨੀਵਰਸਟੀ ਜਾਣ ਲੱਗੀ ਸੀ ਤੇ ਛੋਟੀ ਬੇਟੀ ਪੜ੍ਹਾਈ ਵਿੱਚ ਤਾਂ ਬਹੁਤੀ ਤੇਜ਼ ਨਹੀਂ ਸੀ ਪਰ ਪਤਨੀ ਦੀ ਸੰਭਾਲ ਕਰਨ ਵਿੱਚ ਮੇਰੀ ਮੱਦਦ ਕਰਨ ਲੱਗੀ ਸੀ। ਹੁਣ ਬੇਟਾ ਵੀ ਹਾਈ ਸਕੂਲ ਜਾ ਰਿਹਾ ਸੀ, ਜਾਣੀ ਕਿ ਬੱਚੇ ਉਡਾਰੂ ਹੋ ਚੱਲੇ ਸਨ, ਆਪਣੇ ਆਪ ਨੂੰ ਸੰਭਾਲਣ ਲੱਗੇ ਸਨ।

ਮੈਨੂੰ ਖਿਆਲ ਆਇਆ ਕਿ ਕਿਉਂ ਨਾ ਦੁਬਾਰਾ ਦੁਕਾਨ ਹੀ ਕਰ ਲਵਾਂ। ਬੈਂਕ ਨਾਲ ਗੱਲ ਕੀਤੀ। ਉਹਨਾਂ ਨੇ ਦੇਖਿਆ ਕਿ ਮੇਰੇ ਘਰ ਵਿੱਚ ਏਨੇ ਕੁ ਪੈਸੇ ਹੈਨ ਕਿ ਉਹ ਬਿਜ਼ਨਸ ਲੋਨ ਦੇ ਸਕਦੇ ਸਨ। ਉਹਨਾਂ ਨੇ ਮੈਨੂੰ ਪੰਜਾਹ ਹਜ਼ਾਰ ਦਾ ਲੋਨ ਰਿਕਮੈਂਡ ਕਰ ਦਿੱਤਾ। ਡੇੜ ਲੱਖ ਪੌਂਡ ਦਾ ਕਰਜ਼ਾ ਪਹਿਲਾਂ ਹੀ ਸੀ, ਹੁਣ ਇਹ ਕਰਜ਼ਾ ਦੋ ਲੱਖ ਪੌਂਡ ਹੋ ਗਿਆ। ਵੱਡਾ ਕਰਜ਼ਾ, ਵੱਡੀ ਕਿਸ਼ਤ। ਮੈਂ ਇਕ ਵਾਰ ਫਿਰ ਦੁਕਾਨ ਲੈ ਲਈ। ਇਕ ਦੋਸਤ ਮੇਰੇ ਨਾਲ ਭਾਈਵਾਲ ਬਣ ਗਿਆ। ਦੁਕਾਨ ਵਿੱਚੋਂ ਬਹੁਤਾ ਕੁਝ ਨਹੀਂ ਸੀ ਬਚਦਾ। ਹਾਂ, ਦੁਕਾਨ ਦਾ ਫਾਇਦਾ ਇਹ ਹੋਇਆ ਕਿ ਮੇਰੇ

ਕਰਜ਼ੇ ਦੀ ਕਿਸ਼ਤ ਠੀਕ ਜਾਣ ਲੱਗ ਪਈ। ਕਿਸੇ ਨਾ ਕਿਸੇ ਤਰ੍ਹਾਂ ਚਾਰ ਸਾਲ ਅਸੀਂ ਦੁਕਾਨ ਕੀਤੀ ਫਿਰ ਮੇਰੀ ਆਪਣੇ ਪਾਰਟਨਰ ਨਾਲ ਵਿਗੜਨ ਲੱਗੀ, ਜਿਵੇਂ ਕਾਰੋਬਾਰ ਦੀ ਭਾਈਵਾਲੀ ਵਿੱਚ ਹੁੰਦਾ ਹੀ ਹੈ। ਅਸੀਂ ਅਲੱਗ ਹੋ ਗਏ, ਦੁਕਾਨ ਵਿਕ ਗਈ। ਦੁਕਾਨ ਤਾਂ ਵਿਕ ਗਈ। ਮੋਟੇ-ਮੋਟੇ ਕਰਜ਼ੇ ਲਹਿ ਗਏ ਪਰ ਕੋਈ ਪੈਸਾ ਬਚਿਆ ਨਹੀਂ। ਮੇਰੀ ਘਰ ਦੀ ਕਿਸ਼ਤ ਸੋਲਾਂ ਸਾਲ ਦੀ ਸੀ, ਹਾਲੇ ਬਾਰਾਂ ਸਾਲ ਕਿਸ਼ਤ ਦੇ ਸਾਹਮਣੇ ਹੋਰ ਖੜੇ ਸਨ, ਉਹ ਵੀ ਵੱਡੀ ਕਿਸ਼ਤ ਦੇ।

ਮੈਂ ਇਸ ਕਿਸ਼ਤ ਨੂੰ ਦੇਣ ਲਈ ਏਧਰ ਓਧਰ ਹੱਥ ਪੈਰ ਮਾਰਨ ਲੱਗਾ। ਕੁਝ ਮੇਰੀ ਮੱਦਦ ਸੋਸ਼ਲ ਸਕਿਉਰਟੀ ਵਾਲੇ ਕਰਨ ਲੱਗੇ। ਇਹੋ ਇਸ ਮੁਲਕ ਦਾ ਫਾਇਦਾ ਹੈ ਕਿ ਛੱਤ ਤੇ ਰੋਟੀ ਦਾ ਇੰਤਜ਼ਾਮ ਸਰਕਾਰ ਕਰ ਹੀ ਦਿੰਦੀ ਹੈ। ਜ਼ਿੰਦਗੀ ਨੂੰ ਆਰਜ਼ੀ ਜਿਹੀ ਰਾਹਤ ਮਿਲ ਗਈ। ਮੈਂ ਵੀ ਬਿਮਾਰੀ ਦਾ ਸੱਚਾ-ਝੂਠਾ ਬਹਾਨਾ ਬਣਾ ਕੇ ਕੁਝ ਭੱਤੇ ਵਧਾ ਲਏ। ਕਿਸੇ ਨਾ ਕਿਸੇ ਤਰ੍ਹਾਂ ਕਿਸ਼ਤ ਦੇ ਹੋਣ ਲੱਗੀ ਪਰ ਇਹ ਦਿਨ ਦੰਦੀ 'ਤੇ ਜੀਉਣ ਵਾਂਗ ਹੀ ਸਨ।ਵੈਸੇ ਦੰਦੀ 'ਤੇ ਜੀਉਣਾ ਸਾਰੀ ਉਮਰ ਮੇਰੇ ਹਿੱਸੇ ਰਿਹਾ ਹੈ। ਉਮਰ ਦੇ ਇਸ ਪੜਾਅ 'ਤੇ ਆ ਕੇ ਵੀ ਮੇਰੀ ਸਥਿਤੀ ਉਹੋ ਹੀ ਹੈ, ਘਰ ਦੀ ਹਾਲੇ ਵੀ ਓਡੀ ਹੀ ਵੱਡੀ ਕਿਸ਼ਤ ਹੈ, ਇਹ ਕਿਸ਼ਤ ਕੁਝ ਸਾਲ ਹੋਰ ਚੱਲੇਗੀ। ਕਿਸ਼ਤ ਦੇਣ ਲਈ ਮੈਨੂੰ ਨੌਕਰੀ ਕਰਨੀ ਪੈ ਰਹੀ ਹੈ, ਉਸ ਉਮਰ ਵਿੱਚ ਜਦ ਮੇਰੇ ਨਾਲ ਦੇ ਦੋਸਤ ਕਈ ਸਾਲਾਂ ਤੋਂ ਰਿਟਾਇਰਮੈਂਟ ਦੀ ਉਮਰ ਭੋਗ ਰਹੇ ਹਨ, ਮੈਂ ਸਵੇਰੇ ਪੰਜ ਵਜੇ ਦੇ ਅਲਾਰਮ ਨਾਲ ਉਠ ਕੇ ਤਿਆਰ ਹੋਣ ਲਗਦਾ ਹਾਂ। ਇਹ ਗੱਲ ਵੀ ਸੱਚ ਹੈ ਕਿ ਕੰਮ 'ਤੇ ਜਾਣਾ ਮੈਨੂੰ ਬਹੁਤ ਵਧੀਆ ਲਗਦਾ ਹੈ, ਸਾਝਰੇ ਉਠਣਾ, ਸੂਟ ਪਾਉਣਾ, ਟਾਈ ਲਾਉਣੀ ਇਹ ਸਭ ਮੈਨੂੰ ਅਨੁਸ਼ਾਸਨ ਵਿੱਚ ਰੱਖਦਾ ਹੈ।...

ਬਹੁਤ ਕੁਝ ਤਕਲੀਫ ਦੇਹ ਵਾਪਰ ਰਿਹਾ ਸੀ ਪਰ ਕੁਝ ਦਿਲ ਨੂੰ ਤਸੱਲੀ ਦੇਣ ਵਾਲਾ, ਮਨ ਨੂੰ ਖੜਿਆਂ ਕਰਨ ਵਾਲਾ ਵੀ ਹੋ ਰਿਹਾ ਸੀ। ਵੱਡੀ ਬੇਟੀ ਰੀਝਾਂ ਮਾਸਟਰ ਕਰਕੇ ਵਧੀਆ ਨੌਕਰੀ 'ਤੇ ਲੱਗ ਗਈ। ਛੋਟੀ ਕੁੜੀ ਨੇ ਵੀ ਕੋਈ ਕੋਰਸ ਕਰ ਲਿਆ ਤੇ ਨੌਕਰੀ ਮਿਲ ਗਈ। ਮੁੰਡਾ ਯੂਨੀਵਰਸਟੀ ਜਾਣ ਲੱਗਾ। ਇਹਨਾਂ ਚੰਗੀਆਂ ਚੀਜ਼ਾਂ ਨੂੰ ਵਾਪਰਦਿਆਂ ਦੇਖ ਲਗਦਾ ਸੀ ਕਿ ਸਮਾਂ ਮੇਰਾ ਦੋਸਤ ਬਣ ਗਿਆ ਹੈ, ਹੁਣ ਹੋਰ ਠਿੱਬੀ ਨਹੀਂ ਮਾਰੇਗਾ। ਸਮੇਂ ਨੂੰ ਪਤਾ ਹੈ ਕਿ ਠਿੱਬੀਆਂ ਖਾਣ ਵਾਲੀ ਮੇਰੀ ਉਮਰ ਵੀ ਨਹੀਂ ਰਹੀ। ਪਰ ਸਮਾਂ ਬੜਾ ਬਲਵਾਨ!

ਹਾਂ, ਇਹਨਾਂ ਦਿਨਾਂ ਵਿੱਚ ਇਕ ਹੋਰ ਬਹੁਤ ਸੁਹਣੀ ਘਟਨਾ ਵਾਪਰੀ ਕਿ ਉਹ ਸੀ ਵੱਡੀ ਬੇਟੀ ਦਾ ਰਿਸ਼ਤਾ। ਬਹੁਤ ਢੁਕਵਾਂ ਵਰ ਮਿਲ ਰਿਹਾ ਸੀ। ਅਸੀਂ ਰਿਸ਼ਤਾ ਪੱਕਾ ਕਰ ਲਿਆ। ਸਤੰਬਰ ਵਿੱਚ ਰਿਸ਼ਤਾ ਹੋਇਆ। ਅਗਲੇ ਸਾਲ ਗਰਮੀਆਂ ਦਾ ਵਿਆਹ ਰੱਖ ਲਿਆ ਗਿਆ। ਪਰ ਸਮਾਂ ਆਪਣੀ ਆਈ 'ਤੇ ਆਇਆ ਹੋਇਆ ਸੀ। ਕਿਸੇ ਨੂੰ ਪਤਾ ਵੀ ਨਹੀਂ ਸੀ ਕਿ ਕੀ ਹੋਣ ਵਾਲਾ ਹੈ। ਅਕਤੂਬਰ ਦੇ ਮਹੀਨੇ ਨਿੰਦਰ ਕੌਰ ਨੇ ਸਿਹਤ ਵਲੋਂ ਕੋਈ ਸ਼ਿਕਾਇਤ ਕੀਤੀ। ਡਾਕਟਰ ਦੇ ਗਏ, ਕੈਂਸਰ ਡਾਇਗਨੋਜ਼ ਹੋ ਗਿਆ। ਛਾਤੀ ਦਾ ਕੈਂਸਰ ਤੇ ਉਹ ਵੀ ਐਡਵਾਂਸ ਸਟੇਜ 'ਤੇ। ਡਾਕਟਰ ਮੁਤਾਬਕ ਇਸ ਦੇ ਠੀਕ ਹੋਣ ਦੇ ਮੌਕੇ ਘੱਟ ਹੀ ਹਨ।ਉਧਰੋਂ ਰੀਝਾਂ ਦੇ ਵਿਆਹ ਦੀ ਤਿਆਰੀ ਹੋ ਰਹੀ ਹੈ ਤੇ ਇਧਰੋਂ ਨਿੰਦਰ ਕੌਰ ਦੀ ਕੀਮੋਥੈਰੇਪੀ ਸ਼ੁਰੂ ਹੋ ਗਈ ਹੈ। ਮੈਂ ਮੁੰਡੇ ਵਾਲਿਆਂ ਨੂੰ ਸਾਰੀ ਸਥਿਤੀ ਦੱਸੀ ਤੇ ਵਿਆਹ ਨੂੰ ਜਿੰਨੀ ਜਲਦੀ ਹੋ ਸਕੇ ਕਰ ਲੈਣ ਦੀ ਬੇਨਤੀ ਕੀਤੀ। ਮੈਨੂੰ ਡਰ ਸੀ ਕਿ ਜੇ ਜਾਹ ਜਾਂਦੀ ਹੋ ਗਈ!..ਘੱਟੋ ਘੱਟ ਨਿੰਦਰ ਕੌਰ ਕੁੜੀ ਦਾ ਵਿਆਹ ਤਾਂ ਦੇਖ ਜਾਵੇ। ਅਸੀਂ ਵਿਆਹ ਫਰਵਰੀ ਦਾ ਰੱਖ ਲਿਆ ਪਰ ਨਿੰਦਰ ਕੌਰ ਹਸਪਤਾਲ ਵਿੱਚ ਸੀ। ਉਸ ਦੀ ਹਾਲਤ ਬਹੁਤ



ਖਰਾਬ ਸੀ। ਵਿਆਹ ਵਾਲੇ ਦਿਨ ਉਸ ਨੂੰ ਹਸਪਤਾਲੋਂ ਲਿਆਂਦਾ ਤੇ ਵਿਆਹ ਖਤਮ ਹੁੰਦਿਆਂ ਹੀ ਐਂਬੂਲੈਂਸ ਆ ਕੇ ਵਾਪਸ ਉਸ ਨੂੰ ਹਸਪਤਾਲ ਲੈ ਗਈ।

ਸਮੇਂ ਦੀਆਂ ਠਿੱਬੀਆਂ ਤੇ ਸਾਡਾ ਡਿੱਗ ਕੇ ਉਠਣਾ, ਦੋਨੋਂ ਹੀ ਕਮਾਲ ਦੇ ਸਨ। ਹੌਲੀ ਹੌਲੀ ਨਿੰਦਰ ਕੌਰ ਠੀਕ ਹੋ ਗਈ, ਭਾਵੇਂ ਪੂਰੀ ਤਰ੍ਹਾਂ ਨਹੀਂ ਪਰ ਜਿਸ ਨੂੰ ਕਹਿੰਦੇ ਹਨ ਕਿ ਕਿਰਿਆ ਸੋਧਣ ਜੋਗੀ। ਉਹ ਹੱਸਦੀ ਕਹਿੰਦੀ- ਜਿਸ ਦਾ ਬਰੇਨ ਹੈਮਰਿਜ ਤੇ ਅਧਰੰਗ ਕੁਝ ਨਹੀਂ ਵਿਗਾੜ ਸਕੇ ਉਸ ਨੂੰ ਕੈਂਸਰ ਕੀ ਕਰ ਲਵੇਗੀ?

ਸਮਾਂ ਤਾਂ ਆਪਣੀ ਤਾਕਤ ਦਿਖਾਉਂਦਾ ਹੀ ਰਹੇਗਾ। ਅਸੀਂ ਇਸ ਦੇ ਆਦੀ ਹੋ ਚੁੱਕੇ ਹਾਂ। ਨਿੰਦਰ ਕੌਰ ਦਾ ਪੌੜੀਆਂ ਵਿੱਚੋਂ ਜਾਂ ਬਾਥਰੂਮ ਵਿੱਚ ਡਿੱਗ ਪੈਣਾ ਆਮ ਜਿਹੀ ਗੱਲ ਹੈ ਪਰ ਹੁਣ ਉਹ ਬੈੱਡ ਤੋਂ ਵੀ ਡਿਗ ਪੈਂਦੀ ਹੈ। ਕਈ ਵਾਰ ਉਸ ਨੂੰ ਹਸਪਤਾਲ ਚੈੱਕ ਅੱਪ ਲਈ ਗਈ ਨੂੰ ਉਥੇ ਰੱਖ ਲੈਂਦੇ ਹਨ ਤੇ ਉਹ ਵੀ ਬੀਬੇ ਮਰੀਜ਼ ਵਾਂਗ ਇਕ ਦਮ ਹਸਪਤਾਲ ਦੇ ਬੈੱਡ ਨਾਲ ਬੈੱਡ ਹੋ ਜਾਂਦੀ ਹੈ।

ਇਹ ਸਮੇਂ ਦੀਆਂ ਮਾਰੀਆਂ ਠਿੱਬੀਆਂ ਸਨ ਪਰ ਸਮਾਂ ਦੋਸਤ ਬਣ ਕੇ ਵੀ ਨਿਭਿਆ ਹੈ। ਮੈਨੂੰ ਆਪਣੇ ਹਾਣ ਦਾ ਬਣਨ ਦੇ ਪੂਰੇ ਮੌਕੇ ਦਿੱਤੇ ਹਨ। ਆਪਣੇ ਨਾਲ ਹੀ ਬਦਲਣ ਲਈ ਪ੍ਰੇਰਿਆ ਹੈ। ਬਿਜਲੀ ਸਾਡੇ ਘਰ ਪਿੰਡ ਦੇ ਹੋਰ ਬਹੁਤ ਸਾਰੇ ਘਰਾਂ ਨਾਲੋਂ ਪਹਿਲਾਂਆਈ ਸੀ, ਰੇਡੀਓ ਤੇ ਫਿਰ ਟਰਾਂਸਜਿਟਰ ਵੀ ਮੈਨੂੰ ਸ਼ੁਰੂ ਵਿੱਚ ਹੀ ਮਿਲ ਗਏ ਸਨ। ਇਵੇਂ ਹੀ ਕੰਪਿਊਟਰ ਵੀ ਮੈਂ ਇਸ ਦੇ ਇਜਾਦ ਹੋਣ ਨਾਲ ਹੀ ਸਿੱਖਣਾ ਸ਼ੁਰੂ ਕਰ ਲਿਆ ਸੀ। ਭਾਵ ਸਮੇਂ ਦੇ ਨਾਲ ਚੱਲਣ ਦੀ ਕੋਸ਼ਿਸ਼ ਕੀਤੀ।ਸਮੇਂ ਨੂੰ ਅਜਾਈਂ ਨਹੀਂ ਗਵਾਇਆ।ਜਿਵੇਂ ਜਿਵੇਂ ਨਵੀਂ ਟੈਕਨੌਲੌਜੀ ਆਈ ਮੈਂ ਨਵੀਂ ਪੀੜ੍ਹੀ ਜਿੰਨਾ ਤਾਂ ਨਹੀਂ ਪਰ ਫਿਰ ਵੀ ਇਸ ਨੂੰ ਅਪਣਾਇਆ ਹੈ। ਮੈਂ ਪਤਨੀ ਦੀ ਘੋਰ ਬਿਮਾਰੀ ਦੇ ਵਿੱਚ-ਵਿਚਕਾਰ ਬੱਚਿਆਂ ਨੂੰ ਵਧੀਆ ਵਿਦਿਆ ਦੇਣ ਵਿੱਚ ਤੇ ਉਹਨਾਂ ਨੂੰ ਵਧੀਆ ਸ਼ਹਿਰੀ ਬਣਾਉਣ ਵਿੱਚ ਕਾਮਯਾਬ ਰਿਹਾ ਹਾਂ। ਬੱਚਿਆਂ ਦੇ ਮਨਾਂ ਵਿੱਚੋਂ ਧਰਮ ਤੇ ਜਾਤ-ਪਾਤ ਦਾ ਕੰਡਾ ਕੱਢਣ ਦੀ ਕੋਸ਼ਿਸ਼ ਕੀਤੀ। ਨਿੰਦਰ ਕੌਰ ਦੀ ਸੰਭਾਲ ਵੀ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਇਕ ਵਾਰ ਇਕ ਰਿਸ਼ਤੇਦਾਰ ਔਰਤ ਪਤਨੀ ਵੱਲ ਹੱਥ ਕਰਦੀ ਬੋਲੀ ਸੀ ਕਿ ਇਹ ਤਾਂ ਹੁਣ ਖਤਮ ਹੈ, ਤੂੰ ਆਪਣਾ ਸੋਚ। ਮੈਂ ਕਿਹਾ ਸੀ ਕਿ ਜਿੰਨਾ ਚਿਰ ਮੈਂ ਹੈਗਾਂ ਓਨਾ ਚਿਰ ਇਹ ਖਤਮ ਨਹੀਂ ਹੁੰਦੀ। ਇਥੇ ਸਮਾਂ ਮੇਰਾ ਦੋਸਤ ਬਣ ਕੇ ਰਿਹਾ। ਮੇਰੀ ਸਿਹਤ 'ਤੇ ਬਹੁਤੇ ਹਮਲੇ ਨਹੀਂ ਹੋਏ। ਬੱਚੇ ਵੀ ਆਗਿਆਕਾਰ ਨਿਕਲੇ। ਉਹਨਾਂ ਨੇ ਪੱਛਮੀ ਕਲਚਰ ਦੇ ਨਾਲ ਨਾਲ ਆਪਣਾ ਕਲਚਰ ਤੇ ਬੋਲੀ ਵੀ ਸਿੱਖੇ। ਇਕ ਪਿਓ ਦੀਆਂ ਬਹੁਤੀਆਂ ਉਮੀਦਾਂ ਨੂੰ ਬਰਕਰਾਰ ਰੱਖਿਆ। ਹਾਂ, ਇਹ ਗੱਲ ਵੱਖਰੀ ਹੈ ਕਿ ਇਸ ਸਭ ਕਾਸੇ ਨਾਲ ਜੂਝਦੇ ਹੋਏ ਮੈਂ ਦੋਸਤਾਂ ਤੇ ਰਿਸ਼ਤੇਦਾਰਾਂ ਦੀਆਂ ਉਮੀਦਾਂ ਮੁਤਾਬਕ ਸ਼ਾਇਦ ਬਹੁਤਾ ਖਰਾ ਨਾ ਉਤਰਿਆ ਹੋਵਾਂ। ਮੈਂ ਭੈਣਾਂ ਭਰਾਵਾਂ ਦੇ ਦੁੱਖ-ਸੁੱਖ ਨੂੰ ਉਸ ਤਰ੍ਹਾਂ ਨਹੀਂ ਸੁਣ ਸਕਿਆ ਜਿਵੇਂ ਮੈਂ ਆਮ ਹਾਲਾਤ ਵਿੱਚ ਕਰ ਸਕਦਾ ਸਾਂ। ਜਦ ਵੱਡਾ ਕਰਜ਼ਾ ਲੈ ਕੇ ਸਾਰੀਆਂ ਨਿੱਕੀਆਂ ਮੋਟੀਆਂ ਕਿਸ਼ਤਾਂ ਇਕ ਥਾਂ ਕੀਤੀਆਂ ਸਨ ਤਾਂ ਦੇਵਿੰਦਰ ਕੌਰ ਮੇਰੀ ਏਨੀ ਵੱਡੀ ਕਿਸ਼ਤ ਦੇਖਦੀ ਕਿਹਾ ਕਰਦੀ ਕਿ ਜਿਸ ਉਮਰ ਵਿੱਚ ਲੋਕ ਕਿਸ਼ਤਾਂ ਵਲੋਂ ਵਿਹਲੇ ਹੋ ਜਾਂਦੇ ਹਨ ਉਸ ਉਮਰ ਵਿੱਚ ਮੈਂ ਨਵੀਆਂ ਕਿਸ਼ਤਾਂ ਸ਼ੁਰੂ ਕਰ ਲਈਆਂ। ਜਿੰਦਰ ਅਕਸਰ ਆਖਦਾ ਹੈ ਕਿ ਇੰਗਲੈਂਡ ਵਿੱਚ ਹਰ ਕਿਸੇ ਨੇ ਲੋਹੜੇ ਦੇ ਪੈਸੇ ਕਮਾਏ ਪਰ ਮੈਂ ਖਾਲੀ ਦਾ ਖਾਲੀ ਕਿਉਂ ਹਾਂ, ਮੇਰੇ ਕੋਲ ਕਿਸੇ ਸਵਾਲ ਦਾ ਕੋਈ ਜਵਾਬ ਨਹੀਂ।

ਮੇਰਾ ਸਮਾਂ ਤਕਲੀਫਾਂ ਭਰਿਆ ਜ਼ਰੂਰ ਸੀ ਪਰ ਨੀਰਸਤਾ ਭਰਿਆ ਨਹੀਂ ਸੀ, ਬਲਕਿ ਨੀਰਸਤਾ ਤਾਂ ਮੈਂ ਜ਼ਿੰਦਗੀ ਵਿੱਚ ਕਦੇ ਦੇਖੀ ਹੀ ਨਹੀਂ। ਮੇਰੀ ਸੋਚ ਹੈ ਕਿ ਖ਼ੁਸ਼ੀ ਤੇ ਗਮੀ ਦੋ ਖਿਡਾਉਣੇ ਤੁਹਾਡੇ ਅੰਦਰ ਹੀ ਪਏ ਹਨ ਜਿਹਦੇ ਨਾਲ ਮਰਜ਼ੀ ਖੇਡ ਲਵੋ। ਚੜ੍ਹਦੀ ਕਲਾ ਵਿੱਚ ਰਹਿਣਾ ਮੇਰੇ ਜੀਵਨ ਜਾਚ ਦਾ ਪ੍ਰਮੁੱਖ ਹਿੱਸਾ ਹੈ। ਅਸੀਂ ਇਕੋ ਵੇਲੇ ਦੋ ਦੁਨੀਆ ਵਿੱਚ ਜੀ ਰਹੇ ਹੁੰਦੇ ਹਾਂ, ਇਕ ਸਾਡੇ ਬਾਹਰ ਦੀ ਦੁਨੀਆ ਹੈ ਤੇ ਦੂਜੇ ਸਾਡੇ ਅੰਦਰਲੀ ਦੁਨੀਆ। ਬਾਹਰ ਦੀ ਦੁਨੀਆ ਉਪਰ ਤੁਹਾਡਾ ਬਹੁਤਾ ਵੱਸ ਨਹੀਂ ਹੁੰਦਾ ਪਰ ਅੰਦਰਲੀ ਦੁਨੀਆ ਨੂੰ ਆਪਣੀ ਮਰਜ਼ੀ ਨਾਲ ਬਣਾਉਣਾ ਸੰਵਾਰਨਾ ਹੁੰਦਾ ਹੈ, ਇਸ ਵਿੱਚ ਮੈਂ ਬਹੁਤ ਮਾਹਰ ਹਾਂ। ਮੈਂ ਆਪਣੇ ਅੰਦਰਲੀ ਦੁਨੀਆ ਨੂੰ ਸਦਾ ਹੀ ਖ਼ੂਬਸੂਰਤ ਬਣਾ ਕੇ ਰੱਖਿਆ ਹੈ। ਸਾਹਿਤ ਨੇ ਇਸ ਮਾਮਲੇ ਵਿੱਚ ਮੇ ਰੀ ਬਹੁਤ ਮੱਦਦ ਕੀਤੀ ਹੈ। ਦੁੱਖ ਨੂੰ, ਬੁਰੇ ਦਿਨਾਂ ਨੂੰ ਹਰਾਉਣ ਵਿੱਚ ਸਾਹਿਤ ਮੇਰੇ ਬਹੁਤ ਕੰਮ ਆਇਆ ਹੈ। ਇਕ ਕਿਸਮ ਨਾਲ ਸਾਹਿਤ ਮੇਰੀ ਤਾਕਤ ਬਣਿਆਂ ਹੈ। ਜਦ ਮੈਂ ਆਪਣੇ ਪਹਿਲੇ ਘਰ ਵਿੱਚੋਂ ਖਾਲੀ ਹੱਥ ਨਿਕਲ ਰਿਹਾ ਸਾਂ ਤਾਂ ਮੈਂ ਇਕ ਨਾਵਲ ਲਿਖਣ ਸ਼ੁਰੂ ਕਰ ਦਿੱਤਾ ਜਿਸ ਨੇ ਮੈਨੂੰ ਕਾਇਮ ਰੱਖਿਆ। ਨਾਵਲ ਖਵੱਈਆ ਬਣ ਕੇ ਮੈਨੂੰ ਉਸ ਭੰਵਰ ਵਿੱਚੋਂ ਕੱਢ ਲਿਆਇਆ ਸੀ। ਇਹ ਨਾਵਲ ਮੈਂ ਕਦੇ ਵੀ ਛਪਵਾਇਆ ਨਹੀਂ, ਮੈਂ ਉਸ ਨੂੰ ਜ਼ਾਇਆ ਕਰ ਦਿੱਤਾ ਸੀ। ਮੇਰੇ ਹਿਸਾਬ ਨਾਲ ਮੇਰੀ ਨਾਵਲ ਕਲਾ ਉਸ ਵੇਲੇ ਹਾਲੇ ਹੋਰ ਮਿਹਨਤ ਮੰਗਦੀ ਸੀ। ਉਸ ਵੇਲੇ ਮੈਂ ਅਨੁਭਵ ਵਿੱਚ ਦੀ ਲੰਘ ਰਿਹਾ ਸਾਂ, ਅਨੁਭਵ ਹਾਲੇ ਹੋਇਆ ਨਹੀਂ ਸੀ। ਜਦ ਮੈਂ ਦੁਕਾਨ ਵਿੱਚੋਂ ਕੱਢਿਆ ਜਾ ਰਿਹਾ ਸਾਂ ਤਾਂ ਮੈਂ ਆਪਣਾ ਨਾਵਲ 'ਵਨ ਵੇਅ' ਲਿਖ ਰਿਹਾ ਸਾਂ। ਜਦ ਪਤਨੀ ਨੂੰ ਬਰੇਨ ਹੈਮਰਿਜ ਹੋਇਆ ਤਾਂ ਮੈਂ ਨਾਵਲ 'ਰੇਤ' ਲਿਖ ਕੇ ਇਸ ਦੁੱਖ ਦਾ ਸਾਹਮਣਾ ਕੀਤਾ। ਜਦ ਪਤਨੀ ਨੂੰ ਅਧਰੰਗ ਦਾ ਦੌਰਾ ਪਿਆ ਤਾਂ ਮੈਂ ਨਾਵਲ 'ਸਵਾਰੀ' ਲਿਖਿਆ। ਜਦ ਪਤਨੀ ਦੀ ਬਿਮਾਰੀ ਕਾਰਨ ਜਾਂ ਕਰਜ਼ਾ ਵੱਧ ਜਾਣ ਕਾਰਨ ਇਕ ਵਾਰ ਫਿਰ ਘਰ ਵਿਕਣ ਦੀ ਕੰਗਾਰ 'ਤੇ ਸੀ ਤਾਂ ਮੈਂ ਨਾਵਲ 'ਸਾਊਥਾਲ' ਲਿਖ ਕੇ ਇਸ ਤਕਲੀਫ ਨੂੰ ਝੱਲਿਆ।ਇਕ ਅਜਿਹਾ ਵੇਲਾ ਸੀ ਕਿ ਘਰ ਵਿੱਚ ਇਕ ਪਾਸੇ ਪਤਨੀ ਬਿਮਾਰ ਸੀ ਤੇ ਦੂਜੇ ਪਾਸੇ ਮੇਰੇ ਪਿਤਾ ਵੀ ਮੇਰੇ ਕੋਲ ਰਹਿ ਰਹੇ ਸਨ ਤੇ ਉਹ ਵੀ ਬਿਮਾਰ ਸਨ, ਮੈਂ ਦੋਹਾਂ ਦੀ ਸੇਵਾ ਵਿੱਚ ਲੱਗਾ ਹੋਇਆ ਸਾਂ ਤੇ ਨਾਲ ਦੀ ਨਾਲ ਬੱਚੇ ਵੀ ਸੰਭਾਲ ਰਿਹਾ ਸਾਂ। ਇਸ ਬਾਰੇ ਮੈਂ ਨਾਵਲ 'ਗੀਤ' ਲਿਖਿਆ ਹੈ। ਮੇਰੇ ਇਕ ਦੋਸਤ ਦੀ ਮੌਤ ਮੇਰੇ ਸਾਹਮਣੇ ਹੋ ਰਹੀ ਸੀ ਤਾਂ ਮੈਂ ਨਾਵਲ 'ਕਾਲੇ ਰੰਗ ਗੁਲਾਬਾਂ ਦੇ' ਲਿਖਿਆ।ਅਜਿਹੀ ਹੀ ਇਕ ਅਜੀਬ ਹਾਲਤ ਵਿੱਚ ਮੈਂ ਨਾਵਲ 'ਹਾਦਸੇ' ਲਿਖਿਆ। ਇਵੇਂ ਹਰ ਨਾਵਲ ਨੇ ਮੇਰੇ ਦੁੱਖਾਂ ਨੂੰ ਝਾੜ-ਪੂੰਝ ਕੇ ਮੈਨੂੰ ਸਾਫ ਕੀਤਾ ਹੈ। ਇਵੇਂ ਮੇਰੀਆਂ ਲਿਖੀਆਂ ਕਹਾਣੀਆਂ ਵੀ ਮੇਰੀਆਂ ਵਕਤੀ ਤਕਲੀਫਾਂ ਨੂੰ ਮੋਢਾ ਦਿੰਦੀਆਂ ਰਹੀਆਂ ਹਨ। ਹਾਂ, ਇਸੇ ਦੁਰਮਿਆਨ ਮੈਂ ਦੁਨੀਆ ਭਰ ਦਾ ਸਹਿਤ ਪੜ੍ਹਿਆ ਹੈ ਤੇ ਕਿਤਾਬਾਂ ਨੇ ਵੀ ਮੈਨੂੰ ਬਹੁਤ 'ਸੂਦ' ਕੀਤਾ ਹੈ, ਮੇਰੇ ਅੰਦਰਲੀ ਹਿਲ-ਜੁਲ ਨੂੰ ਥਾਪੜਿਆ ਹੈ।

ਸਾਹਿਤ ਵਿੱਚ ਮੇਰੀ ਜੋ ਵੀ ਨਾਂ-ਥਾਂ ਹੈ ਉਸ ਦੀ ਮੈਨੂੰ ਕਦੇ ਵੀ ਚਿੰਤਾ ਨਹੀਂ ਹੋਈ ਕਿਉਂਕਿ ਅੱਜ ਦਾ ਜ਼ਮਾਨਾ ਤਿਕੜਮ ਬਾਜ਼ੀ ਦਾ ਹੈ। ਲੇਖਣੀ ਨਾਲੋਂ ਲੇਖਕ ਜ਼ਿਆਦਾ ਉਪਰ ਆ ਜਾਂਦਾ ਹੈ। ਸੋਸ਼ਲ ਮੀਡੀਏ ਨੇ ਤਾਂ ਇਸ ਤਿਕੜਮਬਾਜ਼ੀ ਨੂੰ ਹੋਰ ਵੀ ਹਵਾ ਦਿੱਤੀ ਹੈ।

**ਦੇਖੋ ਬਾਕੀ ਪੰਨਾ ਨੰ. 41**



## ..ਸਾਈਕਲ ਇੰਝ ਹੀ ਗਿੜਿਆ/ਮਨਮੋਹਨ

ਸਮਾਂ ਤੇ ਬੰਦਾ ਪੂਰਕ ਤੇ ਅਨਿੱਖੜ ਵਰਤਾਰੇ ਨੇ। ਇਕ ਸਮਾਂ ਬੰਦੇ ਦੇ ਬਾਹਰ ਹੁੰਦਾ, ਦੂਜਾ ਅੰਦਰ। ਇਕ ਬੰਦਾ ਸਮੇਂ ਦੇ ਅੰਦਰ ਹੁੰਦਾ, ਦੂਜਾ ਬਾਹਰ। ਦੋਵੇਂ ਇਕ ਦੂਜੇ ਬਣਾਉਂਦੇ, ਇਕ ਦੂਜੇ ਹੱਥੀਂ ਬਣਦੇ ਨੇ। ਸਮਾਂ ਭੂਤ ਬਣ ਬੰਦੇ ਦੇ ਅੰਦਰ ਸਿਮਰਤੀਆਂ ਦੇ ਰੂਪ 'ਚ ਜਿਉਂਦੈ। ਬੰਦਾ ਸਮੇਂ ਅੰਦਰ ਬਿਨਸੇ ਵਰਤਮਾਨ ਨੂੰ ਅੰਤ ਤੱਕ ਜਿਉਣ ਦੇ ਭਰਮ 'ਚ ਮਰ ਜਾਂਦਾ।

ਜੀਵਨ ਅੱਗੇ ਤੁਰਦਾ ਹੈ ਪਰ ਇਸਦਾ ਅਨੁਭਵ ਪਿਛੱਲਖੁਰਾ ਹੈ। ਉਮਰ ਵੱਧਦਿਆਂ ਇਹ ਆਭਾਸ ਹੁੰਦੈ ਕਿ ਬੰਦਾ ਵੀ ਵੱਧ ਰਿਹੈ ਪਰ ਉਹ ਵੱਧ ਨਹੀਂ ਬਲਕਿ ਘੱਟ ਰਿਹਾ ਹੁੰਦੈ। ਇਸ ਆਭਾਸੀ ਘਟੱਣ ਦੇ ਉਲਟ ਬੰਦਾ ਸਿਮਰਤੀਆਂ 'ਚ ਦਰਅਸਲ ਵੱਧ ਰਿਹਾ ਹੁੰਦੈ । ਇੰਝ ਇਹ ਤਰਕ ਸਹੀ ਪ੍ਰਤੀਤ ਹੁੰਦਾ ਹੈ ਕਿ ਬੰਦਾ ਹੱਡ ਮਾਸ ਤੇ ਲਹੂ ਦਾ ਨਹੀਂ ਬਲਕਿ ਸਿਮਰਤੀਆਂ ਦਾ ਸ਼ਾਸ਼ਵਤ ਸਰੂਪ ਹੈ ।

ਫਰਾਂਸਿਸੀ ਨਾਵਲਕਾਰ ਮਾਰਸਲ ਪਰਾਉਸਟ ਆਪਣੇ ਨਾਵਲ 'ਰਿਮੈਂਬਰੈਂਸ ਆਫ਼ ਥਿੰਗਜ਼ ਪਾਸਟ' 'ਚ ਕਹਿੰਦਾ ਕਿ ਸਿਮਰਤੀ ਸਿਰਫ਼ ਭੂਤ ਦੇ ਪ੍ਰਭਾਵਾਂ ਨੂੰ ਯਾਦ ਕਰਨਾ ਹੀ ਨਹੀਂ ਬਲਕਿ ਭੂਤ 'ਚ ਜਾ ਕੇ ਸੁੰਦਰਤਾ ਅਤੇ ਸੁਹਜ ਦੇ ਕਾਲਪਨਿਕ ਜਗਤ ਨੂੰ ਅਨੁਭਵ ਕਰਨ ਦੀ ਅੰਤਰਦ੍ਰਿਸ਼ਟੀ ਹੈ। ਇਸੇ ਗੱਲ ਦੀ ਤਸ਼ਰੀਹ ਨੋਬਲ ਪਰੁਸਕਾਰ ਵਿਜੇਤਾ ਨਾਵਲਕਾਰ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਵੀ ਆਪਣੀ ਕਿਤਾਬ 'ਇਨ ਮੈਮੋਆਇਰਜ਼' 'ਚ ਕਰਦਾ ਹੈ ਕਿ ਜੀਵਨ ਉਹ ਨਹੀਂ ਜੋ ਜੀਵਿਆ ਹੁੰਦੈ ਬਲਕਿ ਉਹ ਹੈ ਜੋ ਸਾਡੀਆਂ ਸਿਮਰਤੀਆਂ 'ਚ ਪਿਆ ਹੁੰਦੈ। ਸਿਮਰਤੀਆਂ ਆਤਮਾ ਦੀ ਆਵਾਜ਼ ਹਨ । ਸਿਮਰਤੀਆਂ ਬੰਦੇ ਜਦੋਂ ਨੂੰ ਮੱਥ ਦਿੰਦੀਆਂ ਹਨ ਤਾਂ ਆਤਮ ਹੋ ਨਿਬੜਦੀਆਂ ਨੇ। ਆਤਮ ਕਾਰਣ ਹੀ ਯਾਦ ਕਰਨ 'ਤੇ ਤਾਂ ਬੀਤਿਆ ਸੁੱਖ ਵੀ ਦੁੱਖ ਤੇ ਪੀੜ ਦਾ ਸਰੋਤ ਬਣ ਜਾਂਦੈ। ਲੁਡਵਿੰਗ ਵਿਟਜਨਸਟੀਨ ਲਿਖਦਾ ਹੈ ਕਿ ਹਰ ਮਨੁੱਖ ਦਾ ਆਪਣਾ ਅੰਦਰੂਨ ਹੁੰਦੈ ਅਤੇ ਇਹ ਦੋ ਤਰ੍ਹਾਂ ਦਾ ਹੁੰਦੈ; 'ਸੁਭਾਵਿਕ ਜੀਵਨ ਅਨੁਭੂਤੀਆਂ ਨਾਲ ਭਰਿਆ ਤੇ ਦੂਜਾ ਉਨ੍ਹਾਂ ਦਾ ਸਿਰਜਣਾਤਮਕ ਪ੍ਰਗਟਾਵਾ'। ਸਿਮਰਤੀਆਂ ਅਨੁਭੂਤੀਆਂ ਦਾ ਪ੍ਰਗਟਾਵੀ ਕੋਸ਼ ਹੁੰਦੀਆਂ ਹਨ। ਇਸ ਗੱਲ ਦੀ ਵਜ਼ਾਹਤ ਉਰਦੂ ਦਾ ਇਹ ਸ਼ੇਅਰ ਬੜੀ ਭਲੀਭਾਂਤ ਕਰਦੈ;

'ਮੁਝ ਕੋ ਲੌਟਾ ਦੋ ਉਮਰ-ਏ-ਗੁਜ਼ਸ਼ਤਾ ਕੀ ਕਿਤਾਬ,
ਉਸ ਮੇਂ ਮੇਰੀ ਬਹੁਤ ਸੀ ਕੀਮਤੀ ਤਸਵੀਰੇਂ ਹੈਂ ।

ਬਰਾਜ਼ੀਲੀ ਨਾਵਲਕਾਰ ਪਾਅਲੋ ਕੈਲਓ ਕਹਿੰਦਾ ਹੈ ਕਿ ਉਸਨੂੰ ਆਪਣੀ ਆਤਮਾ ਦੇ ਜ਼ਖ਼ਮਾਂ 'ਤੇ ਮਾਣ ਹੈ ਜੋ ਮੈਨੂੰ ਯਾਦ ਦਿਵਉਂਦੇ ਨੇ ਕਿ ਮੈਂ ਕਿੰਨੀ ਤੀਬਰ ਜ਼ਿੰਦਗੀ ਜੀਵੀ ਹੈ । ਚੰਗੀਆਂ ਸਿਮਰਤੀਆਂ ਅਹੰਕਾਰ ਦੇ ਜਾਂਦੀਆਂ ਨੇ ਤੇ ਬੁਰੀਆਂ ਉਦਾਸ ਕਰ ਜਾਂਦੀਆਂ ਨੇ ।

ਵਰਤਮਾਨ ਤੇ ਅਤੀਤ ਵਿਚਾਲੇ ਸੰਵਾਦ ਤਾਂ ਹੀ ਸੰਭਵ ਹੈ ਜਦੋਂ ਪਹਿਲਾਂ ਇਹ ਮੰਨਿਆ ਜਾਵੇ ਕਿ ਵਰਤਮਾਨ 'ਚ ਸੱਭ ਕੁੱਝ ਚੰਗਾ ਨਹੀਂ ਅਤੇ ਅਤੀਤ 'ਚ ਸਾਰਾ ਕੁਝ ਕੂੜਾ ਨਹੀਂ। ਹਸਰਤ ਮੋਹਾਨੀ ਦਾ ਸ਼ੇਅਰ ਇਸ ਗੱਲ ਦੀ ਵਜ਼ਾਹਤ ਕਰਦਾ ਹੈ;

'ਨਹੀਂ ਆਤੀ ਤੋ ਯਾਦ ਉਨਕੀ ਮਹੀਨੋਂ ਤਕ ਨਹੀਂ ਆਤੀ,
ਮਗਰ ਜਬ ਯਾਦ ਆਤੇ ਹੈਂ ਤੋ ਅਕਸਰ ਯਾਦ ਆਤੇ ਹੈਂ।

ਮੈਂ ਜਦੋਂ 'ਮੇਰੇ ਸਮੇਂ' ਵੱਲ ਮੁੜ ਫੇਰਾ ਪਾਉਂਦਾਂ ਤਾਂ ਦੋ ਬਿੰਬ ਮੇਰੇ ਸਿਮਰਤੀਆਂ 'ਚ ਬੜੇ ਗੂੜ੍ਹੇ ਰੂਪ 'ਚ ਉਘੜਦੇ ਹਨ। ਇਕ ਬਿੰਬ ਤਾਂ ਮੇਰੇ ਜੱਦੀ ਸ਼ਹਿਰ ਅੰਮ੍ਰਿਤਸਰ ਦਾ ਹੈ ਤੇ ਦੂਜਾ ਬਿੰਬ ਹੈ, ਮੇਰਾ ਸਾਇਕਲ। ਇਹ ਸਾਇਕਲ ਮੈਨੂੰ ਅੱਠਵੀਂ ਪਾਸ ਕਰਨ 'ਤੇ ਮਿਲਿਆ। ਨੌਵੀਂ 'ਚ ਮੇਰਾ ਸਕੂਲ ਘਰੋਂ ਕਾਫ਼ੀ ਦੁਰੇਡਾ ਸੀ। ਮੇਰੀ ਜ਼ਿੰਦਗੀ ਦਾ ਪਹਿਲਾ ਅੱਧ ਅੰਮ੍ਰਿਤਸਰ ਦੀਆਂ ਸੜਕਾਂ 'ਤੇ ਸਾਇਕਲ ਚਲਾਉਂਦਿਆਂ ਹੀ ਬੀਤਿਆ। ਜ਼ਿੰਦਗੀ 'ਚ ਮਿਹਨਤ ਹੀ ਏਨੀਂ ਕਰਨੀ ਪਈ ਕਿ ਸੜਕਾਂ ਦਾ ਸਫ਼ਰ ਹੀ ਜੀਵਨ ਹੋ ਗਿਆ।

ਸਕੂਲ ਤੋਂ ਲੈ ਕੇ ਕਾਲਜ ਤੇ ਫਿਰ ਯੂਨੀਵਰਸਿਟੀ। ਸਕੂਲ ਤੇ ਕਾਲਜ ਪੜ੍ਹਨ ਲਿਖਣ ਦੀ ਚੇਟਕ ਲੱਗ ਗਈ ਸੀ। ਮੇਰਾ ਮਿੱਤਰ ਮਰਹੂਮ ਮਨਿੰਦਰ ਕਾਂਗ ਤੇ ਮੈਂ ਅਕਸਰ ਸ਼ਾਮ ਨੂੰ ਦੂਰ ਦੂਰ ਤੱਕ ਸਾਇਕਲਾਂ 'ਤੇ ਨਿਕਲ ਜਾਂਦੇ। ਸ਼ਹਿਰ ਦੇ ਬਾਹਰ ਪੈਂਦੇ ਸੁੰਨਸਾਨ ਇਲਾਕਿਆਂ 'ਚ ਸੜਕਾਂ 'ਤੇ ਦੇਰ ਰਾਤ ਗਏ ਬੈਠੇ ਭਵਿੱਖ ਦੇ ਸੁਪਨੇ ਦੇਖ ਦੇਖ ਹੁਣਵੇਂ ਗ਼ਮਾਂ ਨੂੰ ਧੂੰਏ 'ਚ ਉਡਾਅ ਦਿੰਦੇ। ਦੇਵਾਨੰਦ ਦੀ ਫਿਲਮ ਸੀ; 'ਹਮ ਦੋਨੋ'। ਦੇਵਾਨੰਦ ਦਾ ਗਾਇਆ ਗਾਣਾ ਅਕਸਰ ਸਾਡੇ ਲਬਾਂ 'ਤੇ ਹੁੰਦਾ; "ਮੈਂ ਜ਼ਿੰਦਗੀ ਕੋ ਧੂੰਏ ਮੇਂ ਉੜਾਤਾ ਚਲਾ ਗਯਾ'।

ਫਿਰ ਹਾਲਾਤ ਦੀ ਸਿਤਮਜ਼ਰੀਫ਼ੀ ਅਜਿਹੀ ਰਹੀ ਕਿ ਅਸੀਂ ਵਿੱਛੜ ਗਏ। ਮਨਿੰਦਰ ਨੂੰ ਨੌਕਰੀ ਕਾਰਣ ਮਾਲਵੇ ਦੇ ਕਿਸੇ ਕਸਬੇ 'ਚ ਜਾਣਾ ਪਿਆ। ਮੈਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਦਾਖਲਾ ਮਿਲ ਗਿਆ। ਪੜ੍ਹਾਈ ਦੇ ਨਾਲ ਨਾਲ ਮੈਂ ਟਿਊਸ਼ਨਾਂ ਪੜ੍ਹਾਉਂਦਾ। ਨਿਊ ਏਜ ਬੁੱਕ ਸੈਂਟਰ 'ਤੇ ਪਰੂਫ਼ ਰਿਡਿੰਗ ਕਰਦਾ। ਨਿਊ ਏਜ ਬੁੱਕ ਸੈਂਟਰ ਦੇ ਮਾਲਕ ਕਾਮਰੇਡ ਪਿਆਰਾ ਸਿੰਘ ਬੜੇ ਦਾਨਾਹ ਬੰਦੇ ਸਨ। ਮੇਰੀ ਪਹਿਲੀ ਕਵਿਤਾ ਦੀ ਕਿਤਾਬ 'ਅਗਲੇ ਚੌਰਾਹੇ ਤੱਕ' ਸੰਨ ਬਿਆਸੀ 'ਚ ਉਨ੍ਹਾਂ ਹੀ ਮੇਰੇ ਕੰਮ ਤੋਂ ਖ਼ੁਸ਼ ਹੋ ਕੇ ਛਾਪੀ ਸੀ।

ਐਮ ਏ. ਤੇ ਐਮ.ਫਿਲ ਦੇ ਦਿਨਾਂ 'ਚ ਤਾਂ ਮੈਂ ਯੂਨੀਵਰਸਿਟੀ ਦੋ ਢਾਈ ਘੰਟਿਆਂ 'ਚ ਅਪੜਦਾ। ਰਾਹ 'ਚ ਮੇਰੀਆਂ ਕਈ ਠਾਹਰਾਂ ਹੁੰਦੀਆਂ। ਕੱਟੜਾ ਜੈਮਲ ਸਿੰਘ ਤੋਂ ਆਪਣੇ ਸਾਰੇ ਦਿਨ ਦੇ ਪਾਨਾਂ ਦਾ ਪੁੜਾ ਸ਼ਾਮੇ ਚੌਰੱਸੀਏ ਤੋਂ ਬੰਨ੍ਹਵਾਉਂਦਾ। ਰਸਤੇ 'ਚ ਹਾਲ ਗੇਟ 'ਤੇ ਕਾਮਰੇਡ ਦੇ ਖੋਖੇ 'ਤੇ ਅਖ਼ਬਾਰਾਂ ਪੜ੍ਹਦਾ। ਨਵੇਂ ਰਿਸਾਲੇ ਦੇਖਦਾ। ਨਾਲ ਦੀ ਚਾਹ ਦੀ ਦੁਕਾਨ ਤੋਂ ਚਾਹ ਪੀਂਦਾ। ਪੈਦਲ ਹੀ ਉੱਚਾ ਪੁੱਲ ਚੜ੍ਹਦਾ। ਸਾਈਕਲ ਤੋਰਦਿਆਂ। ਸ਼ਾਮ ਨੂੰ ਕਬਾੜੀਆਂ ਦੀਆਂ ਫੁਟਪਾਥ 'ਤੇ ਲੱਗੀਆਂ ਫੜ੍ਹੀਆਂ ਤੋਂ ਪੁਰਾਣੀਆਂ ਕਿਤਾਬਾਂ ਖ਼ਰੀਦਦਾ। ਮਾਰਕ ਟਵੇਨ, ਬਾਲਜ਼ਾਕ, ਓ. ਹੈਨਰੀ, ਅਲਬੇਅਰ ਕਾਮੂ, ਫਰਾਂਜ਼ ਕਾਫ਼ਕਾ, ਸਿੰਕਲੇਅਰ ਲੁਈਸ, ਫਿਓਦਰ ਦੋਸਤੋਵਸਕੀ, ਤਾਲਸਤਾਏ, ਸ਼ੋਲੋਖ਼ੋਵ, ਉਰਦੂ ਦੇ ਲੇਖਕ ਰਾਜਿੰਦਰ ਸਿੰਘ ਬੇਦੀ, ਇਸਮਤ ਚੁਗਤਾਈ, ਕ੍ਰਿਸ਼ਨ ਚੰਦਰ ਤੇ ਮੰਟੋ ਮੈਂ ਕਬਾੜ ਕਿਤਾਬਾਂ ਰਾਹੀਂ ਹੀ ਪੜ੍ਹੇ। ਹਿੰਦੀ ਦੇ ਵੱਡੇ ਲੇਖਕ ਪ੍ਰੇਮ ਚੰਦ, ਹਜ਼ਾਰੀ ਪ੍ਰਸਾਦ ਦਿਵੇਦੀ, ਧਰਮਵੀਰ ਭਾਰਤੀ, ਕਮਲੇਸ਼ਵਰ, ਨਾਗੁਰਜਨ, ਦੂਧਨਾਥ ਸਿੰਹ, ਅਸ਼ੋਕ ਵਾਜਪਾਈ ਅਤੇ ਕੇਦਾਰਨਾਥ ਸਿੰਹ ਨੂੰ ਪੜ੍ਹਿਆ।

ਅੰਮ੍ਰਿਤਸਰ ਪ੍ਰਤੀ ਹਮੇਸ਼ਾ ਮੇਰਾ ਹੇਰਵਾ ਬਣਿਆ ਰਿਹਾ। ਅੰਮ੍ਰਿਤਸਰ ਬਾਰੇ ਮੇਰੀ ਭਾਵੁਕਤਾ ਤੇ ਝੁਰੇਹਵੇ ਨੂੰ ਪ੍ਰਗਟ ਕਰਦੀਆਂ ਮੇਰੀਆਂ ਦੋ ਕਵਿਤਾਵਾਂ ਹਨ; 'ਬਾਬਾਣੀਆਂ' ਅਤੇ 'ਸਾਕਾਰ



ਸ਼ਹਿਰ'। ਪਹਿਲੀ ਕਵਿਤਾ 'ਚ ਮੈਂ ਅੰਮ੍ਰਿਤਸਰ ਨੂੰ ਹਿੰਦੀ ਦੀ ਪਹਿਲੇ ਆਧੁਨਿਕ ਕਹਾਣੀਕਾਰ ਚੰਦਰਧਰ ਸ਼ਰਮਾ ਗੁਲੇਰੀ ਦੀ ਕਹਾਣੀ 'ਉਸ ਨੇ ਕਹਾ ਥਾ' ਦੀ ਮਾਰਫ਼ਤ ਯਾਦ ਕਰਦਾਂ;

"ਅਜੀਬ ਸ਼ਹਿਰ ਅੰਮ੍ਰਿਤਸਰ। ਕਥਾ ਕਹਾਣੀਆਂ 'ਚ ਜਿਉਂਦੈ, ਸਿਮਰਤੀਆਂ 'ਚ ਧੜਕਦਾ ਪਰ ਅਸਲ ਜ਼ਿੰਦਗੀ 'ਚ ਗ਼ੈਰਹਾਜ਼ਿਰ। ਵਰ੍ਹਿਆਂ ਬਾਅਦ ਏਸ ਦੀਆਂ ਤੰਗ ਭੀੜੀਆਂ 'ਚੋਂ ਲੰਘ ਰਿਹਾਂ ਢਾਬ ਖਟੀਕਾਂ.. ਛੱਤੀ ਖੂਹੀ ਚੌਂਕ.. ਬਜ਼ਾਰ ਬਾਂਸਾਂ.. ਲੂਣ ਮੰਡੀ 'ਚੋਂ। ਸੁਣਨਾਂ ਚਾਹੁੰਨਾ ਰਿਕਸ਼ੇ ਤਾਂਗੇ ਵਾਲਿਆਂ ਦੇ ਰਸੀਲੇ ਬੋਲ। ਜੋ 'ਬਚੋ ਖ਼ਾਲਸਾ ਜੀ.. ਬਚੋ ਭਾਈ ਜੀ.. ਠਹਿਰੋ ਭਾਈ ਜੀ.. ਲੰਘ ਲੈਣ ਦਿਓ ਲਾਲਾ ਜੀ.. ਹਟ ਕੇ ਬਾਸ਼ਾਓ..' ਕਹਿੰਦੇ। ਬਣਾ ਲੈਂਦੇ ਰਾਹ ਭੇਡੂਆਂ, ਖੱਚਰਾਂ, ਗੰਨਿਆਂ, ਛਾਬੜੀਆਂ ਠੇਲ੍ਹੇ ਵਾਲਿਆਂ 'ਚੋਂ ਬਿਨਾ ਕੋਈ ਸੱਟ ਫੇਟ ਮਾਰਿਆਂ.. ਕਿਸੇ ਨੂੰ ਮਿੱਧਿਆਂ।

ਜਿੰਨਾ ਅਦਬ ਅਦਾਬ ਓਨਾਂ ਤਨਜ਼। ਮਜ਼ਾਲ ਕਿਸੇ ਨੂੰ ਜੀ ਜਾਂ ਸ੍ਰਾਅਬ ਸੁਣੇ ਬਿਨਾ ਹਟਣਾ ਪਵੇ। ਬੁੱਢੀਆਂ ਠੇਰੀਆਂ ਮਾਈਆਂ ਲਈ ਬਚਨ ਬਾਕਮਾਲ; "ਹਟ ਜਾ ਜਿਉਣ ਜੋਗੀਏ.. ਪਰ੍ਹੇ ਹੋ ਜਾ ਕਰਮਾਂ ਵਾਲੀਏ.. ਹਟ ਜਾ ਪੁੱਤਾਂ ਪਿਆਰੀਏ.. ਬਚ ਜਾ ਉਮਰਾਂ ਵਾਲੀਏ.."।

ਤਾਂਗੇ ਵਾਲੇ ਘੋੜਿਆਂ ਦੀ ਪਿੱਠ ਪਿੰਜਦੇ। ਘੋੜੇ ਦੀ ਨਾਨੀ ਕਦੇ ਦਾਦੀ ਨਾਲ। ਲੁਕਵੇਂ.. ਜ਼ਾਹਰਾ ਰਿਸ਼ਤੇ ਜੋੜਦੇ। ਭਾਸ਼ਾ ਦੀ ਗ਼ਜ਼ਬ ਉਡਾਣ.. ਅਜਬ ਜਾਦੂਗਰੀ..!

ਅੱਜ ਉਹ ਰਿਕਸ਼ੇ.. ਨਾ ਰਿਕਸ਼ਿਆਂ ਵਾਲੇ। ਤਾਂਗੇ ਬੱਘੀਆਂ ਨਾ ਤਾਂਗਿਆਂ ਵਾਲੇ। ਸੋਚ ਰਿਹਾਂ ਜਾਣ ਬੁੱਝ ਹੀ ਜਾ ਵੱਜਾਂ ਕਿਸੇ 'ਚ। ਕੁਝ ਤਾਂ ਮਿਲੂ ਸੁਣਨ ਨੂੰ.. ਜੋ ਸੁਣਿਆ ਸਿਰਫ਼ ਰੌਲ਼ਾ। ਬੇਅਰਥ.. ਬੇਰਸ.. ਮੋਹਹੀਣਾ.. ਓਪਰਾ.. ਫਿੱਕਾ..ਬਕਬਕਾ.. ਧੁੰਦਲਾ। ਘਰ ਪਰਤ ਮੁੜ ਪੜ੍ਹਾਂਗਾ ਮਨਭਾਉਂਦੀ ਕਹਾਣੀ 'ਉਸ ਨੇ ਕਹਾ ਥਾ' ਤਾਂ ਕਿ ਮਿਲ ਸਕਾਂ ਸਿਮਰਤੀਆਂ.. ਯਾਦਾਂ ਦੇ ਅੰਮ੍ਰਿਤਸਰ ਨੂੰ"।

ਅੰਮ੍ਰਿਤਸਰ ਬਾਰੇ ਦੂਸਰੀ ਕਵਿਤਾ ਹੈ; 'ਸਾਕਾਰ ਸ਼ਹਿਰ'। ਇਸ ਕਵਿਤਾ 'ਚ ਮੈਂ ਸ਼ਹਿਰ ਨੂੰ ਉਸ ਨਾਲ ਜੁੜੇ ਨਾਵਾਂ ਥਾਵਾਂ ਨਾਲ ਜੁੜੀਆਂ ਸਿਮਰਤੀਆਂ ਦੀ ਮਾਰਫ਼ਤ ਯਾਦ ਕਰਦਾਂ;

"ਮੇਰਾ ਸ਼ਹਿਰ ਬੇਤਰਤੀਬ.. ਭੀੜ ਭੜੱਕਾ.. ਪੈਰਾਂ ਹੇਠ ਸੜਕਾਂ। ਕਦੇ ਲਗਦੀਆਂ ਸੀ ਚੌੜੀਆਂ ਅੱਜ ਬਹੁਤ ਸੌੜੀਆਂ.. ਸੁਲਤਾਨਵਿੰਡ.. ਜਲਿਆਂ ਵਾਲਾ ਬਾਗ਼.. ਕੋਤਵਾਲੀ, ਕਟੜਾ ਬੱਘੀਆਂ.. ਪਾਸੀਆਂ.. ਆਹਲੂਵਾਲੀਆ। ਨਾਮ ਓਹੀ ਸਾਰੇ.. ਪਰ ਬਦਲ ਗਿਆ ਹੁਲੀਆ.. ਪੁਰਾਣੇ ਦੀ ਥਾਂ ਕਈ ਕੁੱਝ ਨਵਾਂ। ਓਪਰਾ.. ਬੇਗ਼ਾਨਾ,, ਇਕ ਤਿਹਾਈ ਸਦੀ.. ਬਹੁਤ ਹੁੰਦੈ ਅਰਸਾ..!

ਨਹੀਂ ਬਦਲਿਆ ਤਾਂ ਕਟੜਾ ਜੈਮਲ ਸਿੰਘ ਵਾਲਾ। ਪਨਵਾੜੀ ਘਨਸ਼ਾਮ ਚੌਰੱਸੀਆ। ਲੋਕਾਂ ਲਈ ਉਹ ਕਈ ਕੁਝ। ਮੇਰੇ ਲਈ ਸਿਰਫ਼ ਸ਼ਾਮਾ.. ਛੋਟੇ ਜਿਹੇ ਪਾਨ ਸੰਸਾਰ ਦਾ ਸਵੈ ਘੋਸ਼ਿਤ ਬਾਦਸ਼ਾਹ। ਰੰਗ ਬਰੰਗੀਆਂ ਰੌਸ਼ਨੀਆਂ। ਤਿਕੋਣੇ ਚਕੌਰ ਸ਼ੀਸ਼ਿਆਂ ਦੀ ਸਜਾਵਟ। ਨੰਦਾ, ਵਹੀਦਾ, ਸਾਧਨਾ ਕਈ ਪੋਜ਼ਾਂ 'ਚ ਸੁਸ਼ੋਭਿਤ। ਮੱਧਮ ਸੰਗੀਤ 'ਤੇ ਪੱਤਿਆਂ 'ਤੇ ਕੱਥਾ ਚੂਨਾ ਲਾਉਂਦਾ। ਕਮਾਲ ਦਾ ਕਲਾਕਾਰ..!

ਮੇਰਾ ਰੋਜ਼ ਦਾ ਅੱਡਾ.. ਸਵੇਰ ਸ਼ਾਮ ਮੈਂ ਸਾਇਕਲ 'ਤੇ ਘਰ.. ਯੂਨੀਵਰਸਿਟੀ.. ਘਰ ਦਾ ਲੰਮਾ ਪੈਂਡਾ ਕਰਦਾ। ਅਣਗਿਣਤ ਪਾਨ.. ਦਿਨ ਰਾਤ ਲਿਖਣ ਪੜ੍ਹਨ। ਦਰਅਸਲ ਪਾਨ ਦੀ ਤਮੀਜ਼ ਮੈਂ ਚੌਰੱਸੀਏ ਤੋਂ ਸਿੱਖੀ। ਕਲਕੱਤੀਆ.. ਮਗਹੀ.. ਬਨਾਰਸੀ। ਕਿਮਾਮ ਕਿੰਨਾ.. ਸੁਪਾਰੀ

ਗਿੱਲੀ ਕਿ ਸੁੱਕੀ..? ਪੱਤੀ ਤਿੰਨ ਸੌ ਨੰਬਰ.. ਕਾਲੀ ਪੀਲੀ। ਅਨੁਪਾਤ ਕਦੇ ਨਾ ਵਿਗੜਨ ਦਿੰਦਾ। ਇਲਾਈਚੀ.. ਸੌਂਫ਼.. ਗੁਲਕੰਦ.. ਹਰ ਔਸਤ ਦਾ ਮਾਹਿਰ.. ਪਰ ਮਿੱਠਾ ਪਾਨ ਖਾਣ ਵਾਲਿਆਂ ਨੂੰ ਕਰਦਾ ਨਾਪਸੰਦ। ਪਾਨ ਦੀ ਤੌਹੀਨ ਮੰਨਦਾ...

ਪੂਰੀ ਦੀ ਪੂਰੀ ਸੰਸਕ੍ਰਿਤੀ ਪਾਨ ਨਾਲ ਵਾਬਸਤਾ। ਸਾਹਿਤ.. ਸੰਗੀਤ.. ਕਲਾ। ਕਿੰਨੇ ਚਿਹਰੇ.. ਅੰਦਾਜ਼ ਪਾਨ ਨਾਲ ਯਾਦ ਆਉਣ। ਰਾਜਿੰਦਰ ਸਿੰਘ ਬੇਦੀ.. ਗੁਲਜ਼ਾਰ। ਨਰਗਿਸ.. ਮੀਨਾ ਕੁਮਾਰੀ ਉਰਫ਼ ਸਾਹਿਬਜਾਨ। ਮੋਹਨਜੀਤ.. ਅਮਰ ਚਿੱਤਰਕਾਰ। ਮਹਿੰਦੀ ਹਸਨ.. ਬੇਗਮ ਅਖ਼ਤਰ.. ਗਿਰਜਾ ਦੇਵੀ। ਪਾਕੀਜ਼ਾ.. ਤੀਸਰੀ ਕਸਮ ਉਰਫ਼ ਮਾਰੇ ਗਏ ਗ਼ੁਲਫ਼ਾਮ..

ਸ਼ਤਰੰਜ਼ ਕੇ ਖਿਲਾੜੀ.. ਚਸ਼ਮੇ ਬਦਦੂਰ.. ਏਨੇ ਵਰ੍ਹਿਆਂ ਬਾਅਦ ਵੀ ਪਛਾਣ ਲਿਆ ਓਸ। ਹੋ ਗਿਆ ਉਮਰ ਦਰਾਜ਼। ਅੱਖਾਂ ਦੀ ਜੋਤ ਪੈ ਗਈ ਮੱਧਮ। ਪਰ ਉਂਗਲੀਆਂ ‘ਚ ਕੱਥੇ ਚੂਨੇ ਦਾ ਕਾਇਮ ਓਹੀ ਰਿਦਮ.. ਦੇਖਦਿਆਂ ਹੀ ਲਾਉਣ ਲੱਗਦਾ ਮੇਰਾ ਪਸੰਦੀਦਾ ਪਾਨ। ਕਿਵੇਂ ਕਹਾਂ ਹੋ ਗਿਆਂ ਰੁੱਤਬੇ ਵਾਲਾ.. ਬੱਚੇ ਦਾ ਬਾਪ.. ਛੱਡ ਦਿੱਤੈ ਪਾਨ। ਪਰ ਸ਼ਾਮੇ ਦੇ ਹੱਥ.. ਉਂਗਲਾਂ ਦੀ ਰੰਗਰੇਜ਼ੀ। ਕੱਥੇ ਚੂਨੇ ਦੀ ਜੁਗਲਬੰਦੀ.. ਰੰਗਾਂ ਦੀ ਲੈਅਕਾਰੀ। ਚਾਂਦੀ ਦੇ ਵਰਕ ਵਾਲੀ ਪਾਨ ਦੀ ਗਿਲੋਰੀ। ਓਹੀ ਹੁਲਾਰਾ.. ਖ਼ੁਮਾਰ। ਸਾਕਾਰ.. ਤੀਹ ਵਰ੍ਹੇ ਪਹਿਲਾਂ ਵਾਲਾ ਸ਼ਹਿਰ। ਕਿੰਨਾ ਕੁੱਝ ਬਦਲਣ ਬਾਅਦ ਵੀ ਬਰਕਰਾਰ। ਪਾਨ ਦੀ ਲੱਜ਼ਤ.. ਦਿਲਕਸ਼ ਮਹਿਕ.. ਅਜੀਬ ਕੈਫ਼ੀਅਤ..!”

ਸਾਇਕਲ ਦਾ ਵੀ ਮੇਰੇ ਜੀਵਨ ‘ਚ ਬੜਾ ਸਾਥ ਰਿਹਾ। ‘ਸਾਇਕਲ’ ਬਾਰੇ ਮੇਰੀ ਇਕ ਕਵਿਤਾ ਹੈ; ‘ਦ੍ਰਿਸ਼ ਖੜ੍ਹਾ’। ਇਸ ਕਵਿਤਾ ‘ਚ ਦਿਨ ਰਾਤ ਸਾਇਕਲ ਚੱਲਦਾ ਹੈ ਪਰ ਦ੍ਰਿਸ਼ ਸਥਿਰ। ਭੌਤਿਕ ਵਿਗਿਆਨ ‘ਚ ਵੀ ਔਪਟਿਕਸ ਦਾ ਸਿਧਾਂਤ ਹੈ ਕਿ ਬਹੁਤ ਤੇਜ਼ ਚੱਲਦੀ ਸ਼ੈਅ ਖੁੱਲ੍ਹੀਆਂ ਅੱਖਾਂ ਨੂੰ ਖੜ੍ਹੀ ਨਜ਼ਰ ਆਉਂਦੀ ਹੈ;

“ਫਿਰ ਓਹੀ ਬੰਦ ਗਲ਼ੀ। ਦੇਖ ਸੁਣ ਰਹੇ ਕਈ ਬੀਤੇ ਮੌਸਮ.. ਮੈਨੂੰ ਥਿਰ ਠਹਿਰੇ ਸਮਿਆਂ ‘ਚ.. ਜੇਠ-ਹਾੜ.. ਕੈਂਹਰੰਗੀ ਦੁਪਹਿਰ ਤਪਸ਼.. ਕਾਂ ਅੱਖ ਨਿਕਲੇ। ਬੱਜਰ.. ਚੁੱਪ.. ਚਿੜੀ ਨਾ ਪਰਿੰਦਾ। ਸਾਇਕਲ ਸਵਾਰ ਵਿਦਿਆਰਥੀ। ਸਿਰੋਂ ਪੈਰ ਤੱਕ ਪਸੀਨੋ ਪਸੀਨਾ। ਬੁੱਲ੍ਹਾਂ ‘ਤੇ ਤੇਹ.. ਸੁੱਕਿਆ ਸੰਘ। ਮਕਾਨ ਕਿ ਖੋਲ਼ਾ.. ਸਿਮਟਿਆ ਜਿਹਾ ਘਰ। ਅੱਧ ਚਾਨਣਾ ਓਹਲਾ.. ਬੇਹਿਸ ਦੇਹ ਦਾ ਦਰ। ਕਿਸ਼ੋਰ ਮਨ.. ਲੱਤਾਂ ਕੰਬਣ.. ਧੁਰ ਅੰਦਰ ਡਰ। ਚੋਰੀ ਜੋਖਮ.. ਅੱਧਖੜ ਜਿਸਮ.. ਮਿਥੁਨ ਪ੍ਰਥਮ। ਕੁਆਰ ਭੰਗ.. ਲਹੂ ਰੰਗਾ ਫੁੱਲ ਖਿੜਿਆ। ਕਈ ਵਰ੍ਹੇ ਸਾਈਕਲ ਇੰਝ ਹੀ ਗਿੜਿਆ..

ਫਿਰ ਓਹੀ ਬੰਦ ਗਲ਼ੀ। ਸਾਈਕਲ ਸਵਾਰ ਨੌਜਵਾਨ। ਸਰਦ ਧੁੰਦਾਂਸੁੰਝੀਆਂ ਸਲੇਟੀ ਸਵੇਰਾਂ। ਰਸਾਇਣਭੌਤਿਕਜੀਵ ਵਿਗਿਆਨ । ਜਿਊਣ ਥੀਣਭਾਵਾਂ ਅਭਾਵਾਂ ਦੇ ਅਸਾਧ ਲਘੁੱਤਮਮਹੱਤਮ। ਪਾਈਥਾਗੋਰਸ ਦੀ ਅਣਸੁਲਝੀ ਥਿਓਰਮ। ਜਿਊਮੈਟਰੀਭੁਜਾਵਾਂ ਦੇ ਬਹੁਕੋਣੇ ਵਲਗਣ ਉਦਾਸੀਆਂਅੰਦਰਲੇ ਰਟਨ। ਅਧੂਰੀਆਂ ਮੁਹੱਬਤਾਂ ਦੀ ਕਾਸ਼ਣੀ ਭਟਕਣ। ਅੰਤ ਸ਼ਬਦ ਸੁਹਜ ਦਾ ਪੱਲਾ ਫੜਿਆ। ਕਈ ਵਰ੍ਹੇ ਸਾਈਕਲ ਇੰਝ ਹੀ ਗਿੜਿਆ।

ਫਿਰ ਉਹੋ ਬੰਦ ਗਲੀ। ਬੇਰੰਗ ਬਹਾਰਾਂ.. ਘਸਮੈਲ਼ੀਆਂ ਸੜਕਾਂ। ਸਾਇਕਲ ਸਵਾਰ ਬੇਰੋਜ਼ਗਾਰ.. ਝੌਲ਼ਾ ਮੋਢੇ

ਕਾਮਰੇਡ.. ਇਨਕਲਾਬੀ ਨਾਅਰੇ.. ਜਲੂਸ.. ਮੁਜਾਹਰੇ.. ਖੱਸੀ ਸੁਪਨੇ.. ਝੂਠੇ ਲਾਰੇ.. ਭਰਮ ਉਧਾਰੇ..



ਪੂੰਜੀ.. ਕਿਰਤ.. ਦਵੰਦ ਪਸਾਰੇ। ਦੁਨੀਆਦਾਰੀ ‘ਚ ਭੇਤੀ ਗੁੜ੍ਹਿਆ। ਕਈ ਵਰ੍ਹੇ ਸਾਇਕਲ ਇੰਝ ਹੀ ਗਿੜਿਆ..

ਫਿਰ ਓਹੀ ਬੰਦ ਗਲੀ.. ਅੰਨ੍ਹੇ ਝੱਖੜ.. ਲੰਮੀਆਂ ਸਿਆਹ ਝੜੀਆਂ। ਰੇਤੀਲੀਆਂ ਚਾਹਤਾਂ ਦੀ ਬੁੱਕਲ ਓੜਨਾ।

ਸੈਰਾਬੀ ਖ਼ਾਹਿਸ਼ਾਂ ਪਿੱਛੇ ਦੌੜਨਾ। ਸਾਰੇ ਧੁੰਦੂਕਾਰੇ ‘ਚ ਆਪਾ ਤੋੜਨਾ। ਸ਼ੂਕਦੇ ਦਰਿਆਵਾਂ ਨੂੰ ਪਿਛੇ ਮੋੜਨਾ। ਪੱਤਣਾਂ ‘ਤੇ ਬੇੜੀਆਂ ਡੋਬ ਕੇ.. ਬੇਬਹਾ ਪਾਣੀ ਪੁਲਾਂ ਹੇਠੋਂ ਰੁੜ੍ਹਿਆ। ਕਈ ਵਰ੍ਹੇ ਸਾਈਕਲ ਇੰਝ ਹੀ ਗਿੜਿਆ..

ਅੱਜ ਫਿਰ ਓਹੀ ਬੰਦ ਗਲੀ। ਪੱਤਝੜਾਂ.. ਪੀਲੀਆਂ ਵੀਰਾਨ ਰੁੱਤਾਂ। ਸ਼ਬਦ.. ਤਰਕ.. ਗਿਆਨ.. ਫ਼ਲਸਫ਼ਾ ਪੜ੍ਹਨਾ.. ਲਿਖਣਾ.. ਸਿਰਜਣਾ। ਗੰਢਾਂ ਦਾ ਖੁੱਲ੍ਹਣਾ.. ਬੱਝਣਾ.. ਧੁਰ ਅੰਦਰ ਬੈਠਣਾ। ਭਟਕਣਾ ਦਰ ਭਟਕਣਾ..

ਇਕ ਗ਼ੈਰ ਹਾਜ਼ਿਰ ਸਾਈਕਲ । ਬੇਮਕਸਦ ਰਹੇ ਸਦਾ ਗਿੜਦਾ। ਅੰਨ੍ਹੇ ਮੋੜ ‘ਤੇ ਓਸੇ ਥਾਂ ਅਹਿੱਲ ਥਿਰ ਖੜ੍ਹਾ..!”

ਮੈਨੂੰ ਯਾਦ ਹੈ ਇਕ ਵਾਰ ਮੇਰਾ ਸਾਇਕਲ ਚੋਰੀ ਹੋ ਗਿਆ। ਸਾਇਕਲ ਚੋਰੀ ਹੋਣ ਦਾ ਕੀ ਦੁੱਖ ਹੁੰਦਾ ਉਹ ਜਦ ਮੈਂ ਅੱਜ ਵੀ ਇਤਾਲਵੀ ਨਿਰਦੇਸ਼ਕ ਵਿਟੋਰੀਓ ਡੀ ਸਿੱਕਾ ਦੀ ਨਿਰਦੇਸ਼ਤ ਅਤੇ ਪਟਕਥਾ ਲੇਖਕ ਲੁਇਗੀ ਬਾਰਤੋਲੀਨੀ ਦੀ ਲਿਖੀ ਫਿਲਮ ‘ਦਾ ਬਾਈਸਿਕਲ ਥੀਫ਼’ ਦੇਖਦਾਂ ਤਾਂ ਮਹਿਸੂਸ ਹੁੰਦੈ।

ਕੁੱਝ ਦੇਰ ਮੈਂ ਆਪਣੇ ਅਜੀਜ਼ ਵਰਿੰਦਰ ਵਾਲੀਏ ਦਾ ਸਾਇਕਲ ਚਲਾਇਆ। ਉਹ ਸਾਇਕਲ ਮੇਰੇ ਕੋਲ ਛੱਡ ਗਿਆ। ਆਪ ਚਲੇ ਗਿਆ ਪ੍ਰੀਤ ਨਗਰ। ਕੁਝ ਦਿਨਾਂ ਬਾਅਦ ਮੇਰੀ ਭੈਣ ਨੂੰ ਮੋਪਡ ਮਿਲ ਗਈ। ਉਸਦਾ ਲੇਡੀ ਸਾਇਕਲ ਮੈਨੂੰ। ਮੇਰੀਆਂ ਸਹਿਪਾਠਣਾਂ ਮੇਰਾ ਲੇਡੀ ਸਾਇਕਲ ਦੇਖ ਹੱਸਦੀਆਂ। ਉਨ੍ਹਾਂ ‘ਚੋਂ ਇਕ ਬਾਅਦ ‘ਚ ਮੇਰੀ ਪਤਨੀ ਬਣੀ। ਉਸਨੇ ਮੈਨੂੰ ਮੇਰੇ ਲੇਡੀ ਸਾਇਕਲ ਸਵਾਰ ਰੂਪ ‘ਚ ਹੀ ਸਵਿਕਾਰ ਕੀਤਾ। ਭਾਵੇਂਕਿ ਮੈਂ ਉਦੋਂ ਭਾਰਤੀ ਪੁਲੀਸ ਸੇਵਾ ‘ਚ ਆ ਗਿਆ ਸੀ।

ਅੰਮ੍ਰਿਤਸਰ ਤੇ ਸਾਇਕਲ ਮੇਰੇ ਸਮਿਆਂ ਦੇ ਦੋ ਅਹਿਮ ਬਿੰਬ ਹਨ। ਇਹ ਮੇਰੇ ਅਵਚੇਤਨ ‘ਚ ਘਰ ਕਰ ਗਏ ਨੇ। ਕਦੇ ਕਦੇ ਸੁਪਨਿਆਂ ‘ਚ ਜਾਗ ਪੈਂਦੇ ਹਨ। ਸਾਇਕਲ ਦਾ ਜੀਵਨ ‘ਚ ਕੀ ਮਹੱਤਵ ਹੈ ਇਹ ਮੈਂ ਅੱਜ ਵੀ ਮਹਿਸੂਸ ਕਰਦਾਂ। ਮੇਰਾ ਮੁੰਡਾ ਵਕਾਲਤ ਕਰਦਾ। ਕਾਰ ਰੱਖੀ ਹੈ ਉਸਨੇ ਵੀ ਤੇ ਨੂੰਹ ਨੇ ਵੀ। ਪਿਛਲੇ ਦਿਨੀਂ ਉਹ ਇਕ ਅੰਗਰੇਜ਼ੀ/ਪੱਛਮੀ ਕਿਸਮ ਦਾ ਸਾਇਕਲ ਲੈ ਆਇਆ। ਤੇਈ ਹਜ਼ਾਰ ਦਾ। ਕਹਿਣ ਲੱਗਾ ਇਹ ਕਸਰਤ ਲਈ ਲਿਆਇਆਂ। ਮੈਂ ਕਿਹਾ; “ਏਨਾਂ ਮਹਿੰਗਾ ਸਾਇਕਲ। ਕਸਰਤ ਲਈ ਤਾਂ ਤੂੰ ਸੈਰ ਕਰਿਆ ਕਰ। ਸਾਇਕਲ ਨਾਲ ਕਸਰਤ ਤਾਂ ਪਹਿਲੀ ਵਾਰੀ ਸੁਣੀ”।

ਫਿਰ ਸੋਚਦਾਂ। ਸਮੇਂ ਥਿਰ ਨਹੀਂ ਰਹਿੰਦੇ। ਹਰ ਪਲ ਬਦਲਦੇ ਨੇ। ਪਰ ਕੁਝ ਸਮੇਂ ਬੰਦੇ ਦੇ ਅੰਦਰ ਥਿਰ ਹੋ ਜਾਂਦੇ ਹਨ। ਕਿਸੇ ਬੱਜਰ ਬੁੱਤ ਵਾਂਗ। ਮੇਰੇ ਸਮਿਆਂ ਦਾ ਅੰਮ੍ਰਿਤਸਰ ਤੇ ਮੇਰਾ ਸਾਇਕਲ। ਅੱਜ ਵੀ ਜਿਉਂਦੇ ਨੇ ਮੇਰੇ ਅੰਦਰ। ਮੇਰੇ ਸਮਿਆਂ ਵਾਂਗ।

ਫੋਨ: 8283948811

## ਜ਼ਿੰਮੇਵਾਰੀ ਸਮਝਣਾ ਸਮੇਂ ਦੀ ਲੋੜ/ਮਹਿੰਦਰਪਾਲ ਸਿੰਘ ਧਾਲੀਵਾਲ

ਅੱਜ ਕੱਲ੍ਹ ਕਿਸੇ ਨਾਲ ਵੀ ਗੱਲ ਹੋਵੇ ਤਾਂ ਕਰੋਨਾ ਵਾਇਰਸ ਜਾਂ ਕੋਵਿਡ-19 ਬਾਰੇ ਗੱਲ ਜ਼ਰੂਰ ਹੁੰਦੀ ਹੈ। ਏਥੋਂ ਤੱਕ ਕਿ ਜਦ ਮੈਂ ਆਪਣੇ ਦੋਹਤਰੇ ਨੂੰ ਸਾਡੇ ਕੋਲ ਇਕ ਰਾਤ ਰਹਿਣ ਲਈ ਕਿਹਾ ਤਾਂ ਉਸ ਦਾ ਜਵਾਬ ਸੀ ਜਦੋਂ ਕਰੋਨਾ ਖਤਮ ਹੋ ਗਿਆ ਓਦੋਂ ਰਹੂੰਗਾ। ਉਹਦੀ ਉਮਰ ਛੇ ਸਾਲ ਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਸ ਅਲਾਮਤ ਨੇ ਦੁਨੀਆਂ ਭਰ ਦੇ ਹਰ ਮੈਂਬਰ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਭਾਵਤ ਕੀਤਾ ਹੈ।

ਕੁਝ ਲੀਡਰਾਂ ਨੇ ਇਸ ਮਹਾਂਮਾਰੀ ਨਾਲ ਨਜਿੱਠਣ ਦੀ ਥਾਂ ਹਊਆ ਬਣਾ ਕੇ ਆਪਣਾ ਉਲੂ ਸਿੱਧਾ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਇਹਨਾਂ ਲੀਡਰਾਂ ਵਿਚ ਅਮਰੀਕਾ ਦਾ ਪ੍ਰਧਾਨ ਟਰੰਪ, ਬਰਾਜ਼ੀਲ ਦਾ ਪ੍ਰਧਾਨ ਬੋਲਜਨਾਰੋ, ਇੰਡੀਆ ਦਾ ਪ੍ਰਾਈਮ ਮਨਿਸਟਰ ਮੋਦੀ, ਹੰਗਰੀ ਦਾ ਪ੍ਰਧਾਨ ਜੈਨੋਸ ਐਡੋਰ ਪ੍ਰਮੁੱਖ ਹਨ। ਇਹਨਾਂ ਬਾਰੇ ਮੈਂ ਕੁਝ ਕੁ ਸਤਰਾਂ ਹੀ ਲਿਖਾਂਗਾ ਕਿਉਂਕਿ ਇਸ ਲੇਖ ਦਾ ਵਿਸ਼ਾ ਸਿਆਸਤ ਨਹੀਂ ਹੈ।

ਟਰੰਪ ਲਈ ਚੋਣ ਮੁੱਖ ਮੁੱਦਾ ਹੈ ਤੇ ਅਮਰੀਕਾ ਦੁਨੀਆਂ ਭਰ ਵਿਚ ਕਰੋਨਾ ਵਾਇਰਸ ਨਾਲ ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਅੱਜ ਪਹਿਲੇ ਨੰਬਰ 'ਤੇ ਹੈ। ਪਰ ਉਸ ਨੇ ਆਪਣੀ ਆਦਤ ਅਨੁਸਾਰ ਇਸ ਦੀ ਜ਼ਿੰਮੇਵਾਰੀ ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਸਿਰ ਮੜ੍ਹ ਕੇ ਉਸ ਨੂੰ ਦੇਣ ਵਾਲੀ ਸਹਾਇਤਾ ਬੰਦ ਕਰ ਦਿੱਤੀ ਹੈ। ਆਪਣੇ ਆਪ ਨੂੰ ਬਰੀ ਕਰਨ ਲਈ ਉਸ ਨੇ ਚੀਨ 'ਤੇ ਵੀ ਜ਼ਿੰਮੇਵਾਰੀ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਸਭ ਤੋਂ ਵੱਡੀ ਗੱਲ ਉਸ ਨੇ ਵਪਾਰੀਆਂ ਨੂੰ ਚੁੱਪ ਚਾਪ ਹੀ ਸਹਾਇਤਾ ਦੇ ਦਿੱਤੀ। ਮਜ਼ਦੂਰਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਦੀ ਥਾਂ ਟਰੰਪ ਨੇ ਢਾਈ ਬਿਲੀਅਨ ਡਾਲਰ ਲੋਕਾਂ ਦਾ ਪੈਸਾ ਤੇਲ ਕੰਪਨੀਆਂ ਦੀ ਮਦਦ ਲਈ ਝੋਕ ਦਿੱਤਾ ਹੈ। ਇਸ ਨਾਲ ਵਾਤਾਵਰਣ ਦੀ ਖਰਾਬੀ ਹੋਰ ਵੀ ਵਧੇਗੀ ਜਿਸ ਦੀ ਟਰੰਪ ਨੂੰ ਭੋਰਾ ਪ੍ਰਵਾਹ ਨਹੀਂ ਹੈ।

ਮੋਦੀ ਨੇ ਤਾਂ ਹੱਦ ਕਰ ਦਿੱਤੀ। ਹਿੰਦੂਤੱਵ ਦੇ ਨਾਹਰੇ ਨਾਲ ਚੋਣ ਜਿੱਤਣ ਬਾਅਦ ਉਸ ਦੇ ਸਿਟੀਜਨਸ਼ਿਪ ਬਾਰੇ ਬਣਾਏ ਕਨੂੰਨ ਦਾ ਸਖ਼ਤ ਵਿਰੋਧ ਹੋ ਰਿਹਾ ਸੀ। ਸ਼ਹੀਨ ਬਾਗ ਵਿਚ ਲੱਗੇ ਮੋਰਚੇ ਨੇ ਉਸ ਨੂੰ ਦੁਨੀਆ ਭਰ ਵਿਚ 'ਨਸਲਵਾਦੀ' ਵਜੋਂ ਮਸ਼ਹੂਰ ਕਰ ਦਿੱਤਾ। ਕਰੋਨਾ ਵਾਇਰਸ ਤੋਂ ਬਚਾਅ ਦੇ ਬਹਾਨੇ ਉਸ ਨੇ ਭਾਰਤ ਭਰ ਵਿਚ ਓਦੋਂ ਕਰਫਿਊ ਸ਼ੁਰੂ ਕਰ ਦਿੱਤਾ ਜਦੋਂ ਅਜੇ ਬਿਮਾਰੀ ਮੁੱਢਲੇ ਦੌਰ ਵਿਚ ਹੀ ਸੀ। ਸਿੱਟੇ ਵਜੋਂ ਸ਼ਹੀਨ ਬਾਗ ਵਰਗੇ ਮੋਰਚੇ ਖਤਮ ਹੋ ਗਏ। ਸਰਕਾਰ ਵਿਰੋਧੀ ਲੀਡਰਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਜਿਹਨਾਂ ਵਿਚੋਂ ਬਹੁਤੇ ਮੁਸਲਮ ਜਾਂ ਖੱਬੇਪੱਖੀ ਹਨ। ਉਸ ਨੂੰ ਗਰੀਬ ਮਜ਼ਦੂਰ 'ਹਿੰਦੂ' ਹੀ ਨਹੀਂ ਲਗਦੇ। ਉਹਨਾਂ ਨੂੰ ਆਪਣੇ ਘਰੀਂ ਜਾਣ ਦਾ ਸਮਾਂ ਵੀ ਨਹੀਂ ਦਿੱਤਾ ਤੇ ਨਾ ਹੀ ਕੋਈ ਸਵਾਰੀ ਦਾ ਇੰਤਜ਼ਾਮ ਕੀਤਾ। ਸਿੱਟਾ ਇਹ ਹੋਇਆ ਕਿ ਸੈਂਕੜੇ (750 ਦੇ ਕਰੀਬ) ਲੋਕ ਘਰ ਪਹੁੰਚਣ ਲਈ ਪੈਦਲ ਚੱਲਦੇ ਰਾਹਾਂ ਵਿਚ ਹੀ ਦਮ ਤੋੜ ਗਏ। ਮੋਦੀ ਦੀ ਜਾਗ ਓਦੋਂ ਖੁੱਲ੍ਹੀ (ਜੇ ਖੁੱਲ੍ਹੀ ਹੈ ਤਾਂ) ਜਦੋਂ ਦੁਨੀਆਂ ਭਰ ਦੇ ਟੀ. ਵੀ. ਚੈਨਲ ਇਸ ਨੂੰ 1947 ਤੋਂ ਵੀ ਵੱਡੀ ਬਰਬਾਦੀ ਕਹਿਣ ਲੱਗੇ। ਅਜੇ ਵੀ ਉਹਨਾਂ ਲੋਕਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਭੁੱਖਣ ਭਾਣੇ ਗਰਮੀ ਦੀ ਲੂੰਹਦੀ ਧੁੱਪ ਵਿਚ ਗੱਡੀ ਦੀਆਂ ਟਿਕਟਾਂ ਤੇ ਮੈਡੀਕਲ ਲਈ ਤਪ ਕਰਦਿਆਂ ਵੇਖਿਆ ਜਾ ਸਕਦਾ ਹੈ।

ਜਿਥੇ ਦੁਨੀਆ ਭਰ ਵਿਚ ਮਈ ਦਿਵਸ ਮਨਾਇਆ ਗਿਆ ਹੈ ਜਦੋਂ ਮਜ਼ਦੂਰਾਂ ਨੇ ਅੱਠ ਘੰਟੇ ਦਿਨ ਭਰ ਵਿਚ ਕੰਮ ਕਰਨ ਲਈ ਲੜਾਈ ਲੜੀ ਤੇ ਸੈਂਕੜੈ ਮਜ਼ਦੂਰ ਗੋਲੀਆਂ ਦਾ ਸ਼ਿਕਾਰ



ਹੋ ਗਏ ਸਨ, ਓਥੇ ਬੀ. ਜੇ. ਪੀ. ਦੀਆਂ ਸੂਬਾ ਸਰਕਾਰਾਂ ਨੇ ਮਜ਼ਦੂਰਾਂ ਨੂੰ ਬਾਰਾਂ ਘੰਟੇ ਕੰਮ ਕਰਨ ਤੇ ਹੋਰ ਵੀ ਉਹਨਾਂ ਨੂੰ ਮਿਲਦੀਆਂ ਸਹੂਲਤਾਂ ਬੰਦ ਕਰਨ ਦੇ ਐਲਾਨ ਕੀਤੇ ਹਨ। ਇਸ ਤੋਂ ਬੇਸ਼ਰਮੀ ਦੀ ਗੱਲ ਹੋਰ ਕਿਹੜੀ ਹੋ ਸਕਦੀ ਹੈ?

ਹੰਗਰੀ ਦੇ ਪ੍ਰਧਾਨ ਨੇ ਪਾਰਲੀਮੈਂਟ ਤੋਂ ਸਾਰੀਆਂ ਤਾਕਤਾਂ ਆਪਣੇ ਹੱਥ ਵਿਚ ਲੈਣ ਦਾ ਮਤਾ ਪਾਸ ਕਰਵਾ ਲਿਆ। ਇਸ ਦੀ ਕੋਈ ਮਿਆਦ ਨਹੀਂ ਮਿਥੀ ਗਈ। ਆਉਣ ਵਾਲਾ ਸਮਾਂ ਦੱਸੇਗਾ ਕਿ ਇਸ ਦੇ ਕਿਹੋ ਜਿਹੇ ਸਿੱਟੇ ਨਿਕਲਦੇ ਹਨ।

ਬਰਾਜ਼ੀਲ ਦੇ ਪ੍ਰਧਾਨ ਨੇ ਇਸ ਬਿਮਾਰੀ ਸਬੰਧੀ ਟਰੰਪ ਵਾਲੀ ਪਾਲਿਸੀ ਹੀ ਅਪਣਾਈ ਹੈ। ਬਰਾਜ਼ੀਲ ਦੇ ਜੰਗਲਾਂ ਨੂੰ ਦੁਨੀਆ ਦੇ ਫੇਫੜੇ ਕਿਹਾ ਜਾਂਦਾ ਹੈ। ਪਿਛਲੇ ਸਾਲ ਵੀ ਇਹਨਾਂ ਜੰਗਲਾਂ ਵਿਚ ਅੱਗ ਨਾਲ ਬਹੁਤ ਨੁਕਸਾਨ ਹੋਇਆ/ਕੀਤਾ ਸੀ। ਇਸ ਸਾਲ ਅਪ੍ਰੈਲ ਦੇ ਮਹੀਨੇ ਪਿਛਲੇ ਸਾਲ ਦੇ ਮੁਕਾਬਲੇ ਸੱਠ ਪ੍ਰਤੀਸ਼ਤ ਜਿਆਦਾ ਜੰਗਲ ਸਾੜੇ ਗਏ ਹਨ। ਕਰੋਨਾ ਵਾਇਰਸ ਦੀ ਬਿਮਾਰੀ ਵਿਚ ਉਲਝੀਆਂ ਦੁਨੀਆ ਭਰ ਦੀਆਂ ਸਰਕਾਰਾਂ ਦਾ ਇਸ ਪਾਸੇ ਧਿਆਨ ਹੀ ਨਹੀਂ ਗਿਆ। ਇਹ ਬੰਦਾ ਵਾਤਾਵਰਣ ਵਿਰੋਧੀ ਹੋਣ ਨਾਲ ਹੀ ਦੁਨੀਆ ਭਰ ਦੇ ਲੋਕਾਂ ਦਾ ਦੋਸ਼ੀ ਵੀ ਹੈ।

ਮਨੁੱਖ ਜਾਤੀ ਨੇ ਪਹਿਲਾਂ ਵੀ ਅਜਿਹੀਆਂ ਮਹਾਂਮਾਰੀਆਂ ਦਾ ਮੁਕਾਬਲਾ ਕੀਤਾ ਹੈ। ਪਿਛਲੇ ਕੁਝ ਸਾਲਾਂ ਵਿਚ ਹੀ ਬਰਡ ਫਲੂ, ਸਪੈਨਿਸ਼ ਫਲੂ, ਸਾਰਸ ਤੇ ਈਬੋਲਾ ਵਰਗੀਆਂ ਬਿਮਾਰੀਆਂ ਨਾਲ ਮਨੁੱਖ ਨੂੰ ਲੜਨਾ ਪਿਆ। ਇਹਨਾਂ ਵਿਚੋਂ ਕਿਸੇ ਬਿਮਾਰੀ ਨੇ ਵੀ ਜਨ-ਜੀਵਨ ਏਨਾ ਪ੍ਰਭਾਵਤ ਨਹੀਂ ਕੀਤਾ ਜਿੰਨਾ ਕੋਵਿਡ-19 ਨਾਲ ਹੋਇਆ ਹੈ। ਇਹ ਪਹਿਲੀ ਵਾਰ ਹੈ ਹਵਾਈ ਜ਼ਹਾਜ਼ਾਂ ਦਾ ਉੱਡਣਾ ਬੰਦ ਹੋ ਗਿਆ, ਟਰੇਨਾਂ ਰੁਕ ਗਈਆਂ, ਬੱਸਾਂ ਨੂੰ ਸੜਕਾਂ 'ਤੇ ਆਉਣ ਦੀ ਮਨਾਹੀ ਹੋ ਗਈ ਜਾਂ ਬਹੁਤ ਸੀਮਤ ਰੂਟ ਚੱਲਣ ਦਿੱਤੇ ਗਏ। ਹੋਟਲ, ਰੈਸਟੋਰੈਂਟ, ਕਲੱਬ, ਪੱਬ ਸਭ ਬੰਦ ਹੋ ਗਏ। ਦੁਕਾਨਾਂ ਨੂੰ ਜਿੰਦਰੇ ਲੱਗ ਗਏ। ਲੋਕ ਘਰਾਂ ਵਿਚ ਬੰਦ ਹੋ ਗਏ। ਸਕੂਲ ਜਾਣ ਦੀ ਥਾਂ ਬੱਚੇ ਟੀ. ਵੀ. ਵੇਖਣ ਜੋਗੇ ਰਹਿ ਗਏ ਅਤੇ ਹੋਰ ਬਹੁਤ ਕੁਝ।

ਇਸ ਨਾਲ ਲੋਕਾਂ ਦੇ ਸੁਭਾਅ ਤੇ ਵਰਤਾਅ ਵਿਚ ਤਬਦੀਲੀ ਆਈ ਹੈ। ਵੇਖਣ ਵਾਲੀ ਗੱਲ ਇਹ ਹੈ ਇਹਨਾਂ ਤਬਦੀਲੀਆਂ ਵਿਚ ਚਿਰ-ਸਥਾਈ ਕਿਹੜੀਆਂ ਤਬਦੀਲੀਆਂ ਹਨ। ਇਹ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ।

ਵੈਸੇ ਪਲੇਗ ਜਿੰਨੀ ਭਿਆਨਕ ਬਿਮਾਰੀ ਅਜੇ ਤੱਕ ਮਨੁੱਖ ਜਾਤੀ ਨੇ ਨਹੀਂ ਝੇਲੀ। ਉਦੋਂ ਵੀ ਇਸ ਬਿਮਾਰੀ ਦਾ ਸ਼ਿਕਾਰ ਤਕਰੀਬਨ ਅੱਧੇ ਲੋਕ ਮਰ ਜਾਂਦੇ ਸਨ। ਪਰਿਵਾਰਾਂ ਦੇ ਪਰਿਵਾਰ ਖਤਮ ਹੋ ਜਾਂਦੇ ਤੇ ਪਿੰਡਾਂ ਦੇ ਪਿੰਡ ਤਬਾਹ ਹੋ ਜਾਂਦੇ। ਫਰਕ ਏਨਾ ਸੀ ਕਿ ਉਦੋਂ ਆਵਾਜਾਈ ਦੇ ਸਾਧਨ ਘੱਟ ਸਨ। ਲੋਕਾਂ ਨੂੰ ਸਫ਼ਰ ਕਰਨ ਦੀ ਲੋੜ ਘੱਟ ਪੈਂਦੀ ਸੀ। ਇਕ ਦੇਸ਼ ਤੋਂ ਦੂਜੇ ਦੇਸ਼ ਤੱਕ ਜਾਣ ਲਈ ਸਮੁੰਦਰੀ ਜਹਾਜ਼ਾਂ ਦੀ ਵਰਤੋਂ ਹੁੰਦੀ ਸੀ। ਸੋ ਬਿਮਾਰੀ ਦੀ ਲਾਗ ਹੌਲੀ ਹੌਲੀ ਇਕ ਥਾਂ ਤੋਂ ਦੂਜੀ ਥਾਂ ਪਹੁੰਚਦੀ। ਅੱਜ ਦੀ ਇਸ ਤੇਜ਼ ਤਰਾਰ ਜ਼ਿੰਦਗੀ ਵਿਚ ਦੁਨੀਆ ਦੇ ਇਕ ਪਾਸੇ ਤੋਂ ਦੂਜੇ ਪਾਸੇ ਜਾਣ ਲਈ ਹਫ਼ਤੇ ਨਹੀਂ ਘੰਟੇ ਹੀ ਚਾਹੀਦੇ ਹਨ। ਕੋਵਿਡ-19 ਵਰਗੀ ਵਾਇਰਸ ਵੀ ਓਨੀ ਗਤੀ ਨਾਲ ਹੀ ਇਕ ਦੇਸ਼ ਤੋਂ ਦੂਜੇ ਦੇਸ਼ ਤੱਕ ਪਹੁੰਚ ਜਾਂਦੀ ਹੈ। ਇਹੋ ਕਾਰਨ ਹੈ ਕਿ ਇਹ ਵਾਇਰਸ ਕੁਝ ਮਹੀਨਿਆਂ ਵਿਚ ਹੀ ਦੁਨੀਆ ਭਰ ਵਿਚ ਫੈਲ ਗਈ ਤੇ ਲੱਖਾਂ ਲੋਕਾਂ ਦੀ ਮੌਤ ਦਾ ਕਾਰਨ ਬਣ ਗਈ। ਇਸ ਬਿਮਾਰੀ ਤੋਂ ਬਚਣ ਲਈ ਲੋਕਾਂ ਨੂੰ ਬਹੁਤ ਸਾਰੀਆਂ ਤਬਦੀਲੀਆਂ ਅਪਣਾਉਣੀਆਂ ਪਈਆਂ ਹਨ। ਸਵਾਲ ਉਠਦਾ ਹੈ ਕਿ ਕੀ ਮਨੁੱਖ ਇਹਨਾਂ ਤਬਦੀਲੀਆਂ ਨਾਲ

ਭਵਿੱਖ ਵਿਚ ਰਹਿ ਸਕਦਾ ਹੈ? ਜਵਾਬ ਹੈ ਹਾਂ। ਕਿਉਂਕਿ ਚਾਰ ਕੁ ਦਹਾਕੇ ਪਹਿਲਾਂ ਜਿੰਦਗੀ ਕੁਝ ਪੱਖਾਂ ਤੋਂ ਅਜਿਹੀ ਹੀ ਸੀ। ਅਜੋਕੀ ਜ਼ਿੰਦਗੀ ਵਿਚ ਕੁਝ ਨਵੇਂ ਪੱਖ ਵੀ ਉਜਾਗਰ ਹੋਏ ਹਨ। ਆਉ ਇਕ ਪੰਛੀ ਝਾਤ ਮਾਰੀਏ।

31 ਦਸੰਬਰ 1976 ਨੂੰ ਮੈਂ ਪਹਿਲੀ ਵਾਰ ਇੰਗਲੈਂਡ ਆਉਣ ਲਈ ਦਿੱਲੀ ਪਾਲਮ ਏਅਰਪੋਰਟ 'ਤੇ ਗਿਆ। ਓਦੋਂ ਇਹ ਛੋਟਾ ਜਿਹਾ ਏਅਰਪੋਰਟ ਸੀ ਤੇ ਬਹੁਤੀ ਪੁੱਛ-ਗਿੱਛ ਵੀ ਨਹੀਂ ਸੀ। ਹੀਥਰੋ ਵੀ ਹੁਣ ਨਾਲੋਂ ਕਾਫੀ ਛੋਟਾ ਸੀ। ਇਥੇ ਵੀ ਮੈਨੂੰ ਇਮੀਗਰੇਸ਼ਨ ਅਫਸਰ ਨੇ ਦੋ ਚਾਰ ਸਵਾਲ ਪੁੱਛ ਕੇ ਪਾਸਪੋਰਟ 'ਤੇ ਮੋਹਰ ਲਗਾ ਦਿੱਤੀ। ਪੰਜ ਕੁ ਸਾਲ ਪਹਿਲਾਂ ਜਦ ਮੈਂ ਇੰਡੀਆ ਤੋਂ ਛੁੱਟੀਆਂ ਕੱਟ ਕੇ ਵਾਪਿਸ ਲੰਡਨ ਆਇਆ ਤਾਂ ਏਅਰਪੋਰਟ 'ਤੇ ਪਾਸਪੋਰਟ ਚੈਕ ਕਰਨ ਲਈ ਆਟੋਮੈਟਿਕ ਮਸ਼ੀਨਾਂ ਲੱਗੀਆਂ ਹੋਈਆਂ ਸਨ। ਪਾਰਦਰਸ਼ੀ ਦਰਵਾਜ਼ਾ ਤੇ ਸੱਜੇ ਹੱਥ ਕੈਮਰਾ ਲੱਗਿਆ ਹੋਇਆ। ਕੈਮਰੇ ਦੇ ਹੇਠ ਲੱਕ ਦੇ ਬਰਾਬਰ ਕਰਕੇ ਪਾਸਪੋਰਟ ਰੀਡਰ। ਪਾਸਪੋਰਟ, ਰੀਡਰ ਵਿਚ ਪਾਉ ਤੇ ਕੈਮਰੇ ਵਿਚ ਆਪਣੀ ਫੋਟੋ ਵੇਖੋ। ਮਸ਼ੀਨ ਰਾਹੀਂ ਦੋਵਾਂ ਨੂੰ ਚੈਕ ਕਰਕੇ ਦਰਵਾਜ਼ਾ ਆਪਣੇ ਆਪ ਖੁੱਲ੍ਹ ਜਾਂਦਾ ਹੈ। ਇਸ ਸਭ ਕੁਝ ਨੂੰ ਇਕ ਮਿੰਟ ਤੋਂ ਵੀ ਘੱਟ ਸਮਾਂ ਲਗਦਾ। ਅਜੇ ਤੱਕ ਇਹ ਮਸ਼ੀਨ ਯੂ. ਕੇ. ਵਿਚ ਸਿਰਫ ਬ੍ਰਿਟਿਸ਼ ਪਾਸਪੋਰਟ ਚੈਕ ਕਰਨ ਵਾਸਤੇ ਵਰਤੀ ਜਾਂਦੀ ਹੈ। ਨਿਰਸੰਦੇਹ ਆਉਣ ਵਾਲੇ ਸਮੇਂ ਵਿਚ ਸਭ ਪਾਸਪੋਰਟ ਇੰਝ ਹੀ ਚੈਕ ਹੋਣਗੇ ਤੇ ਇਸ ਤੋਂ ਵੀ ਨਵੀਂ ਕਿਸਮ ਦੀ ਤਕਨਾਲੋਜੀ ਵਰਤੋਂ ਵਿਚ ਆਉਣ ਲੱਗੇਗੀ।

ਹੀਥਰੋ ਤੋਂ ਬਾਹਰ ਆ ਕੇ ਵੇਖਿਆ ਕਾਰਾਂ ਪੰਜਾਬ ਦੇ ਮੁਕਾਬਲੇ ਗਿਣਤੀ ਵਿਚ ਤਾਂ ਵੱਧ ਸਨ ਪਰ ਹੁਣ ਵਰਗਾ ਟਰੈਫਿਕ ਨਹੀਂ ਸੀ ਹੁੰਦਾ। ਹੁਣ ਤਾਂ ਸੋਚੀਦਾ ਕਿ ਇਸ ਟਰੈਫਿਕ ਦਾ ਕਿਥੇ ਅੰਤ ਹੋਵੇਗਾ!

ਜਨਵਰੀ 1977 ਵਿਚ ਪਹਿਲੀ ਵਾਰ ਮੈਂ ਬਰਫ਼ ਪੈਂਦੀ ਵੇਖੀ ਸੀ। ਉਸ ਤੋਂ ਬਾਅਦ ਹਰ ਦੂਜੇ ਤੀਜੇ ਸਾਲ ਬਰਫ ਪੈ ਜਾਂਦੀ। ਬਹੁਤੀ ਵਾਰ ਤਾਂ ਜਨ-ਜੀਵਨ ਇਕ ਦੋ ਦਿਨਾਂ ਲਈ ਬਹੁਤ ਪ੍ਰਭਾਵਤ ਹੋ ਜਾਂਦਾ। ਪਰ ਹੁਣ ਪਿਛਲੇ ਸਾਲਾਂ ਤੋਂ ਬਰਫ਼ ਦਾ ਨਾਂ ਨਿਸ਼ਾਨ ਨਹੀਂ ਹੈ। ਉਹਨਾਂ ਦਿਨਾਂ ਵਿਚ ਧੁੰਦ ਵੀ ਪੈਂਦੀ ਸੀ। ਪੰਜਾਬ ਵਿਚ ਸੰਘਣੀ ਤੇ ਹਫ਼ਤੇ ਭਰ ਤੱਕ ਲਗਾਤਾਰ ਪੈਣ ਵਾਲੀ ਧੁੰਦ ਪਹਿਲੀ ਵਾਰ ਸ਼ਾਇਦ 1973 ਵਿਚ ਵੇਖੀ ਸੀ। ਓਦੋਂ ਵੀ ਬਹੁਤ ਹੈਰਾਨੀ ਹੋਈ ਸੀ। ਏਥੇ ਦੀ ਧੁੰਦ ਵੀ ਕਦੇ ਕਦੇ ਪੰਜਾਬ ਵਰਗੀ ਹੁੰਦੀ। ਮੀਂਹ ਤਾਂ ਸਰਦੀਆਂ ਵਿਚ ਪੈਂਦਾ ਹੀ ਰਹਿੰਦਾ। ਪਰ ਕਦੀ ਕਿਤੇ ਫਲੱਡ ਆਏ ਨਹੀਂ ਸੀ ਸੁਣਿਆ। ਹੁਣ ਕੁਝ ਸਾਲਾਂ ਤੋਂ ਕੋਈ ਨਾ ਕੋਈ ਥਾਂ ਮੀਂਹ ਦੇ ਪਾਣੀ ਵਿਚ ਡੁੱਬੀ ਰਹਿੰਦੀ ਹੈ।

ਸਾਡਾ ਵਿਆਹ (1977) ਇਕ ਪੱਬ ਦੇ ਹਾਲ ਵਿਚ ਹੋਇਆ ਸੀ। ਪਹਿਲਾਂ ਉਥੇ ਅਨੰਦ ਕਾਰਜ ਹੋਇਆ ਜਿਸ ਦਾ ਅਨੰਦ ਅੱਜ ਤੱਕ ਮਾਣ ਰਹੇ ਹਾਂ। ਫਿਰ ਉਸ ਹਾਲ ਵਿਚ ਹੀ ਮੇਜ਼ ਕੁਰਸੀਆਂ ਲਗਾ ਕੇ ਪਾਰਟੀ ਕੀਤੀ ਗਈ। ਉਦੋਂ ਕਿਸੇ ਨੇ ਕੋਈ ਇਤਰਾਜ਼ ਨਹੀਂ ਸੀ ਕੀਤਾ। ਹੁਣ ਸਲੋਹ ਸ਼ਹਿਰ ਵਿਚ ਇਕ ਸਿੱਖ ਕਮਿਊਨਿਟੀ ਸੈਂਟਰ ਬਣਾਇਆ ਗਿਆ ਹੈ। ਹਾਲ ਬਣਨ ਵੇਲੇ ਵਿਚਾਰ ਸੀ ਕਿ ਇਥੇ ਪਾਰਟੀਆਂ ਆਦਿ ਹੋ ਸਕਣਗੀਆਂ ਤੇ ਖੇਡਾਂ ਵੀ। ਗੁਰਦਵਾਰਾ ਸਾਹਿਬ ਇਸ ਥਾਂ ਤੋਂ ਕਾਫੀ ਦੂਰ ਹੈ। ਕੁਝ ਲੋਕਾਂ ਨੇ ਹਾਲ ਵਿਚ ਪਾਰਟੀਆਂ ਕਰਨ ਦੀ ਇਸ ਲਈ ਵਿਰੋਧਤਾ ਕੀਤੀ ਕਿ ਇਥੇ ਮੀਟ ਸ਼ਰਾਬ ਦੀ ਵਰਤੋਂ ਹੋਵੇਗੀ। ਕਿਉਂਕਿ ਇਸ ਥਾਂ ਗੁਰਦਵਾਰਾ ਸਾਹਿਬ ਦਾ ਪੈਸਾ ਵਰਤਿਆ ਗਿਆ ਹੈ ਇਸ ਦੀ ਇਜ਼ਾਜ਼ਤ ਨਹੀਂ ਦਿੱਤੀ ਜਾ ਸਕਦੀ। ਪਰ ਸਵਾਲ



ਹੈ ਕਿ ਗੁਰਦਵਾਰਾ ਸਾਹਿਬ ਵਿਚ ਚੜ੍ਹਾਵਾ ਤਾਂ ਸ਼ਰਾਬ ਤੇ ਮੀਟ ਖਾਣ ਵਾਲੇ ਲੋਕ ਵੀ ਚੜ੍ਹਾਉਂਦੇ ਹਨ। ਫਿਰ ਉਹਨਾਂ ਤੋਂ ਚੜ੍ਹਾਵਾ ਵੀ ਨਾ ਲਿਆ ਜਾਵੇ।

ਇੰਡੀਆ ਤੋਂ ਚਿੱਠੀਆਂ ਆਉਂਦੀਆਂ ਤਾਂ ਆਂਢ-ਗੁਆਂਢ ਤੇ ਪਿੰਡ ਦੀ ਖ਼ਬਰ-ਸਾਰ ਹੁੰਦੀ। ਕਿਸ ਦੇ ਮੁੰਡੇ ਕੁੜੀ ਦਾ ਵਿਆਹ ਹੋਇਆ ਤੇ ਕਿਸ ਦੇ ਬੱਚਾ ਜੰਮਿਆ ਜਾਂ ਫਿਰ ਪਿੰਡ ਵਿਚ ਕਿਸ ਨੇ ਟਰੈਕਟਰ ਲਿਆ ਹੈ। ਹੌਲੀ ਹੌਲੀ ਇਹ ਖਬਰਾਂ ਘਟਦੀਆਂ ਗਈਆਂ। ਟਰੈਕਟਰ ਤਾਂ ਹਰ ਕਿਸਾਨ ਨੇ ਹੀ ਲੈ ਲਿਆ ਸੀ। ਫਿਰ ਕਾਰਾਂ ਦੀ ਗੱਲ ਹੋਣ ਲੱਗੀ। ਹੁਣ ਕਾਰ ਵੀ ਕੋਈ ਉੱਤਸੁਕਤਾ ਵਾਲੀ ਗੱਲ ਨਹੀਂ ਰਹੀ। ਸਾਇਕਲਾਂ ਦੀ ਥਾਂ ਸਕੂਟਰਾਂ ਨੇ ਲੈ ਲਈ ਹੈ। ਪਹਿਲਾਂ ਪਸ਼ੂਆਂ ਦੀਆਂ ਮੰਡੀਆਂ ਲਗਦੀਆਂ ਸਨ ਤੇ ਹੁਣ ਕਾਰਾਂ ਤੇ ਟਰੈਕਟਰਾਂ ਨੂੰ ਵੇਚਣ ਖਰੀਦਣ ਲਈ ਮੰਡੀਆਂ ਲਗਦੀਆਂ ਹਨ।

ਅਜੇ ਵੀ ਉਹਨਾਂ ਦਿਨਾਂ ਦੀ ਪਿੰਡ ਦੀ ਸਵੱਛ ਤੇ ਤਾਜ਼ਾ ਹਵਾ ਦੀ ਯਾਦ ਆ ਜਾਂਦੀ। ਬਿਨਾਂ ਰਸਾਇਣ ਜਾਂ ਜ਼ਹਿਰੀਲੀਆਂ ਦਵਾਈਆਂ ਪੈਦਾ ਹੋਈਆਂ ਗਾਜਰਾਂ, ਮੂਲੀਆਂ, ਟਮਾਟਰ, ਗੰਨੇ, ਛੱਲੀਆਂ ਆਦਿ ਦਾ ਸਵਾਦ ਅੱਜ ਤੱਕ ਯਾਦ ਹੈ। ਉਹਨਾਂ ਦਿਨਾਂ ਵਿਚ ਪਿੰਡਾਂ ਵਿਚ ਕੋਈ ਟਾਵਾਂ ਹੀ ਮਰੀਜ਼ ਸ਼ੱਕਰ ਰੋਗ, ਦਿਲ ਦੀਆਂ ਬਿਮਾਰੀਆਂ ਤੇ ਕੈਂਸਰ ਤੋਂ ਪੀੜਤ ਹੁੰਦਾ ਸੀ। ਅੱਜ ਕੱਲ੍ਹ ਕੋਈ ਚਾਲੀ ਕੁ ਸਾਲ ਤੋਂ ਉਪਰ ਉਮਰ ਦਾ ਬੰਦਾ ਟਾਵਾਂ ਹੀ ਹੋਵੇਗਾ ਜਿਹੜਾ ਕਿਸੇ ਬਿਮਾਰੀ ਤੋਂ ਪੀੜਤ ਨਾ ਹੋਵੇ।

ਬ੍ਰਿਟੇਨ ਵਿਚ ਵੀ ਹਾਲਤ ਅੱਜ ਨਾਲੋਂ ਕਿਤੇ ਚੰਗੀ ਸੀ। ਹਸਪਤਾਲਾਂ ਵਿਚ ਸਾਲਾਂ ਦੀ ਵੇਟਿੰਗ ਲਿਸਟ ਨਹੀਂ ਸੀ ਹੁੰਦੀ। ਡਾਕਟਰ ਤੋਂ ਦਵਾਈ ਲਿਖਾ ਕੇ ਲੈਣੀ ਹੁੰਦੀ ਤਾਂ ਦਸ ਪੈਂਸ ਲਗਦੇ ਸਨ। ਹੁਣ ਨੌਂ ਪਾਊਂਡ ਲਗਦੇ ਹਨ ਜਾਣੀ ਨੱਬੇ ਗੁਣਾ ਦਾ ਵਾਧਾ। ਘਰ ਜਿਹੜਾ 1977 ਵਿਚ ਚੌਦਾਂ ਹਜ਼ਾਰ ਦਾ ਮਿਲਦਾ ਸੀ ਅੱਜ ਸਾਢੇ ਚਾਰ ਤੋਂ ਪੰਜ ਲੱਖ ਦਾ ਹੋ ਗਿਆ ਹੈ। ਪਰ ਤਨਖਾਹਾਂ ਵਿਚ ਵਾਧਾ ਮਸਾਂ ਦਸ ਗੁਣਾ ਹੋਇਆ ਹੈ। ਬਹੁਤੀਆਂ ਹਾਲਤਾਂ ਵਿਚ ਇਸ ਤੋਂ ਵੀ ਘੱਟ ਅਤੇ ਕੁਝ ਮਜਬੂਰ ਲੋਕਾਂ ਨੂੰ ਤਾਂ ਨਿਰਧਾਰਤ ਘੱਟੋ ਘੱਟ ਤਨਖਾਹ ਵੀ ਨਹੀਂ ਮਿਲਦੀ। ਕੁਝ ਚੀਜ਼ਾਂ ਸਸਤੀਆਂ ਵੀ ਹੋਈਆ ਹਨ। ਪਰ ਲੋਕਾਂ ਦੀਆਂ ਰੋਜ਼ਮਰਾ ਦੀ ਵਰਤੋਂ ਵਾਲੀਆਂ ਚੀਜ਼ਾਂ ਮਹਿੰਗੀਆਂ ਹੀ ਹੋਈਆਂ ਹਨ। ਸਕੂਲਾਂ ਵਿਚ ਸਰਕਾਰੀ ਨਿਵੇਸ਼ ਦੀ ਕਮੀ ਆਈ ਹੈ। ਬ੍ਰਿਟੇਨ ਵਰਗੇ ਦੇਸ਼ ਵਿਚ ਕੁਝ ਗਰੀਬ ਬੱਚਿਆਂ ਨੂੰ ਘਰੋਂ ਬਿਨਾ ਨਾਸ਼ਤੇ ਦੇ ਜਾਣਾ ਪੈਂਦਾ ਹੈ। ਵਿਚਾਰੇ ਟੀਚਰ ਆਪਣੀ ਜੇਬ ਵਿਚੋਂ ਉਹਨਾਂ ਦੇ ਨਾਸ਼ਤੇ ਦਾ ਪ੍ਰਬੰਧ ਕਰਦੇ ਹਨ। ਫੂਡ ਬੈਂਕਾਂ ਵਿਚੋਂ ਲੋਕ ਖਾਣਾ ਲੈਣ ਲਈ ਮਜਬੂਰ ਹਨ। ਇਹ ਬੈਂਕਾਂ ਲੋਕਾਂ ਤੋਂ ਵਾਧੂ ਖਾਣਾ ਜਾਂ ਜਿਸ ਖਾਣੇ ਦੀ ਇਕ ਅੱਧਾ ਦਿਨ ਪਹਿਲਾਂ ਵਰਤੋਂ ਦੀ ਤਰੀਕ ਲੰਘੀ ਹੋਵੇ ਤੇ ਜਿਸ ਨੂੰ ਸਟੋਰ ਵੇਚ ਨਾ ਸਕਦੇ ਹੋਣ, ਉਹ ਖਾਣਾ ਫੂਡ ਵਿਚ ਬੈਂਕਾ ਵਿਚੋਂ ਮੁਫ਼ਤ ਮਿਲਦਾ ਹੈ।

ਉਹਨਾਂ ਦਿਨਾਂ ਵਿਚ ਬ੍ਰਿਟੇਨ ਵਿਚ ਤਕਰੀਬਨ ਹਰ ਕਿਸਮ ਦੀ ਇੰਡਸਟਰੀ ਸੀ। ਸਲੋਹ ਦੀ ਇੰਡਸਟਰੀਅਲ ਐਸਟੇਟ ਵਰਗੀਆਂ ਹੋਰ ਸ਼ਹਿਰਾਂ ਵਿਚ ਵੀ ਐਸਟੇਟਾਂ ਸਨ ਜਿਥੇ ਫੈਕਟੀਆਂ ਦਾ ਧੂੰਆਂ ਅਸਮਾਨੀ ਚੜ੍ਹਦਾ ਦਿਸਦਾ ਰਹਿੰਦਾ। ਬਹੁਤੀਆਂ ਫੈਕਟਰੀਆਂ ਵਿਚ ਟਰੇਡ ਯੂਨੀਅਨਾਂ ਬਣੀਆਂ ਹੋਈਆਂ ਸਨ। ਟਰਾਂਸਪੋਰਟ, ਰੇਲਵੇ, ਪੋਸਟ ਆਫਿਸ, ਫਾਇਰ ਬ੍ਰਿਗੇਡ ਤੇ ਬਿਜਲੀ ਮਹਿਕਮੇ ਆਦਿ ਦੀਆਂ ਯੂਨੀਅਨ ਦੇ ਨਾਲ ਹੀ ਸਿਵਲ ਸਰਵਿਸਜ਼, ਡਾਕਟਰ, ਨਰਸਾਂ ਤੇ ਟੀਚਰਾਂ ਦੀ ਵੀ ਯੂਨੀਅਨ ਹੁੰਦੀ ਸੀ। ਥੈਚਰ ਦੀ ਜਿੱਤ ਤੋਂ ਬਾਅਦ ਉਸ ਦਾ ਪਹਿਲਾ ਨਿਸ਼ਾਨਾ ਯੂਨੀਅਨਾਂ

ਬਣੀਆਂ। ਯੂਨੀਅਨਾਂ ਦੀਆਂ ਤਾਕਤਾਂ ਘਟਾਉਣ ਲਈ ਕਨੂੰਨ ਬਣਾਏ ਗਏ। ਉਹਨਾਂ ਦਿਨਾਂ ਵਿਚ ਬਿਜਲੀ ਪੈਦਾ ਕਰਨ ਲਈ ਕੋਇਲੇ ਦੀ ਵਰਤੋਂ ਹੁੰਦੀ ਸੀ। ਬਿਜਲੀ ਨਾਲ ਫੈਕਟਰੀਆਂ ਚਲਦੀਆਂ ਸਨ। ਖਾਨ ਮਜ਼ਦੂਰਾਂ ਦੀ ਯੂਨੀਅਨ ਬਹੁਤ ਸ਼ਕਤੀਸ਼ਾਲੀ ਸੀ। ਥੈਚਰ ਨੇ 1981 ਵਿਚ ਕੁਝ ਖਾਣਾਂ ਬੰਦ ਕਰਨ ਦੀ ਇੱਛਾ ਰੱਖੀ ਤਾਂ ਖਾਣ ਮਜ਼ਦੂਰਾਂ ਨੇ ਹੜਤਾਲ ਦੀ ਧਮਕੀ ਦੇ ਦਿੱਤੀ। ਪਰ ਆਉਣ ਵਾਲੇ ਸਾਲਾਂ ਵਿਚ ਹੜਤਾਲ ਸਮੇਂ ਕੋਇਲੇ ਦੀ ਘਾਟ ’ਤੇ ਕਾਬੂ ਪਾਉਣ ਲਈ ਕੋਇਲੇ ਦਾ ਸਟਾਕ ਵਧਾਇਆ ਗਿਆ। 1984 ਵਿਚ ਫਿਰ ਤੋਂ ਖਾਣਾਂ ਬੰਦ ਕਰਨ ਦੀ ਗੱਲ ਚੱਲੀ ਤਾਂ ਕੁਝ ਖਾਣ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ। ਨਵੇਂ ਬਣੇ ਕਨੂੰਨ ਅਨੁਸਾਰ ਸਾਰੇ ਮਜ਼ਦੂਰਾਂ ਦੀ ਵੋਟ ਨਹੀਂ ਸੀ ਹੋਈ। ਕੁਝ ਖਾਣਾਂ ਵਿਚ ਕੰਮ ਚਲਦਾ ਰਿਹਾ। ਵੈਸੇ ਕਨੂੰਨੀ ਲੜਾਈ ਵੀ ਨੈਸ਼ਨਲ ਯੂਨੀਅਨ ਆਫ ਮਾਈਨਰਜ਼ ਹਾਰ ਗਈ। ਇਕ ਸਾਲ ਹੜਤਾਲ ਚੱਲਣ ਬਾਅਦ 1985 ਵਿਚ ਯੂਨੀਅਨ ਨੂੰ ਸਰਕਾਰ ਦੀ ਖਾਣਾਂ ਬੰਦ ਕਰਨ ਦੀ ਪਾਲਿਸੀ ਨਾਲ ਸਮਝੌਤਾ ਕਰਨਾ ਪਿਆ। ਥੈਚਰ ਦੀ ਇਹ ਵੱਡੀ ਜਿੱਤ ਸੀ ਤੇ ਇਸ ਨਾਲ ਟਰੇਡ ਯੂਨੀਅਨ ਮੂਵਮੈਂਟ ਨੂੰ ਵੱਡਾ ਧੱਕਾ ਲੱਗਾ।

ਥੈਚਰ ਦੇ ਆਉਣ ਤੋਂ ਪਹਿਲਾਂ ਬ੍ਰਿਟੇਨ ਵਿਚੋਂ ਬਾਹਰ ਪੈਸਾ ਲਿਜਾ ਸਕਣ ਦੀ 2000 ਪਾਊਂਡ ਦੇ ਕਰੀਬ ਸੀਮਾ ਸੀ ਜਿਸ ਨੂੰ ਥੈਚਰ ਨੇ ਖਤਮ ਕਰ ਦਿੱਤਾ। ਨੋਟਾਂ ਦਾ ਬੈਗ ਭਰ ਕੇ ਲੈ ਜਾਣ ’ਤੇ ਵੀ ਕੋਈ ਰੋਕ ਨਹੀਂ ਸੀ। ਕਾਰਖਾਨੇਦਾਰਾਂ ਨੇ ਸਸਤੀ ਮਜ਼ਦੂਰੀ ਦੇ ਲਾਲਚ ਵਿਚ ਉਤਪਾਦਨ ਲਈ ਚੀਨ ਵਰਗੇ ਦੇਸ਼ਾਂ ਵੱਲ ਮੂੰਹ ਕੀਤਾ। ਬ੍ਰਿਟੇਨ ਦੇ ਤੀਹ ਲੱਖ ਮਜ਼ਦੂਰ ਬੇਰੁਜ਼ਗਾਰ ਹੋ ਗਏ ਤੇ ‘ਮੇਡ ਇਨ ਬ੍ਰਿਟੇਨ’ ਦਾ ਤਕਰੀਬਨ ਭੋਗ ਪੈ ਗਿਆ। ਅੱਜ ਬ੍ਰਿਟੇਨ ਵਿਚ ਨਾ ਤਾਂ ਫੈਕਟਰੀਆਂ ਹਨ ਤੇ ਨਾ ਮਜ਼ਦੂਰ। ਟਰੇਡ ਯੂਨੀਅਨਾਂ ਦਾ ਐਵੇਂ ਨਾ ਹੀ ਰਹਿ ਗਿਆ ਹੈ। ਬਹੁਤ ਸਾਰਾ ਹੁਨਰ ਬੇਆਸਰਾ ਹੋ ਕੇ ਸਿਸਕ ਰਿਹਾ ਹੈ ਜਾਂ ਮਰ ਗਿਆ ਹੈ। ਬ੍ਰਿਟੇਨ ਦੀ ਮੱਧ ਵਰਗ ਜਮਾਤ ਦਾ ਹਾਲ ਮਜ਼ਦੂਰ ਜਮਾਤ ਤੋਂ ਵੀ ਮਾੜਾ ਹੋ ਗਿਆ ਹੈ। ਗਰੀਬੀ ਤੇ ਅਮੀਰੀ ਦਾ ਪਾੜਾ ਦਿਨੋ ਦਿਨ ਵਧ ਰਿਹਾ ਹੈ।

1987 ਵਿਚ ਮੈਂ ਮੋਗੇ ਸ਼ਹਿਰ ਨੂੰ ਫੋਨ ਕਰਨ ਲਈ ਕਾਲ ਬੁੱਕ ਕਰਵਾਈ। ਤਿੰਨ ਦਿਨ ਸਵੇਰੇ ਚਾਰ ਵਜੇ ਮੈਨੂੰ ਫੋਨ ਕਰਕੇ ਆਪਰੇਟਰ ਜਗਾ ਲੈਂਦਾ ਤੇ ਪੰਦਰਾਂ ਕੁ ਮਿੰਟ ਬਾਅਦ ਸੌਰੀ ਕਹਿ ਦਿੰਦਾ ਕਿ ਕਾਲ ਮਿਲ ਨਹੀਂ ਰਹੀ। ਅਖੀਰ ਮੈਂ ਕਾਲ ਕੈਂਸਲ ਕਰਵਾ ਦਿੱਤੀ। ਫਿਰ ਮੈਨੂੰ ਪਤਾ ਲੱਗਾ ਕਿ ਸਾਡੇ ਪਿੰਡ ਵੀ ਟੈਲੀਫੋਨ ਸਰਵਿਸ ਸ਼ੁਰੂ ਹੋ ਰਹੀ ਹੈ। ਮੈਨੂੰ ਬਹੁਤ ਖੁਸ਼ੀ ਹੋਈ। ਘਰ ਸੌਖ ਨਾਲ ਗੱਲ ਹੋਣ ਲੱਗੀ। ਅੱਜ ਕੱਲ੍ਹ ਤਾਂ ਮੁਫਤ ਕਾਲ ਹੋਣ ਲੱਗੀ ਹੈ।

ਵੈਸੇ ਤਾਂ ਕੰਪਿਊਟਰ ਦਾ ਸਫਰ ਸਦੀਆਂ ਪਹਿਲਾਂ ਸ਼ੁਰੂ ਹੋਇਆ ਸੀ। ਪਰ ਅੱਜ ਦੀ ਹਾਲਤ ਵਿਚ ਮੈਂ ਪਹਿਲੀ ਵਾਰ ਕੰਪਿਊਟਰ 1982 ਵਿਚ ਆਪਣੇ ਕੰਮ ’ਤੇ ਵਰਤਿਆ ਸੀ। ਉਹ ਵੀ ਚਾਅ ਜਿਹਾ ਹੀ ਪੂਰਾ ਹੁੰਦਾ ਸੀ। ਕੰਪਿਊਟਰ ਤੋਂ ਕੈਲਕੂਲੇਟਰ ਨਾਲੋਂ ਥੋੜ੍ਹਾ ਵੱਧ ਕੰਮ ਲਿਆ ਜਾਂਦਾ ਸੀ। ਫਿਰ ਕਈ ਸਾਲ ਕੰਪਿਊਟਰ ਦੀ ਲੋੜ ਹੀ ਨਾ ਪਈ ਤੇ ਨਾ ਹੀ ਵਾਹ। ਪਰ ਵੱਡੀ ਸਕਰੀਨ ਵਾਲੇ ਕੰਪਿਊਟਰ ਆ ਗਏ ਤਾਂ ਸਾਡੇ ਬੱਚਿਆਂ ਨੇ ਲੋੜ ਦੱਸੀ ਤੇ ਅਸੀਂ ਕੰਪਿਊਟਰ ਖਰੀਦ ਲਿਆ। ਹੌਲੀ ਹੌਲੀ ਕੰਪਿਊਟਰ ਅੱਜ ਦੀ ਜ਼ਿੰਦਗੀ ਦਾ ਅਟੁੱਟ ਅੰਗ ਬਣ ਗਿਆ ਹੈ। ਹੁਣ ਤਾਂ ਕੰਪਿਊਟਰ ਵੀ ਜੇਬ ਵਿਚ ਹੀ ਹੁੰਦਾ ਹੈ। ਕੰਪਿਊਟਰ ਨਾਲ ਜ਼ਿੰਦਗੀ ਵਿਚ ਨਵਾਂ ਇਨਕਲਾਬ ਆਇਆ ਹੈ। ਮੋਬਾਇਲ ਟੈਲੀਫੋਨ ਵੀ ਕੰਪਿਊਟਰ ਦਾ ਹੀ ਕੰਮ ਕਰਦਾ ਹੈ। ਅੱਜ ਕੱਲ੍ਹ ਦੁਨੀਆ



ਸੁੰਗੜ ਗਈ ਹੈ। ਇਕ ਮਿੰਟ ਵਿਚ ਖਤ-ਪੱਤਰ ਤੁਸੀਂ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਭੇਜ ਸਕਦੇ ਹੋ। ਹੁਣ ਮੈਨੂੰ ਕਦੇ ਕਦੇ ਅਪਣਾ ਪਹਿਲੀ ਵਾਰ ਵਾਪਿਸ ਪੰਜਾਬ ਜਾਣਾ ਯਾਦ ਆਉਂਦਾ ਹੈ।

1980 ਦਸੰਬਰ ਵਿਚ ਅਸੀਂ ਪੰਜਾਬ ਗਏ ਤਾਂ ਮੈਂ ਸੱਥ ਵਿਚ ਜਾ ਬੈਠਾ। ਲੋਕ ਮੇਰੇ ਕੋਲੋਂ ਕੁਝ ਜਾਣਕਾਰੀ ਲੈਣ ਲੱਗੇ,

‘ਤੇ ਫੇਰ ਕੰਮ ਕੀ ਕਰਦਾਂ?’ ਮੈਂ ਫੈਕਟਰੀ ਵਿਚ ਕੰਮ ਕਰਦਾ ਸੀ ਮੈਂ ਦੱਸ ਦਿੱਤਾ।

‘ਰੋਟੀ ਫੇਰ ਘਰੋਂ ਲੈ ਕੇ ਜਾਨੇ ਐਂ?’

‘ਨਹੀਂ ਕਨਟੀਨ ਵਿਚੋਂ ਖਾਣ ਲਈ ਕੁਝ ਖਰੀਦ ਲਈਦਾ।’

‘ਤੇ ਚਾਹ-?’

‘ਮਸ਼ੀਨ ਵਿਚ ਪੈਸੇ ਪਾ ਦੇਈਦੇ ਆ। ਚਾਹ, ਕੌਫੀ, ਠੰਡਾ ਜੋ ਪੀਣਾ ਬਟਨ ਦਬਾਉ ਤੇ ਗਲਾਸ ਬਾਹਰ ਆ ਜਾਂਦਾ।’

‘ਆਹੋ ਮਸ਼ੀਨ ’ਚ ਮਾਸੀ ਬੈਠੀ ਹੁਣੀ ਆ। ਸਾਨੂੰ ਪਾਗਲ ਬਣਾਈ ਜਾਂਦਾ।’ ਮੇਰੀ ਗੱਲ ’ਤੇ ਉਹਨਾਂ ਨੂੰ ਯਕੀਨ ਨਹੀਂ ਸੀ ਆਉਂਦਾ। ਜਦ ਮੈਂ ਦੱਸਿਆ ਕਿ ਮਸ਼ੀਨ ਵਿਚ ਕਾਰਡ ਪਾ ਕੇ ਪੈਸੇ ਵੀ ਕਢਾਏ ਜਾ ਸਕਦੇ ਆ ਤਾਂ ਕਹਿੰਦੇ ਤੂੰ ਯਾਰ ਉਹ ਕਾਰਡ ਸਾਨੂੰ ਵੀ ਲਿਆ ਦਿੰਦਾ। ਅਸੀਂ ਐਵੇਂ ਮਿੱਟੀ ਨਾਲ ਮਿੱਟੀ ਹੋਏ ਰਹਿੰਨੇ ਆਂ। ਹੁਣ ਪਿੰਡਾਂ ਵਿਚ ਵੀ ਏ ਟੀ ਐਮ ਮਸ਼ੀਨਾਂ ਦੀ ਬਹੁਤਾਤ ਹੈ।

ਵੈਸੇ ਮੈਂ ਉਦੋਂ ਚਾਰ ਸਾਲ ਵਿਚ ਪੰਜਾਬ ਵਿਚ ਵੀ ਬਹੁਤ ਤਬਦੀਲੀ ਦੇਖੀ ਸੀ। ਲੋਕ ਕਣਕ ਦੀ ਗੋਡੀ ਨਹੀਂ ਸੀ ਕਰਦੇ ਸਗੋਂ ਦਵਾਈਆਂ ਦੀ ਵਰਤੋਂ ਨਾਲ ਨਦੀਨ ਮਾਰਦੇ ਸਨ। ਮਸ਼ੀਨੀਕਰਨ ਬਹੁਤ ਵਧ ਗਿਆ ਸੀ। ਕੁਝ ਕੁ ਸਾਲਾਂ ਬਾਅਦ ਵਿਆਹਾਂ ਸ਼ਾਦੀਆਂ ਦਾ ਰੰਗ ਰੂਪ ਵੀ ਬਦਲ ਗਿਆ। ਹੁਣ ਵੀ ਕੁਝ ਲੋਕ ਪੰਜਾਬ ਵਿਚ ਉਮੀਦ ਲਗਾਈ ਬੈਠੇ ਹਨ ਕਿ ਕਰੋਨਾ ਵਾਇਰਸ ਕਾਰਨ ਸ਼ਾਇਦ ਵਿਆਹ ਸ਼ਾਦੀਆਂ ਦਾ ਖਰਚਾ ਵੀ ਘਟ ਜਾਵੇ। ਬਿਨਾਂ ਸ਼ੱਕ ਲੋਕਾਂ ਨੇ ਦਹਾਕਿਆਂ ਬਾਅਦ ਸਵੱਛ ਵਾਤਾਵਰਣ ਦਾ ਅਨੰਦ ਲਿਆ ਹੈ। ਇਹ ਤਬਦੀਲੀ ਬਹੁਤਾ ਚਿਰ ਰਹਿ ਨਹੀਂ ਸਕਣੀ। ਉਮੀਦ ਕਰਨੀ ਵੱਖਰੀ ਗੱਲ ਹੈ।

ਮੇਰਾ ਖਿਆਲ ਇਹ 1980 ਦੇ ਨੇੜੇ-ਤੇੜੇ ਦੀ ਗੱਲ ਹੈ। ਰੈਡਿੰਗ ਵਿਚ ਕਿਸੇ ਪੰਜਾਬੀ ਬੰਦੇ ਨੇ ਆਪਣੀ ਜਨਾਨੀ ਦਾ ਕਤਲ ਕਰ ਦਿੱਤਾ ਸੀ ਕਿਉਂਕਿ ਉਸ ਦੇ ਕਿਸੇ ਹੋਰ ਬੰਦੇ ਨਾਲ ਸਬੰਧ ਸਨ। ਅਜਿਹੀਆਂ ਘਟਨਾਵਾਂ ਹੋਰ ਵੀ ਬਹੁਤ ਵਾਪਰਦੀਆਂ ਸਨ। ਕਈਆਂ ਨੇ ਆਪਣੀਆਂ ਬੱਚੀਆਂ ਨੂੰ ਮਾਰ ਮੁਕਾਇਆ। 1986 ਵਿਚ ਮੈਂ ਕੈਨੇਡਾ ਗਿਆ ਤਾਂ ਉਥੇ ਮੈਂ ਲੋਕਾਂ ਨੂੰ ਮੁੰਡਿਆਂ-ਕੁੜੀਆਂ ਦੀਆਂ ਗੱਲਾਂ ਕਰਦੇ ਸੁਣਿਆ। ਫਲਾਨੇ ਦੀ ਕੁੜੀ ਦਾ ਫਲਾਨਾ ਮੁੰਡਾ ਬੁਆਏ ਫਰਿੰਡ ਐ। ਇਕ ਦੋ ਪਰਿਵਾਰਾਂ ਨਾਲ ਮੇਲ ਵੀ ਹੋਇਆ ਜਿਹਨਾਂ ਦੇ ਬੱਚੇ ਮਰਜ਼ੀ ਨਾਲ ਆਪਣੇ ਸਾਥੀ ਨਾਲ ਬਾਹਰ ਅੰਦਰ ਜਾ ਰਹੇ ਸਨ। ਮੈਨੂੰ ਮਹਿਸੂਸ ਹੋਇਆ ਕੈਨੇਡਾ ਦੇ ਪੰਜਾਬੀ ਸਾਡੇ ਨਾਲੋਂ ਅਗਾਂਹਵਧੂ ਹਨ। ਪਰ ਹੁਣ ਬ੍ਰਿਟੇਨ ਵਿਚ ਵੀ ਲੋਕਾਂ ਵਿਚ ਇਹ ਕੋਈ ਮਸਲਾ ਨਹੀਂ ਰਿਹਾ। ਬੱਚਿਆਂ ਦੀ ਚੋਣ ਨੂੰ ਮਾਨਤਾ ਮਿਲ ਹੀ ਜਾਂਦੀ ਹੈ।

ਹੋਰਨਾਂ ਸਮੱਸਿਆਵਾਂ ਵਿਚੋਂ ਨਸਲੀ ਵਿਤਕਰੇ ਦੀ ਸਮੱਸਿਆ ਬਹੁਤ ਵੱਡੀ ਹੈ। ਇਕ ਤਾਂ ਇਹ ਮਨੁੱਖੀ ਸੋਚ ਦਾ ਹਿੱਸਾ ਹੈ। ਬਚਪਨ ਤੋਂ ਮਨ ਵਿਚ ਬਿਠਾਏ ਵਿਸ਼ਵਾਸ਼ ਜਲਦੀ ਨਹੀਂ ਬਦਲ ਸਕਦੇ। ਇਹਨਾਂ ਨੂੰ ਬਦਲਣ ਲਈ ਮਨੁੱਖ ਨੂੰ ਗਿਆਨ ਦੇ ਨਾਲ ਹੀ ਦ੍ਰਿੜਤਾ ਦੀ ਵੀ ਲੋੜ ਹੈ। ਵੈਸੇ ਤਾਂ ਭਾਰਤ ਦੁਨੀਆਂ ਦਾ ਬਹੁਤ ਹੀ ਨਸਲੀ ਵਿਤਕਰੇ ਵਾਲਾ ਦੇਸ਼ ਹੈ। ਪਰ ਜਦ ਭਾਰਤੀ

ਲੋਕਾਂ ਨੂੰ ਬਾਹਰਲੇ ਦੇਸ਼ਾਂ ਵਿਚ ਵਿਤਕਰਾ ਸਹਿਣਾ ਪੈਂਦਾ ਹੈ ਤਾਂ ਉਹਨਾਂ ਲਈ ਇਹ ਬਹੁਤ ਵੱਡਾ ਮਸਲਾ ਬਣ ਜਾਂਦਾ ਹੈ। ਬ੍ਰਿਟੇਨ ਵਿਚ ਵੀ ਏਸ਼ੀਅਨ ਅਤੇ ਕਾਲਿਆਂ ਨਾਲ ਬਹੁਤ ਵਿਤਕਰੇ ਹੁੰਦੇ ਰਹੇ ਹਨ ਅਤੇ ਹੋ ਰਹੇ ਹਨ। ਅੱਸੀਵਿਆਂ ਤੱਕ ਨਸਲੀ ਵਿਤਕਰਾ ਬਹੁਤ ਜ਼ੋਰਾਂ 'ਤੇ ਸੀ। ਸਕਿਨ ਹੈਡ ਲੋਕਾਂ ਨਾਲ ਰੰਗਦਾਰ ਲੋਕਾਂ ਦੀਆਂ ਝੜਪਾਂ ਹੁੰਦੀਆਂ ਹੀ ਰਹਿੰਦੀਆਂ ਸਨ। ਕੰਮਾਂ 'ਤੇ ਵੀ ਵਿਤਕਰਾ ਹੁੰਦਾ ਤੇ ਇਕੱਲੇ ਕਹਿਰੇ ਨੂੰ ਵੀ ਖਤਰਾ ਬਣਿਆ ਰਹਿੰਦਾ। ਪਰ ਉਹਨਾਂ ਸਾਲਾਂ ਦੇ ਮੁਕਾਬਲੇ ਹੁਣ ਇਹ ਸਮੱਸਿਆ ਬਹੁਤ ਘੱਟ ਹੈ। ਇਸ ਨੇ ਕਦੇ ਪੂਰੀ ਤਰ੍ਹਾਂ ਖਤਮ ਤਾਂ ਨਹੀਂ ਹੋਣਾ ਪਰ ਘਟ ਜ਼ਰੂਰ ਗਈ ਹੈ। ਏਸ਼ੀਅਨ ਬੱਚੇ ਸਕੂਲਾਂ ਵਿਚ ਹੀ ਗੋਰਿਆਂ ਤੇ ਹੋਰ ਨਸਲ ਦੇ ਲੋਕਾਂ ਨਾਲ ਰਚ-ਮਿਚ ਜਾਂਦੇ ਹਨ। ਬਹੁਤ ਸਾਰੇ ਦੋਸਤ ਵੀ ਬਣ ਜਾਦੇ ਹਨ। ਉਹਨਾਂ ਦੀ ਬੋਲੀ, ਖਾਣ-ਪੀਣ, ਪਹਿਨਣ ਸਭ ਉਹਨਾਂ ਵਰਗਾ ਹੀ ਹੈ। ਦੋਵੇਂ ਧਿਰਾਂ ਨੇ ਇਸ ਸਮੱਸਿਆ ਨੂੰ ਨਜਿੱਠਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਹਨ ਤੇ ਕਰ ਰਹੇ ਹਨ। ਪਰ ਭਾਰਤ ਸਰਕਾਰ ਤਾਂ ਇਸ ਸਮੱਸਿਆ ਨੂੰ ਹਵਾ ਦੇ ਰਹੀ ਹੈ। ਉਥੇ ਇਸ ਦੇ ਦੂਰਲੇ ਕਿਹੋ ਜਿਹੇ ਸਿੱਟੇ ਨਿਕਲਣਗੇ ਇਹ ਤਾਂ ਸਮਾਂ ਹੀ ਦੱਸੇਗਾ। ਅੱਜ ਕੱਲ੍ਹ ਇਸ ਸਮੱਸਿਆ ਕਰਕੇ ਹੀ ਅਮਰੀਕਾ ਵਿਚ ਅੱਗ ਲੱਗੀ ਹੋਈ ਹੈ।

ਬਿਜਨਸ ਵੱਲ ਧਿਆਨ ਮਾਰੀਏ ਤਾਂ ਬਹੁਤ ਤਬਦੀਲੀ ਦਿਸਦੀ ਹੈ। ਪਹਿਲਾਂ ਪੰਜਾਬੀ ਤੇ ਏਸ਼ੀਅਨ ਲੋਕਾਂ ਨੇ ਗਰੌਸਰੀ ਦੀਆਂ ਦੁਕਾਨਾਂ ਖਰੀਦੀਆਂ। ਗੋਰੇ ਲੋਕ ਪੰਜ ਕੁ ਵਜੇ ਤੱਕ ਹੀ ਦੁਕਾਨਾਂ ਖੋਲ੍ਹਦੇ। ਮਿਹਨਤੀ ਪੰਜਾਬੀ ਲੋਕਾਂ ਨੇ ਦੇਰ ਸਵੇਰ ਵੀ ਦੁਕਾਨਾਂ ਖੋਲ੍ਹਣੀਆ ਸ਼ੁਰੂ ਕਰ ਦਿੱਤੀਆਂ ਤੇ ਸਫ਼ਲਤਾ ਵੀ ਪ੍ਰਾਪਤ ਕੀਤੀ। ਮਾਰਕਿਟਾਂ ਵਿਚ ਸਟਾਲ ਲਗਾਉਣੇ ਵੀ ਇਕ ਮਿਹਨਤੀ ਪਰ ਘੱਟ ਨਵੇਸ਼ ਵਾਲਾ ਧੰਦਾ ਸੀ। ਮੈਂ ਵੀ ਮਾਰਕਿਟਾਂ ਲਾਉਣ ਦਾ ਕੰਮ ਕੀਤਾ। ਮਾਰਕਿਟ ਵਿਚ ਵਿਕਦੇ ਸਮਾਨ ਦੀਆਂ ਕੀਮਤਾਂ ਦੁਕਾਨਾਂ ਨਾਲੋਂ ਕਾਫੀ ਘੱਟ ਹੋਣ ਕਰਕੇ ਲੋਕ ਚੀਜ਼ਾਂ ਬਦਲਣ ਲਈ ਹਫਤਾ ਭਰ ਉਡੀਕਦੇ ਰਹਿੰਦੇ। ਫਿਰ ਵੱਡੇ ਵੱਡੇ ਸਸਤੇ ਸਟੋਰ ਖੁੱਲ੍ਹ ਗਏ। ਉਹਨਾਂ ਨੇ ਮਾਰਕਿਟਾਂ ਦਾ ਧੰਦਾ ਤਕਰੀਬਨ ਬੰਦ ਹੀ ਕਰ ਦਿੱਤਾ। ਹੋਰ ਤਬਦੀਲੀ ਆਈ ਤਾਂ ਗਰੌਸਰੀ ਦੇ ਵੱਡੇ ਤੇ ਸਸਤੇ ਸਟੋਰ ਖੁੱਲ੍ਹ ਗਏ ਤਾਂ ਏਸ਼ੀਅਨ ਗਰੌਸਰੀ ਦੀਆਂ ਦੁਕਾਨਾਂ ਵੀ ਬਹੁਤੀਆਂ ਫਾਇਦੇਮੰਦ ਨਾ ਰਹੀਆਂ। ਵੈਸੇ ਵੀ ਨਵੀਂ ਪੀੜ੍ਹੀ ਦੇ ਬੱਚਿਆਂ ਦਾ ਇਹਨਾਂ ਕੰਮਾਂ ਵੱਲ ਧਿਆਨ ਨਹੀਂ ਸੀ। ਉਹ ਪੱਛਮੀ ਸਭਿਆਚਾਰ ਅਨੁਸਾਰ ਹੀ ਕੰਮ-ਧੰਦੇ ਵਿਚ ਦਿਲਚਸਪੀ ਰਖਦੇ ਹਨ।

ਹੁਣ ਤਾਂ ਬਹੁਤ ਸਾਰੀ ਸ਼ੌਪਿੰਗ ਆਨ ਲਾਈਨ ਹੋ ਰਹੀ ਹੈ। ਕਰੋਨਾ ਵਾਇਰਸ ਨੇ ਇਸ ਨੂੰ ਹੋਰ ਵੀ ਮਹੱਤਤਾ ਪ੍ਰਦਾਨ ਕੀਤੀ ਹੈ। ਆਉਣ ਵਾਲੇ ਸਮੇਂ ਵਿਚ ਲਗਦਾ ਆਨ ਲਾਈਨ ਸੌਪਿੰਗ ਹੋਰ ਵੀ ਵਧੇ ਫੁੱਲੇਗੀ।

ਲੋਕਾਂ ਦਾ ਖਾਣ ਪਹਿਨਣ ਦਾ ਸੁਭਾਅ ਵੀ ਬਦਲ ਗਿਆ ਹੈ। ਲੋਕ ਬਰਾਂਡਿਡ ਕੱਪੜੇ ਪਹਿਨਣ ਲੱਗੇ ਹਨ। ਨਿੱਕੇ ਨਿੱਕੇ ਬੱਚੇ ਵੀ ਬਰਾਂਡਿਡ ਕੱਪੜੇ ਖਰੀਦਣ ਦੀ ਜਿੱਦ ਕਰਦੇ ਹਨ। ਲੋਕ ਨੈਤਿਕਤਾ ਅਤੇ ਗਿਆਨ-ਗ੍ਰਹਿਣ ਵੱਲ ਘੱਟ ਧਿਆਨ ਦਿੰਦੇ ਹਨ। ਬੱਸ ਕੱਪੜੇ ਤੇ ਟੈਲੀਫੋਨ ਦੇ ਨਵੇਂ ਮਾਡਲਾਂ ਦੇ ਸਹਾਰੇ ਹੀ ਆਪਣੀ ਮਹੱਤਤਾ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਝੁਕਾਅ ਬਹੁਤ ਮਾੜਾ ਹੈ। ਇਸ ਪਿੱਛੇ ਵੱਡੀਆਂ ਕੰਪਨੀਆਂ ਦੀਆਂ ਮਨ-ਲੁਭਾਉਣੀਆਂ ਐਡਵਰਟਾਈਜ਼ਾਂ ਦਾ ਵੱਡਾ ਹੱਥ ਹੈ। ਲੋਕਾਂ ਦੀ ਸੋਚ ਨੂੰ ਆਪਣੇ ਵਪਾਰਕ ਫਾਇਦੇ ਵੱਲ ਮੋੜਿਆ ਜਾ ਰਿਹਾ ਹੈ।

ਉਪਰੋਕਤ ਵਿਸ਼ਿਆਂ 'ਤੇ ਇੰਗਲੈਂਡ ਦੇ ਲੇਖਕਾਂ ਨੇ ਬਹੁਤ ਸਾਰੇ ਨਾਵਲ, ਕਹਾਣੀਆਂ ਤੇ ਕਵਿਤਾਵਾਂ ਲਿਖੀਆਂ ਤੇ ਲਿਖ ਰਹੇ ਹਨ। ਲਿਖਣ ਲਈ ਸਮਾਂ ਚਾਹੀਦਾ ਹੈ ਤੇ ਸਹਿਜਤਾ ਵੀ।



ਮੇਰਾ ਲਿਖਣ ਨੂੰ ਮਨ ਕਰਦਾ ਸੀ ਪਰ ਮੇਰੇ ਕੋਲ ਨਾ ਤਾਂ ਸਮਾਂ ਸੀ ਤੇ ਨਾ ਹੀ ਸਹਿਜਤਾ। ਜੇ ਭੱਜ ਨੱਠ ਹੋਵੇ ਤਾਂ ਸਹਿਜ ਹੋਣਾ ਮੁਸ਼ਕਲ ਹੀ ਹੁੰਦਾ ਹੈ। ਅਸੀਂ ਵੀ ਹੋਰ ਲੋਕਾਂ ਵਾਂਗ ਸੂਈ ਤੋਂ ਲੈ ਕੇ ਹੀ ਸਭ ਕੁਝ ਬਣਾਇਆ। ਬੱਚਿਆਂ ਨਾਲ ਹੋਰ ਵੀ ਜਿੰਮੇਵਾਰੀਆਂ ਵਧ ਜਾਦੀਆਂ ਹਨ। ਮੇਰੇ ਕੋਲ ਲਿਖਣ ਦਾ ਵਕਤ ਤਾਂ ਨਹੀਂ ਸੀ ਪਰ ਮੈਂ ਸਮਾਂ ਮਿਲਣ 'ਤੇ ਪੜ੍ਹਦਾ ਜ਼ਰੂਰ ਸੀ। ਇਸ ਸਬੰਧੀ ਇਕ ਘਟਨਾ ਦਾ ਉਲੇਖ ਕਰਨਾ ਚਾਹਾਂਗਾ।

ਇਹ 1985 ਦੀ ਗੱਲ ਜਹੈ ਸ਼ਾਇਦ। ਮੇਰਾ ਇਕ ਦੋਸਤ ਇੰਡੀਆ ਜਾ ਰਿਹਾ ਸੀ ਤਾਂ ਉਸ ਨੇ ਮੈਨੂੰ ਪੁੱਛਿਆ ਕਿ ਕੋਈ ਚੀਜ਼ ਮੰਗਵਾਉਣੀ ਹੈ ਤਾਂ ਉਹ ਲੈ ਆਵੇਗਾ। ਮੈਂ ਜਕਦੇ ਜਿਹੇ ਨੇ ਉਸ ਨੂੰ ਟਾਲਸਟਾਏ ਦਾ ਜਗਤ ਪ੍ਰਸਿੱਧ ਨਾਵਲ 'ਜੰਗ ਤੇ ਅਮਨ' ਲਿਆਉਣ ਦੀ ਬੇਨਤੀ ਕੀਤੀ ਤੇ ਉਸ ਨੂੰ ਦੱਸ ਵੀ ਦਿੱਤਾ ਕਿ ਇਹ ਲਹੌਰ ਬੁੱਕ ਸ਼ਾਪ ਤੋਂ ਮਿਲ ਸਕਦਾ ਸੀ। ਉਸ ਨੇ ਆਪਣੇ ਭਣੋਈਏ ਨੂੰ ਲਿਆਉਣ ਲਈ ਕਹਿ ਦਿੱਤਾ। ਜਦ ਉਸ ਨੇ ਮੈਨੂੰ ਕਿਤਾਬ ਲਿਆ ਕੇ ਫੜਾਈ ਤਾਂ ਨਾਲ ਹੀ ਭਣੋਈਏ ਦਾ ਸੁਨੇਹਾ ਵੀ ਦੇ ਦਿੱਤਾ ਕਿ ਜਦ ਮੈਂ ਨਾਵਲ ਪੜ੍ਹ ਲਵਾਂ ਤਾਂ ਉਸ ਦੇ ਭਣੋਈਏ ਨੂੰ ਇਸ ਬਾਰੇ ਜ਼ਰੂਰ ਦੱਸਾਂ। ਨਾਵਲ ਦੀਆਂ ਦੋਵੇਂ ਜਿਲਦਾਂ ਪੜ੍ਹਨਾ ਵੀ ਵੱਡਾ ਕੰਮ ਸੀ। ਪਰ ਖਰੀਦਣ ਵਾਲੇ ਸ਼ਖਸ਼ ਨੂੰ ਉਮੀਦ ਨਹੀਂ ਸੀ ਕਿ ਮੈਂ ਏਨਾ ਵੱਡਾ ਨਾਵਲ ਪੜ੍ਹ ਸਕਾਂਗਾ। ਪੜ੍ਹਨ ਬਾਅਦ ਮੈਂ ਉਸ ਨੂੰ ਦੱਸ ਦਿੱਤਾ। ਪਰ ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਜਦ ਮੈਂ ਦੋ ਕੁ ਸਾਲ ਬਾਅਦ ਇੰਡੀਆ ਗਿਆ ਤਾਂ ਉਸ ਬੰਦੇ ਨੇ ਮੈਨੂੰ ਖਾਸ ਤੌਰ 'ਤੇ ਫਿਰ ਪੁੱਛਿਆ। ਮੈਨੂੰ ਪਤਾ ਨਹੀਂ ਉਸ ਨੂੰ ਯਕੀਨ ਆਇਆ ਜਾਂ ਨਾ।

ਮੈਂ ਪੰਜਾਬ ਸਟੂਡੈਂਟ ਯੂਨੀਅਨ ਬਾਰੇ ਨਾਵਲ ਲਿਖਣ ਦਾ ਮਨ ਬਣਾਇਆ ਸੀ। ਇਹ ਵੀ ਅੱਸੀਵਿਆਂ ਦੇ ਸ਼ੁਰੂ ਦੀ ਗੱਲ ਹੈ। ਸਟੂਡੈਂਟ ਯੂਨੀਅਨ ਨਾਲ ਮੇਰਾ ਬਹੁਤ ਨਜ਼ਦੀਕੀ ਸਬੰਧ ਰਿਹਾ ਹੈ। ਉਸ ਬਾਰੇ ਮੈਨੂੰ ਕਾਫੀ ਜਾਣਕਾਰੀ ਵੀ ਸੀ। ਫਿਰ ਵੀ ਏਨੀ ਜਾਣਕਾਰੀ ਨਹੀਂ ਸੀ ਕਿ ਨਾਵਲ ਲਈ ਕਾਫੀ ਹੁੰਦੀ। ਮੈਂ ਕੁਝ ਦਸਤਾਵੇਜ਼ ਇਕੱਠੇ ਕਰਨ ਦੀ ਕੋਸ਼ਿਸ਼ ਵੀ ਕੀਤੀ। ਪਰ ਉਹਨਾਂ ਦਿਨਾਂ ਵਿਚ ਜਾਣਕਾਰੀ ਅੱਜ ਵਾਂਗ ਸੌਖਿਆਂ ਉਪਲਬਧ ਨਹੀਂ ਸੀ। ਕੁਝ ਕੁ ਕੋਸ਼ਿਸ਼ਾਂ ਬਾਅਦ ਮੈਂ ਇਸ ਬਾਰੇ ਸੋਚਣਾ ਛੱਡ ਦਿੱਤਾ। ਬਾਅਦ ਵਿਚ ਇਹ ਜਾਣਕਾਰੀ ਮੈਂ ਆਪਣੇ ਨਾਵਲ ਰੁੱਤਾਂ ਲਹੂ ਲੁਹਾਣ' ਵਿਚ ਜ਼ਰੂਰ ਦਿੱਤੀ।

ਲਿਖਣ ਦੀ ਹੋੜ ਜਿਹੀ ਸਦਾ ਬਣੀ ਰਹਿੰਦੀ। ਫਿਰ ਇਕ ਸਮਾਂ ਆ ਗਿਆ ਕਿ ਮੈਂ ਕੰਮ-ਧੰਦੇ ਦੇ ਝਮੇਲਿਆਂ ਤੋਂ ਛੁੱਟੀ ਲੈਣ ਦਾ ਮਨ ਬਣਾ ਲਿਆ। ਮੇਰੇ ਦੋਸਤਾਂ ਨੂੰ ਇਸ ਫੈਸਲੇ 'ਤੇ ਹੈਰਾਨੀ ਸੀ। ਪਰ ਮੈਂ ਖ਼ੁਸ਼ ਸੀ। ਮੈਂ ਉਸ ਸਮੇਂ ਤੋਂ ਹੁਣ ਤੱਕ ਨੌਂ ਨਾਵਲ, ਇਕ ਕਹਾਣੀ ਸੰਗ੍ਰਹਿ, ਇਕ ਅਨੁਵਾਦ ਤੇ ਇਕ ਸਹਿ ਸੰਪਾਦਕ ਵਜੋਂ ਕਿਤਾਬਾਂ ਲਿਖ ਚੁੱਕਿਆ ਹਾਂ। ਲਿਖਣ ਦੀ ਤਮੰਨਾ ਜਿਉਂ ਦੀ ਤਿਉਂ ਕਾਇਮ ਹੈ।

ਮੈਂ ਇਹ ਜ਼ਰੂਰ ਮਹਿਸੂਸ ਕਰਦਾ ਹਾਂ ਕਿ ਲੇਖਕ ਨੂੰ ਪੂਰੀ ਜ਼ਿੰਮੇਵਾਰੀ ਨਾਲ ਲਿਖਣਾ ਚਾਹੀਦਾ ਹੈ। ਲਿਖਣ ਲਈ ਲੋਕਾਂ ਦੇ ਹੱਕਾਂ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਜੇ ਲੇਖਕ ਲੋਕਾਂ ਦੇ ਹੱਕ ਵਿਚ ਨਹੀਂ ਭੁਗਤਦਾ ਤਾਂ ਉਸ ਦਾ ਲਿਖਣਾ ਮੇਰੇ ਖਿਆਲ ਵਿਚ ਸਾਰਥਕ ਨਹੀਂ ਹੈ।

ਅੱਜ ਸਮਾਂ ਸਾਨੂੰ ਬਹੁਤ ਜ਼ਿੰਮੇਵਾਰ ਹੋਣ ਦੀ ਮੰਗ ਕਰਦਾ ਹੈ। ਸਾਇੰਸਦਾਨਾਂ ਅਨੁਸਾਰ ਕਰੋਨਾ ਵਾਇਰਸ ਜਿਹੀਆਂ ਬਿਮਾਰੀਆਂ ਹੋਰ ਵੀ ਆ ਸਕਦੀਆਂ ਹਨ।

**ਦੇਖੋ ਬਾਕੀ ਪੰਨਾ ਨੰ. 35 'ਤੇ**

## ਮੇਰਾ ਸਮਾਂ ਕਿਧਰ ਗਿਆ.../ਕੁਲਬੀਰ ਬੇਡਸਰੋਂ

ਅੱਜ ਪਿਛਲੇ ਕੁਝ ਦਹਾਕਿਆਂ ਵੱਲ ਝਾਤ ਮਾਰਦੀ ਹਾਂ ਤਾਂ ਪਤਾ ਹੀ ਨਹੀਂ ਚਲਦਾ ਕਿ ਮੇਰਾ ਸਮਾਂ ਕਿੱਧਰ ਗਿਆ..., ਕਿਵੇਂ ਅੱਖ ਦੇ ਫੋਰ ਵਾਂਗ ਨਿਕਲ ਗਿਆ ਪਤਾ ਨਹੀਂ ਲੱਗਿਆ। ਅੱਜ ਤੋਂ ਬਾਈ-ਤੇਈ ਸਾਲ ਪਹਿਲਾਂ ਜਦੋਂ ਦੂਰਦਰਸ਼ਨ 'ਚ ਨੌਕਰੀ ਕਰਦੀ ਸਾਂ ਤਾਂ ਮੇਰਾ ਸਮਾਂ ਹੋਰ ਸੀ। ਉਦੋਂ ਝੱਟ ਵੀਕ-ਐਂਡ ਆ ਜਾਂਦਾ ਸੀ, ਯਾਨਿ ਸਮੋਵਾਰ ਤੋਂ ਸ਼ਨੀਵਾਰ, ਦੱਸ ਤੋਂ ਪੰਜ ਨੌਕਰੀ ਤੇ ਐਤਵਾਰ ਦੀ ਛੁੱਟੀ। ਪਰ ਉਸ ਤੋਂ ਬਾਅਦ ਜਦ ਨੌਕਰੀ ਛੱਡ ਕੇ ਮੁੰਬਈ ਆ ਗਈ ਤਾਂ ਮੇਰਾ ਸਮਾਂ ਬਦਲ ਗਿਆ। ਫਿਰ ਇਹ ਵੀ ਪਤਾ ਨਹੀਂ ਸੀ ਲੱਗਦਾ ਕਿ ਐਤਵਾਰ ਵੀ ਕਦੋਂ ਨਿਕਲ ਗਿਆ, ਯਾਨਿ ਹਫ਼ਤੇ ਦੇ ਸੱਤੇ ਦਿਨ ਬਿਜ਼ੀ ਰਹਿੰਦੀ ਸੀ। ਮਹੀਨੇ ਦੇ ਅੱਧੇ ਦਿਨਾਂ 'ਚ ਸ਼ੂਟਿੰਗ ਚਲਦੀ ਸੀ ਤੇ ਮਹੀਨੇ ਦੇ ਬਾਕੀ ਅੱਧੇ ਦਿਨਾਂ ਵਿੱਚ ਹੋਰ ਕੰਮ ਲੈਣ ਲਈ ਔਡੀਸ਼ਨ ਦਿੰਦੀ ਸੀ, ਕਦੀ ਫਿਲਮ ਲਈ, ਕਦੀ ਐਡ-ਫਿਲਮ ਲਈ ਤੇ ਕਦੀ ਕਿਸੇ ਹੋਰ ਸੀਰੀਅਲ ਲਈ। ਤੇ ਇਸ ਦੇ ਨਾਲ ਨਾਲ ਇਕੱਲੀ ਪੇਰੇਂਟ ਹੋਣ ਦੇ ਨਾਤੇ ਦੋ ਬੱਚਿਆਂ ਦੀ ਪਾਲਣਾ ਕਰਨੀ, ਉਨ੍ਹਾਂ ਦੀਆਂ ਪੜ੍ਹਾਈਆਂ, ਉਨ੍ਹਾਂ ਦੀਆਂ ਐਕਸਟਰਾ ਟਰੇਨਿੰਗ ਕਲਾਸਾਂ, ਉਨ੍ਹਾਂ ਦੀਆਂ ਆਪਣੀਆਂ ਸਮੱਸਿਆਵਾਂ..., ਤੇ ਕੰਮ ਵੀ ਇਸੇ ਲਈ ਜ਼ਿਆਦਾ ਡੱਟ ਕੇ ਕਰਨਾ ਪਿਆ ਕਿਉਂਕਿ ਇਕੱਲੀ ਨੇ ਘਰ ਸੰਭਾਲਣਾ ਸੀ, ਆਪਣੇ-ਆਪ ਨੂੰ ਪਾਲਣ ਦੇ ਨਾਲ ਨਾਲ ਆਪਣੇ ਬੱਚਿਆਂ ਨੂੰ ਵੀ ਪਾਲਣਾ ਸੀ।

ਮੇਰੇ ਸਮੇਂ ਦੀ ਜ਼ਿਆਦਾ ਖ਼ਪਤ ਹੋਈ ਮੇਰੇ ਪ੍ਰੋਫੈਸ਼ਨ 'ਚ।

ਜਿੱਥੇ ਬਾਰਾਂ ਘੰਟੇ ਦੀ ਸ਼ਿਫਟ ਚੁਟਕੀ ਵਜਾ ਕੇ ਖ਼ਤਮ ਹੋ ਜਾਂਦੀ ਹੈ, ਫਿਰ ਇਕ ਘੰਟਾ ਗਰੇਸ ਪੀਰੀਅਡ ਕਹਿ ਕੇ ਲੈ ਲਿਆ ਜਾਂਦਾ ਹੈ ਤੇ ਉਹ ਵੀ ਕੋਈ ਕੋਈ ਸੁਭਾਗਾ ਦਿਨ ਹੁੰਦਾ ਹੈ ਕਿ ਪੈਕ-ਅੱਪ ਬਾਰਾਂ ਘੰਟੇ ਦੀ ਸ਼ਿਫਟ ਵਿੱਚ ਹੀ ਹੋ ਜਾਵੇ, ਵਰਨਾ ਡੇਡ਼ ਸ਼ਿਫਟ ਹੋਣਾ ਤਾਂ ਮਾਮੂਲੀ ਗੱਲ ਹੈ। ਫੇਰ ਕਈ ਵਾਰ ਡਬਲ ਸ਼ਿਫਟ ਵੀ ਹੋ ਜਾਂਦੀ ਹੈ, ਫੇਰ ਬਹੁਤ ਵਾਰ ਨਾਈਟ-ਸ਼ੂਟ ਵੀ ਹੁੰਦਾ ਹੈ, ਕਈ ਵਾਰ ਆਊਟ-ਡੋਰ ਸ਼ੂਟ 'ਤੇ ਵੀ ਜਾਣਾ ਪੈਂਦਾ ਹੈ। ਫੇਰ ਮੁੰਬਈ ਕਿਹੜਾ ਛੋਟਾ ਜਿਹਾ ਸ਼ਹਿਰ ਹੈ, ਇਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਣ ਲਈ ਦੋ ਦੋ ਤਿੰਨ ਤਿੰਨ ਘੰਟੇ ਲੱਗ ਜਾਣੇ। ਕਿਤੇ ਵੀ ਆਉਣ ਜਾਣ ਵਿੱਚ ਏਨਾ ਕੁ ਵਕਤ ਤਾਂ ਬਹੁਤ ਹੀ ਸੁਭਾਵਿਕ ਹੈ। ਦਿਨ ਚੜ੍ਹਦਾ ਹੈ, ਰਾਤ ਪੈਂਦੀ ਹੈ। ਰਾਤ ਪੈਂਦੀ ਹੈ, ਦਿਨ ਚੜ੍ਹਦਾ ਹੈ। ਜਦ ਤੁਸੀਂ ਡੇਲੀ ਸੋਪ ਕਰ ਰਹੇ ਹੁੰਦੇ ਹੋ ਤਾਂ ਸਮਝੋ ਨੀਂਦ ਤੁਸੀਂ ਰਸਤੇ 'ਚ ਹੀ ਪੂਰੀ ਕਰੋ। ਜਾਂ ਸ਼ੂਟਿੰਗ ਤੇ ਇਕ ਸ਼ਾਟ ਤੋਂ ਦੂਜੇ ਸ਼ਾਟ ਵਿਚਕਾਰ। ਕਦੀ ਮੇਕ-ਅੱਪ ਰੂਮ 'ਚ ਜਾਂ ਕਦੀ ਸੈੱਟ 'ਤੇ ਹੀ ਕੁਰਸੀ 'ਤੇ ਬੈਠੇ ਬੈਠੇ ਹੀ। ਤੇ ਉਤੋਂ ਸ਼ੂਟਿੰਗ ਇਕ ਅਜਿਹਾ ਪ੍ਰੋਫੈਸ਼ਨ ਹੈ ਕਿ ਤੁਸੀਂ ਇਸ ਵਿੱਚ ਗਵਾਚ ਜਾਂਦੇ ਹੋ, ਭੁੱਲ ਜਾਂਦੇ ਹੋ ਕਿ ਤੁਹਾਡਾ ਐਕਟਿੰਗ ਤੋਂ ਬਿਨਾਂ ਵੀ ਕੋਈ ਹੋਰ ਟੇਲੰਟ ਹੈ, ਕੋਈ ਹੋਰ ਪੈਸ਼ਨ ਹੈ, ਕੋਈ ਹੋਰ ਰੁੱਚੀ ਹੈ।

ਫੇਰ ਉਤੋਂ ਖ਼ਬਤ ਇਹ ਕਿ ਵਿਚਕਾਰ ਜਿਹੇ ਤਾਂ ਮੈਂ ਇਕੋ ਵੇਰ ਦੋ-ਦੋ ਤਿੰਨ-ਤਿੰਨ ਸੀਰੀਅਲਾਂ 'ਚ ਕੰਮ ਕਰ ਰਹੀ ਸਾਂ। ਬਸ, ਅੱਧਾ ਦਿਨ ਸ਼ਹਿਰ ਦੇ ਇੱਕ ਕੋਨੇ 'ਚ ਸਟੂਡੀਓ 'ਚ ਤੇ ਦਿਨ ਦਾ ਦੂਜਾ ਅੱਧ ਸ਼ਹਿਰ ਦੇ ਕਿਸੀ ਹੋਰ ਕੋਨੇ 'ਚ ਕਿਸੇ ਹੋਰ ਸਟੂਡੀਓ 'ਚ ਤੇ ਕਦੀ ਕਦੀ ਚੱਪਾ ਕੁ ਦਿਨ ਕਿਸੀ ਹੋਰ ਥਾਂ..., ਬਸ, ਭੱਜਦੀ ਹੀ ਰਹਿੰਦੀ ਸਾਂ, ਕਦੇ ਟਰੇਨ 'ਚ, ਕਦੇ ਬੱਸ 'ਚ, ਕਦੇ ਆਟੋ 'ਚ, ਕਦੇ ਟੈਕਸੀ 'ਚ..., ਫੇਰ ਕਈ ਸਾਲਾਂ ਬਾਅਦ ਜਦ ਆਪਣੀ ਕਾਰ ਲੈ ਲਈ ਤਾਂ ਆਪਣੀ ਕਾਰ ਭਜਾਈ ਰੱਖਦੀ ਸਾਂ ...। ਮੇਰੇ ਵਾਂਗ ਹੀ ਮੇਰਾ ਸਮਾਂ ਵੀ ਬਹੁਤ ਤੇਜ਼ ਭੱਜ ਰਿਹਾ ਸੀ।



ਮੇਰੇ ਘਰ ਮੇਰੇ ਟੇਬਲ 'ਤੇ ਸਾਹਿਤਕ ਮੈਗਜ਼ੀਨਾਂ ਦਾ ਢੇਰ ਇਕੱਠਾ ਹੁੰਦਾ ਰਹਿੰਦਾ ਸੀ, ਕੁਝ ਅਖ਼ਬਾਰ ਵੀ ਹਫ਼ਤਾਵਾਰ ਪੰਜਾਬ ਤੋਂ ਆਉਂਦੇ ਸਨ, ਲਿਜਾਣ ਨੂੰ ਤਾਂ ਮੈਂ ਸ਼ੂਟਿੰਗ 'ਤੇ ਨਾਲ ਲੈ ਜਾਂਦੀ ਸਾਂ ਪਰ ਪੜ੍ਹਨਾ ਕਿੰਨਾ ਕੁ ਨਸੀਬ ਹੁੰਦਾ ਸੀ, ਇਹ ਮੈਨੂੰ ਹੀ ਪਤਾ ਹੈ। ਪਰ ਫੇਰ ਵੀ ਜਦੋਂ ਮੇਕਅੱਪ ਰੂਮ 'ਚ ਬੈਠ ਕੇ ਆਪਣਾ ਸੀਨ ਉਡੀਕਣ ਦਾ ਸਮਾਂ ਮਿਲਦਾ ਸੀ ਤਾਂ ਆਪਣਾ ਪੜ੍ਹਨ ਦਾ ਮਨ ਪੂਰਾ ਕਰਦੀ ਸਾਂ। ਪਰ ਲਿਖ ਨਹੀਂ ਸੀ ਪਾਉਂਦੀ। ਕਾਰਣ ਸੀ- ਇਕਾਂਤ ਤੇ ਇਕਾਗਰਤਾ ਦੀ ਕਮੀ। ਸੀਰੀਅਲਾਂ ਦੀ ਸ਼ੂਟਿੰਗ 'ਚ ਹੁੰਦਾ ਇਹ ਹੈ ਕਿ ਸਿਰਫ ਹੀਰੋ, ਹੀਰੋਇਨ ਨੂੰ ਹੀ ਅਲੱਗ-ਅਲੱਗ ਰੂਮ ਦਿੱਤਾ ਜਾਂਦਾ ਹੈ। ਬਾਕੀ ਕਰੈਕਟਰ ਆਰਟਿਸਟਾਂ ਨੂੰ ਦੋ-ਦੋ ਨੂੰ ਇਕ-ਇਕ ਰੂਮ ਦਿੱਤਾ ਜਾਂਦਾ ਹੈ ਯਾਨਿ ਦੋ ਲੇਡੀ ਆਰਟਿਸਟ ਇਕ ਮੇਕਅੱਪ ਰੂਮ 'ਚ ਤੇ ਦੋ-ਦੋ ਮੇਲ ਆਰਟਿਸਟ ਵੀ ਇਕ-ਇਕ ਮੇਕਅੱਪ ਰੂਮ 'ਚ। ਤੇ ਜੇ ਕਦੀ ਤੁਹਾਡਾ ਰੂਮ-ਮੇਟ ਆਰਟਿਸਟ ਦਾ ਡੇ ਆਫ ਹੈ ਜਾਂ ਉਹ ਸੀਨ ਦੇਣ ਗਈ ਹੈ ਤੇ ਤੁਸੀਂ ਆਪਣੇ ਰੂਮ 'ਚ ਇਕੱਲੇ ਬੈਠੇ ਹੋ ਤਾਂ ਕੋਈ ਹੋਰ ਜੋ ਆਪਣੇ ਰੂਮ ਵਿੱਚ ਇਕੱਲੀ ਜਾਂ ਇਕੱਲਾ ਹੋਵੇ, ਨੌਕ ਕਰਕੇ ਆ ਜਾਵੇਗਾ, ਗੱਲਾਂ ਮਾਰਨ...। ਹੋਰ ਨਹੀਂ ਤਾਂ ਮੇਕਅੱਪ ਮੈਨ ਹੀ ਆ ਜਾਵੇਗਾ, "ਚਲੀਏ, ਆਪਕਾ ਮੇਕਅੱਪ ਰੀਟੱਚ ਕਰ ਦੇਤਾ ਹੂੰ।"

ਜੇ ਆਖੋਂ, "ਨਹੀਂ ਦਾਦਾ, ਜ਼ਰੂਰਤ ਨਹੀਂ ਲੱਗ ਰਹੀ।" ਤਾਂ ਉਹ ਡਰੈਸਿੰਗ ਟੇਬਲ 'ਤੇ ਹੱਥ ਜਿਹਾ ਮਾਰ ਕੇ, ਮੇਕਅੱਪ ਦਾ ਸਾਮਾਨ ਏਧਰ-ਓਧਰ ਕਰ ਕੇ ਚਲਾ ਜਾਵੇਗਾ ਤਾਂ ਹੇਅਰ-ਡਰੈੱਸਰ ਆ ਜਾਵੇਗੀ, "ਆਪਕੇ ਵਾਲ ਫਿਰ ਸੇ ਬਨਾ ਦੂੰ? ਦੇਖੋ, ਜੂੜਾ ਬਿਲਕੁਲ ਹਿੱਲ ਗਯਾ ਹੈ, ਆਪ ਲੇਟ ਗਏ ਥੇ ਨਾ...!"

ਉਹ ਜਿਵੇਂ ਉਲਾਂਭਾ ਦੇ ਰਹੀ ਹੋਵੇ ਕਿ ਲੇਟੇ ਕਿਉਂ? ਤੁਹਾਡਾ ਫਰਜ਼ ਬਣਦਾ ਹੈ ਕਿ ਸੀਖ਼ ਵਾਂਗ ਬੈਠੇ ਰਹੋ...।

"ਨਹੀਂ, ਆਪ ਸੈੱਟ ਪਰ ਹੀ ਕਰ ਦੇਨਾ, ਅਭੀ ਸੀਨ ਮੇਂ ਬਹੁਤ ਟਾਈਮ ਹੈ।"

ਤਾਂ ਵੀ ਢੀਠ ਬਣ ਕੇ ਸਾਹਮਣੇ ਕੁਰਸੀ 'ਤੇ ਬੈਠ ਜਾਊ, ਬਿਨਾਂ ਮਤਲਬ ਦੇ ਕਹਾਣੀਆਂ ਛੇੜ ਕੇ ਬੈਠੀ ਰਹੂ, ਕਦੀ ਆਪਣੇ ਘਰ ਦੇ ਰੋਣੇ, ਕਦੇ ਕਿਸੇ ਹੋਰ ਲੇਡੀ ਆਰਟਿਸਟ ਬਾਰੇ ਬਿਚਿੰਗ, ਕਦੀ ਸੁਨਾਉਣ ਲੱਗ ਜਾਊ ਕਿ ਉਸ ਨੇ ਹੁਣ ਤੱਕ ਕਿਸ ਕਿਸ ਵੱਡੀ ਹੀਰੋਇਨ ਨਾਲ ਕੰਮ ਕੀਤਾ ਹੈ..., ਤੇ ਮੇਰਾ ਸੁਭਾਅ ਅਜਿਹਾ ਹੈ ਕਿ ਮੈਂ ਬਾਕੀ ਆਰਟਿਸਟਾਂ ਵਾਂਗ ਰੁਖਾਈ ਨਾਲ ਨਹੀਂ ਕਹਿ ਸਕਦੀ ਕਿ ਆਪ ਬਾਹਰ ਜਾ ਕੇ ਬੈਠੋ, ਮੁਝੇ ਏਕਾਂਤ ਚਾਹੀਏ।

ਪਰ ਏਕਾਂਤ ਨਸੀਬ 'ਚ ਕਿੱਥੋਂ? ਜੇ ਕਦੇ ਮੇਰਾ ਸਮਾਂ ਇਜਾਜ਼ਤ ਵੀ ਦੇ ਦੇਵੇ ਤਾਂ ਵੀ ਸ਼ੂਟਿੰਗ 'ਚ ਲਿਖਣਾ ਤਾਂ ਸੰਭਵ ਹੀ ਨਹੀਂ ਹੁੰਦਾ। ਕਿਉਂਕਿ ਲਿਖਣ ਲਈ ਇਕਾਗਰਤਾ ਤੇ ਇਕਾਂਤ ਤਾਂ ਚਾਹੀਦੀ ਹੈ ਨਾ, ਘੱਟੋ ਘੱਟ ਮੈਨੂੰ ਜ਼ਰੂਰ ਚਾਹੀਦੀ ਹੈ।

ਪਿੱਛੇ ਜਿਹੇ ਮੈਂ ਪੰਜਾਬੀ ਅਕਾਦਮੀ ਦਿੱਲੀ ਦੇ ਇੱਕ ਸਮਾਗਮ 'ਤੇ ਗਈ ਤਾਂ ਉਥੇ ਬਲਦੇਵ ਸਿੰਘ ਧਾਲੀਵਾਲ ਸਟੇਜ 'ਤੇ ਕਹਿ ਰਿਹਾ ਸੀ ਕਿ ਜ਼ਿਅਦਾਤਰ ਲੇਖਕ ਟੀਚਰ ਤੇ ਪ੍ਰੋਫੈਸਰ ਹੋਏ ਨੇ ਕਿਉਂਕਿ ਉਹਨਾਂ ਨੂੰ ਪੜ੍ਹਨ ਤੇ ਲਿਖਣ ਲਈ ਭਰਪੂਰ ਸਮਾਂ ਮਿਲਦਾ ਹੈ। ਮੈਨੂੰ ਇਹ ਗੱਲ ਬਹੁਤ ਸਹੀ ਲੱਗੀ, ਵਾਕਿਆ ਹੀ ਜੇ ਤੁਸੀਂ ਟੀਚਰ ਜਾਂ ਪ੍ਰੋਫੈਸਰ ਹੋ ਤਾਂ ਰੋਜ਼ ਦਿਨ ਦਾ ਅੱਧਾ ਸਮਾਂ ਤਾਂ ਤੁਹਾਨੂੰ ਮਿਲ ਹੀ ਜਾਣਾ ਹੈ, ਪੜ੍ਹਨ ਲਈ, ਲਿਖਣ ਲਈ..., ਤੇ ਸੁਭਾਵਕ ਹੈ ਤੁਸੀਂ ਲਿਖ ਵੀ ਜ਼ਿਆਦਾ ਸਕਦੇ ਹੋ।

ਮੇਰਾ ਜ਼ਿਆਦਾ ਨਾ ਲਿਖਣ ਦਾ ਕਾਰਨ, ਮੇਰੇ ਸਮੇਂ ਦਾ ਇਸ ਮਾਮਲੇ ਵਿੱਚ ਮੇਰੇ ਨਾਲ ਨਾ ਖੜਨਾ ਹੈ। ਕਹਾਣੀਆਂ ਮਨ 'ਚ ਉਗਦੀਆਂ ਰਹੀਆਂ, ਪਨਪਦੀਆਂ ਰਹੀਆਂ, ਕਾਗਜ਼ਾਂ 'ਤੇ ਵਿਛ ਜਾਣ ਲਈ ਸਹਿਕਦੀਆਂ ਰਹੀਆਂ..., ਪਰ ਮੈਂ ਮਨ ਨੂੰ ਸਮਝਾਉਂਦੀ ਰਹੀ, 'ਹਾਂ ਹਾਂ, ਲਿਖਾਂਗੀ..., ਜ਼ਰੂਰ ਲਿਖਾਂਗੀ...।'

ਪਰ ਇੰਜ ਨਾ ਹੋਇਆ। ਤੇ ਮੇਰੀਆਂ ਕਹਾਣੀਆਂ ਮੇਰੇ ਮਨ ਦੇ ਅੰਦਰ ਹੀ ਕਿਤੇ ਦਫ਼ਨ ਹੋ ਗਈਆਂ। ਆਖ਼ਰ ਕਿੰਨਾ ਚਿਰ ਤੜਪਦੀਆਂ? ਕਿੰਨਾ ਚਿਰ ਉਡੀਕਦੀਆਂ? ਕਿੰਨਾ ਚਿਰ ਸਹਿਕਦੀਆਂ? ਤੇ ਮੈਂ? ਮੈਂ ਰੋਟੀ ਰੋਜ਼ੀ ਕਮਾਉਂਦੀ ਗੁੰਮ ਹੁੰਦੀ ਗਈ...।

ਭੁੱਲ ਹੀ ਗਈ ਕਿ ਕਹਾਣੀਆਂ ਲਿਖਣਾ ਵੀ ਚੰਗਾ ਲੱਗਦਾ ਹੈ ਜਾਂ ਮੈਂ ਬਹੁਤ ਅੱਛੀਆਂ ਕਹਾਣੀਆਂ ਲਿਖ ਸਕਦੀ ਹਾਂ...।

ਹਾਂ, ਬਸ ਇਕ ਟੀਸ ਮਨ 'ਚ ਉਠਦੀ ਸੀ ਕਦੇ ਕਦੇ ਕਿ ਮੈਂ ਲਿਖ ਨਹੀਂ ਪਾਉਂਦੀ ਹਾਂ...।

ਪਰ ਸੱਚ ਪੁੱਛੋਂ ਤਾਂ ਇਹ ਟੀਸ ਵੀ ਕਈ ਵਾਰ ਮੇਰੀ ਉਸ ਟੀਸ ਸਾਹਮਣੇ ਪਿੱਛੇ ਰਹਿ ਜਾਂਦੀ ਸੀ ਜੋ ਮੇਰੇ ਦਿਲੋ-ਦਿਮਾਗ 'ਤੇ ਜ਼ਿਆਦਾ ਭਾਰੂ ਰਹਿੰਦੀ ਸੀ ਕਿ,

"ਮੈਨੂੰ ਫਲਾਨਾ ਸੀਰੀਅਲ ਕਿਉਂ ਨਹੀਂ ਮਿਲਿਆ?"

"ਮੈਨੂੰ ਫਲਾਨਾ ਰੋਲ ਕਿਉਂ ਨਹੀਂ ਮਿਲਿਆ? ਮੇਰਾ ਔਡੀਸ਼ਨ ਤਾਂ ਏਨਾ ਵਧੀਆ ਹੋਇਆ ਸੀ, ਕਾਸਟਿੰਗ ਡਾਇਰੈਕਟਰ ਨੇ ਪੱਕਾ ਯਕੀਨ ਦੁਆਇਆ ਸੀ ਕਿ ਇਸ ਰੋਲ ਕੇ ਲੀਏ ਤੋ ਆਪ ਹੀ ਬਨੇ ਹੋ, ਆਪ ਹੀ ਸੂਟ ਕਰਤੇ ਹੋ ਇਸ ਰੋਲ ਮੇਂ...।"

"ਫਲਾਨੀ ਫਿਲਮ ਵੀ ਨਹੀਂ ਮਿਲੀ, ਉਸ ਲਈ ਵੀ, ਉਸ ਕਰੈਕਟਰ ਲਈ ਮੇਰਾ ਔਡੀਸ਼ਨ ਕਿੰਨਾ ਅੱਛਾ ਹੋਇਆ ਸੀ, ਔਡੀਸ਼ਨ ਲੈਣ ਵਾਲੇ ਕ੍ਰੀਏਟਿਵ ਡਾਇਰੈਕਟਰ ਨੇ ਕਲੈਪ ਕੀਤਾ ਸੀ ਮੇਰੇ ਲਈ...।"

"ਫਲਾਨੀ ਫਲਾਨੀ ਫਿਲਮ ਮਿਲੀ ਪਰ ਹੱਥੋਂ ਨਿਕਲ ਗਈ ਕਿਉਂਕਿ ਸੀਰੀਅਲ ਵਾਲਿਆਂ ਨੂੰ ਡੇਟਸ ਦਿੱਤੀਆਂ ਹੋਈਆਂ ਸਨ..., ਤੇ ਸੀਰੀਅਲ ਵਾਲੇ ਐਡਜਸਟ ਕਿੱਥੇ ਕਰਦੇ ਨੇ? ਖ਼ਾਸ ਕਰਕੇ ਡੇਲੀ ਸੋਪ ਵਾਲੇ ਜਿਨ੍ਹਾਂ ਦੀ ਟੈਲੀਕਾਸਟ ਡੇਟ ਹਮੇਸ਼ਾ ਡੈੱਡ-ਲਾਈਨ 'ਤੇ ਰਹਿੰਦੀ ਹੈ...।"

...ਕੋਈ ਕੋਈ ਪ੍ਰੋਡੱਕਸ਼ਨ ਹਾਊਸ ਐਸਾ ਹੈ ਜਿਨ੍ਹਾਂ ਦੇ ਸੀਰੀਅਲਾਂ ਦੀ ਸ਼ੂਟਿੰਗ ਦਿਨ ਨੂੰ ਹੁੰਦੀ ਹੈ ਤੇ ਰਾਤ ਨੂੰ ਟੈਲੀਕਾਸਟ ਹੋਣਾ ਹੁੰਦਾ ਹੈ, ਫੇਰ ਆਰਟਿਸਟ ਚਾਹੇ ਤਬੀਅਤ ਖ਼ਰਾਬ ਹੈ ਜਾਂ ਫਿਲਮ ਹੱਥੋਂ ਨਿਕਲ ਰਹੀ ਹੈ, ਉਸ ਨੂੰ ਕੈਮਰੇ ਮੂਹਰੇ ਸ਼ੂਟ ਕਰਨਾ ਹੀ ਕਰਨਾ ਹੈ...।

ਮੈਨੂੰ ਤਾਂ ਲਿਖਦਿਆਂ ਵੀ ਅਜੀਬ ਲੱਗ ਰਿਹਾ ਹੈ ਕਿ ਮੇਰੀ ਪਿਛਲੀ ਕਿਤਾਬ ੨੦੦੮ 'ਚ ਆਈ ਸੀ, 'ਕਬ ਆਓਗੀ?' ਉਸ ਤੋਂ ਬਾਅਦ ਅੱਜਤੱਕ ਮੇਰੀ ਅਗਲੀ ਕਿਤਾਬ ਨਹੀਂ ਆਈ। ਫੇਰ ਮੈਂ ਝੁਰਦੀ ਰਹਿੰਦੀ ਹਾਂ ਕਿ ਮੈਨੂੰ ਆਲੋਚਕ ਤੇ ਬਾਕੀ ਲੇਖਕ ਅਣਗੌਲਿਆਂ ਕਰਦੇ ਹਨ। ਅਣਗੌਲਿਆ ਤਾਂ ਕਰਨਗੇ ਹੀ ਨਾ, ਜਦ ਲਿਖਣਾ ਹੀ ਨਹੀਂ! ਇਨ੍ਹਾਂ ਬਾਰਾਂ ਸਾਲਾਂ ਵਿੱਚ ਮੈਂ ਸਿਰਫ ਬਾਰਾਂ ਕਹਾਣੀਆਂ ਲਿਖੀਆਂ, ਜੋ ਅਲੱਗ ਅਲੱਗ ਸਹਿਤਕ ਮੈਗਜ਼ੀਨਾਂ ਵਿੱਚ ਤੇ ਜਾਂ ਦੂਜੇ ਲੇਖਕਾਂ ਵਲੋਂ ਸੰਪਾਦਿਤ ਕਹਾਣੀ-ਸੰਗ੍ਰਿਹਾਂ ਵਿੱਚ ਸ਼ਾਮਲ ਕੀਤੀਆਂ ਗਈਆਂ। ਉਹ ਵੀ ਤਾਂ ਜੇ ਕਦੇ ਕਿਸੇ ਲੇਖਕ ਨੇ ਜ਼ੋਰ ਪਾ ਕੇ ਕਹਿ ਦਿੱਤਾ ਕਿ ਕਹਾਣੀ ਲਿਖ ਕੇ ਭੇਜੋ, ਜ਼ਰੂਰ। ਬਸ ਏਨਾ ਕੁ ਹੀ ਸਮਾਂ ਚੁਰਾਇਆ ਮੈਂ ਆਪਣੇ ਪ੍ਰੋਫੈਸ਼ਨ ਵਿੱਚੋਂ ਤੇ ਘਰੇਲੂ ਜ਼ਿੰਮੇਵਾਰੀਆਂ ਦੇ ਸਮੇਂ ਵਿੱਚੋਂ।



ਭਲਾ ਹੋਵੇ ਸਾਡੀ ਵਿਗਿਆਨਕ ਤਰੱਕੀ ਦਾ ਜਿਸ ਨੇ ਮੋਬਾਈਲ ਦੀ, ਇੰਟਰਨੈਟ ਦੀ ਕਾਢ ਕੱਢੀ ਤੇ ਸੋਸ਼ਲ ਮੀਡੀਏ ਰਾਹੀਂ ਸਭ ਇਕ ਦੂਜੇ ਦੇ ਨੇੜੇ ਹੋ ਸਕੇ। ਹੁਣ ਪਿਛਲੇ ਕੁਝ ਸਾਲਾਂ ਤੋਂ ਫੇਸ-ਬੁੱਕ ਤੇ ਵਟਸਅੱਪ ਰਾਹੀਂ ਮੈਂ ਲੇਖਕਾਂ ਦੇ ਗਰੁੱਪਾਂ ਨਾਲ ਜੁੜ ਕੇ ਉਸ ਟੀਸ ਤੋਂ ਨਿਜਾਤ ਪਾ ਰਹੀ ਹਾਂ ਕਿ,

"ਮੇਰੇ ਸਾਹਿਤਕ ਮਿੱਤਰ ਨਹੀਂ ਹਨ।"

"ਮੈਂ ਸਾਹਿਤ ਨਾਲੋਂ ਟੁੱਟ ਗਈ ਹਾਂ।"

"ਮੈਨੂੰ ਸਾਰੇ ਲੇਖਕ, ਆਲੋਚਕ ਇਗਨੋਅਰ ਕਰੀ ਰੱਖਦੇ ਹਨ।"


"ਮੈਂ ਸਾਹਿਤ ਵਿੱਚ ਕੁਝ ਵੀ ਨਹੀਂ ਹਾਂ।"

ਵਗੈਰਾ ਵਗੈਰਾ!

ਘੱਟੋ-ਘੱਟ ਫੇਸ-ਬੁੱਕ ਰਾਹੀਂ ਮੈਂ ਹੋਰ ਲੇਖਕਾਂ ਤੇ ਸਾਹਿਤਕ ਸਰਗਰਮੀਆਂ ਨਾਲ ਜੁੜਿਆ ਮਹਿਸੂਸ ਕਰਦੀ ਹਾਂ। ਸੋ ਮੈਨੂੰ ਮੋਬਾਈਲ ਤੇ ਇੰਟਰਨੈਟ ਰਾਹੀਂ ਹੋਈ ਇਹ ਤਬਦੀਲੀ ਬਹੁਤ ਚੰਗੀ ਲੱਗੀ ਹੈ।

ਜਿਥੇ ਮੇਰੀ ਸਾਹਿਤਕ ਪ੍ਰਤਿਭਾ ਦੇ ਮਾਮਲੇ ਵਿੱਚ ਸਮਾਂ ਬਹੁਤਾ ਮੇਰੇ ਹੱਕ ਵਿੱਚ ਨਹੀਂ ਰਿਹਾ ਉਥੇ ਲੌਕ ਡਾਊਨ ਮੇਰੇ ਹੱਕ ਵਿੱਚ ਭੁਗਤਿਆ ਹੈ। ਲੌਕ-ਡਾਊਨ ਦੇ ਪਿਛਲੇ ਸਾਢੇ ਤਿੰਨ ਮਹੀਨੇ ਘਰ ਬੈਠ ਕੇ, ਥੋੜਾ ਆਪਣੇ ਬਾਰੇ, ਆਪਣੀ ਦੌੜ-ਭੱਜ ਬਾਰੇ ਸ਼ਾਂਤ ਮਨ ਨਾਲ ਸੋਚਣ ਦਾ ਮੌਕਾ ਵੀ ਮਿਲਿਆ ਹੈ। ਤੇ ਮੈਂ ਹੁਣ ਸੋਚਦੀ ਹਾਂ ਕਿ ਮੇਰਾ ਸਮਾਂ ਤਾਂ ਏਦਾਂ ਹੀ ਹੱਥੋਂ ਨਿਕਲਦਾ ਰਹੇਗਾ, ਇਸ ਦੌੜ ਨੂੰ ਆਪ ਹੀ ਥੋੜਾ ਸਲੋਅ-ਡਾਊਨ ਕਰਨਾ ਚਾਹੀਦਾ ਹੈ, ਲਿਖਣਾ ਪੜ੍ਹਨਾ ਚਾਹੀਦਾ ਹੈ, ਨਵੀਂ ਕਿਤਾਬ ਛਪਵਾਉਣੀ ਚਾਹੀਦੀ ਹੈ ਤਾਂ ਜੋ ਇਸ ਟੀਸ ਤੋਂ ਪੂਰੀ ਤਰ੍ਹਾਂ ਨਿਜਾਤ ਪਾਈ ਜਾ ਸਕੇ।

ਫੋਨ: 9819077617




**ਕਵੀ, ਚਿੰਤਕ**
**ਹਰਵਿੰਦਰ ਭੰਡਾਲ**
**ਦਾ**
**ਪਲੇਠਾ ਨਾਵਲ**
**ਪੰਜਆਬ ਪ੍ਰਕਾਸ਼ਨ,**
**ਜਲੰਧਰ**

# ਮੇਰਾ ਸਮਾਂ: ਸਮਾਜਕ ਗਤੀ/ਭਗਵੰਤ ਰਸੂਲਪੁਰੀ

ਮੇਰਾ ਸਮਾਂ ਉਹ ਨਹੀਂ ਜਿਹੜਾ ਮੇਰੇ ਪਿਓ ਦਾ ਰਿਹਾ ਏ। ਜਿਹੜਾ ਸਮਾਂ ਮੇਰੇ ਪਿਓ ਦਾ ਰਿਹਾ ਏ। ਉਹ ਮੇਰੇ ਬਾਬੇ ਦਾ ਜਾਂ ਨਾਨੇ ਦਾ ਵੀ ਨਹੀਂ ਅਤੇ ਜਿਹੜਾ ਸਮਾਂ ਮੈਂ ਵੇਖਿਆ ਜਾਂ ਬਹੁਤ ਨੇੜੇ ਹੋ ਕੇ ਹੰਢਾਇਆ। ਉਹ ਸਮਾਂ ਮੇਰੇ ਬੇਟੇ ਦਾ ਵੀ ਨਹੀਂ ਹੋਵੇਗਾ। ਸਮਾਂ ਤਾਂ ਬਦਲਦਾ ਰਹਿੰਦਾ ਏ। ਸਮੇਂ ਨਾਲ ਸਮਾਜ ਵੀ ਬਦਲਦਾ ਰਹਿੰਦਾ ਏ। ਬਦਲ ਰਿਹਾ ਸਮਾਜ ਜੋ ਇਕ ਲੇਖਕ ਵੇਖਦਾ ਏ, ਮਹਿਸੂਸ ਕਰਦਾ ਏ ਜਾਂ ਕਲਪਨਾ 'ਚ ਚਿਤਵਦਾ ਏ। ਉਹ ਉਹਦੀ ਰਚਨਾ ਦਾ ਅਧਾਰ ਹੁੰਦਾ ਏ। ਪਹਿਲੀ, ਦੂਜੀ ਅਤੇ ਤੀਜੀ ਪੀੜ੍ਹੀ ਦੇ ਕਥਾਕਾਰਾਂ ਨੇ ਜਿਹੜਾ ਸਮਾਂ ਵੇਖਿਆ ਏ। ਉਸ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ। ਮੇਰੇ ਸਮੇਤ ਚੌਥੀ ਪੀੜ੍ਹੀ ਦੇ ਕਥਾਕਾਰਾਂ ਨੇ ਜਿਹੜਾ ਸਮਾਂ ਵੇਖਿਆ ਹੋਇਆ ਏ। ਉਹ ਪੇਸ਼ ਕਰ ਰਹੇ ਨੇ। ਹਰ ਖਿੱਤੇ ਦਾ ਭੂਗੋਲ ਹੁੰਦਾ ਏ। ਉੱਥੋਂ ਦਾ ਇਤਿਹਾਸ ਹੁੰਦਾ ਏ। ਮਿਥਿਹਾਸ ਹੁੰਦਾ ਏ। ਇਕ ਕਲਚਰ ਹੁੰਦਾ ਏ। ਓਸ ਕਲਚਰ ਦੀਆਂ ਵੱਖ ਵੱਖ ਵੰਨਗੀਆਂ ਹੁੰਦੀਆਂ ਨੇ। ਜੋ ਬੰਦੇ ਦਾ ਸੁਭਾ, ਚ੍ਰਿਤਰ ਘੜਦੀਆਂ ਨੇ। ਉਸ ਤੋਂ ਅੱਗੇ ਜਿਸ ਖਿੱਤੇ ਵਿਚ ਲੇਖਕ ਦਾ ਜਨਮ ਹੁੰਦਾ ਏ। ਜਿਸ ਇਲਾਕੇ ਵਿਚ ਲੇਖਕ ਦਾ ਜਨਮ ਹੁੰਦਾ ਏ। ਉਹ ਉਸ ਖਿੱਤੇ ਅਤੇ ਇਲਾਕੇ ਨੂੰ ਆਪਣੀ ਕਹਾਣੀ ਵਿਚ ਲੈ ਕੇ ਆਉਂਦਾ ਏ। ਸਾਡਾ ਸਮਾਜ ਜਾਤਾਂ ਵਿਚ ਵੰਡਿਆ ਹੋਇਆ ਏ। ਉਨ੍ਹਾਂ ਦੇ ਆਪਣੇ ਆਪਣੇ ਕੰਮ ਧੰਦੇ ਨੇ। ਕਾਰੋਬਾਰ ਨੇ। ਸਮਾਜਕ ਰਹੁ ਰੀਤਾਂ ਨੇ। ਸਮਾਜਕ ਪ੍ਰਬੰਧ ਨੇ। ਆਰਥਿਕਤਾ ਏ। ਹਰ ਧਰਮ ਦਾ ਇਤਿਹਾਸ ਏ। ਇਹ ਸਾਰਾ ਕੁਝ ਉਸ ਸਮਾਜ 'ਚੋਂ ਉਪਜੇ ਲੇਖਕ ਦੀ ਕਥਾਕਾਰੀ ਵਿਚ ਆਉਂਦਾ ਜਾਂਦਾ ਏ। ਜਿਸ ਲੇਖਕ ਦੀਆਂ ਲਿਖਤਾਂ ਵਿਚੋਂ ਉਸ ਦਾ ਸਮਾਂ, ਸਮਾਜ ਨਹੀਂ ਦਿਸਦਾ, ਉਹਦੀ ਲਿਖਤ ਫਿੱਕੀ ਹੁੰਦੀ ਏ। ਜਿਵੇਂ ਮਿਸਤਰੀ ਘੋਟਣਾ ਘੜਦਾ ਏ। ਉਂਝ ਹੀ ਕਥਾਕਾਰ ਆਪਣੀ ਕਥਾਕਾਰੀ ਘੜਦਾ ਏ। ਉਹਦੇ ਅਵਚੇਤਨ ਵਿਚ ਉਹਦੇ ਪੁਰਖਿਆਂ ਦੇ ਕਲਚਰ ਦੀਆਂ ਜੜ੍ਹਾਂ ਹੁੰਦੀਆਂ ਨੇ। ਕਲਚਰ ਵਿਹੂਣੀ ਕਥਾਕਾਰੀ ਪਾਠਕਾਂ ਦੇ ਅੰਦਰ ਉਤਰਦੀ ਨਹੀਂ ਏ। ਪਾਠਕ ਨੂੰ ਲੱਗਦਾ ਏ ਇਸ ਲਿਖਤ ਦੀ ਮੌਲਿਕਤਾ ਅਤੇ ਗੋਂਦਕਾਰੀ ਆਪਣੇ ਆਪ ਸਹਿਜ ਗਤੀ ਨਾਲ ਨਹੀਂ ਆਈ, ਬਲਕਿ ਉਹ ਘੜੀ ਹੋਈ ਏ। ਜਿਨ੍ਹਾਂ ਨੂੰ ਆਪਾਂ ਕਹਿ ਦਿੰਦੇ ਆ ਬਈ ਫਲਾਨਾ ਕਥਾਕਾਰ ਤਾਂ ਹੁਣ ਕਹਾਣੀਆਂ ਘੜਨ ਲੱਗ ਪਿਆ ਏ। ਫਲਾਨਾ ਨਾਵਲ ਘੜਨ ਲੱਗ ਪਿਆ ਏ। ਮੈਂ ਆਪਣੇ ਸਮੇਂ ਦੀ ਗੱਲ ਕਰਾਂਗਾ ਅਤੇ ਅੱਗੇ ਉਹ ਗੱਲ ਵੀ ਕਰਾਂਗਾ ਕਿ ਜਿਹੜਾ ਸਮਾਂ ਮੈਂ ਆਪਣੇ ਵਡੇਰੇ ਬਜ਼ੁਰਗਾ ਤੋਂ ਸੁਣ ਕੇ ਵੇਖਿਆ ਏ। ਉਨ੍ਹਾਂ ਦੀਆਂ ਅੱਖਾਂ ਰਾਹੀਂ ਵੇਖਿਆ ਅਤੇ ਜਿਸ ਸਮੇਂ ਨੂੰ ਮੈਂ ਆਪਣੇ ਮਨ ਵਿਚ ਪੁਨਰ ਸਿਰਜਤ ਕੀਤਾ ਏ।

ਮੈਂ ਦੁਆਬੇ ਦੇ ਦਲਿਤ ਕਹਿ ਲਓ ਚਮਾਰਾਂ ਦੇ ਘਰਾਂ ਵਿਚ ਜੰਮਿਆ ਹਾਂ। ਮੇਰੇ ਪਿਓ ਦਾ ਦਾਦਕਾ ਪਰਿਵਾਰ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਦਿਹਾੜੀਆਂ ਕਰਦਾ ਰਿਹਾ ਏ। ਉਸ ਵੇਲੇ ਸੀਰੀ ਦਾ ਕੰਮ ਸਾਡੇ ਇਲਾਕੇ ਵਿਚ ਨਹੀਂ ਸੀ ਹੁੰਦਾ। ਦਲਿਤ ਕਾਮੇ ਖੇਤਾਂ ਵਿਚ ਦਿਹਾੜੀ ਕਰਦੇ ਸਨ। ਮੇਰਾ ਬਾਬਾ ਅਤੇ ਪਿਓ, ਉਸ ਦੇ ਭਰਾ, ਮੇਰੇ ਬਾਬੇ ਦੇ ਭਰਾ ਸਾਰੇ ਖੇਤਾਂ ਵਿਚ ਦਿਹਾੜੀਆਂ ਕਰਦੇ ਸਨ। ਵਾਢੀ ਵੇਲੇ ਕਣਕ ਵੱਢ ਲੈਂਦੇ ਸਨ। ਕਹਿ ਲਓ ਬਹੁਤ ਗਰੀਬੀ ਰਹੀ। ਮਸਾਂ ਹੀ ਗੁਜਾਰਾ ਹੁੰਦਾ। ਜੋ ਕਮਾਉਂਦੇ, ਉਹ ਖਾ ਲੈਂਦੇ ਸਨ। ਕੱਚੇ ਘਰ ਹੁੰਦੇ ਸਨ। ਪਰ ਮੈਂ ਉਥੇ ਰਿਹਾ ਨਹੀਂ ਸਾਂ। ਮੈਂ ਕੇਵਲ ਸੁਣਦਾ ਹੁੰਦਾ ਸਾਂ ਜਾਂ ਕਦੇ ਕਦੇ ਵੇਖ ਵੀ ਲੈਂਦਾ ਸਾਂ। ਮੇਰਾ ਪਿਓ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਕੰਮ



ਕਰਦਾ ਰਿਹਾ ਸੀ। ਮੇਰੀ ਮਾਂ ਖੇਤਾਂ ਵਿਚ ਦਿਹਾੜੀਆਂ ਕਰਦੀ ਰਹੀ ਸੀ। ਬਾਅਦ ਵਿਚ ਉਹ ਕੱਪੜੇ ਸੀਉਂਣ ਦਾ ਕੰਮ ਕਰਨ ਲੱਗ ਪਈ ਅਤੇ ਪਿਓ ਰਾਜ ਮਿਸਤਰੀਆਂ ਨਾਲ ਦਿਹਾੜੀ 'ਤੇ ਜਾਣ ਲੱਗ ਪਿਆ ਸੀ। ਮੈਂ ਬਚਪਨ ਤੋਂ ਨਾਨਕੇ ਪਿੰਡ ਰਿਹਾਂ ਸਾਂ। ਮੇਰਾ ਨਾਨਕਾ ਪਰਿਵਾਰ ਦਾ ਹੱਥ ਸੌਖਾ ਰਿਹਾ ਏ। ਉਨ੍ਹਾਂ ਦੀ ਆਪਣੀ ਜ਼ਮੀਨ ਵੀ ਸੀ। ਉਹ ਬੂਟਾ ਮੰਡੀ ਚਮੜੇ ਦੀ ਆੜਤ ਦਾ ਕੰਮ ਵੀ ਕਰਦੇ ਰਹੇ ਸਨ। ਇਕ ਵੱਖਰੀ ਤਰ੍ਹਾਂ ਦਾ ਅਨੁਭਵ ਸੀ। ਨਾਨਕਾ ਪਰਿਵਾਰ ਬਹੁਤ ਵੱਡਾ ਪਰਿਵਾਰ ਸੀ। ਨਾਨੇ ਹੁਣੀਂ ਸੱਤ ਭਰਾ ਸਨ। ਅੱਗੋਂ ਉਨ੍ਹਾਂ ਦਾ ਨਿਆਣੇ ਸਨ... ਅੱਗੋਂ ਫੇਰ ਉਨ੍ਹਾਂ ਦੇ ਨਿਆਣੇ.... ਤਕਰੀਬਨ ਅੱਧਾ ਪਿੰਡ ਸਾਡੇ ਨਾਨਕੇ ਪਰਿਵਾਰ ਦਾ ਸੀ। ਤਿੰਨ-ਚਾਰ ਪੀੜ੍ਹੀਆਂ ਮੇਰੇ ਅੱਗੇ ਇਕੋਂ ਸਮੇਂ ਵਿਚਰ ਰਹੀਆਂ ਸਨ। ਪਹਿਲਾਂ ਪਹਿਲਾਂ ਉਨ੍ਹਾਂ ਨੇ ਕੱਚੇ ਚਮੜੇ ਦਾ ਕੰਮ ਕੀਤਾ। ਮਰੇ ਡੰਗਰੇ ਚੁੱਕ ਕੇ ਉਨ੍ਹਾਂ ਦੀ ਖੱਲ਼ ਲਹੁਣੀ ਤੇ ਬੂਟਾ ਮੰਡੀ ਜਾ ਕੇ ਵੇਚਣੀ। ਭਾਵ ਉਹ ਕਿਸੇ ਦੇ ਅਧੀਨ ਕੰਮ ਨਹੀਂ ਸੀ ਕਰਦੇ। ਕੱਚੇ ਚਮੜੇ ਦੇ ਕੰਮ ਕਰਨ ਨਾਲ ਉਨ੍ਹਾਂ ਕੋਲ ਪੈਸਾ ਆਉਣ ਲੱਗ ਪਿਆ ਸੀ। ਉਨ੍ਹਾਂ ਨੇ 1973 ਵਿਚ ਆਪਣੇ ਮਕਾਨ ਪਿੰਡ ਧਰਮਪੁਰੇ ਬਣਾ ਲਏ ਸਨ। ਸਾਰੇ ਭਰਾਵਾਂ ਨੇ ਰਲ਼ ਕੇ ਜ਼ਮੀਨ ਖਰੀਦ ਲਈ ਸੀ। ਉਨ੍ਹਾਂ ਦੇ ਪਿਤਾ ਦੂਨੀ ਚੰਦ ਨੇ ਨਾਨੇ ਦੇ ਨਾਂ 9 ਮਰਲੇ ਦਸ ਰੁਪਏ ਸਰਕਾਰੀ ਫੀਸ ਅਦਾ ਕਰਕੇ ਕਰ ਦਿੱਤੇ ਸਨ। ਉਸ ਸਮੇਂ ਜ਼ਮੀਨ ਬਹੁਤ ਸਸਤੀ ਮਿਲ ਜਾਂਦੀ ਸੀ। ਕੱਚੇ ਚਮੜੇ ਤੋਂ ਉਹ ਚਮੜਾ ਰੰਗਣ ਦਾ ਕੰਮ ਕਰਨ ਲੱਗ ਪਏ ਸਨ। ਪਿੰਡ ਧਰਮ ਪੁਰੇ ਵਿਚ ਚਮੜਾ ਰੰਗਣ ਦੀਆਂ ਕੁੰਨ੍ਹਾਂ ਮੈਂ ਨਿੱਕਾ ਹੁੰਦਾ ਵੇਖਦਾ ਹੁੰਦਾ ਸੀ। ਹਰ ਘਰ ਚਮੜਾ ਰੰਗਦਾ ਹੁੰਦਾ ਸੀ। ਚਮੜਾ ਰੰਗ ਕੇ ਉਹ ਬੂਟਾ ਮੰਡੀ ਚਮੜਾ ਵੇਚਣ ਜਾਂਦੇ ਹੁੰਦੇ ਸਨ। ਉਸ ਸਮੇਂ ਨਾਨਕੇ ਪਰਿਵਾਰ ਵਿਚੋਂ ਕੁਝ ਮੁੰਡੇ ਪੜ੍ਹ ਗਏ। ਜਿਹੜੇ ਬਾਅਦ ਵਿਚ ਵੱਡੀਆਂ ਨੌਕਰੀਆਂ ਤੇ ਲੱਗ ਗਏ। ਕੁਝ ਜਿਹੜਾ ਥੋੜ੍ਹਾ ਪੜ੍ਹ ਗਏ ਸਨ ਉਹ ਅਰਬ ਦੇਸ਼ਾਂ ਵਿਚ ਜਾਣ ਲੱਗ ਪਏ। ਇਹ ਅੱਸੀਵਿਆਂ ਦਾ ਦਹਾਕਾ ਸੀ। ਉਨ੍ਹਾਂ ਕੋਲ ਪੈਸੇ ਆਉਣ ਲੱਗ ਪਏ। ਉਨ੍ਹਾਂ ਦੀ ਆਰਥਿਕ ਸਥਿਤੀ ਬਹੁਤ ਚੰਗੀ ਹੁੰਦੀ ਗਈ। ਮੇਰੇ ਨਾਨੇ ਦੇ ਭਰਾ ਦੇ ਜਦੋਂ ਦੋ ਮੁੰਡੇ ਦੁਬਾਈ ਗਏ ਤਾਂ ਉਨ੍ਹਾਂ ਨੇ ਨੰਬਰ ਸਿਸਟਮ ਤੇ ਦੋ ਚੇਤਕ ਸਕੂਟਰ ਖਰੀਦ ਕੇ ਘਰ ਖੜੇ ਕਰ ਲਏ। ਧੁੱਪ ਨਾਲ ਸਕੂਟਰ ਲਿਸ਼ਕ ਰਹੇ ਸਨ। ਸਾਰੇ ਨਾਨਕੇ ਪਰਿਵਾਰ ਦੇ ਲੋਕ ਸਕੂਟਰ ਵੇਖਣ ਆਏ ਸਨ। ਉਦੋਂ ਵਿਦੇਸ਼ੀ ਕਰੰਸੀ ਨਾਲ ਸਕੂਟਰਾਂ ਦੀ ਬੁਕਿੰਗ ਹੁੰਦੀ ਸੀ। ਕਈ ਤਾਂ ਸਕੂਟਰ ਲਿਆ ਕੇ ਅੱਗੇ ਬਲੈਕ ਵਿਚ ਮਹਿੰਗੇ ਮੁੱਲ 'ਤੇ ਵੇਚ ਦਿੰਦੇ ਸਨ। ਇਸ ਤਰ੍ਹਾਂ ਮੈਂ ਵੇਖਿਆ ਕਿ ਸਾਡੀ ਰਿਸ਼ਤੇਦਾਰੀ ਵਿਚੋਂ ਕਈ ਲੋਕ ਮਾਸਕਟ, ਸਊਦੀ ਅਰਬ ਜਾਂ ਦੁਬਾਈ ਜਾਣ ਲੱਗ ਪਏ। ਉਨ੍ਹਾਂ ਨੇ ਉਥੇ ਜਾ ਕੇ ਬਹੁਤ ਮਿਹਨਤ ਕੀਤੀ ਤੇ ਧੰਨ ਵੀ ਕਮਾਇਆ। ਉਨ੍ਹਾਂ ਨੇ ਪੱਕੀਆਂ ਇੱਟਾਂ ਨਾਲ ਸੀਮੈਂਟ ਨਾਲ ਪਲੱਸਤਰ ਕਰਕੇ ਆਪਣੇ ਘਰ ਬਣਾਏ। ਅੱਗੇ ਆਪਣੇ ਨਿਆਣੇ ਸਕੂਲਾਂ ਵਿਚ ਪੜ੍ਹਨ ਲਾ ਦਿੱਤੇ ਅਤੇ ਜਿਹੜੇ ਮੁੰਡੇ ਵੱਧ ਧੰਨ ਕਮਾਉਣ ਲੱਗ ਪਏ, ਉਨ੍ਹਾਂ ਨੇ ਧਾਰਮਿਕ ਕੰਮਾਂ, ਸਮਾਜਿਕ ਕੰਮਾਂ ਲਈ ਪੈਸੇ ਦੇਣੇ ਸ਼ੁਰੂ ਕਰ ਦਿੱਤੇ। ਜਿਸ ਨਾਲ ਦਲਿਤਾਂ ਵਿਚ ਇਕ ਧਾਰਮਿਕ ਕਚਲਰ ਉਸਰਨ ਲੱਗ ਪਿਆ। ਅਰਬ ਦੇਸ਼ਾਂ ਵਿਚ ਦੁਆਬੇ ਦੇ ਦਲਿਤ ਪਰਿਵਾਰਾਂ ਵਿਚੋਂ ਉਸ ਵੇਲੇ ਬਹੁਤ ਲੋਕ ਕੰਮ ਕਰਨ ਜਾਣ ਲੱਗ ਪਏ ਸਨ। ਤਕਰੀਬ ਹਰ ਘਰ ਵਿਚੋਂ ਇਕ- ਦੋ ਆਦਮੀ ਜਾ ਰਹੇ ਸਨ। ਕੀ ਹੋਇਆ ਕਿ ਦੁਆਬੇ ਦੇ ਦਲਿਤਾਂ ਦੀ ਆਰਥਿਕ ਸਥਿਤੀ ਪਹਿਲਾਂ ਨਾਲੋਂ ਚੰਗੀ ਹੋਣ ਲੱਗ ਪਈ। ਉਨ੍ਹਾਂ ਕੋਲ ਧੰਨ ਆਉਣ ਨਾਲ ਉਨ੍ਹਾਂ ਅੰਦਰ ਆਤਮ ਵਿਸ਼ਵਾਸ ਭਰਨ ਲੱਗ ਪਿਆ। 'ਕੀੜਾ' ਕਹਾਣੀ ਦਾ ਪਾਤਰ ਅਰਬ ਦੇਸ਼ ਜਾਂਦਾ ਏ ਤੇ ਉਥੇ ਜਾ ਕੇ ਦਿਮਾਗੀ ਤੌਰ ਤੇ ਹਿੱਲ ਜਾਂਦਾ ਏ। 'ਗੰਧ' ਕਹਾਣੀ ਦਾ ਪਾਤਰ ਇੰਗਲੈਂਡ ਜਾ ਕੇ

ਇਕ ਗੋਰੀ ਨਾਲ ਵਿਆਹ ਕਰਵਾ ਕੇ ਪੱਕਾ ਹੋਣ ਦਾ ਜੁਗਾੜ ਕਰਦਾ ਏ। ਉਸ ਸਮੇਂ ਦਲਿਤਾਂ ਪਰਿਵਾਰਾਂ ਵਿਚ ਇੰਗਲੈਂਡ ਅਮਰੀਕਾ ਜਾਂ ਕੈਨੇਡਾ ਕੇਵਲ ਨਾ ਮਾਤਰ ਹੀ ਲੋਕ ਜਾਂਦੇ ਸਨ। ਕਿਉਂਕਿ ਉਨ੍ਹਾਂ ਕੋਲ ਐਨਾ ਧੰਨ ਵੀ ਨਹੀਂ ਸੀ ਦੂਜਾ ਉਨ੍ਹਾਂ ਵਿਚ ਇਨ੍ਹਾਂ ਦੇਸ਼ਾਂ ਵਿਚ ਜਾਣ ਲਈ ਐਨੀ ਚੇਤਨਾ ਵੀ ਨਹੀਂ ਸੀ। ਪਰ ਅਰਬ ਦੇਸ਼ਾਂ ਦੀ ਕਮਾਈ ਨੇ ਦੁਆਬੇ ਦੇ ਦਲਿਤਾਂ ਦੇ ਵਿਹੜਿਆਂ ਵਿਚ ਰੋਸ਼ਨੀ ਕਰ ਦਿੱਤੀ। ਬਿਜਲੀ ਦਾ ਬਲਬ ਜਗਾ ਦਿੱਤੇ। ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਪੜ੍ਹਨ ਲੱਗ ਪਈਆਂ। ਤੇ ਨੌਕਰੀਆਂ ਵਿਚ ਜਾਣ ਲੱਗ ਪਈਆਂ। ਧਾਰਮਿਕ ਤੌਰ ’ਤੇ ਉਹ ਜਾਗਣ ਲੱਗ ਪਏ। ਉਨ੍ਹਾਂ ਅੰਦਰ ਸਮਾਜਕ ਸੂਝ ਆਉਣ ਲੱਗ ਪਏ। ਜੋ ਵਧੇਰੇ ਪੜ੍ਹ ਲਿਖ ਗਏ ਸਨ। ਉਨ੍ਹਾਂ ਨੇ ਅੰਬੇਡਕਰ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਉਹ ਅੰਬੇਡਕਰ ਦੇ ਬੁੱਧ ਧਰਮ ਤੋਂ ਜਾਣੂ ਹੋਣ ਲੱਗ ਪਏ। ਇੰਗਲੈਂਡ ਗਏ ਕੁਝ ਲੋਕਾਂ ਨੇ ਏਧਰ ਬੁੱਧ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਖੁਦ ਬੋਧੀ ਬਣਨ ਲੱਗ ਪਏ। ਉਨ੍ਹਾਂ ਬੁੱਧ ਧਰਮ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਮੈਂ ਸਮਝਦਾ ਹਾਂ ਕਿ ਦੁਆਬੇ ਵਿਚ ਜਿਹੜੀਆਂ ਸਮਾਜਿਕ ਅਤੇ ਰਾਜਨੀਤਿਕ ਲਹਿਰਾਂ ਚੱਲੀਆਂ ਉਨ੍ਹਾਂ ਦਾ ਦਲਿਤਾਂ ਲੋਕਾਂ ਵਿਚ ਚੇਤਨਾ ਭਰਨ ਵਿਚ ਬਹੁਤ ਵੱਡਾ ਰੋਲ ਏ। ਏਸ ਕਿਸਮ ਦੇ ਪਾਤਰ ਮੇਰੀਆਂ ਕਹਾਣੀਆਂ ਵਿਚ ਆਉਣ ਲੱਗ ਪਏ। ਮੇਰੇ ਨਾਨਾ ਜੀ ਅਤੇ ਉਨ੍ਹਾਂ ਦੇ ਭਰਾ ਅਤੇ ਉਸ ਪੀੜ੍ਹੀ ਦੇ ਹੋਰ ਸਾਥੀ ਰਾਜਨੀਤਿਕ ਤੌਰ ਤੇ ਅਤੇ ਸਮਾਜਕ ਤੌਰ ਤੇ ਬਹੁਤ ਸੁਚੇਤ ਸਨ। ਉਨ੍ਹਾਂ ਨੇ ਗੁਲਾਮਾਂ ਵਾਂਗ ਜ਼ਿਮੀਦਾਰਾਂ ਦੇ ਖੇਤਾਂ ਵਿਚ ਕੰਮ ਦੀ ਲੀਹ ’ਤੇ ਵੱਢ ਮਾਰਿਆ ਸੀ ਅਤੇ ਸੁਤੰਤਰ ਹੋ ਕੇ ਚਮੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਸੁਤੰਤਰ ਹੋ ਕੇ ਉਨ੍ਹਾਂ ਨੇ ਆਪਣਾ ਕਿੱਤਾ ਚੁਣ ਲਿਆ ਸੀ। ਇਹ ਸਮਾਜਕ ਕ੍ਰਾਂਤੀ ਦਾ ਮੁੱਢ ਸੀ। ਇਹ ਚੇਤਨਾ ਕੇਵਲ ਦੁਆਬੇ ਵਿਚ ਫੈਲ ਰਹੀ ਸੀ। ਉਸ ਸਮੇਂ ਮਾਝੇ ਅਤੇ ਮਾਲਵੇ ਵਿਚ ਬਹੁ ਗਿਣਤੀ ਦੇ ਦਲਿਤ ਜ਼ਿਮੀਦਾਰਾਂ ਦੇ ਖੇਤਾਂ ਵਿਚ ਜਾਂ ਤਾਂ ਸੀਰੀ ਦਾ ਕੰਮ ਕਰਦੇ ਸਨ ਜਾਂ ਦਿਹਾੜੀਆਂ ਕਰਦੇ ਸਨ। ਉਨ੍ਹਾਂ ਕੋਲ ਹੋਰ ਕਰਨ ਲਈ ਕੋਈ ਕੰਮ ਹੀ ਨਹੀਂ ਸੀ। ਨਾ ਜ਼ਮੀਨ ਸੀ ਨਾ ਜਾਇਦਾਦ। ਏਸ ਸਮੇਂ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਲੈ ਕੇ ਆਉਣ ਲੱਗ ਪਿਆ ਸਾਂ।

ਮੈਂ ਇਹ ਵੀ ਵੇਖਿਆ ਕਿ ਏਸ ਸਮੇਂ ’ਚ ਭੰਗੀ ਜਾਂ ਵਾਲਮੀਕੀ ਉਪਜਾਤੀ ’ਚ ਚੇਤਨਾ ਆਉਣ ਲੱਗ ਪਈ ਏ। ਉਨ੍ਹਾਂ ’ਚੋਂ ਵੀ ਜੋ ਪੜ੍ਹ ਗਏ ਅੱਗੇ ਨੌਕਰੀਆਂ ’ਚ ਚਲੇ ਗਏ। ਉਨ੍ਹਾਂ ’ਚ ਵੀ ਅੱਗੋਂ ਕਨਵਰਸ਼ਨ ਸ਼ੁਰੂ ਹੋ ਗਈ ਸੀ। ਉਹ ਵੱਡੀ ਪੱਧਰ ’ਤੇ ਇਸਾਈ ਬਣਨ ਲੱਗ ਪਏ ਸਨ। ਉਨ੍ਹਾਂ ਦੇ ਏਸ ਸਮੇਂ ਨੂੰ ਵੀ ਮੈਂ ‘ਰਹਿਮਤ ਮਸੀਹ ਮੱਟੂ ਦੀ ਜੀਵਨੀ’, ‘ਕੁੰਭੀ ਨਰਕ’ ਆਦਿ ਕਹਾਣੀਆਂ ਵਿਚ ਪੇਸ਼ ਕੀਤਾ ਏ। ਚਮਾਰਾਂ ਵਿਚ ਜਿਹੜੀ ਕਨਵਰਸ਼ਨ ਆਈ ਉਸ ਨੂੰ ‘ਜੜ੍ਹਾਂ’ ਕਹਾਣੀ ਵਿਚ ਪੇਸ਼ ਕੀਤਾ ਏ।

ਦੂਜੇ ਪਾਸੇ ਦੁਆਬੇ ਦੇ ਦਲਿਤ ਚਮਾਰਾਂ ਨੇ ਆਪਣੇ ਰਵਿਦਾਸ ਗੁਰਦਵਾਰੇ ਵਧੀਆ ਬਣਾਉਣੇ ਸ਼ੁਰੂ ਕਰ ਦਿੱਤੇ। ਸਮਾਜਕ ਕਾਰਜਾਂ ’ਤੇ ਖਰਚੇ ਕਰਨ ਲੱਗੇ ਪਏ। ਬੂਟਾ ਮੰਡੀ ਦੇ ਕਈ ਸੇਠ ਤਾਂ ਕਰੋੜਪਤੀ ਬਣ ਗਏ। ਇਨ੍ਹਾਂ ਵਿਚੋਂ ਕਈ ਦਲਿਤ ਰਾਜਨੀਤੀ ਵਿਚ ਵੀ ਆਉਣ ਲੱਗ ਪਏ ਸਨ। ਇਹ ਸਾਰੇ ਸਮਾਜਕ ਵਰਤਾਰੇ ਨੂੰ ਮੈਂ ਵੇਖ ਰਿਹਾ ਸੀ। ਮੈਂ ਮਹਿਸੂਸ ਕਰ ਰਿਹਾ ਸੀ। ਆਪਣੇ ਨਾਨੇ ਦੀਆਂ ਅੱਖਾਂ ਰਾਹੀਂ ਉਸ ਤੋਂ ਪੰਜਾਹ-ਸੱਤਰ ਸਾਲ ਪਹਿਲਾਂ ਦਾ ਸਮਾਂ ਵੀ ਵੇਖ ਰਿਹਾ ਸੀ। ਸਮਝ ਰਿਹਾ ਸੀ। ਨਾਨਾ ਆਪਣੇ ਸਾਥੀਆਂ ਅਤੇ ਆਪਣੇ ਭਰਾਵਾਂ ਤੇ ਮੁੰਡਿਆਂ ਵਿਚ ਬੈਠ ਕੇ ਜਿਹੜੀਆਂ ਗੱਲਾਂ ਕਰਦੇ ਸਨ। ਉਨ੍ਹਾਂ ਨੂੰ ਮੈਂ ਸੁਣਦਾ ਰਹਿੰਦਾ ਸੀ। ਉਹ ਅੰਬੇਡਕਰ ਦੀਆਂ ਗੱਲਾਂ



ਕਰਦੇ ਸਨ। ਜਦੋਂ ਜਲੰਧਰ ਅੰਬੇਡਕਰ ਆਏ ਸਨ। ਉਸ ਵੇਲੇ ਦੇ ਦ੍ਰਿਸ਼ ਵਾਲੇ ਬਿਰਤਾਂਤ ਮੈਂ ਸੁਣਦਾ ਰਹਿੰਦਾ ਸਾਂ। ਜਦੋਂ ਆਦਿ ਧਰਮ ਲਹਿਰ ਚੱਲੀ। ਬਾਬੂ ਮੰਗੂ ਰਾਮ ਮੁੱਗੋਵਾਲੀਆਂ ਨੇ ਆਦਿ ਧਰਮ ਲਹਿਰ ਚਲਾਈ ਉਸ ਵੇਲੇ ਦੇ ਬਿਰਤਾਂਤ ਮੈਂ ਸੁਣਦਾ ਰਹਿੰਦਾ ਸਾਂ। ਮੰਗੂ ਰਾਮ ਬੂਟਾ ਮੰਡੀ ਅਤੇ ਪਿੰਡ ਧਰਮ ਪੁਰ ਨਾਨੇ ਹੁਰਾਂ ਕੋਲ ਜਾਂ ਉਨ੍ਹਾਂ ਦੇ ਪਿਤਾ ਦੂਨੀ ਚੰਦ ਹੁਰਾਂ ਕੋਲ ਆਉਂਦੇ ਜਾਂਦੇ ਰਹਿੰਦੇ ਸਨ। ਕਿਉਂਕਿ ਸਿੱਧੇ ਅਸਿੱਧੇ ਉਹ ਵੀ ਇਸ ਲਹਿਰ ਲਈ ਕੰਮ ਕਰਦੇ ਰਹੇ ਸਨ। ਨਿੱਕਾ ਹੁੰਦਾ ਮੈਂ ਆਪਣੇ ਨਾਨੇ ਦੇ ਟਰੰਕ ਵੱਲ ਬੜੀ ਗੂਹ ਨਾਲ ਵੇਖਦਾ ਹੁੰਦਾ ਸਾਂ। ਜਿਹਦੇ ਵਿਚ ਉਹ ਅੰਬੇਡਕਰ ਦੀਆਂ ਕਿਤਾਬਾਂ, ਆਦਿ ਡੰਕਾ ਅਖ਼ਬਾਰ ਦੀਆਂ ਕਾਪੀਆਂ, ਰਵਿਦਾਸ ਪੱਤ੍ਰਕਾ ਦੀਆਂ ਕਾਪੀਆਂ ਅਤੇ ਗੁਰੂ ਰਵਿਦਾਸ ਦੀ ਬਾਣੀ ਦੀਆਂ ਪੋਥੀਆਂ ਸਾਂਭ ਕੇ ਰੱਖਦੇ ਸਨ। ਇਸ ਸਾਰੇ ਸਮੇਂ ਨੂੰ ਮੇਰਾ ਮਨ ਸਮਝ ਰਿਹਾ ਸੀ। ਮਹਿਸੂਸ ਕਰ ਰਿਹਾ ਸੀ। ਆਪਣੇ ਪਰਿਵਾਰਾਂ ਦੀਆਂ ਔਰਤਾਂ ਦੀ ਸਥਿਤੀ ਵੇਖ ਰਿਹਾ ਸੀ।

ਜਦੋਂ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤਾਂ ਸੁਭਾਵਿਕ ਹੀ ਸੀ ਮੇਰੇ ਆਲੇ ਦੁਆਲੇ ਜਿਹੋ ਜਿਹੀਆਂ ਘਟਨਾਵਾਂ ਘਟ ਰਹੀਆਂ ਸਨ। ਜਿਹੋ ਜਿਹਾ ਸਮਾਂ ਬਤੀਤ ਹੋ ਰਿਹਾ ਸੀ। ਜਿਹੜੇ ਲੋਕ ਵਿਚਰ ਰਹੇ ਸਨ। ਉਨ੍ਹਾਂ ਵਿਚੋਂ ਹੀ ਕਹਾਣੀਆਂ ਦੇ ਪਾਤਰ ਲੈਣੇ ਸਨ। ਉਨ੍ਹਾਂ ਵਿਚੋਂ ਹੀ ਕਹਾਣੀਆਂ ਦੇ ਦ੍ਰਿਸ਼ ਘੜਨੇ ਸਨ। ਸੋ ਮੈਂ ਉਨ੍ਹਾਂ ਦਲਿਤ ਪਰਿਵਾਰਾਂ ਦੇ ਆਪਸੀ ਰਿਸ਼ਤਿਆਂ ਨੂੰ, ਆਪਸੀ ਖਿੱਚੋਤਾਣ ਨੂੰ, ਆਪਸੀ ਵਿਰੋਧਾਂ ਨੂੰ ਮੁੱਢਲੀਆਂ ਕਹਾਣੀਆਂ ਵਿਚ ਫੜਨ ਦਾ ਅਚੇਤ ਯਤਨ ਕੀਤਾ। ਉਨ੍ਹਾਂ ਵਿਚ ਜਿਹੜੀਆਂ ਆਪਸੀ ਕੰਟਾਡੰਕਸ਼ਨ ਸਨ। ਜਿਹੜੇ ਵਿਰੋਧ ਸਨ। ਪਰਿਵਾਰਾਂ ਨੂੰ ਲੈ ਕੇ। ਧਾਰਮਿਕ ਕਾਰਜਾਂ ਨੂੰ ਲੈ ਕੇ। ਰਸਮਾਂ ਨੂੰ ਲੈ ਕੇ ਆਰਥਿਕਤਾ ਨੂੰ ਲੈ ਕੇ ਮੇਰੇ ਅੰਦਰ ਬੈਠਾ ਕਥਾਕਾਰ ਉਨ੍ਹਾਂ ਨੂੰ ਘੜਨ ਘੜਨ ਲੱਗ ਪਿਆ ਸੀ। ਮੁੱਢਲੀਆਂ ਕਹਾਣੀਆਂ ਵਿਚ ਮੇਰੇ ਦਾਦਕੇ ਪਰਿਵਾਰ ਦਾ ਸਮਾਂ ਏ ਅਤੇ ਬਾਅਦ ਦੀਆਂ ਕਹਾਣੀਆਂ ਵਿਚ ਨਾਨਕੇ ਪਰਿਵਾਰ ਤੇ ਉਸ ਦੇ ਆਲੇ ਦੁਆਲੇ ਦਾ ਸਮਾਂ ਏ।

ਵੀਹ-ਇੱਕੀ ਸਾਲ ਵਿਚ ਮੇਰੀ ਸਮਾਜ ਨੂੰ ਸਮਝਣ ਦੀ ਜਿੰਨੀ ਕੁ ਸਮਝ ਸੀ। ਆਪਣੇ ਤੋਂ ਵੱਡਿਆ ਦੀਆਂ ਗੱਲਾਂ ਸੁਣ ਕੇ, ਵਿਚਾਰ ਸੁਣ ਕੇ ਮੈਂ ਜਿੰਨੀ ਕੁ ਜਿਸ ਤਰ੍ਹਾਂ ਦੀ ਸਮਝ ਬਣਾਈ ਸੀ ਉਸ ਦੇ ਅਧਾਰ ਤੇ ਮੈਂ ਆਪਣੇ ਅਨੁਭਵ ਕੀਤੇ ਸਮੇਂ ਵਿਚੋਂ ਪਾਤਰ ਲੱਭਣ ਲੱਗ ਪਿਆ ਸਾਂ। ਉਨ੍ਹਾਂ ਨੂੰ ਲੱਭ ਕੇ ਉਨ੍ਹਾਂ ਦੇ ਇਰਦ ਗਿਰਦ ਘਟਨਾਵਾਂ ਅਤੇ ਦ੍ਰਿਸ਼ ਘੜਨ ਲੱਗ ਪਿਆ ਸਾਂ। ਆਪਣੇ ਪਰਿਵਾਰਾਂ ਦੇ ਵਿਹੜਿਆਂ ਦੇ ਦ੍ਰਿਸ਼ ਚਿਤਰਨ ਲੱਗ ਪਿਆ ਸਾਂ। ਅਤਿ ਦੀ ਗਰੀਬੀ, ਨਿੱਕੇ ਨਿੱਕੇ ਚਾਅ, ਖੁਸ਼ੀਆਂ ਅਤੇ ਨਿੱਕੇ ਨਿੱਕੇ ਵਿਰੋਧ ਮੇਰੀਆਂ ਮੁੱਢਲੀਆਂ ਕਹਾਣੀਆਂ ਵਿਚ ਆਉਣ ਲੱਗ ਪਏ ਸਨ। ਸੂਰਜ ਦੀ ਕਿਰਨ, ਵਾਢੀਆਂ ਤੋਂ ਬਾਅਦ, ਧੁੰਦ ਨੂੰ ਚੀਰਦਾ ਸੂਰਜ, ਕੁਵੇਲੇ ਤੁਰਿਆ ਪਾਂਧੀ, ਆਪਣੇ ਲਹੂ ਦੀ ਚਿੰਤਾ, ਕੱਚੀ ਇੱਟ ਦਾ ਦਰਦ, ਵਰਗੀਆਂ ਕਹਾਣੀਆਂ ਮੇਰੇ ਮੁੱਢਲੇ ਅਨੁਭਵ ਦੀਆਂ ਕਹਾਣੀਆਂ ਨੇ। ਉਸ ਵੇਲੇ ਮੈਂ ਸੁਚੇਤ ਨਹੀਂ ਸਾਂ। ਬਈ ਮੈਂ ਏਸ ਕਿਸਮ ਦੀ ਕਹਾਣੀ ਲਿਖਣੀ ਏ। ਪ੍ਰਗਤੀਵਾਦੀ ਕਹਾਣੀ ਲਿਖਣੀ ਏ... ਮਾਨਵਵਾਦੀ ਕਹਾਣੀ ਲਿਖਣੀ ਏ... ਜਾਂ ਸੁਧਾਰਵਾਦੀ ਕਹਾਣੀ ਲਿਖਣੀ ਏ... ਵਗੈਰਾ ਵਗੈਰਾ। ਮੈਂ ਜੋ ਅਨੁਭਵ ਕੀਤਾ। ਲਿਖ ਦਿੱਤਾ। ਬਾਅਦ ਵਿਚ ਜਦੋਂ ਇਨ੍ਹਾਂ ਮੁਢਲੀਆਂ ਕਹਾਣੀਆਂ ਨੂੰ ਪੜ੍ਹਿਆ ਤਾਂ ਮਹਿਸੂਸ ਕੀਤਾ ਕਿ ਮੈਂ ਆਪਣੇ ਲੋਕਾਂ ਦੇ ਦੁੱਖ, ਦਰਦ ਅਤੇ ਪੀੜਾ ਹੀ ਨਹੀਂ ਪੇਸ਼ ਕੀਤੀ ਬਲਕਿ ਉਨ੍ਹਾਂ ਦੇ ਆਪਸੀ ਵਿਰੋਧ, ਉਹ ਇਕ ਦੂਜੇ ਨਾਲ ਕਿਵੇਂ ਵਿਹਾਰ ਕਰਦੇ ਹਨ। ਉਨ੍ਹਾਂ ਦੀ ਮਾਨਸਿਕ ਸਥਿਤੀ ਜਿਸ

ਕਿਸਮ ਦੀ ਏ। ਉਨ੍ਹਾਂ ਦੇ ਆਪਸੀ ਵਿਰੋਧਾਂ ਨੂੰ ਵੀ ਪੇਸ਼ ਕੀਤਾ ਏ। ਬਾਅਦ ਵਿਚ ਲਿਖੀਆਂ ਕਹਾਣੀਆਂ ਵਿਚ ਇਹ ਮੁੱਦਾ ਮੈਂ ਸਿਧਾਂਤਕ ਤੌਰ ਤੇ ਹੋਰ ਪ੍ਰਪੱਕਤਾ ਨਾਲ ਪੇਸ਼ ਕੀਤਾ ਕਿ ਦਲਿਤ ਪਾਤਰਾਂ ਵਿਚ ਧਰਮ ਨੂੰ ਲੈ ਕੇ, ਆਰਥਿਕਤਾ ਨੂੰ ਲੈ ਕੇ ਅਤੇ ਸਮਾਜਕ ਵਿਹਾਰ ਨੂੰ ਲੈ ਕੇ ਆਪਸ ਵਿਚ ਬਹੁਤ ਕੰਟਾਡੰਕਸ਼ਨ ਨੇ। ਵਿਰੋਧ ਹਨ। ਮੇਰੀ ਕਥਾ ਦੇ ਪਾਤਰ ਜਿਨ੍ਹਾਂ ਨੂੰ ਤੁਸੀਂ ਦਲਿਤ ਪਾਤਰ ਕਹਿ ਸਕਦੇ ਹੋ, ਉਨ੍ਹਾਂ ਦਾ ਸਵਰਨ ਜਾਤੀਆਂ ਜਾਂ ਉੱਚੀ ਜਾਤੀਆਂ ਵੱਲੋਂ ਕੀਤਾ ਜਾਂਦਾ ਸ਼ੋਸ਼ਣ ਜਾਂ ਟਕਰਾਓ ਨਹੀਂ ਪੇਸ਼ ਕੀਤਾ ਬਲਕਿ ਦਲਿਤ ਸਮਾਜ ਦੀਆਂ ਇਨਰ ਕੰਟਾਡੰਕਸ਼ਨ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ। ਜਾਂ ਕਹਿ ਲਓ ਮੈਂ ਆਪਣੇ ਸਮੇਂ ਵਿਚ ਸ਼ੋਸ਼ਣ ਵੇਖਿਆ ਹੀ ਨਹੀਂ। ਮਹਿਸੂਸ ਕੀਤਾ ਹੀ ਨਹੀਂ। ਹਾਂ ਇਕ ਗੱਲ ਮੈਨੂੰ ਚੇਤੇ ਆ ਗਈ... ਉਸ ਸਮੇਂ ਹਰਭਜਨ ਹੁੰਦਲ ਹੁਰਾਂ ਨੇ 'ਚਿਰਾਗ਼' ਪਰਚਾ ਸ਼ੁਰੂ ਕੀਤਾ ਅਤੇ ਮੈਂ ਉਨ੍ਹਾਂ ਨੂੰ ਆਪਣੀ ਕਹਾਣੀ ਭੇਜੀ ਜਿਹਦੇ ਵਿਚ ਇਕ ਪਾਤਰ ਖੇਤਾਂ ਦਾ ਕਾਮਾ ਏ ਅਤੇ ਉਹ ਦਲਿਤ ਜਾਤੀ ਦੇ ਖੇਤ ਮਾਲਕਾਂ ਕੋਲ ਕੰਮ ਕਰਦਾ ਏ। ਉਹ ਉਹਦਾ ਸ਼ੋਸ਼ਣ ਕਰਦੇ ਹਨ। ਉਹਨੂੰ ਨਸ਼ਿਆਂ ਤੇ ਲਾ ਦਿੰਦੇ ਹਨ। ਵਗੈਰਾ ਵਗੈਰਾ... ਮੈਂ ਤਾਂ ਆਪਣੇ ਸਮੇਂ ਵਿਚ ਜੋ ਵੇਖਿਆ ਸੀ ਉਹ ਹੀ ਲਿਖਿਆ ਸੀ। ਸੰਪਾਦਕ ਸਾਹਿਬ ਮੈਨੂੰ ਕਹਿਣ ਲੱਗੇ ਕਿ ਮੁੰਡਿਆ ਤੂੰ ਜ਼ਮੀਨ ਵਾਲੇ ਪਾਤਰ ਜੱਟ ਜ਼ਿੰਮੀਦਾਰ ਬਣਾ ਕੇ ਵਿਖਾ ਕਿ ਉਹ ਉੱਚੀ ਜਾਤੀ ਵਾਲੇ ਕਿਵੇਂ ਦਲਿਤਾਂ ਦਾ ਸ਼ੋਸ਼ਣ ਕਰਦੇ ਨੇ। ਕਿਵੇਂ ਉਨ੍ਹਾਂ ਦੀਆਂ ਦੀਆਂ ਦੀ ਇੱਜਤ ਨੂੰ ਹੱਥ ਪਾਉਂਦੇ ਨੇ। ਪਰ ਮੈਂ ਅਜਿਹਾ ਨਹੀਂ ਕੀਤਾ। ਕਿਉਂਕਿ ਮੈਂ ਆਪਣੇ ਸਮੇਂ ਵਿਚ ਇਹ ਵੇਖਿਆ ਨਹੀਂ ਸੀ। ਏਸ ਸਮੇਂ ਨੂੰ ਮੈਥੋਂ ਪਹਿਲਾਂ ਵਾਲੇ ਕਹਾਣੀਕਾਰਾਂ ਨੇ ਲਿਖ ਦਿੱਤਾ ਏ। ਤੁਸੀਂ 'ਜੜ੍ਹਾਂ' ਕਹਾਣੀ ਵੇਖ ਸਕਦੇ ਹੋ। ਰਵਿਦਾਸੀਆਂ ਭਾਈਚਾਰੇ ਵਿਚੋਂ ਨਿਕਲ ਕੇ ਇਕ ਪਾਤਰ ਗਿਆਨ ਜਦੋਂ ਕਨਵਰਟ ਹੋ ਕੇ ਬੋਧੀ ਬਣ ਜਾਂਦਾ ਏ, ਬੋਧ ਵਿਹਾਰ ਉਸਾਰਦਾ ਏ ਤਾਂ ਏਸ ਤਣਾਓ ਨੂੰ ਲੈ ਕੇ ਉਸ ਦਾ ਆਪਣੇ ਰਵਿਦਾਸੀਆ ਭਾਈਚਾਰੇ ਨਾਲ ਟਕਰਾ ਹੋ ਜਾਂਦਾ ਏ। ਇਸ ਕਾਸਟ ਕਨਵਰਸ਼ਨ ਨੂੰ ਮੈਂ 'ਕੁੰਭੀ ਨਰਕ', 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਵਰਗੀਆਂ ਕਹਾਣੀਆਂ ਵਿਚ ਪ੍ਰਮੁੱਖਤਾ ਨਾਲ ਉਭਾਰਿਆ ਕਿਵੇਂ ਕਨਵਰਸ਼ਨ ਨਾਲ ਭਾਈਚਾਰਕ ਸਾਂਝ ਟੁੱਟਦੀ ਏ। ਸੰਕਟ ਖੜ੍ਹੇ ਕਰਦੀ ਏ।

ਇਕ ਸਮਾਂ ਇਹ ਵੀ ਆਇਆ ਕਿ ਮੈਂ ਆਪਣੇ ਸਮੇਂ ਦੀ ਸਮਾਜਕ ਇਤਿਹਾਸਕਾਰੀ ਨੂੰ ਵੀ ਸਮਝਣ ਲੱਗ ਪਿਆ ਸਾਂ। ਮੈਂ ਆਪਣੇ ਮਨ ਵਿਚ ਆਪਣੇ ਪੁਰਖਿਆਂ ਦੀਆਂ ਅੱਖਾਂ ਨਾਲ ਵੇਖੇ ਸਮਾਜ ਦੀਆਂ ਘਟਨਾਵਾਂ ਨੂੰ ਪੁਨਰ ਸੁਰਜੀਤ ਕਰਨ ਲੱਗ ਪਿਆ ਸਾਂ। ਇਹ ਘਟਨਾਵਾਂ ਭਾਵੇਂ ਕਿ ਮੇਰੇ ਸਮੇਂ ਦੀਆਂ ਨਹੀਂ ਸਨ, ਪਰ ਮੇਰੇ ਪੁਰਖਿਆਂ ਦੇ ਜ਼ਖ਼ਮੀ ਅਤੀਤ ਦਾ ਹਿੱਸਾ ਸਨ। 'ਸੁੱਕੀਆਂ ਕੁੰਨਾਂ', 'ਆਦਿ ਡੰਕਾ', 'ਕੁੰਭੀ ਨਰਕ', 'ਰਹਿਮਤ ਮਹੀਸ ਮੱਟੂ ਦੀ ਜੀਵਨੀ', 'ਜੜ੍ਹਾਂ' ਅਤੇ 'ਰੰਗਾਂ ਦੀ ਸਾਂਝ @ ਸਮਾਜ ਵਿਗਿਆਨ' ਵਰਗੀਆਂ ਕਹਾਣੀਆਂ ਵਿਚ ਮੈਂ ਦਲਿਤ ਸਮਾਜ ਦੀ ਸਮਾਜਕ ਇਤਿਹਾਸਕਾਰੀ ਕਰਨ ਦੀ ਕੋਸ਼ਿਸ਼ ਕੀਤੀ ਏ। ਇਹ ਕਹਾਣੀਆਂ ਪਾਠਕਾਂ ਵੱਲੋਂ ਸਲਾਹੀਆਂ ਗਈਆਂ ਨੇ। ਪੰਜਾਬੀ ਕਹਾਣੀ ਵਿਚ ਇਨ੍ਹਾਂ ਵਿਸ਼ਿਆ ਨੂੰ ਮੈਂ ਸੱਜਰੇ ਵਿਸ਼ੇ ਕਹਿੰਦਾ ਹਾਂ। ਇਨ੍ਹਾਂ 'ਤੇ ਲਿਖਿਆ ਨਹੀਂ ਗਿਆ ਏ। ਇਨ੍ਹਾਂ ਕਹਾਣੀਆਂ ਵਿਚ ਮੇਰਾ ਸਮਾਂ ਵੀ ਅਤੇ ਮੇਰੇ ਪੁਰਖਿਆਂ ਦਾ ਸਮਾਂ ਵੀ ਏ।

ਆਪਣੇ ਸਮੇਂ ਵਿਚ ਇਕ ਤਾਂ ਮੈਂ ਬੰਦੇ ਨੂੰ ਜਾਂ ਕਹਿ ਲਓ ਮਰਦ ਨੂੰ ਵੇਖ ਰਿਹਾ ਸਾਂ। ਉਸ ਨੂੰ ਲੈ ਕੇ ਕਹਾਣੀ ਲਿਖ ਰਿਹਾ ਸਾਂ। ਦਲਿਤ ਪਰਿਵਾਰਾਂ ਵਿਚੋਂ ਵਿਚਰ ਰਹੇ ਬਜ਼ੁਰਗ ਬੰਦਿਆਂ ਨੂੰ ਲੈ



ਕੇ ਮੈਂ ਕਹਾਣੀਆਂ ਲਿਖ ਰਿਹਾ ਸਾਂ। ਓਸ ਸਮੇਂ ਜਦੋਂ ਮੈਂ ਜਵਾਨ ਸੀ ਤਾਂ ਮੈਨੂੰ ਪਿਆਰ-ਮੁਹੱਬਤ ਦੀਆਂ ਕਹਾਣੀਆਂ ਲਿਖਣੀਆਂ ਚਾਹੀਦੀਆਂ ਸਨ। ਪਰ ਮੈਂ ਬਜ਼ੁਰਗ ਦੀਆਂ ਕਹਾਣੀਆਂ ਲਿਖਣ ਲੱਗ ਪਿਆ। ਜਿਸ ਨੂੰ ਇਕ ਨਾਇਕ ਦਾ ਬਿੰਬ ਕਹਿੰਦੇ ਹਨ। ਜਿਵੇਂ 'ਜੜ੍ਹਾਂ' ਕਹਾਣੀ ਦਾ ਭਿਕਸ਼ੂ ਗਿਆਨ ਹੈ। 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਦਾ ਮਾਸਟਰ ਹੈ। 'ਕੁੰਭੀ ਨਰਕ' ਦਾ ਮੈਂ ਪਾਤਰ ਏ। 'ਸੁੱਕੀਆਂ ਕੁੰਨਾਂ' ਦਾ ਬਜ਼ੁਰਗ ਪਾਤਰ, ਜਿਹੜਾ ਆਪਣੀਆਂ ਚਾਹ ਪੀੜ੍ਹੀਆਂ ਵੇਖ ਰਿਹਾ ਏ। ਅਤੇ 'ਆਦਿ ਡੰਕਾ' ਦਾ ਮੈਂ ਪਾਤਰ ਆਦਿ ਆਦਿ। ਇਹ ਮਰਦ ਪਾਤਰ ਮੇਰੇ ਲਈ ਵੱਡੇ ਮਨੁੱਖ ਹੱਡ ਮਾਸ ਦੇ ਪਾਤਰ ਨੇ। ਇਨ੍ਹਾਂ ਪਾਤਰਾਂ ਨੂੰ ਮੈਂ ਲੰਮੇ ਸਮੇਂ ਤੋਂ ਵੇਖਦਾ ਆ ਰਿਹਾ ਸਾਂ। ਅੱਖੀ ਵੇਖੇ ਤੇ ਕਲਪਨਾ ਦੇ ਸੁਮੇਲ ਨਾਲ ਮੈਂ ਇਨ੍ਹਾਂ ਪਾਤਰਾਂ ਨੂੰ, ਘਟਨਾਵਾਂ ਨੂੰ ਉਸਾਰਦਾ ਰਿਹਾ ਸਾਂ। ਇਕ ਤਾਂ ਮੈਂ ਆਪਣੇ ਸਮੇਂ ਨੂੰ ਇਨ੍ਹਾਂ ਮਰਦ ਪਾਤਰਾਂ ਰਾਹੀਂ ਕਹਾਣੀਆਂ ਵਿਚ ਪੇਸ਼ ਕਰਦਾ ਹਾਂ ਦੂਜਾ ਮੇਰੇ ਸਾਹਮਣੇ ਔਰਤਾਂ ਨੇ। ਇਕ ਤਾਂ ਔਰਤ ਹੁੰਦੀ ਏ ਤੇ ਅੱਗੋਂ ਉਹ ਵੀ ਦਲਿਤ ਪਰਿਵਾਰ ਦੀ ਔਰਤ ! ਮੈਂ ਦਲਿਤ ਪਰਿਵਾਰ ਦੀਆਂ ਭਿੰਨ ਭਿੰਨ ਔਰਤਾਂ ਰਾਹੀਂ ਆਪਣੇ ਸਮੇਂ ਵਿਚ ਦਲਿਤ ਔਰਤ ਦੀ ਸਥਿਤੀ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਏ। 'ਕਸੂਰਵਾਰ' ਕਹਾਣੀ ਦੀ ਜਿਹੜੀ ਬਜ਼ੁਰਗ ਔਰਤ ਏ। ਉਹ ਦਲਿਤ ਔਰਤਾਂ ਦੀ ਪ੍ਰਤੀਨਿੱਧਤਾ ਕਰਦੀ ਏ। ਸਮਾਜ 'ਚ ਉਸ ਦੀ ਸਥਿਤੀ ਕਿਹੋ ਜਿਹੀ ਹੋਵੇਗੀ? ਉਹ ਕਿਵੇਂ ਪਲ ਪਲ ਮਰਨ ਦੇ ਬਾਵਜੂਦ 'ਘਰ' ਨੂੰ ਬਣਾਈ ਰੱਖਣ ਲਈ ਜੂਝ ਰਹੀ ਏ? ਸੋ ਮੈਂ ਦਲਿਤ ਔਰਤ ਦੀ ਸਮਾਜਕ ਇਤਿਹਾਸਕਾਰੀ ਨੂੰ 'ਕਸੂਰਵਾਰ' ਰਾਹੀ ਸਮਝਣ ਦਾ ਯਤਨ ਕੀਤਾ ਏ। ਇਸ ਤੋਂ ਅੱਗੇ 'ਜਨੇਊ' ਕਹਾਣੀ ਦੀ ਔਰਤ ਪਾਤਰ, 'ਇੰਦੂਮਣੀ' ਦੀ ਇੰਦੂਮਣੀ ਪਾਤਰ, 'ਮਾਸਾਹਾਰੀ' ਦੀ ਛਿੰਦੋ ਪਾਤਰ, 'ਦੇਵਕੀ ਨਾਲ ਮੁਲਾਕਾਤ' ਦੀ ਦੇਵਕੀ ਪਾਤਰ, 'ਤੀਜਾ ਨੇਤਰ' ਦੀ ਰਜਨੀ ਪਾਤਰ , 'ਮਹਾਮਾਯਾ' ਦੀ ਮੈਂ ਪਾਤਰ ਅਤੇ 'ਲੰਘ ਚੱਲੀ' ਦੀ ਬਜ਼ੁਰਗ ਔਰਤ, 'ਗੰਧ' ਕਹਾਣੀ ਦੀ ਮੋਨਿਕਾ, 'ਡਾਕੂਮੈਂਟਰੀ' ਦੀ ਮਾਸੀ ਵਰਿਆਮੀ ਇਹ ਸਾਰੀਆਂ ਔਰਤਾਂ ਮੇਰੇ ਸਮੇਂ ਦੀਆਂ ਉਹ ਔਰਤਾਂ ਹਨ ਜਿਹੜੀਆਂ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਪੀੜਤ ਹੁੰਦੀਆਂ ਹਨ। ਜਿਨ੍ਹਾਂ ਉੱਤੇ ਪਿਤਰੀ ਸੱਤਾ ਜਬਰ ਕਰਦੀ ਏ। ਜ਼ੁਲਮ ਕਰਦੀ ਏ। ਦਲਿਤ ਸਮਾਜ ਅੰਦਰ ਔਰਤ ਦੀ ਸਥਿਤੀ ਵੀ ਬਹੁਤੀ ਚੰਗੀ ਨਹੀਂ। ਇਕ ਤਾਂ ਉਹ ਅਨਪੜ੍ਹ ਏ। ਘਰ ਵਿਚ ਕੈਦ ਰਹਿੰਦੀ ਏ। ਦੂਜਾ ਉਹ ਸੁਤੰਤਰ ਹੋ ਕੇ ਕੰਮ ਨਹੀਂ ਕਰਦੀ। ਉਤਪਾਦਨ ਦੇ ਸਾਧਨਾਂ 'ਤੇ ਮਰਦ ਦਾ ਕਬਜ਼ਾ ਏ। 'ਮਾਸਾਹਾਰੀ' ਦੀ ਪਾਤਰ 'ਛਿੰਦੋ' ਵਰਗੀ ਔਰਤ ਜਦੋਂ ਘਰੋਂ ਬਾਹਰ ਨਿਕਲ ਕੇ ਲੋਕਾਂ ਦੀਆਂ ਕੋਠੀਆਂ ਵਿਚ ਝਾੜੂ ਪੋਚਾ ਲਾਉਣ ਦਾ ਕੰਮ ਕਰਦੀ ਏ ਤਾਂ ਮਰਦਾਂ ਦੇ ਬਣਾਏ ਸਮਾਜਕ ਵਰਜਨਾਵਾਂ ਵਾਲੇ ਪ੍ਰਬੰਧ ਨੂੰ ਟਿੱਚ ਸਮਝਣ ਲੱਗ ਪੈਂਦੀ ਏ। ਏਸ ਕਹਾਣੀ 'ਚ ਵੀ ਮਰਦ ਔਰਤ ਨੂੰ ਦਬਾਉਂਦੇ ਲਈ ਕਈ ਕਿਸਮ ਦੇ ਯਤਨ ਕਰਦੇ ਨੇ। ਦਲਿਤ ਸਮਾਜ ਦੀ ਔਰਤ ਪਲ ਪਲ ਮਰ ਰਹੀ ਏ। ਉਨ੍ਹਾਂ ਕੋਲ ਦੇਣ ਲਈ ਮਾਤਰ ਦੇਹ ਏ। ਜਿਸ ਨੂੰ ਮਰਦ ਭੋਗਦਾ ਵੀ ਏ ਅਤੇ ਉਸ ਦੇਹ ਨਾਲ ਕੰਮ ਵੀ ਲੈਂਦਾ ਏ। ਮੈਂ ਜਿਹੜੀਆਂ ਵੀ ਔਰਤਾਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ ਇਹ ਮੇਰੇ ਸਮੇਂ ਦੀਆਂ ਔਰਤਾਂ ਨੇ। ਇਹ ਆਪਣੇ ਨਾਲ ਸਮਝੌਤੇ ਵੀ ਕਰਦੀਆਂ ਨੇ। ਅਤੇ ਘਰ ਬੰਨ੍ਹਣ ਦਾ ਉਪਰਾਲਾ ਵੀ ਕਰਦੀਆਂ ਨੇ। ਉਨ੍ਹਾਂ ਦੀਆਂ ਦੈਹਿਕ ਲੋੜਾਂ ਵੀ ਕਈ ਤਰ੍ਹਾਂ ਦੇ ਸੰਕਟ ਖੜ੍ਹੇ ਕਰਦੀਆਂ ਨੇ। 'ਕਸੂਰਵਾਰ' ਅਤੇ 'ਮਾਸਾਹਾਰੀ' ਕਹਾਣੀਆਂ ਦੀਆਂ ਔਰਤਾਂ ਆਪਣੀ ਦੇਹ ਵੇਚ ਕੇ ਘਰ ਬੰਨ੍ਹਦੀਆਂ ਹਨ ਤੇ ਚਲਾਉਂਦੀਆਂ ਨੇ। ਏਥੇ ਮੈਂ ਸਿਸਟਮ 'ਤੇ ਉਂਗਲ ਰੱਖੀ ਏ। 'ਮਾਸਾਹਾਰੀ' ਦੀ ਔਰਤ ਆਪਣੀ ਦੇਹ ਨੂੰ ਆਪਣੀ ਮਰਜ਼ੀ ਨਾਲ ਵਰਤਦੀ ਏ। ਇਸ ਦੇ ਬਾਵਜੂਦ

ਕਿ ਹਰ ਗੈਰ ਮਰਦ ਉਹਦੇ 'ਤੇ ਆਪਣੇ ਹੱਕ ਰੱਖਣਾ ਚਾਹੁੰਦਾ ਏ। ਉਹ ਸਿਸਟਮ 'ਤੇ ਲੱਤ ਮਾਰ ਕੇ ਅੱਗੇ ਲੰਘ ਜਾਂਦੀ ਏ।

ਮੇਰਾ ਸਮਾਂ ਹਰੀ ਕ੍ਰਾਂਤੀ ਤੋਂ ਬਾਅਦ ਦਾ ਸਮਾਂ ਏ, ਮੇਰਾ ਸਮਾਂ ਪੰਜਾਬ ਸੰਕਟ ਦਾ ਸਮਾਂ ਏ। ਮੇਰਾ ਸਮਾਂ ਪੰਜਾਬ ਸੰਕਟ ਉਪਰੰਤ ਉਭਰੀਆਂ ਅਨੇਕਾਂ ਸਮੱਸਿਆਵਾਂ ਦਾ ਸਮਾਂ ਏ। ਅਤੇ ਮੇਰਾ ਸਮਾਂ ਸਮਕਾਲ 'ਚ ਉਪਜੇ ਨੌਜਵਾਨਾਂ ਦੀ ਬੇਰੁਜ਼ਗਾਰੀ, ਬੇਗਾਨਗੀ, ਫ਼੍ਰਸ਼ਟ੍ਰੇਸ਼ਨ ਦੇ ਸੰਕਟਾਂ ਦਾ ਸਮਾਂ ਏ। 'ਸੁੱਕੀਆਂ ਕੁੰਨਾਂ' ਦਾ ਮੈਂ ਪਾਤਰ ਮਾਸਟਰ ਏਹੋ ਜਿਹਾ ਸਮਕਾਲ ਦਾ ਨੌਜਵਾਨ ਏ, ਜਿਹੜਾ ਪੜ੍ਹ ਤਾਂ ਜਾਂਦਾ ਏ ਪਰ ਨੌਕਰੀ ਪ੍ਰਾਪਤ ਕਰਨ ਤੋਂ ਵਾਂਝਾ ਰਹਿ ਜਾਂਦਾ ਏ। ਇਸ ਸਾਰੇ ਸਮੇਂ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ।

ਮੈਂ ਕਿਸਾਨੀ ਸੰਕਟ 'ਤੇ ਇਕੋ ਕਹਾਣੀ ਲਿਖੀ ਏ 'ਕਬਰ ਗਾਹ' ਇਹ ਦੁਆਬੇ ਦੇ ਕਿਸਾਨੀ ਸੰਕਟ ਦੀ ਕਹਾਣੀ ਨਹੀਂ ਬਲਕਿ ਪੂਰੇ ਭਾਰਤ ਦੇ ਕਿਸਾਨੀ ਸੰਕਟ ਦੀ ਕਹਾਣੀ ਏ। ਇਹ ਵੀ ਮੇਰੇ ਵੇਖੇ ਸਮੇਂ ਦੀ ਕਹਾਣੀ ਏ। ਮੇਰੇ ਸਮੇਂ ਵਿਚ ਮੇਰਾ ਸਮਾਜ ਹੀ ਨਹੀਂ ਬਲਕਿ ਪੂਰੇ ਪੰਜਾਬ ਦਾ ਸਮਾਜ, ਭਾਰਤੀ ਸਮਾਜ ਆਪਣੀਆਂ ਜਾਤਾਂ-ਗੋਤਾਂ ਵਿਚ ਜੀਉਂਦਾ ਏ। ਉਨ੍ਹਾਂ ਵਿਚ ਬੱਝਿਆ ਹੋਇਆ ਸਮਾਜ, ਜਾਤੀ ਬੰਧਨਾਂ ਵਿਚ ਵਿਚਰਦਾ ਏ। ਇਹ ਮੇਰੇ ਸਮੇਂ ਦਾ ਸੱਚ ਏ। ਇਹ ਮੇਰੇ ਪੁਰਖਿਆਂ ਦੇ ਸਮੇਂ ਦਾ ਵੀ ਸੱਚ ਸੀ। ਅਤੇ ਮੇਰੇ ਤੋਂ ਬਾਅਦ ਦੇ ਮੇਰੇ ਬੱਚਿਆਂ ਦੇ ਸਮੇਂ ਦਾ ਵੀ ਹੋਵੇਗਾ। ਸੋ ਮੈਂ ਆਪਣੇ ਸਮੇਂ ਨੂੰ ਫੜਦਿਆਂ ਆਪਣੀਆਂ ਕਹਾਣੀਆਂ ਵਿਚ ਜਿਹੜੇ ਪਾਤਰਾਂ ਦੀ ਉਸਾਰੀ ਕੀਤੀ ਏ ਉਹ ਆਪਣੀ ਜਾਤ-ਗੋਤ ਅਤੇ ਆਪਣੇ ਧਰਮ ਨਾਲ ਲੈ ਕੇ ਆਉਂਦੇ ਨੇ। ਕਹਾਣੀ ਨੂੰ ਸਮਾਜਕ ਸੱਚ ਦੇ ਨੇੜੇ ਲੈ ਕੇ ਆਉਣ ਲਈ ਮੈਂ ਉਨ੍ਹਾਂ ਦੀ ਪੱਛਾਣ ਗੋਤਾਂ ਨਾਲ ਕਰਵਾਉਂਦਾ ਹਾਂ। ਮੈਨੂੰ ਇਹ ਗੱਲ ਵੀ ਪਰੇਸ਼ਾਨ ਕਰਦੀ ਏ ਜਿਹੜੇ ਕਥਾਕਾਰ ਜਾਂ ਲੇਖਕ ਕਹਿੰਦੇ ਨੇ ਕਿ ਸਾਨੂੰ ਸਰਬ ਸਾਂਝੇ ਸਮਾਜ ਦੀ ਗੱਲ ਕਰਨੀ ਚਾਹੀਦਾ ਏ। ਮਨੁੱਖ ਦੀ ਗੱਲ ਕਰਨੀ ਚਾਹੀਦੀ ਏ। ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਗੱਲਾਂ ਕਰ ਕੇ, ਲਿਖ ਕੇ ਉਹ ਆਪਣੇ ਆਪ ਨੂੰ ਅਤੇ ਆਪਣੇ ਪਾਠਕਾਂ ਨੂੰ ਹਨੇਰੇ ਵਿਚ ਰੱਖਣਾ ਚਾਹੁੰਦੇ ਨੇ। ਮੈਂ ਪਾਠਕ ਨੂੰ ਸਮਾਜ ਦਾ ਸੱਚ ਵਿਖਾਉਣਾ ਚਾਹੁੰਦਾ ਕਿ ਭਾਰਤੀ ਅਤੇ ਪੰਜਾਬੀ ਸਮਾਜ ਧਰਮਾਂ, ਜਾਤਾਂ ਤੇ ਗੋਤਾਂ ਵਿਚ ਜਿਉਂਦਾ ਏ। ਉਨ੍ਹਾਂ 'ਚ ਹੀ ਮਰ ਜਾਂਦਾ ਏ। ਇਕ ਪ੍ਰਲੋਤਾਰੀ ਵਰਗ ਹੁੰਦਾ ਏ ਇਕ ਸਰਵਹਾਰਾ ਵਰਗ ਹੁੰਦਾ ਏ। ਇਹ ਧਾਰਨਾਵਾਂ ਭਾਰਤੀ / ਪੰਜਾਬੀ ਸਮਾਜ ਦੇ ਸੰਦਰਭ 'ਚ ਫ਼ਜ਼ੂਲ ਹਨ। ਏਸੇ ਸਮਾਜਕ ਸੱਚ ਨੂੰ ਮੈਂ ਆਪਣੇ ਸਮੇਂ ਵਿਚ ਵੇਖਿਆ ਤੇ ਭੋਗਿਆ ਏ। ਮੇਰੇ ਪੁਰਖਿਆਂ ਨੇ ਭੋਗਿਆ ਏ। ਮੈਨੂੰ ਕਈ ਦੋਸਤ ਕਹਿ ਦਿੰਦੇ ਨੇ ਯਾਰ ਹੁਣ ਆਹ ਦਲਿਤਾਂ ਜਿਹਾਂ ਦੀਆਂ ਕਹਾਣੀਆਂ ਲਿਖਣੀਆਂ ਛੱਡ ਦੇ... ਬਹੁਤ ਲਿਖ ਲਈਆਂ ਨੇ। ਮੈਂ ਠੰਢੇ ਦਿਮਾਗ ਨਾਲ ਸੋਚਦਾ ਵੀ ਹਾਂ... ਆਪਣੇ ਆਪ ਨੂੰ ਕਹਿੰਦਾ ਹਾਂ... ਫੇਰ ਮਨਾ, ਮੈਂ ਕਿਹੋ ਜਿਹੀਆਂ ਕਹਾਣੀਆਂ ਲਿਖਾਂ? ਕਥਾਕਾਰ ਜੋ ਭੋਗਦਾ ਏ। ਜੋ ਆਪਣੇ ਸਮੇਂ ਵਿਚ ਵੇਖਦਾ ਏ। ਜੋ ਮਹਿਸੂਸ ਕਰਦਾ ਏ, ਉਹੀ ਤਾਂ ਲਿਖਦਾ ਏ। ਮੈਂ ਜਾਹਲੀ ਪਾਤਰ ਘੜ ਕੇ ਜਾਹਲੀ ਘਟਨਾਵਾਂ ਸਿਰਜ ਕੇ ਜਾਹਲੀ ਕਲਪਿਤ ਵਿਸ਼ਿਆ ਨਾਲ ਤਾਂ ਲਿਖ ਨਹੀਂ ਸਕਦਾ। ਮੈਥੋਂ ਫ਼ਿਲਹਾਲ ਤਾਂ ਲਿਖਿਆ ਨਹੀਂ ਜਾਣਾ। ਭਵਿੱਖ ਬਾਰੇ ਮੈਂ ਕਹਿ ਨਹੀਂ ਸਕਦਾ। ਮੈਂ ਹੁਣ ਤੱਕ ਆਪਣੇ ਸਮੇਂ ਨੂੰ ਚਿਤਰਿਆ ਏ। ਜੇ ਸਮਾਂ ਮੈਨੂੰ ਕਿਸੇ ਹੋਰ ਖਿੱਤੇ ਵਿਚ ਲੈ ਗਿਆ ਤਾਂ ਉਸ ਖਿੱਤੇ ਬਾਰੇ ਵੀ ਲਿਖਿਆ ਜਾ ਸਕਦਾ ਏ। ਇਹ ਤਾਂ ਸਮਾਂ ਹੀ ਦੱਸੇਗਾ। ਪਿਛਲੇ ਚਾਰ ਕੁ ਸਾਲਾਂ 'ਚ ਮੈਂ ਕੈਨੇਡਾ ਦੇ ਸਮੇਂ ਨੂੰ ਵੀ ਨੇੜੇ ਤੋਂ ਵੇਖਿਆ ਬਹੁਤ ਨੇੜੇ ਜਾ ਕੇ ਕੈਨੇਡਾ ਦੀ ਫ਼ਲਦਾਰ ਖੇਤੀਬਾੜੀ



ਵੇਖੀ, ਛੋਟੀ ਕਿਸਾਨੀ, ਦਰਮਿਆਨੀ ਕਿਸਾਨੀ ਅਤੇ ਵੱਡੀ ਕਿਸਾਨੀ ਦੇ ਵਿਹਾਰ ਨੂੰ ਸਮਝਿਆ। ਉਥੋਂ ਦੇ ਪੰਜਾਬੀਆਂ ਦੀ ਮਾਨਸਿਕਤਾ ਸਮਝੀ, ਕੱਚੇ ਪਰਵਾਸੀਆਂ ਦੀ ਤਰਲੋਮੱਛੀ ਹੁੰਦੀ ਮਾਨਸਿਕਤਾ ਸਮਝੀ ਤੇ ਮੈਂ ਕਹਾਣੀ ਲਿਖੀ 'ਬਲੈਕ ਡਸਟਬਿਨ'। ਇਕ ਨਾਵਲ 'ਜ਼ਰਖ਼ੇਜ਼' ਲਿਖਿਆ। ਜਿਹਦੇ ਵਿਚ ਮੈਂ ਸਮਕਾਲ ਦੇ ਪਰਵਾਸੀ ਹੋ ਰਹੇ ਪੰਜਾਬੀਆਂ ਦੀਆਂ ਅਤ੍ਰਿਪਤ ਖਾਹਿਸ਼ਾਂ, ਉਥੋਂ ਦੇ ਸਿਸਟਮ ਵਿਚ ਢਲਣ ਦੀ ਜੱਦੋਜ਼ਹਿਦ ਨੂੰ ਪੇਸ਼ ਕੀਤਾ ਏ।

ਤੁਸੀਂ ਮੇਰੀਆਂ ਕਹਾਣੀਆਂ ਰਾਹੀ ਮੇਰੇ ਸਮੇਂ ਨੂੰ ਸਮਝ ਸਕਦੇ ਹੋ। ਇਹ ਉਹ ਸਮਾਂ ਏ ਜਿਸ 'ਚ ਮੈਂ ਕੁਝ ਦਹਾਕੇ ਬਤੀਤ ਕੀਤੇ ਨੇ। ਮੇਰੇ ਇਰਦ-ਗਿਰਦ ਸਮਾਜਕ ਇਤਿਹਾਸਕਾਰੀ ਦੀਆਂ ਘਟਨਾਵਾਂ ਖ਼ਿਲਰੀਆਂ ਪਈਆਂ ਸਨ। ਕਥਾਕਾਰ ਉਨ੍ਹਾਂ ਘਟਨਾਵਾਂ ਨੂੰ ਹੀ ਕਹਾਣੀ ਦੀ ਸ਼ਕਲ 'ਚ ਢਾਲਦਾ ਏ, ਜਿਹੜੀਆਂ ਉਹਨੂੰ ਵਧੇਰੇ ਟੁੰਬਦੀਆਂ ਨੇ ਜੋ ਉਹਦੇ ਮਨ 'ਤੇ ਝਰੀਟਾਂ ਮਾਰਦੀਆਂ ਨੇ। ਮੇਰੇ ਮੋਹਰੇ ਅਜਿਹੇ ਸਮਾਜ ਦੇ ਖਿੱਲਰੇ ਟੁੱਕੜੇ ਪਏ ਸਨ, ਜਿਸ 'ਚ ਮਨੁੱਖ ਦੇ ਆਪਸੀ ਰਿਸ਼ਤੇ ਬੜੇ ਗੁੰਝਲਦਾਰ ਹਨ। ਇਨ੍ਹਾਂ ਨੂੰ ਮੈਂ ਆਪਣੀ ਸਮਝ ਨਾਲ ਆਤਮਸਾਤ ਕਰ ਰਿਹਾ ਸਾਂ। ਸਾਹਿਤ ਨਾਲ ਜੁੜ ਕੇ ਮੈਂ ਪੇਂਡੂ ਸਮਾਜ ਦੀਆਂ ਗੁੰਝਲਾਂ ਦੀ ਉਲਝੀ ਤਾਣੀ ਨੂੰ ਸਮਝਣ ਲੱਗ ਪਿਆ ਸਾਂ। ਮੈਂ ਮਹਿਸੂਸ ਕਰ ਰਿਹਾਂ ਸਾਂ ਕਿ ਉਪਰੋਂ ਸ਼ਾਂਤੀ ਨਾਲ ਤੁਰ ਫਿਰ ਰਿਹਾ ਸਮਾਜ ਅੰਦਰੋਂ ਆਪਣੀ ਹੋਂਦ ਤੇ ਪਛਾਣ ਲਈ ਬਹੁਤ ਹੀ ਤਰਲੋ-ਮੱਛੀ ਹੋ ਰਿਹਾ ਏ। ਮੇਰੇ ਆਲੇ-ਦੁਆਲੇ ਜੋ ਘਟਨਾਵਾਂ ਘਟਦੀਆਂ ਮੈਂ ਉਨ੍ਹਾਂ ਦਾ ਗਲਪੀ ਬਿੰਬ ਉਸਾਰਨ ਲੱਗ ਪਿਆ ਸਾਂ। ਆਪਣੇ ਨਾਨਕੇ ਪਰਿਵਾਰ ਦੇ ਵਡੇਰੇ ਲੋਕਾਂ ਦੇ, ਇਨ੍ਹਾਂ ਘਟਨਾਵਾਂ ਨੂੰ ਲੈ ਕੇ ਕੀਤੇ ਵਿਸ਼ਲੇਸ਼ਣ ਰਾਹੀ ਮੇਰਾ 'ਤੀਜਾ ਨੇਤਰ' ਖੁੱਲ੍ਹਣ ਲੱਗ ਪਿਆ ਸੀ ਤੇ ਮੈਂ ਦਲਿਤਾਂ ਦੇ ਜੀਵਨ ਯਥਾਰਥ ਨੂੰ ਹੋਰ ਡੂੰਘਾਈ ਨਾਲ ਪਰਖਣ ਲੱਗ ਪਿਆ ਸਾਂ। ਮੈਂ ਵੇਖਦਾ ਸਾਂ ਕਿ ਪੇਂਡੂ ਸਮਾਜਕ ਜੀਵਨ ਜਾਤਾਂ 'ਚ ਵੰਡਿਆ ਹੋਇਆ ਏ। ਜਾਤਾਂ ਨੂੰ ਲੈ ਕੇ ਹਰ ਮਨੁੱਖ ਦੇ ਮਨਾਂ 'ਚ ਬਹੁਤ ਪੀਡੀਆਂ ਗੰਢਾਂ ਬੱਝੀਆਂ ਹੋਈਆਂ ਨੇ। 'ਆਪਣੇ ਲੋਕਾਂ' ਦੇ ਮਨਾਂ ਅੰਦਰ ਪਿਘਲ ਰਹੇ ਲਾਵੇ ਨੂੰ ਮੈਂ ਬੜੀ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਸਾਂ। ਆਪਣੀਆਂ ਕਹਾਣੀਆਂ 'ਚ ਮੈਂ ਸੁਚੇਤ ਰੂਪ 'ਚ 'ਪਿੰਡ' ਦੀ ਸਮਾਜਕ ਇਤਿਹਾਸਕਾਰੀ ਕਰਨ ਲੱਗ ਪਿਆ ਸਾਂ। ਸਮਾਜਕ ਇਤਿਹਾਸਕਾਰੀ ਕਰਦਿਆਂਲੇਖਕ ਹਮੇਸ਼ਾਂ ਪੀੜਤ ਧਿਰ ਵੱਲ ਖੜਦਾ ਏ। ਮੇਰੇ ਅੱਗੇ ਪੀੜਤ ਧਿਰ ਦਲਿਤ ਤੇ ਔਰਤ ਰਹੀ ਏ। ਮੈਂ ਮਹਿਸੂਸ ਕਰ ਰਿਹਾ ਸਾਂ ਕਿ ਦਲਿਤ ਧਿਰਾਂ ਨੂੰ ਸਮਾਜਕ, ਆਰਥਿਕ, ਮਾਨਸਿਕ ਤੇ ਸਭਿਆਚਾਰਕ ਤੌਰ ਤੇ ਦਬਾਇਆ ਜਾ ਰਿਹਾ ਏ। ਮੈਂ ਉਨ੍ਹਾਂ ਦੇ ਦਾਬੇ ਨੂੰ ਸ਼ਬਦਾਂ ਰਾਹੀਂ ਜ਼ੁਬਾਨ ਦੇਣੀ ਚਾਹੁੰਦਾ ਸਾਂ।

ਆਪਣੀਆਂ ਮੁਢਲੀਆਂ ਕਹਾਣੀਆਂ 'ਚ ਦਲਿਤ ਜੀਵਨ ਯਥਾਰਥ ਨੂੰ ਮੈਂ ਨਾਟਕੀ ਸੰਵਾਦ ਸ਼ੈਲੀ ਨਾਲ ਪੇਸ਼ ਕੀਤਾ ਏ। 'ਆਪਣੇ ਲਹੂ ਦੀ ਚਿੰਤਾ', 'ਗੜ੍ਹੀ ਪਿੰਡ ਦੀ ਕਹਾਣੀ' ਅਤੇ 'ਫ਼ੈਸਲਾ' ਕਹਾਣੀਆਂ 'ਚ ਪਾਠਕ ਦਲਿਤਾਂ ਦੇ ਸਮਾਜਕ ਦਾਬੇ ਤੋਂ ਉਪਜੀ ਨਾਬਰੀ ਦੀ ਸੁਰ ਨੂੰ ਮਹਿਸੂਸ ਕਰ ਸਕਦੇ ਨੇ।

ਪੇਂਡੂ ਸਭਿਆਚਾਰ ਵਿਚ ਫੈਲੀ ਜਾਤੀ ਵੰਡ ਦੀ ਪੀੜਾ ਤੋਂ ਬਾਅਦ ਮੈਂ ਮਹਿਸੂਸ ਕੀਤਾ ਕਿ ਦਲਿਤ ਵੀ ਅੱਗੋਂ ਉਪ ਜਾਤਾਂ 'ਚ ਵੰਡੇ ਹੋਏ ਨੇ। ਉਨ੍ਹਾਂ ਦੇ ਆਪਸੀ ਸਮਾਜਕ ਟਕਰਾਓ ਬਹੁਤ ਗਹਿਰੇ ਨੇ। ਏਥੋਂ ਤੱਕ ਉਨ੍ਹਾਂ ਵਿਚ ਰੋਟੀ-ਬੇਟੀ ਦੀ ਸਾਂਝ ਵੀ ਨਹੀਂ। ਇਸ ਤੋਂ ਅੱਗੇ ਦਲਿਤ ਉਪ-ਜਾਤੀਆਂ ਵਿਚ ਅੱਗੋਂ ਜੋ ਕਾਸਟ ਕਨਵਰਸ਼ਨ ਹੋਈ ਏ, ਜੋ ਸਭਿਆਚਾਰਕ ਪਾੜਾ ਪਿਆ ਏ, ਇਨ੍ਹਾਂ ਮੁੱਦਿਆਂ ਨੂੰ ਲੈ ਕੇ ਦਲਿਤਾਂ 'ਚ ਬਹੁਤ ਸਮਾਜਕ ਦਬਾਅ ਵਧਿਆ ਏ। ਇਹ ਇਨਰ

ਕੰਟਾਡੰਕਸ਼ਨ ਬਹੁਤ ਵੱਡੇ ਸਮਾਜਕ ਸੰਕਟ ਲੈ ਕੇ ਆਈ ਏ। ਉਪਰੰਤ ਮੈਂ ਇਨ੍ਹਾਂ ਬਦਲ ਰਹੇ ਸਮਾਜਕ ਯਥਾਰਥ ਨੂੰ ਵੀ ਸਮਝਣ ਲੱਗ ਪਿਆ ਸਾਂ। ਦਲਿਤਾਂ ਦੀ ਸਮਾਜਕ ਗਤੀ ਦਾ ਇਹ ਅਗਲਾ ਪੜਾ ਰਿਹਾ ਏ। ਸੋ ਏਸ ਸਮਾਜਕ ਗਤੀ ਨੂੰ ਮੈਂ 'ਆਦੀ ਡੰਕਾ', 'ਜੜ੍ਹਾਂ', 'ਰਹਿਮਤ ਮਸੀਹ ਮੱਟੂ ਦੀ ਜੀਵਨੀ', 'ਸੁੱਕੀਆਂ ਕੁੰਨਾਂ' ਤੇ 'ਕੁੰਭੀ ਨਰਕ' ਆਦਿ ਕਹਾਣੀਆਂ 'ਚ ਜ਼ੁਬਾਨ ਦਿੱਤੀ ਏ। ਪੰਜਾਬੀ ਕਹਾਣੀ ਵਿਚ ਇਹ ਦਲਿਤ ਜੀਵਨ ਯਥਾਰਥ ਦਾ ਅਛੂਤਾ ਤੇ ਨਵਾਂ ਪਸਾਰ ਏ।

ਮੈਂ ਆਪਣੇ ਸਮੇਂ ਦੀ ਸਾਹਿਤਕ ਪੱਤਰਕਾਰੀ ਨੂੰ ਵੇਖਣ ਤੇ ਸਮਝਣ ਦਾ ਯਤਨ ਕਰਦਾ ਹਾਂ। ਜਦੋਂ ਮੈਂ ਸੁਰਤ ਸੰਭਾਲੀ ਤੇ ਸਕੂਲ ਵਿਚ ਸਾਂ ਉਦੋਂ ਮੈਂ ਆਪਣੇ ਬਾਪ ਦੇ ਹੱਥ ਵਿਚ ਪਹਿਲੀ ਵਾਰ 'ਚਮਕੀਲੀ' ਮੈਗਜ਼ੀਨ ਵੇਖਿਆ ਸੀ। ਜਿਹਦੇ ਵਿਚ ਮਨੁੱਖੀ ਭਾਵਨਾਵਾਂ ਉਕਸਾਊ ਕਹਾਣੀਆਂ, ਗੀਤ ਤੇ ਲੇਖ ਛਪਦੇ ਸਨ। ਮੈਂ ਉਸ ਕਿਸਮ ਦੀ ਪੱਤਰਕਾਰੀ ਨੂੰ ਵੇਖਿਆ ਤੇ ਪੜ੍ਹਿਆ। ਫਿਰ ਜਦੋਂ ਕਾਲਜ ਗਿਆ ਤਾਂ ਮੇਰੇ ਮਾਮੇ ਨੇ ਮੈਨੂੰ ਪਹਿਲੀ ਵਾਰ ਇਕ ਰਸਾਲਾ 'ਆਰਸੀ' ਲਿਆ ਕੇ ਦਿੱਤਾ। ਮੈਂ ਉਸ ਨੂੰ ਪੜ੍ਹਿਆ ਅਤੇ ਕਿੰਨੀ ਦੇਰ ਉਸ ਨੂੰ ਸਾਂਭ ਕੇ ਰੱਖਿਆ। ਉਪਰੰਤ ਮੈਂ ਸਟਾਲ ਤੋਂ ਖਰੀਦ ਕੇ ਅੰਮ੍ਰਿਤਾ ਪ੍ਰੀਤਮ ਦਾ 'ਨਾਗਮਣੀ' ਪੜ੍ਹਨਾ ਸ਼ੁਰੂ ਕਰ ਦਿੱਤਾ। 'ਪ੍ਰੀਤ ਲੜੀ' ਪੜ੍ਹਨ ਲੱਗ ਪਿਆ। ਬਾਅਦ ਵਿਚ 'ਸਿਰਜਣਾ' ਅਤੇ 'ਲਕੀਰ' ਨਾਲ ਵਾਹ ਪਿਆ। ਜਦੋਂ ਮੈਂ ਆਪਣੇ ਸਮੇਂ ਦੀ ਸਾਹਿਤਕ ਪੱਤਰਕਾਰੀ ਵੱਲ ਵੇਖਿਆ ਤਾਂ ਮਹਿਸੂਸ ਕੀਤਾ ਕਿ ਉਸ ਵੇਲੇ ਸਾਹਿਤਕ ਪਰਚਿਆਂ ਦੇ ਸੰਪਾਦਕ ਵੱਡੇ ਕੱਦ ਦੇ ਹੁੰਦੇ ਸਨ। ਚਾਹੇ ਉਹ ਜੋਸ਼ਵਾ ਫ਼ਜ਼ਲਦੀਨ ਲਾਇਲਪੁਰ ਤੋਂ 'ਪੰਜਾਬੀ ਦਰਬਾਰ' ਸੰਪਾਦਤ ਕਰਦਾ ਸੀ। ਚਾਹੇ ਲਾਭ ਸਿੰਘ ਨਾਰੰਗ 'ਪ੍ਰੀਤਮ' ਸੰਪਾਦਤ ਕਰਦਾ ਸੀ। ਚਾਹੇ ਕਰਤਾਰ ਸਿੰਘ ਬਲੱਗਣ 'ਕਵਿਤਾ' ਸੰਪਾਦਤ ਕਰਦਾ ਸੀ। ਚਾਹੇ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਸੰਪਾਦਤ ਕਰਦਾ ਸੀ। ਚਾਹੇ ਉਹ ਨਾਨਕ ਸਿੰਘ 'ਕਹਾਣੀ' ਸੰਪਾਦਤ ਕਰਦਾ ਸੀ। ਚਾਹੇ ਹੀਰਾ ਸਿੰਘ ਦਰਦ 'ਫੁਲਵਾੜੀ' ਸੰਪਾਦਤ ਕਰਦਾ ਸੀ। ਚਾਹੇ ਮੋਹਨ ਸਿੰਘ 'ਪੰਜ ਦਰਿਆ' ਸੰਪਾਦਤ ਕਰਦਾ ਸੀ। ਚਾਹੇ ਉਹ ਅੰਮ੍ਰਿਤਾ ਪ੍ਰੀਤਮ 'ਨਾਗਮਣੀ' ਸੰਪਾਦਤ ਕਰਦੀ ਸੀ, ਚਾਹੇ ਪ੍ਰੇਮ ਪ੍ਰਕਾਸ਼ 'ਲਕੀਰ' ਸੰਪਾਦਤ ਕਰਦਾ ਸੀ। ਚਾਹੇ ਰਘਬੀਰ ਸਿੰਘ 'ਸਿਰਜਣਾ' ਸੰਪਾਦਤ ਕਰਦਾ ਸੀ। ਜਾਂ ਬਾਅਦ ਵਿਚ ਰਾਮ ਸਰੂਪ ਅਣਖੀ 'ਕਹਾਣੀ ਪੰਜਾਬ' ਸੰਪਾਦਤ ਕਰਦਾ ਸੀ। ਜਾਂ ਪ੍ਰਮਿੰਦਰਜੀਤ 'ਅੱਖਰ' ਸੰਪਾਦਤ ਕਰਦਾ ਸੀ। ਜਾਂ 'ਲੋਅ' ਛਪਦਾ ਸੀ। ਇਹ ਸਾਰੇ ਵੱਡੇ ਕੱਦ ਦੇ ਲੇਖਕ ਤੇ ਸੰਪਾਦਕ ਸਨ। ਸਾਹਿਤਕਾਰ ਇਨ੍ਹਾਂ ਪਰਚਿਆਂ ਨੂੰ ਰਚਨਾਵਾਂ ਬੜੇ ਮਾਣ ਨਾਲ ਭੇਜਦੇ ਸਨ। ਮੈਨੂੰ ਚੇਤੇ ਹੈ ਮੈਂ ਜਦੋਂ 'ਨਾਗਮਣੀ', 'ਆਰਸੀ', 'ਸਿਰਜਣਾ', 'ਪ੍ਰੀਤਲੜੀ' ਜਾਂ 'ਲਕੀਰ' ਆਣਾ ਹੁੰਦਾ ਸੀ ਮੈਂ ਬੱਸ ਸਟੈਂਡ 'ਤੇ ਚੱਕਰ ਮਾਰਨ ਲੱਗ ਪੈਂਦਾ ਸੀ। ਖਾਸ ਕਰਕੇ 'ਨਾਗਮਣੀ' ਖਰੀਦਣ ਲਈ ਮੈਂ ਉਚੇਚਾ ਜਾਂਦਾ ਸੀ। 'ਨਾਗਮਣੀ' ਦੀਆਂ ਫਾਇਲਾਂ ਮੈਂ ਹੁਣ ਵੀ ਬਇੰਡ ਕਰਵਾ ਕੇ ਰੱਖੀਆਂ ਹੋਈਆਂ ਹਨ। ਇਨ੍ਹਾਂ ਪਰਚਿਆਂ ਦੇ ਸੰਪਾਦਕ ਮਾੜੀ ਰਚਨਾ ਰੱਦ ਕਰਕੇ ਲੇਖਕ ਨੂੰ ਵਾਪਸ ਵੀ ਭੇਜ ਦਿੰਦੇ ਸਨ। ਭਾਵ ਕਿ ਉਹ ਆਪਣੀ ਸੂਝ ਨਾਲ ਰਚਨਾਵਾਂ ਦੀ ਚੋਣ ਕਰਦੇ ਸਨ। ਜਦੋਂ ਮੈਂ ਕਹਾਣੀਆਂ ਲਿਖਣ ਲੱਗਾ ਤਾਂ ਇਨ੍ਹਾਂ ਪਰਚਿਆਂ ਨੂੰ ਕਹਾਣੀਆਂ ਭੇਜਣ ਲੱਗਾ ਤਾਂ ਮੇਰੀਆਂ ਕਹਾਣੀਆਂ ਨਾਗਮਣੀ ਤੋਂ ਮੁੜ ਕੇ ਆਈਆਂ ਸਨ। ਪ੍ਰੇਮ ਪ੍ਰਕਾਸ਼ ਵੀ ਕਹਾਣੀ ਮੋੜ ਦਿੰਦਾ ਸੀ। ਜਾਂ ਬਾਬਾ ਕਹਿੰਦਾ ਸੀ, ਸੋਧ ਕਰਕੇ ਦੁਬਾਰਾ ਭੇਜ। ਮੈਂ 'ਸਿਰਜਣਾ' ਨੂੰ ਵੀ ਬਹੁਤ ਕਹਾਣੀਆਂ ਭੇਜੀਆਂ, ਜਿਹੜੀਆਂ ਵਾਪਸ ਮੁੜਦੀਆਂ ਰਹੀਆਂ। ਰਘਬੀਰ ਸਿੰਘ ਮੈਨੂੰ ਚਿੱਠੀ ਲਿਖਦੇ ਸਨ ਕਿ ਕਹਾਣੀ ਵਿਚ ਕੀ ਕੀ ਖਾਮੀਆਂ ਹਨ। ਉਹ ਚਿੱਠੀਆਂ ਮੇਰਾ ਹੁਣ ਵੀ ਰਾਹ ਦਸੇਰਾ ਬਣਦੀਆਂ ਹਨ। ਫਿਰ ਜਦੋਂ ਮੈਂ 'ਕਸੂਰਵਾਰ' ਕਹਾਣੀ ਭੇਜੀ



ਤਾਂ ਉਨ੍ਹਾਂ ਛਪਣ ਲਈ ਰੱਖ ਲਈ। ਮੈਨੂੰ ਤਸੱਲੀ ਹੋਈ ਕਿ ਹੁਣ ਮੈਂ ਚੰਗੀ ਕਹਾਣੀ ਲਿਖ ਸਕਦਾ ਸਾਂ। ਉਦੋਂ ਪੰਜਾਬੀ ਸਾਹਿਤ ਵਿਚ ਇਹ ਗੱਲ ਇੱਟ ਵਰਗੀ ਪੱਕੀ ਸੀ ਕਿ ਜਿਹੜੇ ਕਥਾਕਾਰ ਦੀ 'ਸਿਰਜਣਾ' ਵਿਚ ਕਹਾਣੀ ਛਪ ਜਾਂਦੀ ਏ ਤਾਂ ਉਹਨੂੰ ਪੰਜਾਬੀ ਸਾਹਿਤ ਵਿਚ ਬਤੌਰ ਕਹਾਣੀਕਾਰ ਮੰਨਿਆ ਜਾਣ ਲੱਗ ਪੈਂਦਾ ਸੀ। ਉਸ ਵੇਲੇ 'ਸਿਰਜਣਾ' ਵਿਚ ਛਪਣ ਲਈ ਸਾਲ ਸਾਲ ਉਡੀਕ ਵੀ ਕਰਨੀ ਪੈਂਦੀ ਸੀ। ਤੇ 'ਸਿਰਜਣਾ' ਵਿਚ 'ਕਸੂਰਵਾਰ' ਛਪਣ ਨਾਲ ਮੈਨੂੰ ਕਹਾਣੀਕਾਰ ਮੰਨਿਆ ਜਾਣ ਲੱਗ ਪਿਆ ਸੀ। ਰਾਮ ਸਰੂਪ ਅਣਖੀ ਨੂੰ ਹਰ ਨਵੇਂ-ਪੁਰਾਣੇ ਕਹਾਣੀਕਾਰ ਬੜੇ ਮਾਣ ਨਾਲ ਕਹਾਣੀ ਭੇਜਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ ਮੈਨੂੰ ਹਰ ਮਹੀਨੇ ਤਕਰੀਬਨ ਪੰਦਰਾਂ ਤੋਂ ਵੀਹ ਕਹਾਣੀ ਪੁੱਜਦੀਆਂ ਹਨ। ਤਿੰਨ ਮਹੀਨੇ ਵਿਚ ਪੰਜਤਾਲੀ ਕਹਾਣੀ ਦੇ ਕਰੀਬ ਕਹਾਣੀਆਂ ਪਹੁੰਚ ਜਾਂਦੀਆਂ ਹਨ। ਪਰ ਮੈਂ ਉਨ੍ਹਾਂ ਵਿਚੋਂ ਛਾਂਟ ਕੇ ਚੰਗੀਆਂ ਪੰਜ ਸੱਤ ਕਹਾਣੀਆਂ ਹੀ ਛਾਪਦਾ ਸੀ। ਉਸੇ ਵੇਲੇ ਸੰਪਾਦਕ ਕੋਲ ਰਚਨਾਵਾਂ ਦੀ ਚੋਣ ਕਰਨ ਦਾ ਬਹੁਤ ਸਾਰੇ ਬਦਲ ਹੁੰਦੇ ਸਨ। ਉਸ ਤੋਂ ਬਾਅਦ ਜੋ ਸਾਹਿਤਕ ਮੈਗਜ਼ੀਨ ਛਪਣੇ ਸ਼ੁਰੂ ਹੋਏ ਜਿਨ੍ਹਾਂ ਵਿਚੋਂ ਸ਼ਬਦ, ਪ੍ਰਵਚਨ, ਹੁਣ, ਕਹਾਣੀ ਧਾਰਾ, ਚਿਰਾਗ, ਫਿਲਹਾਲ, ਸਮਕਾਲੀ ਸਾਹਿਤ, ਸਮਦਰਸ਼ੀ, ਕਾਲੀ ਵਾਲਾ 'ਲਕੀਰ', ਵਿਸ਼ਾਲ ਵਾਲਾ 'ਅੱਖਰ', ਰਾਗ, ਵਾਹਗਾ, ਏਕਮ ਅਤੇ ਕਲਾਕਾਰ ਆਦਿ ਪ੍ਰਮੁੱਖ ਨੇ। ਇਨ੍ਹਾਂ ਵਿਚੋਂ ਕਈ ਮੈਗਜ਼ੀਨ ਵੱਡੇ ਅਕਾਰ ਦੇ ਵੀ ਹਨ। ਜਿਨ੍ਹਾਂ ਦੀ ਛਪਾਈ ਤੇ ਪੇਪਰ ਬਹੁਤ ਵਧੀਆਂ ਹੁੰਦਾ ਏ। ਪਰਚੇ ਐਨੇ ਹੋ ਗਏ ਕਿ ਪਰਚਿਆਂ ਦੇ ਸੰਪਾਦਕਾਂ ਕੋਲ ਮੈਟਰ ਬਹੁਤ ਘੱਟ ਪਹੁੰਚਣ ਲੱਗ ਪਿਆ। ਸੰਪਾਦਕਾਂ ਕੋਲੋਂ ਜਿਸ ਕਿਸਮ ਦਾ ਮੈਟਰ ਪਹੁੰਚਦਾ ਉਹ ਛਾਪ ਦਿੰਦਾ। ਸੰਪਾਦਕ ਕੋਲ ਮਾੜਾ ਮੈਟਰ ਰੱਦ ਕਰਕੇ ਹੋਰ ਚੰਗਾ ਮੈਟਰ ਛਾਪਣ ਦਾ ਬਦਲ ਹੀ ਕਤਮ ਹੋ ਗਿਆ ਏ। ਉਸ ਕੋਲ ਮੈਟਰ ਦੀ ਚੋਣ ਕਰਨ ਦਾ ਕਨਸਪੈਟ ਹੀ ਉਡ ਗਿਆ। ਸੰਪਾਦਕ ਕਾਹਦੀ ਚੋਣ ਕਰੇਗਾ? ਜਿਹੜੀ ਕਹਾਣੀ-ਕਵਿਤਾ-ਲੇਖ ਆਉਂਦਾ ਉਹ ਫਟ ਅਗਲੇ ਅੰਕ ਵਿਚ ਛਾਪ ਦਿੰਦਾ। ਉਸ ਕੋਲ ਕੋਈ ਬਦਲ ਹੀ ਨਹੀਂ ਬਚਿਆ। ਮੰਨ ਲਓ ਜੇ ਕਰ 'ਸ਼ਬਦ' ਦੇ ਸੰਪਾਦਕ ਜਿੰਦਰ ਨੇ ਕੋਈ ਕਹਾਣੀ ਰੱਦ ਕਰ ਦਿੱਤੀ ਏ ਤਾਂ ਲੇਖਕ ਉਹ ਕਹਾਣੀ 'ਕਹਾਣੀ ਧਾਰਾ' ਨੂੰ ਮੇਲ ਕਰ ਦਿੰਦਾ ਏ। ਮੈਂ ਉਹ ਛਾਪ ਦਿੰਦਾ ਹਾਂ। ਜਾਂ 'ਕਹਾਣੀ ਧਾਰਾ' ਨੇ ਜੋ ਰਚਨਾ ਰੱਦ ਕਰ ਦਿੱਤੀ ਉਹ ਕਿਸੇ ਦੂਜੇ ਪਰਚੇ ਨੇ ਛਾਪ ਦਿੱਤੀ। ਸੰਪਾਦਕਾਂ ਕੋਲੋਂ ਮੈਟਰ ਨੂੰ ਰੱਦ ਕਰਕੇ ਚੰਗੇ ਮੈਟਰ ਦੀ ਚੋਣ ਦਾ ਬਦਲ ਹੀ ਖਤਮ ਹੋ ਗਿਆ ਏ। ਪਰਚੇ ਵੱਧ ਗਏ ਚੰਗਾ ਲਿਖਣ ਵਾਲੇ ਘਟ ਗਏ। ਚੰਗੇ ਮੈਟਰ ਦੀ ਘਾਟ ਕਾਰਨ ਫ਼ਿਲਹਾਲ, ਵਾਹਗਾ ਅਤੇ ਹੋਰ ਪਰਚਿਆਂ ਵਾਲਿਆਂ ਨੇ ਵਧੇਰੇ ਮੈਟਰ ਅਨੁਵਾਦ ਕਰਕੇ ਛਾਪਣਾ ਸ਼ੁਰੂ ਕਰ ਦਿੱਤਾ ਏ। ਪਹਿਲਾਂ ਛਪਿਆ ਮੈਟਰ ਏਧਰੋਂ ਉਧਰੋਂ ਚੁੱਕ ਕੇ ਪਰਚਿਆਂ 'ਚ ਛਾਪਣਾ ਸ਼ੁਰੂ ਕਰ ਦਿੱਤਾ ਏ। ਅੱਜ ਸਾਹਿਤਕ ਪਰਚਿਆਂ ਦੇ ਸੰਪਾਦਕਾਂ ਨੂੰ ਚੰਗੇ ਮੈਟਰ ਦਾ ਬਹੁਤ ਵੱਡਾ ਸੰਕਟ ਏ। ਏਥੋਂ ਤੱਕ ਜਦੋਂ 'ਸਿਰਜਣਾ' ਵਰਗੇ ਮੈਗਜ਼ੀਨ ਨੂੰ ਚੰਗੇ ਕਹਾਣੀ ਨਹੀਂ ਪਹੁੰਚਦੀ ਤਾਂ ਜਿਹੜੀ ਕਹਾਣੀ ਪਹੁੰਚੀ ਹੁੰਦੀ ਏ ਉਹੀ ਛਾਪਣ ਲਈ ਮਜ਼ਬੂਰ ਹੋਣਾ ਪੈ ਰਿਹਾ ਏ। ਇਕ ਸਮਾਂ ਸੀ ਪ੍ਰੇਮ ਪ੍ਰਕਾਸ਼ ਵੱਡੇ ਵੱਡੇ ਕਹਾਣੀਕਾਰਾਂ ਦੀਆਂ ਕਹਾਣੀਆਂ ਵਾਪਸ ਕਰ ਦਿੰਦਾ ਸੀ। ਕਹਾਣੀਕਾਰਾਂ ਨੂੰ ਏਸ ਗੱਲ ਦਾ ਦੁੱਖ ਵੀ ਹੁੰਦਾ ਸੀ। ਇਕ ਵਾਰ ਉਸ ਨੇ ਮੋਹਨ ਭੰਡਾਰੀ ਦੀ ਕਹਾਣੀ ਵਾਪਸ ਕਰ ਦਿੱਤੀ ਸੀ। ਪਰ ਹੁਣ ਸਮਾਂ ਬਦਲ ਗਿਆ ਏ। ਹਰ ਕਥਾਕਾਰ ਦੀ ਚੰਗੀ-ਮਾੜੀ, ਕੱਚੀ-ਪਿੱਲੀ ਰਚਨਾ ਛਪ ਜਾਂਦੀ ਏ। ਜੇ ਇਕ ਪਰਚਾ ਨਹੀਂ ਛਾਪਦਾ, ਦੂਜਾ ਛਾਪ ਦਿੰਦਾ ਏ। ਇਸ ਨਾਲ ਮਾੜਾ ਸਾਹਿਤ ਪਾਠਕਾਂ ਤੱਕ ਪਹੁੰਚਣ ਸ਼ੁਰੂ ਹੋ ਗਿਆ ਏ। ਦੂਜਾ ਆਪਣੇ ਸਮੇਂ ਵਿਚ ਮੈਂ ਇਹ ਵੀ ਵੇਖਿਆ ਕਿ ਵੱਡੇ ਕੱਦ ਦੇ ਸੰਪਾਦਕ

ਨਹੀਂ ਰਹੇ। ਮੈਂ ਦੂਜਿਆਂ ਸੰਪਾਦਕਾਂ ਦੀ ਕੀ ਗੱਲ ਕਰਨੀ ਏ? ਆਪਣੀ ਹੀ ਕਰ ਲੈਂਦਾ ਹਾਂ। ਮੈਂ ਦੂਜਿਆਂ ਦੇ ਮੂੰਹੋਂ ਸੁਣਿਆ ਕਿ ਫਲਾਣਾ ਲੇਖਕ ਕਹਿੰਦਾ ਏ 'ਮੈਂ ਰਸੂਲਪੁਰੀ ਦੇ ਪਰਚੇ 'ਕਹਾਣੀ ਧਾਰਾ' ਲਈ ਕਹਾਣੀ ਨਹੀਂ ਭੇਜ ਸਕਦਾ... ਯਾਰ! ਕੱਲ ਦਾ ਛੋਕਰਾ ਮੇਰੀ ਕਹਾਣੀ ਸੰਪਾਦਤ ਕਰੇਗਾ ... ਹੁਣ ਉਹ ਮੇਰੀ ਕਹਾਣੀ ਦੀ ਚੋਣ ਕਰੇਗਾ ਜਾਂ ਰੱਦ ਕਰੇਗਾ... ਜਾਂ ਵੱਡੇ ਕੱਦ ਦੇ ਯੂਨੀਵਰਸਿਟੀਆਂ ਦੇ ਆਲੋਚਕ ਇਸ ਕਰਕੇ ਲੇਖ ਨਹੀਂ ਲਿਖਦੇ ... ਕਹਿੰਦੇ ਨੇ... ਯਾਰ ਹੱਦ ਹੋ ਗਈ... ਹੁਣ ਰਸੂਲਪੁਰੀ ਦੇ ਕਹਿਣ ਤੇ ਮੈਂ ਫਲਾਣੀ ਕਿਤਾਬ 'ਤੇ ਲੇਖ ਲਿਖਾਂਗਾ... ਬਿਲਕੁਲ ਨਹੀਂ... ਕੀ ਹੁਣ 'ਕਹਾਣੀ ਧਾਰਾ' ਦਾ ਸੰਪਾਦਕ ਡੀਸਾਇਡ ਕਰੇਗਾ ਕਿ ਕਿਸ ਤਰ੍ਹਾਂ ਦਾ ਲੇਖ ਲਿਖਵਾਣਾ ਏ? ਕਿਹੜਾ ਨਹੀਂ। ਇਹੋ ਜਿਹੀ ਭਾਵਨਾ ਨਵੇਂ ਲੇਖਕਾਂ ਵਿਚ ਵੀ ਵੱਧਣ ਲੱਗ ਪਈ ਏ। 'ਯੁਵਾ ਇਨਾਮ ਪ੍ਰਾਪਤ' ਲੇਖਕਾਂ ਵਿਚ ਇਹ ਵਾਇਰਸ ਬਹੁਤ ਵੱਧਣ ਲੱਗ ਪਿਆ ਏ। ਜਿਹੜੀ ਬਹੁਤ ਖਤਰਨਾਕ ਏ। ਇਹੋ ਜਿਹੀ ਭਾਵਨਾ ਹੋਰ ਸੰਪਾਦਕਾਂ ਨਾਲ ਵੀ ਹੁੰਦੀ ਏ। ਮੈਂ ਆਪਣੇ ਸਮੇਂ ਵਿਚ ਇਹ ਵੀ ਮਹਿਸੂਸ ਕੀਤਾ ਏ ਕਈ ਕਥਾਕਾਰ ਮੇਰੇ ਵਾਰ ਵਾਰ ਕਹਿਣ ਤੇ 'ਕਹਾਣੀ ਧਾਰਾ' ਨੂੰ ਕਹਾਣੀ ਨਹੀਂ ਭੇਜਦੇ... ਨਾ ਕੋਈ ਲੇਖ ਲਿਖਦੇ ਨੇ। ਪਰ ਜਦੋਂ ਓਸੇ ਕਥਾਕਾਰ ਦੀ ਕਿਤਾਬ ਆਉਂਦੀ ਹੈ ਤਾਂ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਏ ਕਿ 'ਕਹਾਣੀ ਧਾਰਾ' ਵਿਚ ਕਹਾਣੀ ਦੀ ਕਿਤਾਬ 'ਤੇ ਦਸ ਪੰਦਰਾਂ ਪੰਨਿਆ ਦਾ ਲੰਮਾ ਲੇਖ ਜ਼ਰੂਰ ਲੱਗੇ। ਕਈ ਤਾਂ ਆਪ ਲਿਖਵਾ ਕੇ ਵੀ ਭੇਜ ਦਿੰਦੇ ਹਨ। ਹੁਣ ਵੱਡੇ ਕੱਦ ਦੇ ਸੰਪਾਦਕ ਵੀ ਨਹੀਂ ਰਹੇ। ਜਿਸ ਦੀ ਸੰਪਾਦਨਾ ਹੇਠ ਛਪਣ ਲਈ ਲੇਖਕ ਮਾਣ ਮਹਿਸੂਸ ਕਰਨ। ਸਾਹਿਤਕ ਪੱਤਰਕਾਰੀ ਵਿਚ ਵਿਦੇਸ਼ੀ ਪੂੰਜੀ ਆਉਣ ਨਾਲ ਖ਼ੂਬਸੂਰਤ ਦਿੱਖ ਵਾਲੇ ਪਰਚੇ ਛਪਣ ਜ਼ਰੂਰ ਲੱਗ ਪਏ ਹਨ। ਪਰ ਚੰਗੇ ਮੈਟਰ ਦੀ ਘਾਟ ਰੜਕਣ ਲੱਗ ਪਈ ਏ। ਮੈਟਰ ਬਹੁਤ ਪਹੁੰਚਣ ਲੱਗ ਪਿਆ ਏ ਪਰ ਉਸ ਪਹੁੰਚੇ ਮੈਟਰ ਵਿਚ ਚੰਗੇ ਮੈਟਰ ਦੀ ਚੋਣ ਕਰਨ ਦਾ ਆਲਟ੍ਰਨੇਟਿਵ ਸੰਪਾਦਕ ਕੋਲ ਨਹੀਂ ਰਿਹਾ। ਮੈਂ ਪਿਛਲੇ ਸਤਾਰਾਂ ਸਾਲਾਂ ਤੋਂ 'ਕਹਾਣੀ ਧਾਰਾ' ਸੰਪਾਦਤ ਕਰਦਾ ਆ ਰਿਹਾ ਹਾਂ। ਮੈਨੂੰ ਵੀ ਚੰਗੇ ਮੈਟਰ ਦੀ ਸਮੱਸਿਆ ਆਉਂਦੀ ਏ। ਕਈ ਵਾਰ ਮੈਂ ਵੀ ਹਲਕੀਆਂ ਕਹਾਣੀਆਂ ਛਾਪ ਦਿੰਦਾ ਹਾਂ। ਕਿਉਂਕਿ ਮੇਰੇ ਕੋਲ ਵੀ ਕੋਈ ਬਦਲ ਨਹੀਂ ਬਚਦਾ ਬਈ ਮੈਂ ਆਹ ਕਹਾਣੀ ਰੱਦ ਕਰਕੇ ਦੂਜੀ ਚੰਗੀ ਕਹਾਣੀ ਛਾਪ ਦਿਆਂ। ਇਹ ਸਮੱਸਿਆ ਜਿੰਦਰ ਨੂੰ ਵੀ ਆਉਂਦੀ ਹੋਵੇਗੀ, ਰਾਗ ਦੀ ਸੰਪਾਦਕੀ ਟੀਮ ਨੂੰ ਵੀ ਆਉਂਦੀ ਹੋਵੇਗੀ, 'ਸਿਰਜਣਾ' ਨੂੰ ਆਉਂਦੀ ਹੋਵੇਗੀ, ਕਾਲੀ ਨੂੰ ਵੀ ਆਉਂਦੀ ਹੋਵੇਗੀ। 'ਫ਼ਿਲਹਾਲ' ਵਾਲੇ ਗੁਰਬਚਨ ਨੂੰ ਤਾਂ ਆਉਂਦੀ ਹੀ ਹੈ ਤਾਂ ਹੀ ਉਹ ਮੋਟੇ ਪਰਚੇ ਦਾ ਢਿੱਡ ਭਰਨ ਲਈ ਅਨੁਵਾਦ ਅਤੇ ਪਹਿਲਾਂ ਛਪੀਆਂ ਕਹਾਣੀਆਂ-ਲੇਖਾਂ ਨੂੰ ਤਰਜ਼ੀਹ ਦਿੰਦਾ ਏ।

ਆਪਣੇ ਸਮੇਂ ਦੀ ਗੱਲ ਕਰਦਿਆਂ ਮੇਰਾ ਉਦੇਸ਼ ਆਪਣੀਆਂ ਕਹਾਣੀਆਂ ਰਾਹੀਂ ਦੁਆਬੇ ਦੇ ਦਲਿਤਾਂ ਦੀ ਪਿਛਲੀ ਇਕ ਸਦੀ ਦੀ ਸਮਾਜਕ ਇਤਿਹਾਸਕਾਰੀ ਕਰਦਿਆਂ ਸਮਾਜਕ ਗਤੀ ਨੂੰ ਸਮਝਾਉਣਾ ਵੀ ਸੀ। ਦੁਆਬੇ ਦੇ ਦਲਿਤ, ਮਾਝੇ ਤੇ ਮਾਲਵੇ ਦੇ ਦਲਿਤਾਂ ਤੋਂ ਬਿਲਕੁੱਲ ਵੱਖਰੇ ਸਮਾਜਕ ਵਿਹਾਰ ਵਾਲੇ ਨੇ। ਇਹ ਖੇਤਾਂ 'ਚ ਕੰਮ ਕਰਨ ਵਾਲੇ ਬੰਧੂਆਂ ਮਜ਼ਦੂਰ ਨਹੀਂ, ਕਿੱਤੇ ਦੀ ਪੱਧਰ 'ਤੇ ਇਹ ਸੁਤੰਤਰ ਨੇ। ਇਹ ਨਿਮਾਣੇ-ਨਿਤਾਣੇ ਤੇ ਦੱਬੂ ਬਿਰਤੀ ਵਾਲੇ ਵੀ ਨਹੀਂ। ਇਹਦੇ ਪਿੱਛੇ ਵੀ ਇਕ ਸਮਾਜਕ ਇਤਿਹਾਸ ਪਿਆ ਏ।

**ਬਾਕੀ ਦੇਖੋ ਪੰਨਾ ਨੰ. 35 'ਤੇ**



## ਮੇਰੇ ਸਮੇਂ ਦੇ ਟਿਮਕਦੇ ਤਾਰੇ/ਦਰਸ਼ਨ ਬੁਲੰਦਵੀ

ਸੰਨ 1969 ਦੀ ਸ਼ੁਰੂਆਤ ਵਿੱਚ ਮਹਿਤਪੁਰ ਵਿਖੇ ਦਸਵੀਂ ਦੇ ਇਮਤਿਹਾਨਾਂ ਦੀ ਤਿਆਰੀ ਲਈ ਅਸੀਂ, ਜਾਣੀ ਕ੍ਰਿਪਾਲ ਕੰਵਲ, ਮੋਹਨ ਪ੍ਰਦੇਸੀ ਤੇ ਮੈਂ ਰਲ਼ ਕੇ ਭੰਡਾਰੀਆਂ ਦੇ ਮੁਹੱਲੇ ਇਕ ਚੁਬਾਰਾ ਕਿਰਾਏ 'ਤੇ ਲੈ ਲਿਆ ਸੀ  ਇਹਨੂੰ ਭੰਡਾਰੀਆਂ ਦਾ ਚੁਬਾਰਾ ਵੀ ਆਖਿਆ ਜਾਂਦਾ ਸੀ  ਇਸ ਚੁਬਾਰੇ ਦੇ ਹੇਠ ਇਕ ਖਾਲੀ ਕਮਰਾ ਸੀ ਜਿਸ ਵਿੱਚ ਵਾਧੂ ਸਮਾਨ ਰੱਖ ਕੇ ਤਾਲ਼ਾ ਲਾਇਆ ਹੋਇਆ ਸੀ  ਸਾਡਾ ਇਸ ਨਾਲ ਕੋਈ ਸਰੋਕਾਰ ਨਹੀਂ ਸੀ  ਅਸੀਂ ਤਾਂ ਉਤੇ ਰਹਿੰਦੇ ਸਾਂ  ਉਸ ਦੇ ਵਾਸਤੇ ਵੱਖਰੀਆਂ ਪੌੜੀਆਂ ਸਨ  ਅਸੀਂ ਇਸ ਕਮਰੇ ਵਿੱਚ ਥੱਲੇ ਪਰਾਲ਼ੀ ਖਿਲਾਰ ਕੇ ਉਤੇ ਤਲ਼ਾਈਆਂ ਵਿਛਾ ਲਈਆਂ ਸਨ  ਏਥੇ ਹੀ ਤਿੰਨੇ ਪਿਛਲੀ ਕੰਧ ਨਾਲ ਢਾਸਣਾ ਲੈ ਕੇ ਰਾਤ ਦੇ ਗਿਆਰਾਂ ਵਜੇ ਤੱਕ ਪੜ੍ਹਦੇ  ਫੇਰ ਘੰਟਾ ਆਪੋ ਆਪਣੀ ਕਲਾ ਦਾ ਰਿਆਜ਼ ਕਰਦੇ  ਕ੍ਰਿਪਾਲ ਕੰਵਲ ਤੂੰਬੀ ਵਜਾਉਣ ਦੀ ਰੀਹਰਸਲ ਕਰਦਾ  ਗੀਤ ਗਾਉਣ ਦੀ ਪ੍ਰੈਕਟਿਸ ਵੀ ਕਰਦਾ  ਗੀਤਕਾਰ ਰੰਗੀਲੇ ਜੱਟ ਨੂੰ ਉਸ ਨੇ ਆਪਣਾ ਉਸਤਾਦ ਧਾਰਿਆ ਹੋਇਆ ਸੀ  ਉਂਜ ਸੋਹਣਾ ਗਾਉਂਦਾ ਸੀ  ਮੈਂ ਤੇ ਮੋਹਨ ਕੋਈ ਨਵਾਂ ਗੀਤ ਲਿਖਣ ਦੇ ਚਮਤਕਾਰ ਵਿੱਚ ਉਲਝ ਜਾਂਦੇ  ਫੇਰ ਨੀਂਦ ਦੇ ਪੰਘੂੜੇ ਵਿੱਚ ਸਵਾਰ ਹੋ ਕੇ ਅਗਲੇ ਦਿਨ ਦੇ ਸਫ਼ਰ ਤੱਕ ਪਹੁੰਚ ਜਾਂਦੇ

ਇਸ ਚੁਬਾਰੇ ਦੇ ਆਲੇ ਦੁਆਲੇ ਸੁੰਨ-ਮਸਾਨ ਸੀ  ਮੂਹਰ ਦੀ ਇਕ ਰਸਤਾ ਭੰਡਾਰੀਆਂ ਦੇ ਮਹੁੱਲੇ ਨੂੰ ਜਾਂਦਾ ਸੀ  ਬਾਕੀ ਦੇ ਤਿੰਨੇ ਪਾਸੇ ਸੌ ਕੁ ਮੀਟਰ ਦੇ ਘੇਰੇ ਅੰਦਰ ਕੋਈ ਘਰ ਨਹੀਂ ਸੀ  ਆਲੇ ਦੁਆਲੇ ਕੁਝ ਘਾਹ ਫੂਸ ਅਤੇ ਪਾਥੀਆਂ ਨਜ਼ਰ ਆਉਂਦੀਆਂ ਸਨ  ਕੁਝ ਰੂੜ੍ਹੀ ਦੇ ਢੇਰ  ਕੁਝ ਏਧਰ ਓਧਰ ਖਿਲਰੇ ਹੋਏ ਇੱਟਾਂ-ਰੋੜੇ  ਪੂਰੀ ਵੀਰਾਨਗੀ ਨਜ਼ਰ ਆਉਂਦੀ  ਚੰਗੀ ਗੱਲ ਇਹ ਸੀ ਕਿ ਨਾ ਸਾਡਾ ਸ਼ੋਰ ਮੁਹੱਲੇ ਵਾਲਿਆਂ ਨੂੰ ਸੁਣਦਾ, ਨਾ ਹੀ ਮੁਹੱਲੇ ਵਾਲਿਆਂ ਦੀ ਸਾਡੇ ਅੰਦਰ ਦਖ਼ਲ ਅੰਦਾਜ਼ੀ ਹੁੰਦੀ  ਮੂਹਰ ਦੀ ਲੰਘਦੇ ਹੋਏ ਭੰਡਾਰੀਆਂ ਦੇ ਹਮ-ਉਮਰ ਮੁੰਡੇ ਜ਼ਰੂਰ ਕਦੇ ਕਦੇ ਸਾਡੇ ਕੋਲ ਆ ਜਾਂਦੇ ਇਹ ਸਾਡੇ ਦੋਸਤ ਬਣ ਗਏ ਸਨ  ਇਹ ਦੋ ਮੁੰਡੇ ਜਿਹਨਾਂ ਨੂੰ ਅਸੀਂ ਇਕ ਨੂੰ ਬਾਲੀ ਤੇ ਦੂਜੇ ਨੂੰ ਪ੍ਰਵੀਨ ਆਖਦੇ ਸੀ  ਇਹ ਖੱਤਰੀ ਘਰਾਣੇ ਨਾਲ ਸੰਬੰਧ ਰੱਖਦੇ ਸਨ  ਹਰ ਸਾਲ ਦੁਸਿਹਰਾ ਲੱਗਦਾ ਤਾਂ ਇਹਨਾਂ ਵਿੱਚੋਂ ਇਕ ਰਾਮ ਬਣਦਾ ਅਤੇ ਇਕ ਲੱਛਮਣ  ਮੰਦਿਰ ਦੇ ਪੁਜਾਰੀ ਨਾਲ ਇਹ ਪੂਰੇ ਘਿਓ-ਖਿਚੜੀ ਸਨ  ਇਹਨਾਂ ਵੱਲ ਵੇਖ ਕੇ ਸਾਨੂੰ ਵੀ ਖਿਆਲ ਆਇਆ ਕਿ ਐਤਕੀਂ ਅਸੀਂ ਕਿਉਂ ਨਹੀਂ ਰਾਮ-ਲੱਛਮਣ ਬਣ ਜਾਂਦੇ  ਮਹਿਤਪੁਰ ਦਾ ਦੁਸਿਹਰਾ ਇਸ ਕਰਕੇ ਮਸ਼ਹੂਰ ਸੀ ਕਿ ਇਥੇ ਲੱਛਮਣ ਨੂੰ ਸੱਚ ਮੁੱਚ ਹੀ ਮੂਰਛਾ ਆਉਂਦੀ ਸੀ  ਲੋਕ ਇਸ ਵਿੱਚ ਵਿਸਵਸ਼ ਰੱਖਦੇ ਹਨ  ਅਸਲ ਭੇਤ ਕੀ ਹੈ? ਕੋਈ ਵੀ ਤਰਕ ਅਧਾਰਤ ਸੋਚਣ ਦੀ ਤਕਲੀਫ ਨਹੀਂ ਕਰਦਾ

ਹੁੰਦਾ ਇਹ ਹੈ ਕਿ ਦਸਿਹਰੇ ਵਿੱਚ ਪਹਿਲਾਂ ਰਾਮ ਅਤੇ ਸੀਤਾ ਬਾਰੇ ਝਾਕੀਆਂ ਨਿਕਲਦੀਆਂ ਹਨ  ਸੈਂਕੜੇ ਲੋਕ ਵੇਖਣ ਆਉਂਦੇ ਹਨ  ਅਖੀਰ 'ਤੇ ਪੁਜਾਰੀ ਦਾ ਆਪਣਾ ਕੋਈ ਨਜ਼ਦੀਕੀ ਲੱਛਮਣ ਨੂੰ ਘੋੜੇ ਤੋਂ ਉਤਾਰ ਕੇ ਦੁਸਿਹਰੇ ਤੋਂ ਬਾਹਰ ਹਨੇਰੇ ਵਿੱਚ ਜੰਗਲ ਪਾਣੀ ਲਈ ਲੈ ਜਾਂਦਾ ਹੈ  ਉਥੇ ਹੀ ਕੋਈ ਘਾਲ਼ਾ-ਮਾਲ਼ਾ ਕੀਤਾ ਜਾਂਦਾ ਹੈ। ਦਸ-ਪੰਦਰਾਂ ਮਿੰਟ ਬਾਅਦ ਵਾਪਸ ਆਉਂਦਾ ਹੈ ਤਾਂ ਫੇਰ ਵਾਪਸ ਆ ਕੇ ਪਹਿਲਾਂ ਵਾਂਗ ਉਸ ਨੂੰ ਘੋੜੇ 'ਤੇ ਬਿਠਾ ਦਿੱਤਾ ਜਾਂਦਾ ਹੈ  ਉਸ ਵਕਤ ਸਾਰੀ ਜੰਨਤਾ ਚੌਕਸ ਹੋ ਜਾਂਦੀ ਹੈ  ਸਾਰੇ ਆਪੋ ਆਪਣੀਆਂ ਨਜ਼ਰਾਂ ਉਸ ਉਪਰ ਗੱਡ ਦਿੰਦੇ ਹਨ  ਸਾਰਿਆਂ ਨੂੰ ਪਤਾ ਹੈ ਕਿ ਹੁਣ ਕਿਸੇ ਪਲ ਵੀ ਲੱਛਮਣ ਨੂੰ ਮੂਰਛਾ ਆ ਸਕਦੀ ਹੈ  ਪੰਜ-ਸੱਤ ਮਿੰਟਾਂ ਦੇ ਅੰਦਰ ਹੀ ਉਸ ਦਾ ਸਿਰ

ਅੱਗੇ ਪਿੱਛੇ ਹੋਣ ਲੱਗਦਾ ਹੈ  ਉਦੋਂ ਹੀ ਤੁਰੰਤ ਉਸ ਨੂੰ ਘੋੜੇ ਤੋਂ ਹੇਠਾਂ ਉਤਾਰ ਕੇ ਜ਼ਮੀਨ ‘ਤੇ ਲਿਟਾ ਦਿੱਤਾ ਜਾਂਦਾ ਹੈ  ਮੂਰਛਾ ਆ ਗਈ ਦਾ ਰੌਲ਼ਾ ਪੈ ਜਾਂਦਾ ਹੈ  ਸ਼ਰਧਾਲੂ ਉਸ ਨੂੰ ਚੁੱਕ ਕੇ ਪ੍ਰਮੁੱਖ ਮੰਦਿਰ ਦੇ ਅੰਦਰ ਲੈ ਜਾਂਦੇ ਹਨ ਜਿਥੇ ਗੀਤਾ ਦਾ ਪਾਠ ਉਦੋਂ ਤੱਕ ਉਚਾਰਣ ਹੁੰਦਾ ਰਹਿੰਦਾ ਹੈ ਜਦ ਤੱਕ ਉਸ ਨੂੰ ਹੋਸ਼ ਨਹੀਂ ਆ ਜਾਂਦੀ  ਮੰਦਿਰ ਵਿੱਚ ਅਨੰਤ ਚੜ੍ਹਾਵਾ ਚੜ੍ਹਾਇਆ ਜਾਂਦਾ  ਪੁਜਾਰੀ ਮਾਲੋ ਮਾਲ ਹੋ ਜਾਂਦੇ  ਅਗਲਾ ਸਾਲ ਪੂਰਾ ਸੁਰੱਖਿਅਤ ਹੋ ਜਾਂਦਾ ਹੈ

ਹੁਣ ਇਹ ਮੁੰਡੇ ਸਾਡੇ ਮਿੱਤਰ ਸਨ  ਹਾਸਾ ਮਖੌਲ ਵੀ ਚੱਲਦਾ ਰਹਿੰਦਾ ਸੀ  ਇਕ ਦਿਨ ਮੈਂ ਅਤੇ ਕ੍ਰਿਪਾਲ ਨੇ ਪੁੱਛਿਆ ਕਿ ਐਤਕੀਂ ਰਾਮ ਅਤੇ ਲੱਛਮਣ ਅਸੀਂ ਬਣਨਾ ਚਾਹੁੰਦੇ ਹਾਂ, ਕੀ ਤੁਸੀਂ ਸਾਡੀ ਮੱਦਦ ਕਰ ਸਕਦੇ ਹੋ? ਉਹਨਾਂ ਨੇ ਕਿਹਾ ਕਿ ਅਸੀਂ ਪੁਜਾਰੀ ਤੋਂ ਪੁੱਛ ਕੇ ਦੱਸਾਂਗੇ  ਹਫਤੇ ਕੁ ਬਾਅਦ ਹੀ ਉਹਨਾਂ ਨੇ ਪੁਜਾਰੀ ਤੋਂ ਪੁੱਛ ਕੇ ਦੱਸਿਆ ਕਿ ਤੁਸੀਂ ਆਪਣੇ ਮਾਂ-ਬਾਪ ਤੋਂ ਲਿਖਵਾ ਕੇ ਲੈ ਆਓ ਕਿ ਮੂਰਛਾ ਦੌਰਾਨ ਅਗਰ ਸਾਨੂੰ ਕੁਝ ਹੋ ਗਿਆ ਤਾਂ ਇਹਦੇ ਜ਼ਿੰਮੇਵਾਰ ਅਸੀਂ ਆਪ ਹੋਵਾਂਗੇ  ਅਸੀਂ ਉਸੇ ਦਿਨ ਆਪ ਹੀ ਅਰਜ਼ੀਆਂ ਲਿਖੀਆਂ ਤੇ ਉਹਨਾਂ ਉਪਰ ਮਾਂ-ਬਾਪ ਦੇ ਦਸਤਖਤ ਆਪ ਹੀ ਕਰ ਲਏ  ਅਰਜ਼ੀ ਆਪਣੇ ਦੋਸਤਾਂ ਰਾਹੀਂ ਪੁਜਾਰੀ ਕੋਲ ਪੁੱਜ ਗਈ  ਤਿੰਨ-ਚਾਰ ਦਿਨ ਹਫਤਿਆਂ ਦੀ ਉਡੀਕ ਤੋਂ ਬਾਅਦ ਪੁਜਾਰੀ ਦਾ ਜਵਾਬ ਸੀ ਕਿ ਸਿੱਖਾਂ ਦੇ ਮੁੰਡਿਆਂ ਨੂੰ ਮੂਰਛਾ ਨਹੀਂ ਆਉਂਦੀ  ਖ਼ੈਰ ਅਸੀਂ ਚੁੱਪ ਹੋ ਗਏ  ਦੁਸਿਹਰਾ ਅਜੇ ਵੀ ਲੱਗਦਾ ਹੈ  ਮੂਰਛਾ ਵਾਲਾ ਡਰਾਮਾ ਅਜੇ ਵੀ ਹੁੰਦਾ ਹੈ  ਲੋਕ ਅਜੇ ਵੀ ਯਕੀਨ ਕਰਦੇ ਹਨ  ਪੁਜਾਰੀ ਦਾ ਧੰਦਾ ਅਜੇ ਵੀ ਚੱਲ ਰਿਹਾ ਹੈ

ਮਹਿਤਪੁਰ ਦੇ ਸਿਆਣੇ ਕਾਮਰੇਡਾਂ ਦਾ ਵੀ ਏਸੇ ਚੁਬਾਰੇ ਵਿੱਚ ਆਉਣਾ-ਜਾਣਾ ਹੋ ਗਿਆ ਸੀ  ਜਿਹਨਾਂ ਵਿੱਚ ਹਕੀਕਤ ਰਾਏ ਅਤੇ ਸੰਤੋਖ ਸਿੰਘ ਪ੍ਰਮੁੱਖ ਸਨ  ਇਹਨਾਂ ਦੇ ਰਾਹੀਂ ਹੀ ਕੁਲਵੰਤ ਸਿੰਘ ਮੜਿਆਲਾ ਨਾਲ ਵੀ ਸਾਡਾ ਰਾਬਤਾ ਬਣਿਆਂ  ਕੁਲਵੰਤ ਸਿੰਘ ਇੰਗਲੈਂਡ ਛੱਡ ਕੇ ਪਾਰਟੀ ਖਾਤਿਰ ਪੰਜਾਬ ਆ ਗਿਆ ਸੀ  ਏਥੇ ਮਾਰਕਸੀ ਕਮਿਊਨਿਸਟ ਪਾਰਟੀ ਦਾ ਪੱਕਾ ਕੁਲ ਵਕਤੀ ਵਰਕਰ ਬਣ ਗਿਆ ਸੀ  ਉਹਦੀ ਸ਼ਖਸੀਅਤ ਅੰਦਰ ਇਕ ਮਿਕਨਾਤੀਸੀ ਖਿੱਚ ਸੀ  ਆਪਣੇ ਵਿਰੋਧੀ ਨੂੰ ਵੀ ਆਪਣੇ ਹੱਕ ਵਿੱਚ ਭੁਗਤਾਉਣ ਦਾ ਗੁਣ ਉਹਦੇ ਸੁਭਾਅ ਵਿੱਚ ਸੀ  ਉਹਦੇ ਮਿਹਰਬਾਨ ਸੁਭਾਅ ਨੇ ਸਾਨੂੰ ਵੀ ਪੱਕੇ ਤੌਰ ‘ਤੇ ਆਪਣੇ ਨਾਲ ਗੰਢ ਲਿਆ ਸੀ  ਇਹਨਾਂ ਦਿਨਾਂ ਅੰਦਰ ਉਹ ਦਿਨ ਰਾਤ ਇਕ ਕਰਕੇ ਲੋਕਾਂ ਵਿੱਚ ਕੰਮ ਕਰ ਰਿਹਾ ਸੀ  ਲੋਕਾਂ ਨੂੰ ਸੰਘਰਸ਼ ਦੇ ਰਾਹੇ ਪਾ ਕੇ ਇਨਕਲਾਬ ਲਈ ਰਾਹ ਤਿਆਰ ਕਰ ਰਿਹਾ ਸੀ  ਇਕ ਰਾਤ ਉਸ ਨੇ ਆਪਣੇ ਪਿੰਡ, ਆਪਣੇ ਘਰ ਮੀਟਿੰਗ ਸੱਦੀ  ਅਸੀਂ ਤਿੰਨੇ ਅਤੇ ਕੁਝ ਹੋਰ ਕਾਮਰੇਡ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋਏ  ਕੁਲਵੰਤ ਨੇ ਰੱਬ ਬਾਰੇ, ਫੇਰ ਭਾਰਤ ਵਿੱਚ ਫੈਲੇ ਅੰਧਕਾਰ, ਵਹਿਮ-ਭਰਮ, ਅੰਧ-ਵਿਸ਼ਵਾਸ ਬਾਰੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ  ਮੇਰੇ ਜਗਿਆਸੂ ਮਨ ਲਈ ਇਹ ਗੱਲਾਂ ਬੜੀਆਂ ਮੁੱਲਵਾਨ ਸਨ  ਇਸ ਤੋਂ ਬਾਅਦ ਤਾਂ ਅਜਿਹੀਆਂ ਮੀਟਿੰਗਾਂ ਵਿੱਚ ਹਾਜ਼ਰੀ ਭਰਨ ਦਾ ਚਸਕਾ ਹੀ ਪੈ ਗਿਆ  ਮੇਰੀ ਹੋਣਹਾਰ ਉਮਰ ਜਿਹਨਾਂ ਗੱਲਾਂ ਦਾ ਜਵਾਬ ਲੱਭ ਰਹੀ ਸੀ ਇਹਨਾਂ ਮੀਟਿੰਗਾਂ ਵਿੱਚ ਲੱਭਣ ਲੱਗ ਪਿਆ  ਨਵ-ਗਿਆਨ ਦੇ ਰੁਬਰੂ ਹੁੰਦਿਆਂ ਮੈਂ ਆਪਣੇ ਆਪ ਨੂੰ ਵਧੇਰੇ ਸੰਤੁਸ਼ਟ ਮਹਿਸੂਸ ਕੀਤਾ  ਇਹ ਉਹ ਗੱਲਾਂ ਸਨ ਜਿਹੜੀਆਂ ਸਾਨੂੰ ਸਕੂਲਾਂ ਜਾਂ ਕਾਲਜਾਂ ਵਿੱਚ ਨਹੀਂ ਪੜ੍ਹਾਈਆਂ ਜਾਂਦੀਆਂ  ਜਾਂ ਉਪਲੱਭਧ ਨਹੀਂ ਹੁੰਦੀਆਂ

ਮੈਂ ਜਿਵੇਂ ਜਿਵੇਂ ਹੋਰ ਮੀਟਿੰਗਾਂ ਵਿੱਚ ਸ਼ਮਿਲ ਹੋਇਆ ਤਾਂ ਭਾਰਤੀ ਰਾਜਨੀਤੀ ਦੇ ਪੂੰਜੀਵਾਦੀ ਸਿਸਟਮ ਬਾਰੇ, ਜਮਾਤੀ ਸੰਘਰਸ਼ ਬਾਰੇ, ਭ੍ਰਿਸ਼ਟ ਪਰਸਾਸ਼ਨ ਦੇ ਅਪਰਾਧ ਬਾਰੇ, ਪੁਲਸ ਦੇ ਟਾਊਟਾਂ ਅਤੇ ਗਦਾਰਾਂ ਬਾਰੇ ਵਿਚਾਰ ਵਟਾਂਦਰੇ ਨੂੰ ਬੜੇ ਧਿਆਨ ਨਾਲ ਸੁਣਿਆਂ  ਮੈਂ ਕਈ ਭਰਮ ਭੁਲੇਖਿਆਂ ਤੋਂ



ਨਵਿਰਤ ਹੋਇਆ  ਅੱਖਾਂ ਦੀ ਧੁੰਦ ਛੱਟਦੀ ਨਜ਼ਰ ਆਈ  ਮੇਰੇ ਅੰਦਰ ਜੋ ਇਕ ਭਟਕਦਾ ਚੁੱਰਸਤਾ ਸੀ ਉਹਦੇ ਵਿੱਚੋਂ ਇਕ ਰਸਤਾ ਚੁਣਨ ਵਿੱਚ ਮੈਨੂੰ ਇਹ ਚਾਨਣਾ ਸਹਾਇਕ ਹੋ ਗਿਆ  ਮੈਂ ਖੁਦ ਵੀ ਮਾਰਕਸਵਾਦ ਪੜ੍ਹਨ ਲੱਗਾ  ਆਪਣੇ ਪਿੰਡ ਅਤੇ ਨਾਲਦੇ ਪਿੰਡਾਂ ਵਿੱਚ ਨੌਜਵਾਨ ਸਭਾਵਾਂ ਬਣਾਉਣ ਤੇ ਮੀਟਿੰਗਾਂ ਕਰਾਉਣ ਲੱਗਾ  ਕੁਲਵੰਤ ਦੇ ਭਾਸ਼ਨ ਇਹਨਾਂ ਮੀਟਿੰਗਾਂ ਦੌਰਾਨ ਕਰਵਾਉਣ ਲੱਗਾ

ਇਹਨੀਂ ਦਿਨੀਂ ਹੀ ‘ਇਕ ਸੰਘਰਸ਼’ ਨਾਮੀ ਡਰਾਮਾ ਸੋਹਣ ਸਿੰਘ ਕਲਿਆਣ ਨੇ ਦਿੱਤਾ  ਉਸ ਦੇ ਇਸ ਡਰਾਮੇ ਬਾਰੇ ਮੱਤਭੇਦ ਵੀ ਹਨ  ਸੋਹਣ ਕਲਿਆਣ ਆਖਦਾ ਹੈ ਕਿ ਇਹ ਡਰਾਮਾ ਉਸ ਦਾ ਹੈ ਕ੍ਰਿਪਾਲ ਕੰਵਲ ਆਖਦਾ ਹੈ ਕਿ ਇਹ ਤੇਰਾ ਸਿੰਘ ਚੰਨ ਦਾ ਲਿਖਿਆ ਡਰਾਮਾ ਹੈ

ਅਸੀਂ ਇਹ ਡਰਾਮਾ ਆਪਣੇ ਸਕੂਲ ਵਿੱਚ ਖੇਡਣਾ ਚਾਹੁੰਦੇ ਸੀ  ਡਰਾਇੰਗ ਮਾਸਟਰ ਬਲਦੇਵ ਸਿੰਘ ਦੀ ਸਾਨੂੰ ਪੂਰੀ ਹਮਾਇਤ ਸੀ  ਉਸ ਵਕਤ ਸਕੂਲ ਦੀ ਮੈਨਿੰਜਿੰਗ ਕਮੇਟੀ ਦਾ ਪ੍ਰਧਾਨ ਕਾਂਗਰਸੀ ਗੁਰਚਰਨ ਸਿੰਘ ਰਾਮੂਵਾਲ ਤੋਂ ਸੀ  ਉਸ ਨੂੰ ਪਤਾ ਸੀ ਕਿ ਅਸੀਂ ਕਾਮਰੇਡਾਂ ਨਾਲ ਉਠਦੇ ਬਹਿੰਦੇ ਹਾਂ ਜ਼ਰੂਰ ਸਰਕਾਰ ਦੇ ਖਿਲਾਫ਼ ਹੀ ਬੋਲਣਗੇ  ਉਸ ਨੇ ਡਰਾਮਾ ਖੇਡਣ ਦੀ ਮਨਜ਼ੂਰੀ ਨਾ ਦਿੱਤੀ  ਡਰਾਮਾ ਖੇਡਣ ਦੀ ਰੀਝ ਸੁਲਘਦੀ ਹੋਈ ਹੋਰ ਭੱਖ ਉਠੀ  ਇਨਕਾਰ ਕਰਨ ਨਾਲ ਡਰਾਮਾ ਖੇਡਣ ਦੀ ਰੀਝ ਹੋਰ ਵੀ ਪ੍ਰਬਲ ਹੋ ਗਈ  ਅਣਖ ਦਾ ਸਵਾਲ ਜਾਗ ਪਿਆ  ਇਸ ਚਣੌਤੀ ਨੂੰ ਕਬੂਲਦਿਆਂ ਅਸੀਂ ਆਪਣੀ ਰੀਝ ਨੂੰ ਕਾਮਰੇਡ ਕੁਲਵੰਤ ਨਾਲ ਸਾਂਝਾ ਕੀਤਾ ਤਾਂ ਉਸ ਨੇ ਮਾਰਕਸੀ ਕਮਿਊਨਿਸਟ ਪਾਰਟੀ ਦੇ ਡਰਾਮਾ ਗਰੁੱਪ ਦੇ ਮੁੱਖ ਸੰਚਾਲਕ ਅਤੇ ਅਦਾਕਾਰ ਧਰਮਦਾਸ ਆਦਮਪੁਰੀ ਨੂੰ ਸੱਦ ਲਿਆ  ਉਸ ਨੇ ਇਹ ਡਰਾਮਾ ਧਿਆਨ ਨਾਲ ਪੜ੍ਹਿਆ  ਫੇਰ ਇਸ ਵਿੱਚ ਕੁਝ ਰੋਹ ਦੀ ਚੰਗਿਆੜੀ ਭਰਨ ਲਈ ਲੋੜੀਂਦੀ ਸੋਧ ਕੀਤੀ  ਸਾਨੂੰ ਇਹਦੀ ਰਿਹਰਸਲ ਕਰਵਾਈ ਗਈ  ਇਹਦੇ ਗੀਤ ਅਸੀਂ ਤਿੰਨਾਂ ਨੇ ਰਲ਼ ਕੇ ਲਿਖ ਲਏ  ਇਸ ਡਰਾਮੇ ਵਿੱਚ ਮੁੱਖ ਨਾਇਕ ਕ੍ਰਿਪਾਲ ਕੰਵਲ ਨੂੰ ਬਣਾਇਆ ਗਿਆ  ਮੈਨੂੰ ਉਸ ਦੀ ਮਾਂ ਦਾ ਰੋਲ ਦਿੱਤਾ ਗਿਆ  ਉਦੋਂ ਮੇਰੇ ਅਜੇ ਦਾਹੜੀ ਨਹੀਂ ਸੀ ਆਈ  ਇੰਦਰਜੀਤ ਨੂੰ ਕੁੜੀ ਦਾ ਰੋਲ ਦਿੱਤਾ ਗਿਆ  ਸਭ ਤੋਂ ਪਹਿਲਾਂ ਇਹ ਡਰਾਮਾ ਕੁਲਵੰਤ ਸਿੰਘ ਦੇ ਪਿੰਡ ਮੜਿਆਲਾ ਵਿਖੇ ਖੇਡਿਆ ਗਿਆ  ਬੜਾ ਕਾਮਯਾਬ ਰਿਹਾ  ਉਸ ਤੋਂ ਬਾਅਦ ਕ੍ਰਿਪਾਲ ਕੰਵਲ ਤਾਂ ਪੰਜ ਸਾਲ ਲਈ ਪੱਕੇ ਤੌਰ ‘ਤੇ ਹੀ ਮਾਰਕਸੀ ਪਾਰਟੀ ਵਿੱਚ ਚਲੇ ਗਿਆ  ਬਾਅਦ ਵਿੱਚ ਇਹ ਡਰਾਮਾ ਪੰਜਾਬ ਭਰ ਵਿੱਚ ਚੱਲਿਆ  ਹਰ ਪਾਸਿਓਂ ਸਲਾਹਿਆ ਗਿਆ  ਮੈਂ ਸਿਰਫ ਤਿੰਨ-ਚਾਰ ਪਿੰਡਾਂ ਵਿੱਚ ਹੀ ਆਪਣਾ ਰੋਲ ਨਿਭਾਇਆ ਕਿਉਂਕਿ ਉਸ ਵਕਤ ਆਪਣੀ ਪੜ੍ਹਾਈ ਨੂੰ ਵਧੇਰੇ ਪਹਿਲ ਦੇ ਰਿਹਾ ਸੀ  ਮੈਂ ਗੀਤ ਕਵਿਤਾ ਅਤੇ ਕਹਾਣੀਆਂ ਲਿਖਣ ਵੱਲ ਵਧੇਰੇ ਰੁਚਿਤ ਹੋ ਗਿਆ  ‘ਹਾਣੀ’, ਸਮਰਾਟ’, ਪੰਥ ਅਤੇ ਫਤਹਿ ਵਰਗੇ ਮੈਗਜ਼ੀਨਾਂ ਵਿੱਚ ਛੱਪ ਰਿਹਾ ਸਾਂ  ਕ੍ਰਾਂਤੀਕਾਰੀ ਗੀਤ ਵੀ ਲਿਖੇ  ਸਮੇਂ ਦੀਆਂ ਤਰਜ਼ਾਂ ‘ਤੇ ਹੋਣ ਕਰਕੇ ਮੇਰੇ ਗੀਤ ਨਜ਼ਦੀਕੀ ਗਇਕ ਦੋਸਤਾਂ ਨੇ ਗਾਏ ਵੀ  ਇਕ ਪਾਰਟੀ, ਸਟੇਜ ਉਪਰ ਵੀ ਖ਼ੂਬ ਚਲਿਆ ਜਿਸ ਨੂੰ ਅਰਜਨ ਅਣਜਾਣ ਨੇ ਵਾਰ ਵਾਰ ਹਰਮੋਨੀਅਮ ਨਾਲ ਪਾਰਟੀ ਸਟੇਜ ਤੋਂ ਗਾਇਆ  ਮੈਨੂੰ ਆਪਣੇ ਅੰਦਰ ਘੁੰਮਦੇ ਚਰਸਤੇ ‘ਚੋਂ ਇਹੀ ਰਸਤਾ ਵਧੇਰੇ ਸੁਭਾਅ ਦੇ ਅਨੁਕੂਲ ਲੱਗਾ

ਇਹਨੀਂ ਦਿਨੀਂ ਸਤਲੁਜ ਦਰਿਆ ਦੇ ਕੰਢੇ ਕੰਢੇ ਕੇਂਦਰੀ ਸਰਕਾਰ ਇਕ ਸਰਕਾਰੀ ਫਾਰਮ ਬਣਾਉਣਾ ਦਾ ਫੈਸਲਾ ਲੈ ਚੁੱਕੀ ਸੀ  ਸੰਗੋਵਾਲ ਤੋਂ ਲੈ ਕੇ ਲੋਹੀਆਂ ਤੱਕ ਦਾ ਰਕਬਾ ਇਸ ਦੀ ਰੇਂਜ ਵਿੱਚ ਆਉਂਦਾ ਸੀ  ਪਰ ਇਸ ਰਕਬੇ ਉਤੇ ਰਾਅ ਕਿਸਾਨ ਲੋਕ ਕਾਬਜ਼ ਸਨ  ਵਰ੍ਹਿਆਂ ਤੋਂ ਇਸ ਉਪਰ ਉਹ ਖੇਤੀ ਕਰ ਰਹੇ ਸਨ  ਉਹਨਾਂ ਦੀ ਪਰਿਵਾਰਕ ਨਿਰਭਰਤਾ ਏਸੇ ਜ਼ਮੀਨ ਉਪਰ ਸੀ  ਇਹਨਾਂ ਰਾਅ

ਕਿਸਾਨਾਂ ਨੂੰ ਉਜਾੜ ਕੇ ਫਾਰਮ ਬਣਾਉਣਾ ਅਲਫ ਨੰਗੀ ਧੱਕੇਸ਼ਾਹੀ ਸੀ ਇਸ ਧੱਕੇਸ਼ਾਹੀ ਨੂੰ ਰੋਕਣ ਲਈ ਸਭ ਤੋਂ ਪਹਿਲਾਂ ਸੀ. ਪੀ. ਐਮ. ਹੀ ਸਾਹਮਣੇ ਆਈ ਇਹਨਾਂ ਕਿਸਾਨਾਂ ਦੇ ਹੱਕ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ

ਇਹਨਾਂ ਦਿਨਾਂ ਅੰਦਰ ਹੀ ਪੰਜਾਬ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਸਨ ਮਹਿਤਪੁਰ ਹਲਕੇ ਤੋਂ ਅਕਾਲੀ ਨੇਤਾ ਬਲਵੰਤ ਸਿੰਘ ਚੋਣ ਲੜ ਰਿਹਾ ਸੀ ਸੀ.ਪੀ. ਐਮ. ਨੇ ਬਲਵੰਤ ਸਿੰਘ ਨੂੰ ਚੋਣ ਜਿਤਾਉਣ ਦਾ ਫੈਸਲਾ ਲਿਆ ਇਸ ਸ਼ਰਤ ਉਪਰ ਕਿ ਉਹ ਚੋਣਾਂ ਜਿੱਤ ਕੇ ਮੰਡ ਵਿੱਚ ਬਣਾਏ ਜਾ ਰਹੇ ਫਾਰਮ ਦੇ ਵਿਰੋਧ ਵਿੱਚ ਖੜੇਗਾ ਤੇ ਸਰਕਾਰ ਦੇ ਇਸ ਫੈਸਲੇ ਨੂੰ ਰੱਦ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਵੇਗਾ ਪਰ ਚੋਣਾਂ ਜਿੱਤਣ ਤੋਂ ਬਲਵੰਤ ਸਿੰਘ ਇਹਨਾਂ ਰਾਅ ਕਿਸਾਨਾਂ ਦੀ ਸਮੱਸਿਆ ਨੂੰ ਹੱਲ ਕਰਨ ਤੋਂ ਪੱਤਰਾ ਵਾਚ ਗਿਆ ਜਦ ਕਿ ਸਭ ਰਾਅ ਕਿਸਾਨਾਂ ਨੇ ਉਸੇ ਨੂੰ ਵੋਟਾਂ ਪਾਈਆਂ ਸਨ

ਫਾਰਮ ਬਣਾਉਣ ਲਈ ਰੂਸ ਤੋਂ ਭਾਰੀ ਮਸ਼ੀਨਰੀ ਆ ਚੁੱਕੀ ਸੀ ਵੱਡੇ ਵੱਡੇ ਟਰੈਕਟਰ ਅਤੇ ਬੁਲਡੋਜ਼ਰ ਵੇਖੇ ਜਾ ਸਕਦੇ ਸਨ ਇਹ ਟਰੈਕਟਰ ਚੱਲਣ ਲਗਦੇ ਤਾਂ ਰਾਅ ਔਰਤਾਂ, ਬੱਚਿਆਂ ਸਮੇਤ ਟਰੈਕਟਰਾਂ ਮੂਹਰੇ ਲੇਟ ਜਾਂਦੇ ਇਹ ਟਰੈਕਟਰ ਨਾ ਚੱਲਣ ਦਿੰਦੇ ਮਾਰਕਸੀ ਆਗੂ ਇਹਨਾਂ ਨੂੰ ਪੂਰਾ ਗਾਈਡ ਕਰ ਰਹੇ ਸਨ ਚੋਣਾਂ ਦੌਰਾਨ ਅਸੀਂ ਦੋ ਝੰਡੇ, ਇਕ ਆਕਲੀ ਪਾਰਟੀ ਦਾ ਤੇ ਇਕ ਕਮਿਊਨਿਸਟ ਪਾਰਟੀ ਦਾ ਆਪਣੇ ਚੁਬਾਰੇ ‘ਤੇ ਲਹਿਰਾਏ ਸਨ ਚੋਣਾਂ ਜਿੱਤਣ ਤੋਂ ਬਾਅਦ ਅਕਾਲੀ ਨੇਤਾ ਬਲਵੰਤ ਸਿੰਘ ਦਾ ਬੇਮੁਖ ਹੋਣਾ ਬਦ ਦਿਆਨਤਦਾਰੀ ਦਾ ਹੀ ਸਬੂਤ ਸੀ ਇਹਦੇ ਬਾਰੇ ਸੋਚਦਿਆਂ ਹੀ ਦਲਬਦਲੂ, ਮੌਕਾ ਪ੍ਰਸਤ ਅਤੇ ਫਿਰਕਾ ਪ੍ਰਸਤ ਨੇਤਾਵਾਂ ਦੇ ਕਿਰਦਾਰ ਮੇਰੀਆਂ ਅੱਖਾਂ ਮੂਹਰੇ ਘੁੰਮਣ ਲੱਗਦੇ ਹਨ ਜੋ ਅੰਗਰੇਜ਼ਾਂ ਦੇ ਝੋਲੀ ਚੁੱਕ ਜਾਂ ਟਾਊਟ ਸਨ ਸੰਨ ਸੰਤਾਲੀ ਤੋਂ ਬਾਅਦ ਤੁਰੰਤ ਕਾਂਗਰਸ ਪਾਰਟੀ ਵਿੱਚ ਆ ਗਏ ਪੰਜਾਬ ਵਿੱਚ ਅਕਾਲੀਆਂ ਦਾ ਜ਼ੋਰ ਪਿਆ ਤਾਂ ਰਾਤੋ ਰਾਤ ਚਿੱਟੀ ਪੱਗ, ਨੀਲੀ ਵਿੱਚ ਬਦਲ ਗਈ ਇਹ ਕਿਰਦਾਰ ਮੇਰੇ ਆਪੇ ਦੁਆਲੇ ਘੁੰਮਦੇ ਵੇਖਦਾ ਸੀ ਤਾਂ ਆਪਣੇ ਅੰਦਰ ਘੁੰਮਦੇ ਚੁਰਸਤੇ ਵਿੱਚੋਂ ਖੱਬੇ ਪੱਖੀ ਰੁਝਾਨ ਵਾਲਾ ਰਾਹ ਹੀ ਵਧੇਰੇ ਪਸੰਦ ਆਇਆ ਉਂਜ ਵੀ ਇਲਾਕੇ ਵਿੱਚ ਇਹੀ ਲੋਕ ਸਨ ਜੋ ਹਰ ਧੱਕੇਸ਼ਾਹੀ ਦੇ ਖਿਲਾਫ਼ ਖੜਦੇ ਸਨ ਅਖੀਰ ਏਸੇ ਪਾਰਟੀ ਦੇ ਸਹਿਯੋਗ ਨਾਲ ਰਾਅ ਕਿਸਾਨਾਂ ਦੀ ਜਿੱਤ ਹੋਈ ਸੀ ਕੇਂਦਰੀ ਸਰਕਾਰ ਨੂੰ ਸਾਰੀ ਆਪਣੀ ਮਸ਼ੀਨਰੀ ਵਾਪਿਸ ਲੈ ਜਾਣੀ ਪਈ ਜਿਸ ਜ਼ਮੀਨ ‘ਤੇ ਕਿਸਾਨ ਕਾਬਜ਼ ਸਨ ਉਹ ਜ਼ਮੀਨ ਉਹਨਾਂ ਦੇ ਨਾਂ ਰਜਿਸਟਰ ਹੋ ਗਈ ਸੀ ਬੇਜ਼ਮੀਨਿਆਂ ਨੂੰ ਪੰਜ ਪੰਜ ਕਿਲਿਆਂ ਦੀ ਅਲਾਟਮੈਂਟ ਹੋ ਗਈ ਸੀ

ਇਹ ਸਮਾਂ ਮੇਰੀ ਜ਼ਿੰਦਗੀ ਦਾ ਬਹੁਤ ਅਹਿਮ ਸੀ ਇਹ ਮਕਾਨ ਦੀ ਨੀਂਹ ਵਾਂਗ ਸੀ ਉਹਨਾਂ ਦਿਨਾਂ ਵਿੱਚ ਇਹ ਸਭ ਉਸ ਚੁਬਾਰੇ ਵਿੱਚ ਰਹਿੰਦਿਆਂ ਹੀ ਵਾਪਰ ਰਿਹਾ ਸੀ ਉਹ ਚੁਬਾਰਾ ਅੱਜ ਵੀ ਮੇਰੀ ਯਾਦਾਸ਼ਤ ਵਿੱਚ ਉਂਜ ਹੀ ਖੜਾ ਹੈ ਅੱਜ ਉਸ ਚੁਬਾਰੇ ਦੀ ਥਾਂਵੇਂ ਨਵੀਂਆਂ ਇਮਾਰਤਾਂ ਬਣ ਗਈਆਂ ਹਨ ਨਵੇਂ ਨਵੇਂ ਘਰ ਉਸਰ ਗਏ ਹਨ, ਉਜਾੜ ਅਲੋਪ ਹੋ ਗਈ ਹੈ ਪਰ ਯਾਦਾਸ਼ਤ ਵਿੱਚ ਖੜੇ ਚੁਬਾਰੇ ‘ਚੋਂ ਨਿਕਲਦਾ ਰਾਹ ਮੇਰੇ ਜੀਵਨ ਦਾ ਅਜਿਹਾ ਮੋੜ ਹੈ ਜਿਹੜਾ ਅਜੇ ਵੀ ਮੇਰੇ ਸਾਹਾਂ ਵਿੱਚ ਧੜਕ ਰਿਹਾ ਹੈ ਪੈਰਾਂ ਵਿੱਚ ਸੁਰਜੀਤ ਹੈ ਜ਼ਿੰਦਗੀ ਦੇ ਉਹ ਵਰ੍ਹੇ, ਉਹ ਚੁਬਾਰਾ ਤੇ ਉਸ ਵਿੱਚ ਬਿਤਾਇਆ ਵਕਤ, ਉਸ ਦੇ ਆਲੇ ਦੁਆਲੇ ਵਾਪਰਿਆ ਬਹੁਤ ਕੁਝ ਮੇਰੇ ਚੇਤੇ ਵਿੱਚ ਤਾਰਿਆਂ ਵਾਂਗ ਟਿਮਟਿਮਾ ਰਿਹਾ ਹੈ ਜਿਹਨਾਂ ਦੀ ਲੋਅ ਅੱਜ ਵੀ ਰਾਹ ਦਿਖਾਉਂਦੀ ਹੈ



## ਮੇਰਾ ਸਮਾਂ: ਚਣੌਤੀਆਂ ਭਰਿਆ/ਕੇਸਰਾ ਰਾਮ

ਮੇਰਾ ਸਮਾਂ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਮੇਰਾ ਤੇ ਮੇਰੇ ਪਿਉ ਦਾ ਕੁਝ ਸਮਾਂ ਸਾਂਝਾ ਸੀ। ਹੁਣ ਮੇਰਾ ਤੇ ਮੇਰੇ ਬੱਚਿਆਂ ਦਾ ਸਾਂਝਾ ਸਮਾਂ ਚੱਲ ਰਿਹਾ ਹੈ। ਯਾਨੀ ਦੋ ਛੋਟੇ-ਛੋਟੇ ਯੁਗ। ਸ਼ਾਇਦ ਮਾਨਵ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇਹਨਾਂ ਦੋ ਯੁਗਾਂ ਵਿਚ ਬਹੁਤ ਵੱਡਾ ਚੇਂਜ ਵੀ ਵਾਪਰਿਆ ਹੈ।

ਜਦੋਂ ਮੈਨੂੰ ਮਾੜੀ-ਮੋਟੀ ਸੋਝੀ ਆਈ, ਉਦੋਂ ਦੇ ਆਪਣੇ ਸਮੇਂ ’ਤੇ ਝਾਤ ਮਾਰਦਾ ਹਾਂ ਤਾਂ ਕੰਧੌਲ਼ੀ ’ਤੇ ਪੈਂਦੀ ਕੋਠੇ ਦੀ ਛਾਂ ’ਤੇ ਸਕੂਲ ਲਈ ਘਰੋਂ ਤੁਰਨ ਦੇ ਸਮੇਂ ਦਾ ਕੋਇਲੇ ਨਾਲ ਲਾਇਆ ਨਿਸ਼ਾਨ ਨਜ਼ਰ ਆਉਂਦਾ ਹੈ। ਗਰਮੀਆਂ ਦਾ ਵੱਖਰਾ ਤੇ ਸਰਦੀਆਂ ਦਾ ਵੱਖਰਾ। ਜੋ ਮੈਨੂੰ ਲੇਟ ਹੋਣ ’ਤੇ ਪੈਣ ਵਾਲੇ ਡੰਡਿਆਂ ਤੋਂ ਬਚਾਉਂਦਾ ਰਿਹਾ।

ਪਰ ਅਗੇ ਜਾ ਕੇ ਜਿਹੜੀ ਮਾਰ ਪੈਂਦੀ ਰਹੀ, ਉਸ ਤੋਂ ਬਚਣ ਦੀ ਤਕਨੀਕ ਮੇਰੇ ਕੋਲ ਨਹੀਂ ਸੀ। ਜਿਹੜੇ ਜੁਆਕਾਂ ਦੀ ਟਿਊਸ਼ਨ ਪੜ੍ਹਨ ਦੀ ਬੁੱਕਤ ਨਹੀਂ ਸੀ, ਉਹਨਾਂ ਨੂੰ ਮਾਸਟਰ ਪੇਪਰਾਂ ਤੋਂ ਤਿੰਨ-ਚਾਰ ਮਹੀਨੇ ਪਹਿਲਾਂ ਕੁੱਟਣਾ ਸ਼ੁਰੂ ਕਰ ਦਿੰਦੇ ਤੇ ਫੇਲ੍ਹ ਕਰਨ ਦਾ ਡਰ ਦਿਖਾ ਕੇ ਟਿਊਸ਼ਨ ਦੇ ਨਾਂ ’ਤੇ ਲੁੱਟਦੇ।

ਮੈਨੂੰ ਨਾ ਫੇਲ੍ਹ ਹੋਣ ਦਾ ਡਰ, ਨਾ ਟਿਊਸ਼ਨ ਦੀ ਲੋੜ ਸੀ ਤੇ ਨਾ ਹੀ ਟਿਊਸ਼ਨ ਜੋਗੇ ਪੈਸੇ ਸਨ। ਇਹ ਸਿਲਸਿਲਾ ਸੱਤਵੀਂ-ਅੱਠਵੀਂ ਤੋਂ ਲੈ ਕੇ ਦੱਸਵੀਂ ਤੱਕ ਚੱਲਿਆ। ਬੇਮਤਲਬ ਡੰਡੇ ਵਰ੍ਹਨੇ ਸ਼ੁਰੂ ਹੋ ਜਾਂਦੇ। ਇਹ ਮਾਰ ਮੈਨੂੰ ਬਹੁਤ ਦੁੱਖਦੀ ਸੀ ਜੋ ਕਹਾਣੀ ‘ਖਤਰੇ ਦੀ ਘੰਟੀ’ ਵਿਚ ਦਰਜ ਕੀਤੀ ਹੈ।

ਬੇਸ਼ੱਕ ਸਾਰਾ ਜਹਾਨ ਭ੍ਰਿਸ਼ਟ ਹੋਜੇ ਪਰ ਅਧਿਆਪਨ ਦੇ ਕਾਰਜ ਨਾਲ ਜੁੜੇ ਲੋਕਾਂ ਨੂੰ ਭ੍ਰਿਸ਼ਟ ਨਹੀਂ ਹੋਣਾ ਚਾਹੀਦਾ। ਅਧਿਆਪਕਾਂ ਦਾ ਆਚਰਣ ਚੰਗਾ ਹੋਵੇ ਤਾਂ ਬਹੁਗਿਣਤੀ ਸਮਾਜ ਦੇ ਭ੍ਰਿਸ਼ਟ ਹੋਣ ਦੀ ਸੰਭਾਵਨਾ ਯਕੀਨਨ ਖਾਸੀ ਘੱਟ ਜਾਵੇਗੀ।

ਆਪਣੇ ਪਰਿਵਾਰ ਵਿਚ ਸਕੂਲ ਦਾ ਮੂੰਹ ਦੇਖਣ ਵਾਲਾ ਮੈਂ ਪਹਿਲਾ ਜੀਅ ਸੀ। ਮੈਨੂੰ ਚੰਗੇ ਅਧਿਆਪਕ ਵੀ ਮਿਲੇ, ਆਪਣੇ ਪਿੰਡ ਤਲਵਾੜਾ ਖੁਰਦ, ਜ਼ਿਲ੍ਹਾ ਸਰਸਾ ਦੇ ਮਿਡਲ ਸਕੂਲ ਦੇ ਮੁੱਖ ਅਧਿਆਪਕ ਸ੍ਰ. ਸ਼ੇਰ ਸਿੰਘ ਰਾਜਪਾਲ ਤੇ ਹਾਈ ਸਕੂਲ ਐਲਨਾਬਾਦ ਵਿਚ ਸਾਇੰਸ ਟੀਚਰ ਤਾਰਾ ਚੰਦ ਜਿਨ੍ਹਾਂ ਨੇ ਮੇਰਾ ਸਮਾਂ ਸੰਵਾਰ ਦਿੱਤਾ। ਵਹਿਮ-ਭਰਮ-ਅੰਧਵਿਸ਼ਵਾਸ ਤੋਂ ਪਰਦੇ ਚੁੱਕੇ ਤੇ ਜਾਦੂ-ਟੋਣੇ ਦੀਆਂ ਟ੍ਰਿਕਾਂ ਦੇ ਭੇਦ ਖੋਲ੍ਹੇ। ਗਿਆਨ ਦੀ ਜੋਤ ਕਿੰਨੇ ਹੀ ਭੈਅ ਤੇ ਹਨੇਰੇ ਮਿਟਾ ਦਿੰਦੀ ਹੈ।

ਪਰ ਗਿਆਨ ਬੇਚੈਨ ਵੀ ਕਰਦਾ ਹੈ। ਜਾਪਣ ਲੱਗਿਆ ਕਿ ਇਹ ਮੇਰੀ ਕਲਪਨਾ ਵਾਲੀ ਦੁਨੀਆ ਨਹੀਂ ਹੈ। ਜਦੋਂ ਕਾਲਜ ਆਏ, ਦੋਸਤ ਜਗਸੀਰ ਗਿੱਲ ਤੇ ਮੈਂ ਅਕਸਰ ਗੱਲਾਂ ਕਰਦੇ- ਆਪਣੇ ਸਮੇਂ ਬਾਰੇ, ਆਉਣ ਵਾਲੇ ਸਮੇਂ ਬਾਰੇ। ਬਹੁਤ ਨੇੜੇ ਕਿਤੇ ਸਾਨੂੰ ਸਮਾਜਵਾਦ ਦੀ ਆਹਟ ਸੁਣਾਈ ਦਿੰਦੀ। ਤੇ ਲੱਗਦਾ ਕਿ ਬੜੀ ਛੇਤੀ ਨਵਾਂ ਸੂਰਜ ਉੱਗਣ ਵਾਲਾ ਹੈ।

ਫੇਰ ਮੈਂ ਰਸ਼ੀਅਨ ਲਿਟਰੇਚਰ ਨਾਲ ਜੁੜ ਗਿਆ। ਉਦੋਂ ਇਹ ਕਿਤਾਬਾਂ ਹਿੰਦੀ-ਪੰਜਾਬੀ ’ਚ ਸਸਤੀਆਂ ਤੇ ਸੌਖਿਆਂ ਹੀ ਮਿਲ ਜਾਂਦੀਆਂ ਸਨ। ਪੰਜਾਬੀ ਵਿਸ਼ਾ ਮੈਂ ਨੌਂਵੀਂ-ਦਸਵੀਂ ’ਚ ਬੜਾ ਸੰਘਰਸ਼ ਕਰ ਕੇ ਲਿਆ ਸੀ। ਅੱਜ ਵਾਂਗ ਬੜਾ ਕੁਝ ਉਦੋਂ ਵੀ ਅੰਦਰੋ-ਅੰਦਰੀ ਚੱਲਦਾ ਹੁੰਦਾ ਸੀ। ਫ਼ਰਕ ਇਹੀ ਕਿ ਅੱਜਕਲ੍ਹ ਮੀਡਿਆ ਚੁੱਕ ਲੈਂਦਾ ਹੈ।

ਨੌਂਵੀਂ 'ਚ ਜਦੋਂ ਅਸੀਂ ਐਲਨਾਬਾਦ ਦਾਖਲਾ ਲਿਆ, ਸੰਸਕ੍ਰਿਤ ਪ੍ਰੇਮੀ ਮੁੱਖ ਅਧਿਆਪਕ ਪੰਜਾਬੀ ਵਿਸ਼ਾ ਕਿਸੇ ਨੂੰ ਨਹੀਂ ਲੈਣ ਦੇਣਾ ਚਾਹੁੰਦੇ ਸੀ। ਪੰਜਾਬੀ ਟੀਚਰ ਵੀ ਨਹੀਂ ਸੀ। ਸੰਸਕ੍ਰਿਤ ਦੀ ਘੰਟੀ 'ਚ ਸਾਨੂੰ ਵਰਾਂਡੇ 'ਚ ਖੜ੍ਹਾ ਦਿੰਦੇ। ਕਾਫੀ ਸਮਝਾਇਆ। ਨਹੀਂ ਮੰਨੇ ਤਾਂ ਆਖਰ ਸਾਨੂੰ ਅੱਡ ਕਮਰੇ ਵਿਚ ਬਿਠਾ ਦਿੱਤਾ ਗਿਆ।

ਫੇਰ ਇਕ ਮੈਡਮ ਪੰਜਾਬੀ ਪੜ੍ਹਾਉਣ ਲਈ ਆ ਗਏ। ਤਿੰਨ-ਚਾਰ ਮਹੀਨਿਆਂ ਵਿਚ ਹੀ ਫਰੀਦ, ਬਾਬਾ ਨਾਨਕ ਤੋਂ ਲੈ ਕੇ ਹੀਰ-ਰਾਂਝਾ, ਸੱਸੀ-ਪੁਨੂੰ, ਸਾਰੇ ਕਿੱਸੇ-ਕਵਿਤਾਵਾਂ ਪੜ੍ਹਾ ਦਿੱਤੀਆਂ। ਤੇ ਫੇਰ ਇਕ ਉਡਾਰੀ ਉਹਨੇ ਐਸੀ ਮਾਰੀ... ਅਸੀਂ ਸੋਚਿਆ, ਵਿਆਹ ਕਰਾਉਣ ਗਈ ਹੈ, ਛੇਤੀ ਆਜੂ, ਪਰ ਨਹੀਂ ਆਈ।

ਖੇਤੀ-ਕਿਸਾਨੀ ਵਾਲਾ ਪਰਿਵਾਰ ਸੀ। ਪਿਉ ਨਾਲ ਧੱਕੇ ਖਾਂਦਿਆਂ ਜੋ ਦੇਖਿਆ, ਪਿੰਡੇ 'ਤੇ ਹੰਡਾਇਆ, ਉਹ 'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ' ਵਿਚ ਲਿਖਿਆ। ਅੱਗੇ ਚੱਲ ਕੇ ਉਹ ਕਿਸਾਨ ਉੱਥੇ ਹੀ ਸੰਘਰਸ਼ ਕਰਦਾ ਰਿਹਾ ਤੇ ਮੈਂ ਸ਼ਹਿਰ ਆ ਕੇ, ਦੋਨਾਂ ਦੇ ਤਣਾਅ ਤੇ ਤਜਰਬਿਆਂ 'ਚੋਂ ਪੈਦਾ ਹੋਈ 'ਬੁਲਬੁਲਿਆਂ ਦੀ ਕਾਸ਼ਤ'।

ਸਰਸੇ ਕਾਲਜ ਦੀ ਲਾਈਬ੍ਰੇਰੀ 'ਚੋਂ ਰੱਜ ਕੇ ਸਾਹਿਤ ਪੜ੍ਹਿਆ। ਕਾਲਜ 'ਚ ਚਾਰ ਸਾਲਾਂ ਦੌਰਾਨ ਇਕ ਵਾਰੀ ਅਜਮੇਰ ਸਿੰਘ ਔਲਖ ਦੇ ਨਾਟਕ, ਇਕ ਸਾਲ ਨਵੇਂ ਉੱਭਰ ਰਹੇ ਗਾਇਕ ਗੁਰਦਾਸ ਮਾਨ ਦਾ 'ਮਾਮਲਾ ਗੜਬੜ' ਤੇ ਇਕ ਸਾਲ ਕਿਸੇ ਹੋਰ ਗਾਇਕ ਦਾ ਅਖਾੜਾ ਲਵਾਇਆ ਗਿਆ ਸੀ। ਇਨ੍ਹਾਂ ਸਾਲਾਂ ਦੌਰਾਨ ਕਾਲਜ ਵਿਚ ਕਿਸੇ ਲੇਖਕ ਦਾ ਰੂਬਰੂ ਜਾਂ ਕੋਈ ਸਾਹਿਤਿਕ ਫੰਕਸ਼ਨ ਜਾਂ ਕਦੇ ਜ਼ਿਕਰ ਵੀ ਨਹੀਂ ਸੁਣਿਆ ਕਿ ਕਾਲਜ ਵਿਚ ਕੋਈ ਲੇਖਕ ਵੀ ਹੈ। ਮੰਚ ਸੰਚਾਲਨ ਕਰਨ ਵਾਲਾ ਇਕ ਪ੍ਰੋਫੇਸਰ ਅਕਸਰ ਆਪਣੇ ਜਾਂ ਖ਼ਬਰੈ ਕੀਹਦੇ ਸ਼ੇਅਰ ਸੁਣਾਉਂਦਾ ਹੁੰਦਾ। ਇਕ ਸ਼ੇਅਰ ਦੀ ਮੰਗ ਮੁੰਡੇ ਹਮੇਸ਼ਾ ਕਰਦੇ ਹੁੰਦੇ-

*ਤੇਰੇ ਬੁਲ੍ਹਾਂ 'ਤੇ ਪਤਾਸਾ ਫੁੱਟਿਆ,*
*ਮੇਰੇ ਮੂੰਹ ਕਿਉਂ ਪਾਣੀ ਆ ਗਿਆ।*

ਇਕ ਅੰਗ੍ਰੇਜ਼ੀ ਵਾਲਾ ਪ੍ਰੋਫੈਸਰ ਲੁੱਚੇ ਚੁਟਕਲੇ ਸੁਣਾ ਕੇ ਨਿਹਾਲ ਕਰੀ ਰੱਖਦਾ। ਉਸਦੇ ਚੁਟਕਲਿਆਂ ਦੇ ਪਾਤਰ ਹਮੇਸ਼ਾ ਉਸ ਦੀ ਆਪਣੀ ਮਾਂ, ਘਰਵਾਲੀ ਅਤੇ ਭੈਣਾਂ ਹੁੰਦੀਆਂ। ਤੇ ਪਤਾ ਹੀ ਨਾ ਚੱਲਿਆ, ਆਪਣੀਆਂ ਮਾਂ-ਭੈਣਾਂ ਦੀ ਇੱਜ਼ਤ ਨਾਲ ਖੇਡਦਾ-ਖੇਡਦਾ ਉਹ ਸਾਡੇ ਸ਼ੇਕਸਪੀਅਰ, ਸ਼ੈਲੀ, ਕੀਟਸ, ਖ਼ਬਰੈ ਕੀ-ਕੀ ਖਾ ਗਿਆ। ਕੈਸੀ ਬੰਜਰ-ਵਿਰਾਨ-ਕੱਲਰੀ ਧਰਤੀ 'ਚ ਪਲ਼ਿਆ-ਵਧਿਆ ਮੈਂ!

ਪਰ ਕਿਤਾਬਾਂ 'ਚ ਦਿਲਚਸਪੀ ਕਾਰਨ ਦਿਮਾਗ਼ 'ਚ ਕਿਸੇ ਕਿਸਮ ਦੇ ਜਾਲ਼ੇ ਲੱਗਣ ਤੋਂ ਬਚਿਆ ਰਿਹਾ। ਦੂਰ-ਦੁਰੇਡੇ ਦੇ ਪਿੰਡੋਂ ਤੇ ਅਨਪੜ੍ਹ ਪਰਿਵਾਰ 'ਚੋਂ ਹੋਣ ਕਰਕੇ ਮੇਰੇ ਕੋਲ ਅਧਿਆਪਕਾਂ ਦੇ ਮਾਰਗ ਦਰਸ਼ਨ ਤੋਂ ਸਿਵਾ ਹੋਰ ਕੀ ਸਾਧਨ ਸੀ? ਜੇ ਸ੍. ਸ਼ੇਰ ਸਿੰਘ ਤੇ ਸ੍ਰੀ ਤਾਰਾ ਚੰਦ ਵਰਗੇ ਅਧਿਆਪਕ ਨਾ ਮਿਲੇ ਹੁੰਦੇ ਤਾਂ ਅੱਜ ਕੋਈ ਵੀ ਜਦ ਮਰਜ਼ੀ ਗਊ-ਰੱਖਿਅਕ, ਧਰਮ-ਰੱਖਿਅਕ ਜਾਂ ਕਿਸੇ ਵੀ ਕਿਸਮ ਦਾ ਫਿਰਕੂ ਤਿਜਾਬ ਮੇਰੇ ਦਿਮਾਗ਼ ਵਿਚ ਪਾ ਕੇ ਉਬਾਲੀ ਦੇ ਸਕਦਾ ਸੀ।

ਸਾਡੇ ਸਮੇਂ ਦੀ ਕੌੜੀ ਸੱਚਾਈ ਹੈ ਕਿ ਅਸੀਂ ਜ਼ਿਆਦਾਤਰ ਜਾਤੀਵਾਦੀ, ਫਿਰਕੂ ਤੇ ਮਾੜੇ ਲੋਕ ਹਾਂ। ਸ਼ਾਇਦ ਇਸੇ ਲਈ ਆਪਣੇ 'ਤੇ ਰਾਜ ਕਰਨ ਲਈ ਅਸੀਂ ਹਰ ਪੱਖੋਂ ਜਾਤੀਵਾਦੀ, ਮਾੜੇ ਤੇ ਕਰਿਮੀਨਲ ਲੋਕ ਹੀ ਚੁਣਦੇ ਹਾਂ ਜਿਨ੍ਹਾਂ ਦੇ ਹੱਥ ਵਿਚ ਸਾਡੀ ਜ਼ਿੰਦਗੀ ਦੀ ਹਰ



ਗਤੀਵਿਧੀ ਦਾ ਕੰਟ੍ਰੋਲ, ਇੱਥੋਂ ਤੱਕ ਕਿ ਜੀਵਨ ਦੀ ਡੋਰ ਵੀ ਹੁੰਦੀ ਹੈ। ਨਵੀਂਆਂ ਤਕਨੀਕਾਂ ਦੇ ਇਸ ਸਮੇਂ ਵਿਚ ਤਾਂ ਸਾਡੀ ਹਰ ਨਿੱਜੀ ਗਤਿਵਿਧੀ ਵੀ ਉਹਨਾਂ ਦੀ ਨਜ਼ਰ 'ਚ ਅਤੇ ਕੰਟ੍ਰੋਲ ਹੇਠ ਹੈ।

ਮੈਂ ਆਪਣੇ ਇਤਿਹਾਸ ਦੇ ਸਭ ਤੋਂ ਬੇਵਕੂਫ, ਨਾਸਮਝ ਤੇ ਬਦਬੂਦਾਰ ਲੋਕਾਂ ਨਾਲ ਘਿਰਿਆ ਹੋਇਆ ਹਾਂ। ਜਿਨ੍ਹਾਂ ਨੂੰ ਆਪਣੇ ਆਲ਼ੇ-ਦੁਆਲ਼ੇ, ਹਵਾ-ਪਾਣੀ ਤੱਕ ਦੀ ਕਦਰ ਨਹੀਂ ਹੈ। ਕੁਦਰਤੀ ਨੇਹਮਤਾਂ ਨੂੰ ਬਰਬਾਦ ਕਰਨ 'ਤੇ ਤੁਲੇ ਹੋਏ ਹਨ। ਸਾਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਸਿਹਤ ਦੀ ਤਾਂ ਕੀ ਸਾਨੂੰ ਆਪਣੀ ਵੀ ਚਿੰਤਾ ਨਹੀਂ ਹੈ। ਇਹ ਕੁਝ ਮੇਰੀਆਂ ਕਹਾਣੀਆਂ ਵਿਚ ਵੀ ਥੋੜ੍ਹਾ-ਥੋੜ੍ਹਾ ਆਉਂਦਾ ਰਹਿੰਦਾ ਹੈ।

ਪਿੱਛੇ ਖ਼ਬਰ ਆਈ ਸੀ ਕਿ ਕੋਲੰਬੀਆ ਦੇ ਇਕ ਪਿੰਡ ਦੇ ਐਨ ਥੱਲੇ 680 ਟਨ (ਭਾਰਤ ਦੇ ਕੁਲ ਸੋਨੇ ਦੇ ਭੰਡਾਰ ਨਾਲੋਂ ਵੀ ਵੱਧ) ਸੋਨੇ ਦਾ ਭੰਡਾਰ ਮਿਲਿਆ ਹੈ। ਸਰਕਾਰ ਨੇ ਝੱਟ ਇਕ ਕੰਪਨੀ ਨੂੰ ਸੋਨਾ ਕੱਢਣ ਦਾ ਠੇਕਾ ਦੇ ਦਿੱਤਾ। ਪਿੰਡ ਵਾਲਿਆਂ ਨੇ ਵਿਰੋਧ ਕੀਤਾ। ਅਖੇ, ਪੈਸੇ ਲਈ ਅਸੀਂ ਆਪਣੇ ਆਲ਼ੇ-ਦੁਆਲ਼ੇ ਤੇ ਕੁਦਰਤ ਨੂੰ ਬਰਬਾਦ ਨਹੀਂ ਕਰ ਸਕਦੇ। ਸਾਨੂੰ ਸਾਡੀਆਂ ਆਉਣ ਵਾਲੀ ਪੀੜ੍ਹੀਆਂ ਲਈ ਸਾਫ-ਸੁਥਰਾ ਚੌਗਿਰਦਾ ਚਾਹੀਦਾ ਹੈ ਨਾ ਕਿ ਪ੍ਰਦੂਸ਼ਣ ਤੇ ਪੈਸਾ। (ਕਹਾਣੀ 'ਤਾਂਕਿ ਸਨਦ ਰਹੇ' ਵਿਚ ਮੈਂ ਇਸ ਚਿੰਤਾ ਦੇ ਰੂਬਰੂ ਹੋਇਆ ਹਾਂ।)

ਸਰਕਾਰ ਛੇਤੀ ਕਿਤੇ ਟਲ਼ਦੀ ਹੁੰਦੀ ਹੈ? ਜਨਮਤ ਕਰਾਉਣ ਦਾ ਆਡਰ ਦੇ ਦਿੱਤਾ। ਪਿੰਡ ਵਾਲਿਆਂ ਨੇ ਵੀ ਏਕਾ ਦਿਖਾਇਆ। ਕੁਲ 19000 ਦੀ ਆਬਾਦੀ 'ਚੋਂ ਸਿਰਫ 79 ਲੋਕ ਪ੍ਰਦੂਸ਼ਣ ਦੇ ਹੱਕ ਵਿਚ ਭੁਗਤੇ ਅਤੇ ਸਰਕਾਰ ਨੂੰ ਸੋਨੇ ਦੀ ਆਸ ਛੱਡਣੀ ਪਈ।

ਆਪਣੇ ਇੱਥੇ? ਕਿਹੜਾ ਜਨਮਤ ਤੇ ਕਿਹੜੇ ਕਾਨੂੰਨ? ਸਰਕਾਰ ਤਾਂ ਸਰਕਾਰ, ਉਹਦੇ ਪਿੱਠੂ ਰਾਸ਼ਟਰ ਭਗਤਾਂ ਨੇ ਹੀ ਫੱਟੇ ਚੁੱਕ ਦੇਣੇ ਸੀ ਵੱਡੇ ਕੁਦਰਤ-ਪ੍ਰੇਮੀਆਂ ਦੇ। ਰਾਤੋ-ਰਾਤ ਪਿੰਡ ਹੀ ਮਲੀਆਮੇਟ ਕਰ ਦੇਣਾ ਸੀ।

ਜਦੋਂ ਨੌਕਰੀ ਲੱਗ ਕੇ ਸੰਗਰੂਰ ਗਿਆ, ਸਾਫ-ਸੁਥਰਾ ਚੌਗਿਰਦਾ, ਧੂੜ-ਧੂੰਏਂ ਤੇ ਸ਼ੋਰ-ਸ਼ਰਾਬੇ ਤੋਂ ਰਹਿਤ ਸ਼ਾਂਤ ਸ਼ਹਿਰ ਦੇਖ ਕੇ ਚੰਗਾ ਲੱਗਿਆ। ਲੋਕ ਵੀ ਚੰਗੇ। ਛੇਤੀ ਹੀ ਤਰਕਸ਼ੀਲ ਸੁਸਾਇਟੀ ਨਾਲ ਜੁੜ ਗਿਆ। ਅੱਤਵਾਦ ਆਖਰੀ ਸਾਹਾਂ 'ਤੇ ਸੀ। ਜਿਉਂ-ਜਿਉਂ ਮੌਸਮ ਖੁੱਲਦਾ ਗਿਆ ਸੁਸਾਇਟੀ ਦੀਆਂ ਗਤੀਵਿਧੀਆਂ ਵੱਧਦੀਆਂ ਗਈਆਂ। ਸਕੂਲਾਂ, ਕਾਲਜਾਂ 'ਚ ਸੈਮੀਨਾਰ ਕਰਾਉਣੇ, ਭੂਤਾਂ ਭਜਾਉਣੀਆਂ, ਓਪਰੀ ਹਵਾ ਹਟਾਉਣੀ ਜਾਂ ਦੱਬੀਆਂ-ਕੁਚਲੀਆਂ ਖਾਹਿਸ਼ਾਂ ਕਰਕੇ ਕੁੜੀਆਂ-ਕਤਰੀਆਂ ਨੂੰ ਪੈਂਦੇ ਦੌਰਿਆਂ ਦਾ ਹੱਲ ਕੱਢਣਾ। ਪਿੰਡਾਂ 'ਚ ਸਾਰੀ-ਸਾਰੀ ਰਾਤ ਚੱਲਣ ਵਾਲੇ ਤਰਕਸ਼ੀਲ ਨਾਟਕ ਮੇਲੇ ਹੁੰਦੇ। ਤਰਕਸ਼ੀਲ ਜੱਥਾ ਲੈ ਕੇ ਪਿੰਡਾਂ 'ਚ ਜਾਂਦੇ। ਸਕੂਲਾਂ ਦੇ ਬੱਚੇ ਤੇ ਪਿੰਡਾਂ ਵਾਲੇ ਵੀ ਟ੍ਰੈਕਟਰ-ਟ੍ਰਾਲੀਆਂ ਲੈ ਕੇ ਜੱਥੇ 'ਚ ਸ਼ਾਮਲ ਹੁੰਦੇ।

ਫੇਰ ਮੈਂ ਸਲਾਹ ਦਿੱਤੀ ਕਿ ਕਾਫਲੇ 'ਚ ਤਰਕਸ਼ੀਲ ਕਿਤਾਬਾਂ ਵੀ ਨਾਲ ਲੈ ਕੇ ਚੱਲਿਆ ਕਰੀਏ। ਸਾਥੀ ਕਹਿੰਦੇ, 'ਵਿਕਣੀਆਂ ਨਹੀਂ।' ਮੈਂ ਕਿਹਾ, 'ਨਾ ਵਿਕਣ, ਲੋਕ ਦੇਖਣਗੇ ਤਾਂ ਸਹੀ।'

ਫੇਰ ਕਿਤਾਬਾਂ ਵਾਲਾ ਝੋਲਾ ਮੋਢੇ ਹੁੰਦਾ। ਪਹਿਲੀ ਵਾਰ ਹੀ ਪਿੰਡ ਬਾਲੀਆਂ ਵਿਚ ਕਾਫੀ ਕਿਤਾਬਾਂ ਵਿਕੀਆਂ। ਕਿਤਾਬਾਂ ਦੇਖਣ ਲਈ ਤਾਂ ਚੰਗੀ ਭੀੜ ਜੁੜਦੀ ਸੀ। ਇਕ ਵਾਰੀ ਇਕ ਨਾਟਕ ਮੇਲੇ ਦੌਰਾਨ ਕੋਈ ਕਿਤਾਬ ਨਹੀਂ ਵਿਕੀ। ਘਰ ਆ ਕੇ ਦੇਖਿਆ ਤਾਂ ਦੋ ਕਿਤਾਬਾਂ ਘੱਟ ਸੀ। ਅਗਲੇ ਦਿਨ ਹੋਈ ਰੀਵਿਊ ਮੀਟਿੰਗ ਵਿਚ ਮੈਂ ਰਿਪੋਰਟ ਦਿੱਤੀ ਕਿ ਦੋ ਕਿਤਾਬਾਂ ਵਿਕੀਆਂ ਹਨ।

ਕੁਦਰਤੀ ਸੰਜੋਗ ਸੀ ਜਾਂ ਸੱਚਮੁਚ ਚੰਗਾ ਸਮਾਂ ਸੀ ਕਿ ਪ੍ਰਸ਼ਾਸ਼ਨ ਵੱਲੋਂ ਵੀ ਸਹਿਯੋਗ ਮਿਲਦਾ ਸੀ। ਡੀ.ਸੀ. ਵੱਲੋਂ ਸਾਲਾਨਾ ਤਰਕਸ਼ੀਲ ਨਾਟਕ ਮੇਲੇ ਲਈ ਆਰਥਿਕ ਸਹਿਯੋਗ ਦਿੱਤਾ ਜਾਂਦਾ ਸੀ। ਜਿਸ ਪਿੰਡ 'ਚ ਨਾਟਕ ਮੇਲਾ ਹੁੰਦਾ, ਸਿਕਿਉਰਿਟੀ ਭੇਜੀ ਜਾਂਦੀ ਸੀ।

ਜਾਂ ਤਾਂ ਉਦੋਂ ਮਨੋਰੰਜਨ ਦੇ ਸਾਧਨ ਘੱਟ ਸਨ ਜਾਂ ਲੋਕਾਂ ਦਾ ਰੁਝਾਨ ਹੀ ਅਜਿਹਾ ਸੀ ਕਿ ਵੱਡਾ ਇਕੱਠ ਢਲ਼ਦੀ ਰਾਤ ਤੱਕ ਚੱਲਣ ਵਾਲੇ ਨਾਟਕਾਂ ਨੂੰ ਦਿਲਚਸਪੀ ਤੇ ਜਗਿਆਸਾ ਨਾਲ ਦੇਖਦਾ ਰਹਿੰਦਾ। ਉਦੋਂ ਸੱਚੀਓਂ ਲੱਗਣ ਲੱਗ ਪਿਆ ਸੀ ਕਿ 'ਦੇਵ ਪੁਰਸ਼ ਹਾਰ ਗਏ' ਨੇ ਤੇ ਭੂਤਾਂ ਭੱਜ ਗਈਆਂ ਹਨ। ਇਹ ਬਹੁਤੀਆਂ ਪੁਰਾਣੀਆਂ ਗੱਲਾਂ ਨਹੀਂ। ਤੇ ਹੁਣ ਦੇਖ ਲਓ, ਸਮੇਂ ਦਾ ਪਹੀਆ ਕਿਵੇਂ ਪੁੱਠਾ ਗਿੜ ਗਿਐ। ਦੇਵ ਪੁਰਸ਼ਾਂ ਨੇ ਆਮ ਲੋਕਾਂ ਦੀਆਂ ਛਾਲ਼ਾਂ ਚੁਕਾ ਰੱਖੀਆਂ ਨੇ।

ਇਕ ਦਿਨ ਚਾਣਚੱਕ ਰੌਲ਼ਾ ਪੈ ਗਿਆ, 'ਗਣੇਸ਼ ਦੁੱਧ ਪੀ ਰਿਹੈ!'

ਦਫਤਰ ਦੇ ਨੇੜੇ ਇਕ ਮੰਦਰ 'ਚ ਜਾ ਕੇ ਦੇਖਿਆ। ਮੂਰਤੀ ਦੁੱਧ ਪੀ ਰਹੀ ਸੀ। ਰੱਜੇ ਹੀ ਨਾ। ਲੰਮੀਆਂ-ਲੰਮੀਆਂ ਲਾਈਨਾਂ, ਸਮਝਾਉਣ ਦੀ ਕੋਸ਼ਿਸ਼ ਕੀਤੀ, ਗੰਦੀ ਨਾਲੀ 'ਚ ਵਗ ਰਿਹਾ ਦੁੱਧ ਦਿਖਾਇਆ, ਦੱਸਿਆ ਕਿ ਸਰਫੇਸ ਟੈਨਸ਼ਨ ਦੇ ਨੀਯਮ ਕਰਕੇ ਹੈ, ਭਾਵੇਂ ਕੱਪ ਦੀ ਡੰਡੀ ਨੂੰ ਵੀ ਦੁੱਧ ਦੀ ਚੰਮਚ ਛੁਹਾ ਕੇ ਦੇਖ ਲਓ!

ਦੋ ਰੱਫ-ਟੱਫ ਜਿਹੇ ਮੁੰਡਿਆਂ ਨੇ ਮੈਨੂੰ ਇਕ ਪਾਸੇ ਲਿਜਾ ਕੇ ਪੁੱਛਿਆ, 'ਹਾਂ ਬਾਊ, ਕੀ ਗੱਲ ਹੈ?'

ਮੈਂ ਕਿਹਾ, 'ਯਾਰ, ਸ਼ਰੇਆਮ ਪਾਖੰਡ...' ਤੇ ਨਾਲੀ ਵੱਲ ਇਸ਼ਾਰਾ ਕੀਤਾ ਜਿੱਥੇ ਤਿੰਨ-ਚਾਰ ਮੰਗਤੀਆਂ, ਕੁੱਛੜ ਜੁਆਕ ਤੇ ਹੱਥ 'ਚ ਡੋਲੂ-ਗਿਲਾਸ ਫੜੀ ਖੜ੍ਹੀਆਂ ਨਾਲੀ ਵੱਲ ਦੇਖਦੀਆਂ, ਲਾਈਨ 'ਚ ਲੱਗੀਆਂ ਤੀਵੀਂਆਂ ਕੋਲੋਂ ਦੁੱਧ ਮੰਗ ਰਹੀਆਂ ਸੀ, 'ਏ ਮਾਈ, ਥੋੜ੍ਹਾ ਜਾ ਦੁੱਧ ਦੇ ਦੇ, ਜੁਆਕ ਭੁੱਖਾ ਐ...'

'ਚਮਤਕਾਰ ਐ ਏਹੇ।''

'ਚਮਤਕਾਰ ਤਾਂ ਵੀਰ, ਤਾਂ ਹੁੰਦਾ ਜੇ ਮੂਰਤੀ ਦੁੱਧ ਦਿੰਦੀ।'

'ਤੈਨੂੰ ਦੁੱਧ ਦੇਣ ਲਾ ਦੇਈਏ...?' ਮੇਰੇ ਮੋਢੇ 'ਤੇ ਹੱਥ ਰੱਖ ਕੇ ਹੀ ਡਰਾ'ਤਾ।

'ਵੀਰੇ, ਸਾਇੰਸ 'ਚ ਸਰਫੇਸ ਟੈਨਸ਼ਨ ਦਾ ਇਕ ਨੀਯਮ ਹੈ...'

'ਤੂੰ ਇਹ ਦੱਸ, ਤੈਨੂੰ ਕੀ ਟੈਨਸ਼ਨ ਹੈ?'

ਮੈਂ ਟੈਨਸ਼ਨ ਸਮੇਤ, ਪਰ ਸਹੀ ਸਲਾਮਤ ਮੁੜ ਆਇਆ। ਫੇਰ ਤਰਕਸ਼ੀਲ ਸਾਥੀਆਂ ਨੇ ਤੈਅ ਕੀਤਾ ਕਿ ਮੰਦਰਾਂ ਦੇ ਬਾਹਰ ਖੜ੍ਹ ਕੇ ਆਪਣੀ ਗੱਲ ਰੱਖੀ ਜਾਵੇ।

ਚੀਨੀ ਮਿੱਟੀ ਦੇ ਚਿੱਟੇ ਕੱਪ-ਪਲੇਟ ਤੇ ਚੰਮਚ ਲੈ ਕੇ ਬੜੇ ਚੌਂਕ 'ਚ ਕੋਤਵਾਲੀ ਕੋਲ ਜਾ ਖੜ੍ਹੇ। ਚੰਮਚ ਨਾਲ ਕੱਪ ਦੀ ਡੰਡੀ ਨੂੰ ਦੁੱਧ ਪਿਲਾਈ ਗਏ ਤੇ ਲੋਕ ਦੇਖ-ਦੇਖ ਕੇ ਨਜ਼ਾਰੇ ਲਈ ਗਏ।

ਸ਼ਾਮ ਨੂੰ ਰਿਕਸ਼ੇ 'ਤੇ ਸ਼ਹਿਰ 'ਚ ਮੁਨਾਦੀ ਕਰਾ ਦਿੱਤੀ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਸਵੇਰੇ ਨੌਂ ਵਜੇ ਕਚਹਿਰੀਆਂ ਨੇੜੇ ਫੇਰੂਮਾਨ ਚੌਂਕ 'ਚ ਦੁੱਧ ਪਿਲਾਉਣ ਵਾਲੀ ਘਟਨਾ ਦੀ ਵਿਆਖਿਆ ਕੀਤੀ ਜਾਵੇਗੀ।

ਰਾਤ ਨੂੰ ਦੂਰਦਰਸ਼ਨ ਦੀਆਂ ਖ਼ਬਰਾਂ 'ਚ ਇਕ ਸ਼ਰਧਾਲੂ ਦੀ ਬਾਈਟ ਤੋਂ ਬਾਅਦ ਆਲ ਇੰਡੀਆ ਰੈਸ਼ਨੇਲਿਸਟ ਸੁਸਾਇਟੀ ਦੇ ਪ੍ਰਧਾਨ ਨੇ ਇਸ ਘਟਨਾ ਬਾਰੇ ਸੌਖੇ ਸ਼ਬਦਾਂ ਵਿਚ



ਸਮਝਾਇਆ। ਕਿੰਨਾ ਚੰਗਾ ਸਮਾਂ ਸੀ! ਇਕਦਮ ਸੰਤੁਲਿਤ ਖ਼ਬਰ। ਅੱਜ ਦੇ ਮੀਡੀਏ ਦਾ ਹਾਲ ਤੁਹਾਡੇ ਸਾਹਮਣੇ ਹੈ ਤੇ ਮੇਰੇ ਬੱਚੇ ਟੀ.ਵੀ. ਦੇਖਦੇ ਹੀ ਨਹੀਂ ਪਰ ਸਾਰੀਆਂ ਕੰਮ ਦੀਆਂ ਖ਼ਬਰਾਂ ਉਹਨਾਂ ਕੋਲ ਹੁੰਦੀਆਂ ਹਨ, ਨਵੀਂਆਂ ਤਕਨੀਕਾਂ ਨੇ ਜਿੱਥੇ ਗੰਦ ਪਾਇਐ ਉੱਥੇ ਗੁਲਾਮੀ ਵੀ ਘਟਾਈ ਹੈ।

ਖ਼ਬਰਾਂ ਚੱਲ ਰਹੀਆਂ ਸਨ ਕਿ ਤਰਕਸ਼ੀਲ ਸਾਥੀ ਪ੍ਰੋ. ਸੋਹੀ ਦਾ ਫੋਨ ਆ ਗਿਆ, 'ਸਵੇਰੇ ਵਿਆਖਿਆ ਵਾਲਾ ਪ੍ਰੋਗ੍ਰਾਮ ਕੈਂਸਲ... ਕਿਸੇ ਧਾਰਮਿਕ ਸੈਨਾ ਖ਼ਬਰੈ ਦੱਲ ਵਾਲਿਆਂ ਨੇ ਭਾਵਨਾਵਾਂ ਭੜਕਾਉਣ ਦੀ ਸ਼ਿਕਾਇਤ ਕਰ ਦਿੱਤੀ ਹੈ।' ਸਾਰੀ ਰਾਤ ਨੀਂਦ 'ਚ ਵੀ ਡਾਂਗਾਂ ਤੇ ਤਲਵਾਰਾਂ ਦਿੱਸਦੀਆਂ ਰਹੀਆਂ।

ਪ੍ਰਸ਼ਾਸ਼ਨ ਉਦੋਂ ਪਾਖੰਡ ਤੇ ਅੰਧਵਿਸ਼ਵਾਸ ਦੇ ਨਾਲ ਨਹੀਂ ਹੁੰਦਾ ਸੀ। ਸਾਨੂੰ ਅਗਾਊਂ ਸੂਚਨਾ ਦੇ ਕੇ ਲਿੰਚਿੰਗ, ਜਿਹਦਾ ਨਾਂ ਵੀ ਨਹੀਂ ਸੁਣਿਆ ਸੀ, ਵਰਗੇ ਹਾਦਸੇ ਤੋਂ ਬਚਾ ਲਿਆ ਸੀ। ਮਸਲਾ ਵੀ ਆਪੇ ਨਬੇੜ ਲਿਆ ਸੀ।

ਅੱਜ ਅਸੀਂ ਕਹਿ ਸਕਦੇ ਹਾਂ ਕਿ ਵੱਡੇ ਪੱਧਰ 'ਤੇ ਮੂਰਤੀਆਂ ਨੂੰ ਦੁੱਧ ਪਿਲਾਉਣ ਵਾਲੀ ਉਸ ਘਟਨਾ ਦੇ ਨਾਲ ਤਰਕਹੀਣਤਾ ਅਤੇ ਸਮੂਹਕ ਪਾਗਲਪਨ ਦੇ ਦੌਰ ਦੀ ਸ਼ੁਰੂਆਤ ਹੋਈ ਸੀ, ਜਿਸ ਲਈ ਸ਼ਾਤਰ ਲੋਕਾਂ ਨੇ ਉਹ ਪਹਿਲਾ ਪਰੀਖਣ ਕੀਤਾ ਸੀ। ਫਾਈਨਲ ਨਤੀਜਾ ਅੱਜ ਆਪਣੇ ਸਾਹਮਣੇ ਹੈ। ਚੌਥਾਈ ਸਦੀ ਬਾਅਦ ਤੇ ਖ਼ੂਬ ਤਰੱਕੀਆਂ ਦੇ ਬਾਵਜੂਦ ਅਸੀਂ ਤਾੜੀਆਂ-ਥਾਲ਼ੀਆਂ ਵਜਾਉਂਦੇ ਤੇ ਬੱਤੀਆਂ ਬੁਝਾਉਂਦੇ, ਦੀਵੇ ਜਗਾਉਂਦੇ ਫਿਰ ਰਹੇ ਹਾਂ! ਹੁਣ ਤਾਂ ਰੱਬ ਵੀ ਖ਼ੈਰ ਨਾ ਕਰੇ!

ਮੇਰੇ ਤੇ ਮੇਰੇ ਪਿਉ ਦੇ ਸਾਂਝੇ ਸਮੇਂ ਵਿਚ, ਭਲੇ ਵੇਲਿਆਂ ਵਾਂਗ, ਲੋਕਾਂ ਨੂੰ ਆਪਣੀ ਗੱਲ ਕਹਿਣ ਦੀ ਮਾੜੀ-ਮੋਟੀ ਆਜ਼ਾਦੀ ਤਾਂ ਸੀ ਹੀ। ਤੇ ਇਸ ਘਟਨਾ ਨੂੰ ਮੇਰੇ ਦਫਤਰ ਦੀਆਂ ਲਗਭਗ ਕਾਫੀ ਲੇਡਿਜ਼ ਨੇ ਪਾਖੰਡ ਮੰਨਿਆ ਸੀ। ਅੱਜਕਲ੍ਹ ਲਗਭਗ ਸਾਰੀਆਂ ਲੇਡਿਜ਼ ਗਲ਼-ਗਲ਼ ਤੱਕ ਪਾਖੰਡਾਂ ਵਿਚ ਡੁੱਬੀਆਂ ਹੋਈਆਂ ਨੇ ਤੇ ਆਪਣੇ ਲਈ ਨਿੱਤ ਨਵੇਂ ਪਾਖੰਡ ਖ਼ੁਦ ਈਜ਼ਾਦ ਵੀ ਕਰਦੀਆਂ ਰਹਿੰਦੀਆਂ ਨੇ।

ਛੇ-ਸੱਤ ਸਾਲ ਖ਼ੂਬ ਸਰਗਰਮੀਆਂ ਚੱਲੀਆਂ। ਫੇਰ ਮੈਂ ਸੁਝਾਅ ਦਿੱਤਾ ਕਿ 1984 ਦੇ ਆਸ-ਪਾਸ ਡਾ. ਇਬਰਾਹਿਮ ਟੀ. ਕਾਵੂਰ ਦੀ ਪੁਸਤਕ 'ਤੇ ਦੇਵ ਪੁਰਸ਼ ਹਾਰ ਗਏ' ਦੇ ਅਨੁਵਾਦ ਨਾਲ ਸ਼ੁਰੂ ਹੋਇਆ ਇਹ ਆਂਦੋਲਨ ਆਪਣੇ ਸਿਖਰ 'ਤੇ ਹੈ। ਹੁਣ ਸਾਨੂੰ ਅਗਲੇ ਕਦਮ ਦੇ ਰੂਪ 'ਚ ਅਜਿਹਾ ਉਪਰਾਲਾ ਕਰਨਾ ਚਾਹੀਦਾ ਹੈ ਕਿ ਅਖੌਤੀ ਦੇਵ ਪੁਰਸ਼ ਜਾਂ ਭੂਤਾਂ ਸਮਾਜ ਵਿਚ ਮੁੜ ਨਾ ਆ ਵੜਨ। ਸੋ ਘੱਟੋ-ਘੱਟ ਪੰਦਰਾਂ-ਵੀਹ ਸਾਲ ਦੀ ਯੋਜਨਾ ਬਣਾਈ ਜਾਵੇ। ਯਾਨੀ ਅੱਜ ਜੋ ਬੱਚੇ ਅੱਠਵੀਂ ਤੋਂ ਦਸਵੀਂ ਜਮਾਤ ਵਿਚ ਹਨ ਉਹਨਾਂ ਵਿਚ ਵਿਗਿਆਨਕ ਚੇਤਨਾ ਪੈਦਾ ਕਰ ਕੇ ਸਮਾਜ ਨੂੰ ਅੰਧਵਿਸ਼ਵਾਸਾਂ-ਵਹਿਮਾਂ-ਭਰਮਾਂ ਤੋਂ ਬਚਾਉਣ ਦੇ ਉਪਰਾਲੇ ਕੀਤੇ ਜਾਣ। ਫਾਇਦਾ ਇਹ ਹੋਵੇਗਾ ਕਿ ਅੱਜ ਜੋ ਬੱਚਾ ਅੱਠਵੀਂ ਜਮਾਤ ਵਿਚ ਹੈ (ਉਮਰ ਲੱਗਭਗ 14 ਸਾਲ), ਪੰਦਰਾਂ ਸਾਲ ਬਾਅਦ ਜਦੋਂ ਉਸ ਦੇ ਮੋਢਿਆਂ 'ਤੇ ਪਰਿਵਾਰ ਤੇ ਸਮਾਜ ਦੀ ਜ਼ਿੰਮੇਵਾਰੀ ਹੋਵੇਗੀ, ਜ਼ਰੂਰ ਇਕ ਚੰਗੇ ਤੇ ਨਰੋਈ ਸੋਚ ਵਾਲੇ ਸਮਾਜ ਦੀ ਉਸਾਰੀ ਵਿਚ ਆਪਣਾ ਹਿੱਸਾ ਪਾ ਰਿਹਾ ਹੋਵੇਗਾ।

ਅਧਿਆਪਕ ਵਰਗ ਚੰਗੇ ਸਮਾਜ ਦੀ ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਸੀ ਪਰ ਉਦੋਂ ਜ਼ਿਆਦਾਤਰ ਸਾਥੀਆਂ ਨੇ ਇਸ ਸੁਝਾਅ ਨੂੰ ਨਹੀਂ ਗੌਲ਼ਿਆ। ਇਕ ਸਾਥੀ ਸਾਇੰਸ ਅਧਿਆਪਕ ਵੀ ਸਨ ਅਤੇ ਅਧਿਆਪਕਾਂ ਦੀ ਜੱਥੇਬੰਦੀ 'ਚ ਸੂਬਾ ਪੱਧਰ ਦੇ ਅਹੁਦੇਦਾਰ

ਵੀ। ਉਹ ਕਹਿੰਦੇ, 'ਸਕੂਲ 'ਚ ਹਰ ਵਿਚਾਰਧਾਰਾ ਵਾਲੇ ਅਧਿਆਪਕ ਹੁੰਦੇ ਨੇ, ਖਾਹਮਖਾਹ ਵਿਰੋਧ ਕਿਹੜਾ ਮੁੱਲ ਲਵੇ?'

ਸੁਣ ਕੇ ਮੈਨੂੰ ਨਿਰਾਸ਼ਾ ਹੋਈ। ਇਸੇ ਦੌਰਾਨ ਬਾਹਰੋਂ ਬਦਲੀ ਹੋ ਕੇ ਆਏ ਕੁਝ ਟੀਚਰ ਸੁਸਾਈਟੀ ਨਾਲ ਹੋਰ ਜੁੜ ਗਏ ਅਤੇ ਜਾਅਲੀ ਵੋਟਾਂ ਵੀ ਖਾਸਾ ਜੋੜ ਲਈਆਂ। ਪ੍ਰਧਾਨਗੀ ਲਈ ਚੋਣ ਕਰਵਾਈ। ਅੰਦਰੂਨੀ ਪਾਲਟਿਕਸ ਤੋਂ ਸਿਵਾ ਬਾਕੀ ਗਤੀਵਿਧੀਆਂ ਮੱਧਮ ਪੈ ਗਈਆਂ। ਸੁਸਾਇਟੀ ਖਿੰਡ-ਪੁੰਡ ਗਈ।

ਸੰਗਰੂਰ ਵਿਚ ਛੇ-ਸੱਤ ਸਾਲ ਵਿਚਰਨ ਤੋਂ ਬਾਅਦ ਜਦੋਂ ਲੇਖਕਾਂ ਨਾਲ ਮੁਲਾਕਾਤ ਹੋਈ, ਉਸ ਸਮੇਂ ਦੀ ਵੱਖਰੀ ਕਹਾਣੀ ਹੈ। ਉਂਝ ਸੰਗਰੂਰ ਵਿਚ ਬਿਤਾਇਆ ਮੇਰਾ ਸਾਰਾ ਸਮਾਂ ਹੀ ਗੋਲਡਨ ਟਾਈਮ ਸੀ। ਗੁਰਮੇਲ ਮਡਾਹੜ ਵਰਗਾ ਖਰਾ ਬੰਦਾ ਮਿਲਿਆ। ਲਿਖਣ ਵੱਲ ਮੁੜਿਆ। ਅਣਖੀ ਜੀ ਦਾ ਮਾਰਗਦਰਸ਼ਨ ਮਿਲਿਆ।

ਅੱਜ ਜਦੋਂ ਆਪਣੇ ਸਮੇਂ 'ਤੇ ਨਜ਼ਰ ਮਾਰਦਾ ਹਾਂ, ਜਾਪਦੈ ਮੇਰਾ ਇਹ ਸਮਾਂ ਤਾਂ ਰਾਕੇਟ ਹੈ। ਜਿਵੇਂ ਕਦੇ ਮੋਬਾਇਲ ਫੋਨ ਦੀ ਕਿਸੇ ਅਸੈਸਰੀ ਆਦਿ ਲਈ ਦੁਕਾਨ 'ਤੇ ਜਾਈਦੈ ਤਾਂ ਅਕਸਰ ਜਵਾਬ ਮਿਲਦੈ, 'ਕਿਹੜੇ ਜ਼ਮਾਨੇ 'ਚ ਰਹਿੰਦੇਓਂ ਸਰ! ਇਹ ਮਾਡਲ ਤਾਂ ਕਦੋਂ ਦਾ ਬੰਦ ਹੋ ਚੁੱਕੈ।'

ਜ਼ਮਾਨੇ ਦਾ ਇਤਿਹਾਸ ਮੋਬਾਇਲਾਂ ਦੇ ਮਾਡਲਾਂ ਨਾਲ ਤੈਅ ਨਹੀਂ ਹੁੰਦਾ। ਫਿਰ ਵੀ ਜੇ ਮੇਰਾ ਸਮਾਂ ਰਾਕੇਟ ਹੈ ਤਾਂ ਇਸ ਬਾਰੇ ਰੈਪਿਡ ਫਾਇਰ ਰਾਉਂਡ ਦੀ ਤਰਜ਼ 'ਤੇ ਕੁਝ ਗੱਲਾਂ ਹੋਰ:

ਕਈ ਵਾਰੀ ਲੱਗਦੈ ਮੇਰਾ ਸਮਾਂ ਮੈਨੂੰ ਸੁਣ, ਸਮਝ ਨਹੀਂ ਰਿਹਾ ਤੇ ਮੈਂ ਆਪਣੀ ਗੱਲ ਆਪਣੇ ਘੇਰੇ ਦੇ ਲੋਕਾਂ ਤੱਕ ਪਹੁੰਚਾਉਣ ਲਈ ਤੜਪ ਰਿਹਾਂ। ਕੁਝ ਹੈ ਜੋ ਗੁਆਚ ਗਿਐ। ਇਸੇ ਸਿਲਸਿਲੇ ਵਿਚ ਸਵਾਲ ਉੱਠਦੈ, ਕੀ ਮੈਂ ਸਮਾਜਿਕ ਜਾਂ ਦੁਨੀਆਦਾਰ ਨਹੀਂ ਰਿਹਾ? ਤੇ ਜਵਾਬ 'ਚ ਕਹਾਣੀ 'ਖ਼ੁਸ਼ਬੂ-ਖ਼ੁਸ਼ਬੂ' ਲਿਖ ਦਿੰਦਾ ਹਾਂ। ਇਹ ਕਥਾ ਸ਼ੁਰੂ ਹੋਈ ਸੀ 'ਪੁਲਸੀਆ ਕਿਉਂ ਮਾਰਦਾ ਹੈ?' ਤੋਂ ਅਤੇ 'ਥੈਂਕਸ ਏ ਲੌਟ ਪੁੱਤਰਾ' ਥਾਂਣੀਂ ਹੁੰਦੀ ਹੋਈ ਇੱਥੇ ਤੱਕ ਪਹੁੰਚੀ ਹੈ। ਅੱਜਕਲ੍ਹ ਜਿੰਨ੍ਹਾਂ ਲੋਕਾਂ ਨਾਲ ਘਿਰਿਆ ਹੋਇਆ ਹਾਂ, ਉਹਨਾਂ ਨੂੰ ਆਈਡੈਂਟੀਫਾਈ ਕਰਦਿਆਂ 'ਨੋਵਲ ਕਮੀਨਾ ਵਾਇਰਸ' ਕਹਾਣੀ ਵਿਚ ਸ਼ਰਧਾਂਜਲੀ ਦਿੱਤੀ ਹੈ।

ਕਈ ਵਾਰੀ ਲੱਗਦੈ ਮੇਰੇ ਸਮੇਂ ਵਿਚ ਮੇਰਾ ਨਿੱਜੀ ਸਮਾਂ ਬਿਲਕੁਲ ਵੀ ਨਹੀਂ ਹੈ। ਜੇ ਹੈ ਵੀ ਤਾਂ ਅਜਿਹਾ ਜਿਸ ਵਿਚ ਕਿਸੇ ਹੋਰ ਦੀ ਕੋਈ ਦਿਲਚਸਪੀ ਨਹੀਂ। ਚੰਗਾ ਹੈ ਜੇ ਅਜਿਹਾ ਹੈ। ਕਿਉਂਕਿ ਮੈਨੂੰ ਲੱਗਦੈ ਮੈਂ ਸਭ ਤੋਂ ਨਖਿਧ-ਤੁੱਛ-ਕਮੀਨੇ-ਭੈੜੇ ਸਮੇਂ ਵਿਚ ਜੀ ਰਿਹਾ ਹਾਂ। ਇਸ ਸਮੇਂ ਵਿਚ ਮਨੁੱਖ ਅਤੇ ਮਨੁੱਖਤਾ ਦਾ ਵੱਡਪਣ-ਇੱਜ਼ਤ-ਆਦਰ-ਮਾਨ ਧੇਲੇ ਦਾ ਵੀ ਨਹੀਂ ਹੈ। ਸਾਂਝਾਂ ਖਤਮ ਹੋ ਰਹੀਆਂ ਹਨ। ਹੁਣ ਸੋਸ਼ਲ ਡਿਸਟੈਂਸਿੰਗ ਨਵਾਂ ਗੁਲ ਖਿੜਾਵੇਗੀ।

ਚਿੰਤਾ ਹੁੰਦੀ ਹੈ ਕਿ ਮੇਰੇ ਸਮੇਂ ਦੇ ਸੱਤਾ-ਧਰਮ-ਸਮਾਜ ਦਾ ਮਾਰਗ ਦਰਸ਼ਨ ਕਰਨ ਵਾਲੇ ਸੰਸਥਾ-ਸੰਸਥਾਨਾਂ ਦੀ ਅੱਜ ਕੀ ਹਾਲਤ ਹੋਈ ਪਈ ਹੈ? ਧਰਮ ਅਸਥਾਨਾਂ 'ਚ ਜਿਨ੍ਹਾਂ ਨੂੰ ਹੋਣਾ ਚਾਹੀਦਾ ਸੀ ਉਹ ਅੱਜ ਕਿਤੇ ਹੋਰ ਹਨ। ਸੰਸਦ 'ਜ ਜਿਨ੍ਹਾਂ ਨੂੰ ਹੋਣਾ ਚਾਹੀਦਾ ਸੀ ਉਹ ਕਿਤੇ ਹੋਰ ਅਤੇ ਜੇਲ੍ਹਾਂ 'ਚ ਜਿਨ੍ਹਾਂ ਨੂੰ ਹੋਣਾ ਚਾਹੀਦਾ ਸੀ ਉਹ ਕਿਤੇ ਹੋਰ ਹਨ।

ਆਮ ਧਾਰਨਾ ਬਣ ਚੁੱਕੀ ਹੈ ਕਿ ਅੱਜਕਲ੍ਹ ਇਨਸਾਫ ਨਹੀਂ, ਫੈਸਲੇ ਹੁੰਦੇ ਹਨ। ਤੇ ਫੈਸਲੇ ਵਿਕਦੇ ਹਨ। ਜਦੋਂ ਤੱਕ ਹਿਰਨ ਖੁਦ ਆ ਕੇ ਨਹੀਂ ਕਹਿੰਦਾ ਕਿ ਜਨਾਬ! ਮੈਨੂੰ ਗੋਲੀ ਨਹੀਂ, ਮੈਂ ਗੋਲੀ 'ਚ ਵੱਜਿਆ ਸਾਂ, ਉਦੋਂ ਤੱਕ ਸਲਮਾਨ ਖਾਨ ਨੂੰ ਇਨਸਾਫ ਦੇਣ ਲਈ ਕੋਰਟਾਂ ਰਾਤ-ਰਾਤ ਤੱਕ ਮਗ਼ਜ਼ਮਾਰੀ ਕਰਦੀਆਂ ਰਹਿਣਗੀਆਂ। ਵਿਡੰਬਨਾ ਦੇਖੋ, ਇਨਸਾਫ ਕਰਨ ਵਾਲਿਆਂ ਨੂੰ



ਖ਼ੁਦ ਸੜਕ 'ਤੇ ਆ ਕੇ ਇਨਸਾਫ ਮੰਗਣਾ ਪੈਂਦਾ ਹੈ। ਕੀਹਦੇ ਸਾਹਮਣੇ? ਮੀਡੀਏ ਦੇ। ਤੇ ਮੀਡੀਆ? ਚੁੱਪ ਹੀ ਭਲੀ ਹੈ। ਹਰ ਕਿਤੇ ਪਾਖੰਡ ਤੇ ਡਰਾਮੇ! ਕੀ ਮੇਰਾ ਸਮਾਂ ਹਰਾਮੀਆਂ ਦਾ ਸਮਾਂ ਹੈ?

ਮੇਰੇ ਸਮੇਂ ਨੂੰ ਨਾ ਕਲਾ ਚੰਗੀ ਲੱਗਦੀ ਹੈ, ਨਾ ਕਲਾਕਾਰ। ਨਾ ਲੇਖਕ ਚੰਗੇ ਲੱਗਦੇ ਨੇ, ਨਾ ਵਿਚਾਰ। ਨਾ ਖਿਡਾਰੀ, ਨਾ ਕੋਈ ਸੱਭਿਆਚਾਰ। ਇੱਥੋਂ ਤੱਕ ਕਿ ਕੋਈ ਸੱਭਿਆ ਆਦਮੀ ਵੀ ਨਹੀਂ। ਨਾ ਲੱਗਣ ਚੰਗੇ, ਪਸੰਦ ਆਪੋ-ਆਪਣੀ। ਪਰ ਵਿਚਾਰਕਾਂ-ਚਿੰਤਕਾਂ ਦੇ ਮੱਥੇ-ਸੀਨੇ ਵਿਚ ਗੋਲੀ ਕਿਉਂ? ਜੇਲ੍ਹਾਂ ਕਿਉਂ? ਜਦ ਚਾਹੁਣ, ਮੁੱਠੀ ਭਰ ਗੁੰਡੇ ਸਾਰੀ ਵਿਵਸਥਾ ਨੂੰ ਕਿਡਨੈਪ ਕਰ ਲੈਂਦੇ ਨੇ!

ਮੇਰੇ ਸਮੇਂ 'ਤੇ ਅੱਜ ਵਿਲੇਨ ਦਾ ਪਰਾਕ੍ਰਮ ਛਾਇਆ ਹੋਇਆ ਹੈ। ਅੱਜ ਨਾ ਕੋਈ ਨਾਇਕ ਹੈ, ਨਾ ਮਹਾਨਾਇਕ। ਬਾਜ਼ਾਰ ਵੱਲੋਂ ਬਣਾਏ ਹੋਏ ਸਦੀ ਦੇ ਮਹਾਨਾਇਕ ਦਾ ਮਤਲਬ ਸੱਤਾ ਦਾ ਨਰਸਿੰਘਾ ਹੈ। ਪੁਰਾਣੇ ਨਾਇਕਾਂ ਦੇ ਨਾਇਕਤਵ 'ਤੇ ਵੀ ਕਾਲਖ ਪੋਚਣ ਦੀਆਂ ਹਜ਼ਾਰਾਂ-ਹਜ਼ਾਰ ਕੋਸ਼ਿਸ਼ਾਂ ਲਗਾਤਾਰ ਹੋ ਰਹੀਆਂ ਹਨ। ਇਸ ਮਾਮਲੇ ਵਿਚ ਮੇਰਾ ਸਮਾਂ ਬਹੁਤ ਹੀ ਕਰੂਰ-ਕਠੋਰ-ਨਿਰਮੋਹਾ-ਨਿਰਲੱਜ ਹੋ ਚੁੱਕਾ ਹੈ। ਨਾਇਕਾਂ ਦੀ ਥਾਂ ਹੁਣ ਸਟਾਰਾਂ ਨੇ ਲੈ ਲਈ ਹੈ। ਤੇ ਸਟਾਰ...? ਰਾਤ ਗਈ ਬਾਤ ਗਈ, ਕਲ੍ਹ ਨੂੰ ਕੋਈ ਨਵਾਂ ਸਟਾਰ। ਮੁੱਲ ਦੀਆਂ 'ਫੋਲੋ-ਸ਼ੇਅਰ-ਲਾਇਕਾਂ' ਦੀਆਂ ਦੁਕਾਨਾਂ ਖੁੱਲ੍ਹੀਆਂ ਹੋਈਆਂ ਹਨ। ਸਟਾਰਾਂ ਦਾ ਸਕਾਰਾਤਮਕਤਾ ਨਾਲ ਕੋਈ ਲੈਣਾ-ਦੇਣਾ ਨਹੀਂ। ਨਕਾਰਾਤਮਕ ਹਰਕਤਾਂ ਰਾਤੋ-ਰਾਤ ਸਟਾਰ ਬਣਨ ਦਾ ਸਭ ਤੋਂ ਸੌਖਾ ਜ਼ਰੀਆ ਹਨ। ਸਭ ਨੇ ਸ਼ੌਰਟ-ਕਟਾਂ ਵੱਲ ਵਹੀਰਾਂ ਘੱਤੀਆਂ ਨੇ।

ਜੇ ਇਹ ਗੱਲਾਂ ਸੱਚ ਹਨ ਤਾਂ ਮੇਰੇ ਸਮੇਂ ਦੀ ਵਿਆਖਿਆ ਕਿਵੇਂ ਕੀਤੀ ਜਾਵੇ? ਮੇਰੇ ਸਮੇਂ ਨੂੰ ਕੀਹਦੇ ਬਰਅਕਸ ਰੱਖ ਕੇ ਦੇਖਿਆ ਜਾਵੇ? ਇਤਿਹਾਸ-ਮਿਥਿਹਾਸ ਦੇ? ਫੇਰ ਕੀ ਸਮੱਸਿਆ ਹੈ? ਦੁੱਖੀ ਜਾਂ ਚਿੰਤਤ ਹੋਣ ਵਾਲੀ ਕੋਈ ਗੱਲ ਹੀ ਨਹੀਂ ਹੈ। ਗ਼ੁਲਾਮੀ, ਛੂਤਛਾਤ, ਜਾਤਪਾਤ, ਊਂਚ-ਨੀਚ, ਝੂਠ-ਫਰੇਬ-ਧੋਖਾ, ਕੀ ਇਹਨਾਂ ਦਾ ਸਿਰਫ ਰੂਪ ਹੀ ਨਹੀਂ ਬਦਲਿਆ ਹੈ? ਜੇ ਹਾਂ ਤਾਂ ਫੇਰ ਸੱਭਿਅਤਾ ਦੇ ਸਦੀਆਂ ਲੰਮੇ ਸਫਰ ਦਾ ਸਾਡੇ ਲਈ ਕੀ ਅਰਥ ਹੈ?

ਮੇਰੇ ਸਮੇਂ ਸਾਹਮਣੇ ਬਹੁਤ ਚੁਣੌਤੀਆਂ ਹਨ। ਮਾਨਵ ਸੱਭਿਅਤਾ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਹੋਰ ਕਾਲ-ਖੰਡਾਂ ਦੀ ਬਨਿਸਪਦ ਇਸ ਕਾਲ-ਖੰਡ ਦਾ ਸਪੈਨ ਬੇਸ਼ੱਕ ਛੋਟਾ ਹੈ ਪਰ ਇਸ ਦੌਰਾਨ ਬਦਲਾਅ ਦੀ ਗਤੀ ਬਹੁਤ ਤੇਜ਼ ਰਹੀ ਹੈ। ਇਸ ਨੂੰ ਸਮਝਣ/ਨਜਿੱਠਣ ਦੇ ਮਾਮਲੇ ਵਿਚ ਫਿਲਹਾਲ ਤਾਂ ਚੁਫੇਰੇ ਘੁੱਪ ਹਨੇਰਾ ਹੈ।

ਇੰਨਾ ਘੁੱਪ ਹਨੇਰਾ ਕਿ ਹੁਣ ਤਾਂ ਕੰਧੌਲ਼ੀ 'ਤੇ ਲਾਇਆ ਉਹ ਧੁੱਪ ਦਾ ਨਿਸ਼ਾਨ ਵੀ ਨਹੀਂ ਦਿੱਸ ਰਿਹਾ। ਫਿਰ ਵੀ ਮੈਂ ਆਪਣੀ ਵਿੱਤ ਅਨੁਸਾਰ ਇਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਸ ਨੂੰ ਸਮਝਣ ਦੀ, ਮਨੁੱਖਤਾ ਨੂੰ ਦਰਪੇਸ਼ ਚਿੰਤਾ-ਭੈਅ ਸੰਬੰਧੀ ਸਵਾਲ ਲੈ ਕੇ ਇਸ ਨੂੰ ਮੁਖਾਤਬ ਹੋਣ ਦੀ ਆਪਣੀਆਂ ਕਹਾਣੀਆਂ ਰਾਹੀਂ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਇਹ ਮੇਰਾ ਮਾਸੂਮ ਵਹਿਮ ਵੀ ਹੋ ਸਕਦਾ ਹੈ। ਪਰ ਮੇਰਾ ਵਿਕਰਾਲ ਅਤੇ ਖੌਫ਼ਨਾਕ ਸਮਾਂ ਆਪਣੀਆਂ ਬੇਲਿਹਾਜ ਕਰੂਰਤਾਵਾਂ ਸਮੇਤ ਮੇਰੇ ਸਨਮੁਖ ਹੈ, ਇਹ ਤੱਥ ਹੈ। ਬੇਸ਼ੱਕ। ਪਰ ਇਹ ਤਾਂ ਨਹੀਂ ਨਾ ਹੋ ਸਕਦਾ ਕਿ ਅਨੈਤਿਕਤਾ ਅਤੇ ਘੁਟਾਲਿਆਂ ਨਾਲ ਗ੍ਰੱਸੇ ਇਸ ਭ੍ਰਿਸ਼ਟ ਰਾਜਨੀਤਿਕ-ਆਰਥਿਕ-ਸਮਾਜਿਕ-ਧਾਰਮਿਕ ਸਮੇਂ ਦੀ ਹਨੇਰੀ ਸੁਰੰਗ ਤੋਂ ਡਰ ਕੇ ਵਾਪਸ ਇਤਿਹਾਸ ਵਿਚ ਚਲੇ ਜਾਈਏ।

ਮੋ. 94160-37910

# ਸਮਾਂ ਨਿਰੰਤਰ ਵਹਿ ਰਿਹਾ/ਪ੍ਰੀਤ ਪਾਲ ਕਨੇਡਾ

ਦ੍ਰਿੜ੍ਹ ਇਰਾਦਾ, ਸ਼ਕਤੀਸ਼ਾਲੀ, ਬੇਪਰਵਾਹ, ਬੇਦਰਦ, ਅਨੰਤਕਾਲ ਦਾ ਸਫ਼ਰ। ਸਮੇਂ ਦੀ ਕੋਈ ਉਮਰ ਨਹੀਂ ਹੁੰਦੀ। ਸਮੇਂ ਦਾ ਕੋਈ ਜਨਮ ਨਹੀਂ ਹੁੰਦਾ, ਸਮੇਂ ਦੀ ਮੌਤ ਨਹੀਂ, ਸਮੇਂ ਦਾ ਜੀਵਨ ਹੀ ਜੀਵਨ, ਇਸੇ ਵਹਾਅ ਵਿੱਚੋਂ ਮੇਰਾ ਜਨਮ ਹੋਇਆ। ਦੁਨੀਆ ਨਾਮੀ ਭੀੜ ਵਿੱਚ ਰਿਸ਼ਤਿਆਂ ਦੀ ਉਂਗਲ ਫੜ ਕੇ ਤੁਰਨਾ ਸ਼ੁਰੂ ਕੀਤਾ। ਮੈਂ ਵੀ ਸਮਾਂ ਹੀ ਹਾਂ। ਵਹਿ ਰਹੇ ਸਮੇਂ ਦਾ ਇਕ ਕਣ ਜੋ ਸਮੇਂ ਵਿਚੋਂ ਉਪਜਿਆ, ਜਿਵੇਂ ਰਮਣੀਕ ਹਵਾ ਦਾ ਇੱਕ ਬੁੱਲਾ ਰਾਹ ਭੁੱਲ ਇਨਸਾਨੀ ਰੂਪ ਧਾਰ ਧਰਤੀ ‘ਤੇ ਅਟਕ ਗਿਆ ਹੋਵੇ ਜਾਂ ਆਇਆ ਹੋਵੇ ਝੱਖੜਾਂ ਸੰਗ ਝੁੱਲਣ, ਆਪਣੇ ਵਜੂਦ ਦਾ ਤੀਲਾ-ਤੀਲਾ ਤੋੜ ਨਵਾਂ ਵਜੂਦ ਬਣਾਉਣ, ਪੀੜਾਂ ਦੀ ਭੱਠੀ ਤਪ ਆਪਣੇ ਜ਼ਿਹਨ ਨੂੰ ਕਿਸੇ ਹੋਰ ਸਾਂਚੇ ਢਾਲਣ। ਹੰਢਾਏ ਹਨ ਮੈਂ ਦੁੱਖ, ਸੁੱਖਾਂ ਤੋਂ ਕਿਤੇ ਜ਼ਿਆਦਾ। ਤੜਫ ਹਮੇਸ਼ਾ ਸਕੂਨ ‘ਤੇ ਹਾਵੀ ਰਹੀ। ਸੋਚਦੀ ਮੈਂ ਘੁੱਪ ਹਨੇਰੀ ਰਾਤ ਜਨਮੀ ਹੋਵਾਂਗੀ ਜੋ ਉਸ ਦੀ ਪਰਛਾਂਈ ਜ਼ਿੰਦਗੀ ਦੀਆਂ ਪੈੜਾਂ ਮੱਲ ਬੈਠੀ ਪਰ ਮਾਂ ਦੱਸਦੀ ਕਿ ਤੇਰਾ ਜਨਮ ਸ਼ਾਮ ਨੂੰ ਚਾਰ ਵਜੇ ਹੋਇਆ ਸੀ। ਇਸ ਵਕਤ ਧਰਤੀ ਆਪਣੇ ਧੁਰੇ ਦੁਆਲੇ ਚੱਕਰ ਦੇ ਦੋ ਬਰਾਬਰ ਹਿੱਸੇ ਸੋਲਾਂ ਘੰਟੇ ਦਾ ਸਫ਼ਰ ਪੂਰਾ ਕਰ ਅੱਠ ਘੰਟੇ ਦਾ ਇੱਕ ਹਿੱਸਾ ਪੂਰਾ ਕਰਨ ਜਾ ਰਹੀ ਹੁੰਦੀ। ਸਮੇਂ ਦੇ ਇਸ ਪਹਿਰ ਧਰਤੀ ਸੂਰਜ ਤੋਂ ਮੁੱਖ ਮੋੜ ਨ੍ਹੇਰੀਆਂ ਰਾਹਾਂ ਉੱਪਰ ਤੁਰਨ ਦਾ ਮਨ ਬਣਾ ਲੈਂਦੀ। ਨ੍ਹੇਰੀਆਂ ਦਾ ਮਤਲਬ ਹਰ ਇੱਕ ਲਈ ਵੱਖਰਾ ਹੁੰਦਾ ਹੈ। ਸੋਚਦੀ ਹਾਂ ਧਰਤੀ ਵੀ ਸੂਰਜ ਦੀ ਤਪਸ਼ ਤੋਂ ਤੰਗ ਆ ਉਸ ਤੋਂ ਪਰ੍ਹੇ ਭੱਜਦੀ, ਨ੍ਹੇਰਿਆਂ ਨਾਲ ਟਕਰਾ ਜਾਂਦੀ, ਠੰਡੇ ਚਾਨਣ ਦੀ ਪਿਆਸੀ ਤੁਰਦੀ ਰਹਿੰਦੀ ਕਾਲੀਆਂ ਰਾਤਾਂ ਸੰਗ ਤੇ ਫਿਰ ਚੰਦ ਧਰਤੀ ਵੱਲ ਖਿੱਚਿਆ ਜਾਂਦਾ ਜਾਂ ਕਹਿ ਸਕਦੇ ਹਾਂ ਸੂਰਜ ਆਪਣੀ ਤਪਸ਼ ਨੂੰ ਚੰਦ ਦੀ ਮੱਦਦ ਨਾਲ ਠੰਡਾ ਕਰਦਾ ਤੇ ਧਰਤੀ ‘ਤੇ ਠੰਡੀਆਂ ਚਾਨਣੀ ਰਿਸ਼ਮਾਂ ਵਰਸਾਉਂਦਾ। ਧਰਤੀ ਹੌਲੀ ਹੌਲੀ ਚੰਨ ਡੀਕਣਾ ਸ਼ੁਰੂ ਕਰਦੀ। ਪੂਰਨਮਾਸ਼ੀ ਦੇ ਦਿਨਾਂ ਵਿੱਚ ਚੰਦਰਮਾ ਆਪਣਾ ਸਾਰਾ ਚਾਨਣ ਧਰਤੀ ਦੀ ਹਿੱਕ ‘ਤੇ ਨਿਸ਼ਾਵਰ ਕਰ ਦਿੰਦਾ। ਧਰਤ ਮਹਿਕ ਉਠਦੀ। ਇਸ ਦੀ ਗੋਦ ਵਿੱਚ ਖੇਡਦੇ ਸਮੁੰਦਰਾਂ ਦਾ ਪਾਣੀ ਖੁਸ਼ੀ ਵਿੱਚ ਉੱਚੀਆਂ ਛੱਲਾਂ ਮਾਰ ਚੰਦਰਮੇ ਦੀ ਚਾਨਣੀ ਦਾ ਸਵਾਗਤ ਕਰਦਾ। ਮੈਂ ਧਰਤੀ ਦੀ ਸੂਰਜ ਨਾਲ ਮੁਹੱਬਤ ‘ਤੇ ਹੈਰਾਨ ਹੁੰਦੀ, ਕਿਉਂ ਝੱਲੀ ਇਸ ਅੱਗ ਦੇ ਗੋਲੇ ਦੁਆਲੇ ਪਰਕਰਮਾ ਕਰਦੀ ਕਦੀ ਆਪਣੇ ਵਾਅਦੇ ਤੋਂ ਮੁਨਕਰ ਨਹੀਂ ਹੁੰਦੀ ਭਾਵੇਂ ਇਸ ਉੱਪਰ ਲੱਖਾਂ ਝੱਖੜ ਝੁੱਲਣ ਪਰ ਇਹ ਕਸਮਾਂ ਬੱਧੀ ਆਪਣਾ ਚੱਕਰ ਸਮੇਂ ‘ਤੇ ਪੂਰਾ ਕਰਦੀ। ਸਮੇਂ ਦੇ ਕਦਮ ਨਾਲ ਕਦਮ ਮਿਲਾ ਤੁਰਦੀ।

ਜਦੋਂ ਵੀ ਮੈਂ ਧਰਤੀ ਬਾਰੇ ਸੋਚਦੀ, ਆਪਣੇ ਆਪ ਨਾਲ ਸ਼ਿਕਵਾ ਕਰਦੀ ਹਾਂ, ਮੈਂ ਸਮੇਂ ਤੋਂ ਕਿਉਂ ਪੱਛੜ ਗਈ। ਸਮਾਂ ਤਾਂ ਬਹੁਤ ਅੱਗੇ ਲੰਘ ਗਿਆ। ਸਮਾਂ ਤਾਂ ਚਲਦਾ ਜਾ ਰਿਹਾ, ਹਰ ਪਲ ਹੱਥੋਂ ਤਿਲਕਦਾ, ਅਟਕੀ ਤਾਂ ਮੈਂ ਹਾਂ। ਅਗਿਆਨਤਾ ਵੱਸ ਜ਼ਿੰਦਗੀ ਦੀ ਸੱਚਾਈ ਨੂੰ ਦੁੱਖ ਸਮਝਦੀ ਮੈਂ ਨ੍ਹੇਰਿਆਂ ਨਾਲ ਟਕਰਾ ਗਈ ਤੇ ਫਿਰ ਚਾਨਣ ਨੂੰ ਤਰਸੀ, ਗਿਆਨ ਦੇ ਚਾਨਣ ਨੂੰ। ਮੌਜੂਦਾ ਸਮੇਂ ਜਿੱਥੇ ਮੈਂ ਖੜੀ ਹਾਂ, ਮੈਂ ਤੇ ਮੇਰਾ ਸਮਾਂ ਕਿਵੇਂ, ਕਿਹੜੇ ਰਾਹਾਂ ਤੋਂ ਗੁਜ਼ਰੇ ਇੱਕ ਝਲਕ ਆਪ ਸਭ ਨਾਂਲ ਸਾਂਝੀ ਕਰਦੀ ਹਾਂ। ਬੀਤ ਗਿਆ ਵਕਤ ਯਾਦ ਨਾਮੀ ਕਿਤਾਬ ਬਣ ਜਾਂਦਾ ਹੈ। ਕੌੜੇ ਮਿੱਠੇ ਸਫ਼ਰ ਦੇ ਕੁਝ ਇੱਕ ਪੰਨੇ ਖੋਲ੍ਹਦੀ ਹਾਂ:

ਹਲਕੀ ਜਿਹੀ ਠੰਡ ਉੱਤਰ ਰਹੀ ਸੀ। ਮੈਂ ਨੌਵੀਂ ਕਲਾਸ ਵਿੱਚ ਪੜ੍ਹਦੀ ਸਾਂ। ਸਕੂਲ ਦਾ ਕੰਮ ਕਰਦੀ ਨੇ ਕਾਪੀ ਤੇ ਲਿਖਣਾ ਸ਼ੁਰੂ ਕੀਤਾ-



..ਤੂੰ ਧਰਤੀ ‘ਤੇ ਫੜਫੜਾਉਂਦਾ ਉਹ ਪੰਛੀ ਹੈਂ ਜਿਸ ਦੀ ਅੰਬਰੀਂ ਉੱਡਣ ਦੀ ਚਾਹਤ ਹੈ, ਅੰਬਰ ਤਾਂ ਬਹੁਤ ਉੱਚਾ ਹੈ, ਕਿਵੇਂ ਭਰੇਂਗੀ ਉਡਾਣ? ਫੇਰ ਮੈਂ ਅੱਖਾਂ ਬੰਦ ਕਰ, ਹੱਥ ਜੋੜ ਸਮੇਂ ਤੋਂ ਆਪਣੀ ਪਰਵਾਜ਼ ਦੀ ਖ਼ੈਰ ਮੰਗਣ ਲੱਗੀ। ਹਰ ਰੋਜ਼ ਖੁਦ ਲਈ ਨਸੀਹਤ ਨਾਮਾ ਕਾਪੀ ‘ਤੇ ਉਤਾਰਦੀ, ਕਲਪਨਾ ਕਰਦੀ, ਮੈਂ ਉਡ ਰਹੀ ਹਾਂ। ਆਪਣੇ ਆਪ ਨੂੰ ਕਹਿੰਦੀ ਧਿਆਨ ਨਹੀਂ ਭਟਕਣਾ ਚਾਹੀਦਾ, ਨਹੀਂ ਤਾਂ ਡਿੱਗ ਜਾਏਂਗੀ। ਅੰਬਰੋਂ ਧਰਤੀ ‘ਤੇ ਪਟਕੀ ਤਾਂ ਉਠਿਆ ਨਹੀਂ ਜਾਣਾ। ਕਦੀ ਮੈਂ ਲਿਖਦੀ, ਦੇਖ ਤੂੰ ਅੱਖਾਂ ਰਾਹੀਂ ਜੱਗ ਦੇਖਦੀ ਏਂ। ਜ਼ਿਆਦਾ ਉੱਚਾ ਨਾ ਦੇਖੀਂ ਕਿ ਦੁਨੀਆ ਦੀ ਉਡਦੀ ਧੂੜ ਤੇਰੀਆਂ ਅੱਖਾਂ ਵਿੱਚ ਪੈ ਜਾਵੇ, ਨਾ ਹੀ ਏਨੀਆਂ ਬੰਦ ਕਰੀਂ ਕਿ ਤੂੰ ਠੋਕਰ ਖਾ ਡਿੱਗ ਜਾਵੇਂ, ਮਨ ਦੀਆਂ ਅੱਖਾਂ ਖੋਲ੍ਹਦੀ ਜਾਵੀਂ।

ਇਕ ਸ਼ਾਮ ਮਾਂ ਨੇ ਚੁੱਲ੍ਹੇ ‘ਤੇ ਸਾਗ ਧਰਿਆ ਸੀ। ਮੈਨੂੰ ਕਿਹਾ ਕਿ ਬੈਠ ਕੇ ਸਾਗ ਰਿੰਨ੍ਹ। ਮੈਂ ਸਕੂਲ ਦਾ ਕੰਮ ਵੀ ਕਰ ਰਹੀ ਸੀ ਤੇ ਸਾਗ ਦਾ ਵੀ ਖਿਆਲ ਰੱਖ ਰਹੀ ਸੀ। ਅਚਾਨਕ ਮੈਨੂੰ ਪੰਛੀਆਂ ਦੇ ਚਹਿਕਣ ਦੀ ਦਿਲਕਸ਼ ਆਵਾਜ਼ ਸੁਣੀ। ਅਸਮਾਨ ਵੱਲ ਦੇਖਿਆ, ਪੰਛੀ ਅੰਗਰੇਜ਼ੀ ਦੇ ਅੱਖਰ ‘ਵੀ’ ਦੀ ਸ਼ੇਪ ਵਿੱਚ ਇਕੱਠੇ (ਕੂੰਜਾਂ) ਉਡਦੇ ਜਾ ਰਹੇ ਸਨ। ਉਹਨਾਂ ਦੀ ਚਹਿ-ਚਹਾਟ ਨੇ ਮੇਰੇ ਅੰਦਰ ਖਲਬਲੀ ਮਚਾ ਦਿੱਤੀ। ਮੈਨੂੰ ਲੱਗਾ ਕਿ ਇਹਨਾਂ ਨੂੰ ਮੰਜ਼ਿਲ ਮਿਲ ਗਈ ਹੈ। ਮੈਂ ਲੰਮਾ ਹੌਕਾ ਲੈ ਕੇ ਸੋਚਿਆ, ਮੇਰੀ ਮੰਜ਼ਿਲ ਕਿੱਥੇ ਹੈ? ਇਸ ਅਹਿਸਾਸ ਨੂੰ ਕੁਝ ਸ਼ਬਦਾਂ ਦੇ ਰੂਪ ਦੇ ਕੇ ਪੇਪਰ ਹਵਾਲੇ ਕਰ ਦਿੱਤਾ ਸੀ ਜੋ ਸਮਾਂ ਪਾ ਕੇ ਇਹਨਾਂ ਲਾਈਨਾਂ ਵਿੱਚ ਸਮੋ ਗਿਆ:

ਬੰਨ ਬੰਨ ਡਾਰਾਂ ਕੂਜਾਂ ਜਾਵਣ
ਕੋਈ ਸੱਚ ਮੰਜ਼ਿਲ ਦਾ ਜਾਪੇ ਸਈਓ,
ਰੁੱਤ ਮਿਲਣ ਦੀ ਕੂਕ ਕਹਿਰ ਦੀ
ਖੇਡ ਅਨੋਖੀ ਜਾਪੇ ਸਹੀਓ,
ਸਰਗਮ ਸਰਗਮ ਗੂੰਜਾਂ ਆਵਣ
ਨੀ ਉਹ ਦੇਸ਼ ਸੱਜਣ ਦਾ ਜਾਪੇ ਸਈਓ,

ਹੁਣ ਮਹਿਸੂਸ ਕਰਦੀ ਹਾਂ, ਕਵਿਤਾ ਦਾ ਆਗਾਜ਼ ਮੇਰੀ ਰੂਹ ‘ਚੋਂ ਉਠ ਰਿਹਾ ਸੀ। ਮੈਂ ਸਮਝ ਨਹੀਂ ਸਕੀ ਸਾਂ। ਜਦੋਂ ਮੈਂ ਗਿਆਰਵੀਂ ਕਲਾਸ ਵਿੱਚ ਪੜ੍ਹਦੀ ਸੀ ਉਸ ਵਕਤ ਪੰਜਾਬੀ ਜ਼ੋਰਾਂ ‘ਤੇ ਪਰਦੇਸਾਂ ਨੂੰ ਪਰਵਾਜ਼ ਭਰ ਰਹੇ ਸਨ। ਭਰੇ ਪਰਿਵਾਰਾਂ ਨੂੰ ਛੱਡ, ਰੋਜ਼ੀ ਰੋਟੀ ਦੀ ਖਾਤਰ ਆਪਣਿਆਂ ਤੋਂ ਦੂਰ ਚਲੇ ਜਾਣਾ ਮੈਨੂੰ ਉਦਾਸ ਕਰ ਦਿੰਦਾ। ਕੁਝ ਲਿਖਿਆ ਗਿਆ ਕਵਿਤਾ ਵਰਗਾ ਜੋ ਇੱਥੇ ਸਾਂਝਾ ਕਰਨਾ ਚਾਹੁੰਦੀ ਹਾਂ-

***ਸੰਝ ਸਵੇਰੇ ਸੂਰਜ ਚੜ੍ਹਿਆ***

ਪੈ ਗਏ ਜ਼ਿੰਦਗੀ ਦੇ ਝੇੜੇ
ਆਲ੍ਹਣੇ ਵਿੱਚੋਂ ਉਡ ਗਿਆ ਪੰਛੀ
ਫਿਰ ਪੱਤੀ ਪੱਤੀ ਰੋਈ
ਲਹਿ ਗਈ ਅਰਮਾਨਾਂ ਦੀ ਲੋਈ,
ਦੂਰ ਦਾ ਪੈਂਡਾ ਕੋਹਾਂ ਦੂਰੀ
ਮੰਜ਼ਿਲ ਲੱਭਦਾ ਜਾਵੇ
ਕੁਝ ਯਾਦ ਆਵੇ, ਭੁੱਲ ਜਾਵੇ

ਪੰਛੀ ਫਿਰ ਉਸ ਨੂੰ ਜਗਾਵੇ
ਜ਼ਿੰਦਗੀ ਦੀ ਇਸ ਜੱਦੋ ਜਹਿਦ ਵਿੱਚ
ਉਹਦੀ ਅੱਖ ਛਮ-ਛਮ ਸੀ ਰੋਈ
ਲਹਿ ਗਈ ਅਰਮਾਨਾਂ ਦੀ ਲੋਈ,
ਐ ਪੰਛੀ, ਤੂੰ ਉਡਦਾ ਜਾਈਂ
ਸੱਤ ਸਮੁੰਦਰ ਪਾਰ ਆਲ੍ਹਣਾ
ਬਹਿ ਉਹਦੇ ਵਿੱਚ ਜਾਈਂ
ਹਰ ਇੱਕ ਪੱਤੀ ਤੇਰੀ ਆਪਣੀ
ਸਮਝੀਂ ਨਾ ਕੰਡਾ ਕੋਈ
ਲਹਿ ਗਈ ਅਰਮਾਨਾਂ ਦੀ ਲੋਈ,
ਜਦ ਕਦੀ ਤੂੰ ਵਾਪਸ ਆਵੇਂ
ਚੋਗਾ ਆਪਣਾ ਚੁਗ ਲਿਆਵੇਂ
ਰਾਹਾਂ ਪੈਂਡਾ ਵਹਿੰਦਾ ਆਵੇਂ
ਪੰਛੀ ਉਡ ਗਏ, ਰਾਹੀਂ ਆਪਣੇ
ਰਾਤ ਹਨੇਰੀ ਹੋਈ
ਹਨੇਰੇ ਦੀ ਬੁੱਕਲ਼ ਵਿੱਚ
ਤੈਨੂੰ ਲੱਭਣਾ ਨਹੀਂ ਆਪਣਾ ਕੋਈ
ਲਹਿ ਗਈ ਅਰਮਾਨਾਂ ਦੀ ਲੋਈ,
ਐ ਪੰਛੀ, ਇਕ ਗੱਲ ਸੁਣਦਾ ਜਾ
ਉਡ ਜਾਵੀਂ ਭਾਵੇਂ ਫਿਰ
ਮੈਂ ਕੌਣ ਤੈਨੂੰ ਰੋਕਣ ਵਾਲੀ
ਕਹਿਣ ਵਾਲੀ ਕੁਝ ਮੈਂ ਕੌਣ
ਤੇਰੀ ਜ਼ਿੰਦਗੀ ਤੇਰੀ ਆਪਣੀ
ਮੇਰਾ ਜੀਵਨ ਕੋਈ
ਲਹਿ ਗਈ ਅਰਮਾਨਾਂ ਦੀ ਲੋਈ,

ਇਹ ਮੇਰੀ ਉਹ ਲਿਖਤ ਹੈ ਜੋ ਦੂਸਰਿਆਂ ਦੇ ਦਰਦ ਦੇ ਅਹਿਸਾਸ 'ਚੋਂ ਪੁੰਗਰੀ ਹੈ। ਇਕ ਦੋ ਹੋਰ ਵੀ ਲਿਖੀਆਂ ਸਨ। ਮੇਰੇ ਜ਼ਿਹਨ 'ਚੋ ਕਵਿਤਾ ਫੁੱਟਣ ਹੀ ਲੱਗੀ ਸੀ ਕਿ ਸਮੇਂ ਨੇ ਕੂਹਣੀ ਮੋੜ ਕੱਟਿਆ, ਮੇਰੇ ਪਿਤਾ ਜੀ ੪੩ ਸਾਲ ਦੀ ਉਮਰ ਵਿੱਚ ਉਸ ਅਣਜਾਣੇ ਦੇਸ਼ ਚਲੇ ਗਏ ਗਏ ਜਿੱਥੋਂ ਕਦੇ ਕੋਈ ਵਾਪਿਸ ਨਹੀਂ ਪਰਤਿਆ। ਸਭ ਕੁਝ ਖਿਲਰ-ਪੱਤਰ ਗਿਆ। ਕਿੰਨੇ ਸੁਪਨੇ ਟੁੱਟੇ ਤੇ ਕਿੰਨੀਆਂ ਮਜਬੂਰੀਆਂ ਨੇ ਜ਼ਿੰਦਗੀ ਦੀ ਚਾਦਰ ਉਪਰ ਪੈਰ ਪਸਾਰ ਲਏ ਸੀ। ਮੈਂ ਆਪਣੇ ਪਿਤਾ ਜੀ ਦੇ ਬਹੁਤ ਨੇੜੇ ਸੀ। ਰੱਬ ਵਰਗਾ ਦੋਸਤ ਪਿਤਾ ਕਿਤੇ ਵੀ ਨਹੀਂ ਦਿਸਦਾ ਸੀ। ਮੇਰੀ ਮੈਡੀਕਲ ਦੀ ਪੜ੍ਹਾਈ ਕਰਨ ਦੀ ਖਾਹਿਸ਼ ਟੋਟੇ ਟੋਟੇ ਹੋ ਗਈ ਸੀ। ਮੇਰੇ ਅੰਦਰ ਕੁਝ ਮਰ ਗਿਆ ਸੀ ਜਿਵੇਂ ਕਿਸੇ ਅੱਧ ਖਿੜੇ ਬਗੀਚੇ 'ਤੇ ਪੱਤਝੜ ਦੀ ਹਕੂਮਤ ਹੋ ਗਈ ਹੋਵੇ। ਮੇਰੀ ਕਵਿਤਾ ਮੁਰਝਾਏ, ਸਹਿਕਦੇ ਪੱਤਿਆਂ ਥੱਲੇ ਦਫਨ ਹੋ ਗਈ। ਉਸ ਤੋਂ ਬਾਅਦ ਮੈਂ ਸਿਰਫ ਆਪਣੀ ਡਾਇਰੀ ਲਿਖਿਆ ਕਰਦੀ ਸੀ, ਕਦੀ ਕਦਾਈਂ।



ਸਮਾਂ ਲੰਘਦਾ ਗਿਆ। ਮੈਂ ਗਰੈਜੂਏਸ਼ਨ ਸਾਇੰਸ ਵਿੱਚ ਪੂਰੀ ਕਰ, ਬੈਚੂਲਰ ਆਫ ਐਜੂਕੇਸ਼ਨ ਕਰਨ ਤੋਂ ਬਾਅਦ ਪੰਜਾਬੀ ਯੂਨੀਵਰਸਟੀ ਪਟਿਆਲਾ ਫਿਜ਼ਿਕਸ ਦੀ ਮਾਸਟਰ ਕਰਨ ਚਲੇ ਗਈ। ਤੀਸਰੇ ਸਮਿਸਟਰ ਨੂੰ ਖਤਮ ਕਰਨ ਤੋਂ ਪਹਿਲਾਂ ਜ਼ਿੰਦਗੀ ਦੀਆਂ ਪੈੜਾਂ ਬਦਲ ਗਈਆਂ। ਮੈਂ ਵਿਆਹ ਕਰਾਕੇ ਕੇਨੈਡਾ ਆ ਗਈ। ਮਖ਼ਮਲੀ ਜਿਹੀਆਂ ਰੁੱਤਾਂ ਰੂਹ ਵਿੱਚ ਉਤਰ ਗਈਆਂ। ਜੀਵਨ ਸਾਥੀ ਦੀ ਅਹਿਮੀਅਤ ਪਤਾ ਲੱਗੀ। ਧਰਤੀ ਉਪਰ ਸਵਰਗ ਜਿਹਾ ਦੇਸ਼ ਕਨੇਡਾ ਜੋ ਮੇਰੇ ਭਾਰਤ ਤੋਂ ਕਿਤੇ ਵਿਲੱਖਣ ਮੇਰਾ ਦੇਸ਼ ਬਣ ਗਿਆ। ਇਹ ਦੇਸ਼ ਮਿਹਨਤਕਸ਼ ਲੋਕਾਂ ਦਾ ਦੇਸ਼ ਹੈ ਜਿੱਥੇ ਸੰਸਾਰ ਦੇ ਹਰ ਖੂੰਜੇ ਤੋਂ ਆਏ ਲੋਕ ਧਰਤੀ ਦੇ ਇਸ ਮਨਮੋਹਕ ਟੁੱਕੜੇ ਉਪਰ ਇਕੱਠੇ ਰਹਿ ਰਹੇ ਹਨ। ਸਭ ਤੋਂ ਅਹਿਮ ਗੱਲ ਇੱਥੇ ਮਿਹਨਤ ਦਾ ਮੁੱਲ ਮੁੜਦਾ ਹੈ। ਉਹ ਵੀ ਦੇਸ਼ ਹਨ ਜਿੱਥੇ ਜ਼ਿਆਦਾਤਰ ਲੋਕ ਮਿਹਨਤ ਕਰਨੀ ਆਪਣੀ ਹੇਠੀ ਮੰਨਦੇ ਹਨ, ਜੋ ਮਿਹਨਤ ਕਰਦੇ ਹਨ ਉਹਨਾਂ ਦਾ ਖ਼ੂਨ ਚੂਸਣ ਲਈ ਵੱਡੀਆਂ ਜੋਕਾਂ ਮੌਜੂਦ ਹਨ। ਉਹਨਾਂ ਨੂੰ ਚੌਦਾਂ ਪੰਦਰਾਂ ਘੰਟੇ ਦੀ ਮਿਹਨਤ ਤੋਂ ਬਆਦ ਮਸਾਂ ਹੀ ਦੋ ਡੰਗ ਦੀ ਰੋਟੀ ਨਸੀਬ ਹੁੰਦੀ ਹੈ। ਉਹਨਾਂ ਦਾ ਜੀਵਨ ਸਿਰਫ ਤੇ ਸਿਰਫ ਢਿੱਡ ਦੀ ਅੱਗ ਬੁਝਾਉਣ ਵਿੱਚ ਬੀਤ ਜਾਂਦਾ ਹੈ। ਉਹ ਇਸ ਤੋਂ ਵੱਧ ਹੋਰ ਕੁਝ ਸੋਚ ਹੀ ਨਹੀਂ ਸਕਦੇ ਪਰ ਕਨੇਡਾ ਦੀ ਧਰਤੀ 'ਤੇ ਮਿਹਨਤਕਸ਼ ਲੋਕ ਆਪਣਾ ਤੇ ਆਪਣੀ ਜਨਮ ਭੂਮੀ ਦਾ ਵੀ ਮੁਹਾਂਦਰਾ ਬਦਲ ਗਏ। ਕਿੰਨਾ ਕੁਝ ਸਿੱਖਿਆ ਮੈਂ ਇਸ ਦੇਸ਼ ਵਿੱਚ ਆ ਕੇ। ਬੇਸ਼ੱਕ ਸ਼ੁਰੂਆਤ ਸਖਤ ਸੀ ਪਰ ਜਲਦੀ ਆਦੀ ਹੋ ਗਏ। ਹਰ ਕੰਮ ਆਪਣੇ ਹੱਥੀਂ ਕਰਨਾ ਮਿਹਨਤ ਆਦਤ ਬਣ ਗਈ, ਜਿਸ ਨੂੰ ਮਿਹਨਤ ਦੀ ਲੱਚ ਲੱਗ ਜਾਵੇ ਉਹ ਕਦੇ ਹਾਰਦੇ ਨਹੀਂ, ਨ੍ਹੇਰਿਆਂ ਨੂੰ ਚੀਰਨ ਵਾਲੀ ਰੌਸ਼ਨੀ ਹੁੰਦੀ ਹੈ ਇਹ ਆਦਤ। ਖੇਤਰ ਕੋਈ ਵੀ ਹੋਵੇ ਮਿਹਨਤੀ ਉਸ ਦਾ ਹੁਲੀਆਂ ਸੁਆਰ ਲੈਂਦੇ ਹਨ। ਵਿਹਲੜ ਆਪਣੇ ਆਪ ਲਈ, ਪਰਿਵਾਰ, ਦੇਸ਼ ਅਤੇ ਧਰਤੀ ਲਈ ਸ਼ਰਾਪ ਹੁੰਦੇ ਹਨ ਜਦ ਕਿ ਮਿਹਨਤੀ ਲੋਕ ਆਸ਼ੀਰਵਾਦ।

ਇਸ ਦੇਸ਼ ਦੀ ਖੂਬਸੂਰਤੀ ਜਿਸ ਤੋਂ ਮੈਂ ਬਹੁਤ ਪ੍ਰਭਾਵਿਤ ਹੋਈ, ਇਥੇ ਸਿਸਟਮ ਵਿੱਚ ਇਕ ਸਲੀਕਾ ਹੈ। ਕਿਸੇ ਵੀ ਦਫ਼ਤਰ ਵਿੱਚ ਜਾਣਾ, ਹਸਪਤਾਲ ਜਾਣਾ, ਸੜਕ 'ਤੇ ਤੁਰਨਾ, ਗੱਡੀਆਂ ਦਾ ਇਕ ਲਾਈਨ ਵਿੱਚ ਚੱਲਣ, ਬਸ, ਟ੍ਰੇਨ ਵਿੱਚ ਚੜ੍ਹਨਾ, ਬੈਠਣਾ, ਉਤਰਨਾ ਸਭ ਇੱਕ ਅਦਾਕਾਰੀ ਜਿਹਾ ਲੱਗਦਾ। ਕੋਈ ਧਕਮ ਧੱਕਾ ਨਾ ਹੁੰਦਾ, ਲੋਕ ਸਲੀਕੇ ਨਾਲ ਇੱਕ ਦੂਸਰੇ ਨੂੰ ਲੰਘਣ ਦੀ ਜਗ੍ਹਾ ਦਿੰਦੇ। ਕੋਈ ਰੌਲ਼ਾ ਰੱਪਾ ਨਹੀਂ। ਬਹੁਤ ਵਾਰ ਮੈਨੂੰ ਆਪਣੇ ਪਿੰਡ ਤੋਂ ਫਗਵਾੜੇ ਨੂੰ ਜਾਂਦੀ ਬੱਸ ਚੇਤੇ ਆਉਂਦੀ ਜਿਸ ਦੀ ਛੱਤ 'ਤੇ ਬੈਠੇ ਬੰਦੇ, ਪਿੱਛੇ ਲਟਕਦੀਆਂ ਤੇ ਦਰਵਾਜ਼ੇ ਨਾਲ ਲਟਕਦੀਆਂ ਸਵਾਰੀਆਂ, ਬੱਸ ਨਾ ਹੋਈ ਤੂੜੀ ਦਾ ਕੁੱਪ ਹੋ ਗਿਆ, ਟੁੱਟੀ ਫੁੱਟੀ ਸੜਕ 'ਤੇ ਡੱਕੋ ਡੋਲੇ ਖਾਂਦੀ ਲੈ ਹੀ ਜਾਇਆ ਕਰਦੀ ਸੀ ਸਾਨੂੰ ਹਰ ਰੋਜ਼। ਗਰਮੀਆਂ ਵਿੱਚ ਬਹੁਤ ਵਾਰ ਬੱਸ ਦੇ ਤਪਦੇ ਇੰਜਣ ਕੋਲ ਖੜਨਾ ਪੈਂਦਾ ਸੀ। ਬੱਸ ਵਿੱਚ ਬੈਠਣਾ ਤਾਂ ਕਦੇ ਕਰਮਾਂ ਨਾਲ ਹੀ ਮਿਲਦਾ ਸੀ। ਸਭ ਤੋਂ ਵੱਡੀ ਖੂਬਸੂਰਤੀ ਇੱਥੇ ਹਰ ਇਕ ਨੂੰ ਆਪਣੀ ਸੋਚ ਨਾਲ ਜੀਣ ਦਾ ਹੱਕ ਹੈ। ਇਹਨਾਂ ਲੋਕਾਂ ਦੀ ਸੋਚ ਮਨੁੱਖਤਾ ਨੂੰ ਲੈ ਕੇ ਬਹੁਤ ਹੱਦ ਤੱਕ ਸੁਲਝ ਚੁੱਕੀ ਹੈ। ਅਮੀਰ ਗਰੀਬ ਜਾਂ ਵੱਡੇ ਛੋਟੇ ਔਹਦੇ ਦੇ ਫਰਕ ਨੂੰ ਇਹ ਕਦੋਂ ਦਾ ਪਾਰ ਕਰ ਚੁੱਕੇ ਹਨ। ਇੱਥੇ ਸਕੂਲ ਦਾ ਪ੍ਰਿਸੀਪਲ ਸਕੂਲ ਖੁਲ੍ਹਣ ਵਕਤ ਆਮ ਸਕੂਲ ਦੇ ਬਾਹਰ ਮਿਲੇਗਾ, ਬੱਚਿਆਂ ਤੇ ਸਕੂਲ ਛੱਡਣ ਆਏ ਬੱਚਿਆਂ ਦੇ ਗਾਰਡੀਅਨਜ਼ ਨੂੰ ਸ਼ੁੱਭ ਸਵੇਰ ਕਹਿੰਦਾ, ਏਧਰ ਓਧਰ ਜੇਕਰ ਕੋਈ ਕਾਗਜ਼ ਪੱਤਰ ਖਿਲਰਿਆ ਮਿਲ ਜਾਵੇ ਉਸ ਨੂੰ ਹੱਥੀਂ ਚੁੱਕਣ ਵਿੱਚ ਗੁਰੇਜ਼ ਨਹੀਂ ਕਰੇਗਾ। ਜਿੱਥੋਂ ਮੈਂ ਆਈ ਸੀ ਉਥੇ ਸਕੂਲ ਕਾਲਜ ਦਾ ਪ੍ਰਿਸੀਪਲ ਡਰ ਦਾ ਨਾਮ ਹੁੰਦਾ ਸੀ, ਦਰਸ਼ਨ ਵੀ ਘੱਟ ਹੀ ਹੁੰਦੇ ਸੀ।

ਸੋਚਦੀ ਹਾਂ ਮੇਰੇ ਭਾਰਤ ਵਿੱਚ ਡੰਡੇ ਨਾਲ ਸੁਧਾਰ ਕਿਹੜੇ ਵੇਲਿਆਂ ਤੋਂ ਚੱਲ ਰਿਹਾ ਹੈ ਪਰ ਕੋਈ ਖਾਸ ਤਬਦੀਲੀ ਤਾਂ ਆਈ ਨਹੀਂ। ਸਾਡੇ ਵਿੱਚ ਡਰ ਕੁੱਟ ਕੁੱਟ ਕੇ ਭਰਿਆ ਗਿਆ। ਡਰ ਬੁੱਧੀ ਦਾ ਵਿਕਾਸ ਨਹੀਂ ਹੋਣ ਦਿੰਦਾ।

ਇਹਨਾਂ ਲੋਕਾਂ ਨੇ ਜੈਂਡਰ ਤੋਂ ਉਪਰ ਉਠ ਆਦਮੀ ਔਰਤ ਨੂੰ ਤਕਰੀਬਨ ਤਕਰੀਬਨ ਬਰਾਬਰ ਲਿਆ ਖੜਾ ਕੀਤਾ ਹੈ। ਝੱਟ ਕਹਿ ਦਿੰਦੇ ਮੇਰੀ ਕੁੜੀ ਦੋਸਤ ਜਾਂ ਮੁੰਡਾ ਦੋਸਤ। ਕੰਪਲੀਮੈਂਟ ਵੀ ਬੇਝਿਜਕ ਕਰ ਦਿੰਦੇ। ਮੈਨੂੰ ਯਾਦ ਹੈ ਜਦੋਂ ਮੈਨੂੰ ਪਹਿਲੀ ਵਾਰ ਕਿਸੇ ਗੋਰੇ ਆਦਮੀ ਨੇ ਕਿਹਾ ਸੀ, 'ਹੇ ਬਿਊਟੀ, ਯੂ ਆਰ ਸਚ ਏ ਬਿਊਟੀਫੁੱਲ ਪੰਜਾਬੀ ਗਰਲ!' ਮੈਨੂੰ ਸੁਣ ਕੇ ਹਾਸਾ ਆ ਗਿਆ ਸੀ ਕਿ ਮੇਰੇ ਪਿੰਡ ਵਿੱਚ ਤਾਂ ਇਸ ਗੱਲ ਨਾਲ ਵੱਢ ਵੰਡਾਂਗੇ ਹੋ ਜਾਣੇ ਸੀ। ਨਾ ਬਿਊਟੀਫੁੱਲ ਦੀ ਤੇ ਨਾ ਹੀ ਬਿਊਟੀਫੁੱਲ ਕਹਿਣ ਵਾਲੇ ਦੀ ਹੱਡੀ ਪਸਲੀ ਬਚਣੀ ਸੀ। ਤੰਗ ਸੋਚ ਸਮਾਜ ਵਿੱਚ ਅਸੀਂ ਅੱਖਾਂ ਖੋਲ੍ਹੀਆਂ ਤੇ ਮਰਦ ਪ੍ਰਧਾਨ ਸਮਾਜ ਦੀਆਂ ਵਧੀਕੀਆਂ ਸਹਿੰਦੇ ਤੁਰਦੇ ਰਹੇ। ਮਨੁੱਖਤਾ ਨੂੰ ਸਮਝਣ ਦੀ ਥਾਂ ਗਲਤ-ਫ਼ਹਿਮੀ ਤੇ ਡਰ ਵਿੱਚ ਜਿਉਂਦੇ ਰਹੇ। ਇਥੇ ਕਨੇਡਾ ਵਿੱਚ ਵਿਚਰ ਕੇ ਲੱਗਾ ਕਿ ਦਿੱਲੀ ਤੋਂ ਚੱਲਿਆ ਜਹਾਜ਼ ਜਿਵੇਂ ਮੈਨੂੰ ਹਨੇਰੇ ਖੂਹ ਵਿੱਚੋਂ ਕੱਢ ਲਿਆਇਆ ਸੀ। ਮੇਰੇ ਲਈ ਰਾਤੋ ਰਾਤ ਸਮਾਂ ਬਦਲ ਗਿਆ ਸੀ।

ਪਰ ਕੁਝ ਲੋਕਾਂ ਨੇ ਸਮੇਂ ਨੂੰ ਉਲਟਾ ਗੇੜਨ ਦੀ ਠਾਣੀ ਹੋਈ ਹੈ। ਲੋਕ ਅੱਗੇ ਤੁਰਨਾ ਹੀ ਨਹੀਂ ਚਾਹੁੰਦੇ। ਹਾਲਾਤ ਨੇ ਉਹਨਾਂ ਨੂੰ ਕਨੇਡਾ ਜਿਹੇ ਮੁਲਕ ਵਿੱਚ ਵਸਣ ਦਾ ਮੌਕਾ ਦਿੱਤਾ ਪਰ ਉਹ ਅਤੀਤ ਵਿੱਚ ਹੀ ਜਿਉਣਾ ਚਾਹੁੰਦੇ ਹਨ। ਸਾਡੇ ਉਥੇ ਦੇ ਘਰਾਂ ਦਾ ਮਹੌਲ ਹੋਰ ਸੀ ਜਿੱਥੇ ਸਾਡੇ ਬਜ਼ੁਰਗ ਸੌ ਸਾਲ ਪੁਰਾਣੀ ਸੋਚ ਨੂੰ ਘੜੀਸੀ ਫਿਰਦੇ ਤੇ ਬਾਕੀ ਪਰਿਵਾਰ ਦੇ ਮੈਂਬਰਾਂ 'ਤੇ ਥੋਪਣ ਲਈ ਵੀ ਦਿਨ ਰਾਤ ਮਿਹਨਤ ਕਰਦੇ। ਇਹ ਤਕਰੀਬਨ ਘਰ ਘਰ ਦੀ ਕਹਾਣੀ ਹੈ। ਆਮ ਹੀ ਇਹ ਸੁਣਨ ਨੂੰ ਮਿਲਦਾ ਕਿ ਅਸੀਂ ਅਣਖੀਲੇ ਪੰਜਾਬੀ ਹਾਂ, ਸਾਡੀ ਕੋਈ ਇੱਜ਼ਤ ਹੈ। ਅਸੀਂ ਗੋਰਿਆਂ ਵਾਂਗ ਬੇਸ਼ਰਮ ਨਹੀਂ ਹਾਂ। ਮੈਂ ਸੋਚਦੀ ਫਿਰ ਤੁਸੀਂ ਆਪਨੀ ਇੱਜ਼ਤ ਲੈ ਕੇ ਉਥੇ ਹੀ ਰਹਿ ਲੈਂਦੇ। ਇਹਨਾਂ ਦੇ ਦੇਸ਼ ਕੀ ਕਰਨ ਆਏ ਸੀ। ਮੈਂ ਸਾਡੇ ਲੋਕਾਂ ਦੀ ਇੱਜ਼ਤ ਦੀ ਪ੍ਰੀਭਾਸ਼ਾ ਸਮਝਣ ਲਈ ਅੱਜ ਵੀ ਅਸਮਰਥ ਹਾਂ। ਹਾਂ, ਸਾਡੇ ਮਿਹਨਤੀ ਲੋਕਾਂ ਨੇ ਇਹਨਾਂ ਦੇਸ਼ਾਂ ਵਿੱਚ ਆ ਕੇ ਵੱਡੇ ਘਰ, ਮਹਿੰਗੀਆਂ ਗੱਡੀਆਂ ਖਰੀਦ ਲਈਆਂ, ਪਿੱਛੇ ਸੁਆਰ ਲਏ, ਝੂਠੇ ਵਿਆਹ ਕਰ ਕਰ ਆਪਨੀਆਂ ਅੰਗਲੀਆਂ ਸੰਗਲੀਆਂ ਇੱਥੇ ਲੈ ਆਏ ਪਰ ਜ਼ਿੰਦਗੀ ਨੂੰ ਜਾਨਣ ਜਾਂ ਮਾਨਣ ਲਈ ਸੋਚ ਨੂੰ ਖੁੱਲ੍ਹਾ ਅਸਮਾਨ ਦੇਣ ਲਈ ਕੰਜੂਸੀ ਕਰ ਗਏ। ਵਧੀਆ ਸੋਚ ਦਾ ਤਕਰੀਬਨ ਅੰਦਰ ਹੀ ਗਲ਼ਾ ਘੁੱਟ ਦਿੰਦੇ। ਬਦਲਣਾ ਚਾਹੁੰਦੇ ਨਹੀਂ ਜਾਂ ਬਦਲਣ ਤੋਂ ਡਰਦੇ ਹਨ। ਬਹੁਤ ਬਦਲ ਵੀ ਗਏ ਹਨ। ਜ਼ਿਆਦਾਤਰ ਅਜੇ ਨਾ ਆਰ ਨਾ ਪਾਰ ਦੀ ਖੇਡ ਹੀ ਖੇਡ ਰਹੇ ਹਨ। ਇਸ ਸੰਗਲਾਂ ਜਕੜੀ ਸੋਚ ਵਿੱਚ, ਮਰਦਾਂ ਦੇ ਮੁਕਾਬਲੇ ਔਰਤਾਂ ਨੇ ਕਿਤੇ ਜ਼ਿਆਦਾ ਕਸ਼ਟ ਝੱਲਿਆ, ਜਿਊਂਦੀਆਂ ਜਾਗਦੀਆਂ, ਤੁਰੀਆਂ ਫਿਰਦੀਆਂ ਭਾਰ ਢੋਂਦੀਆਂ ਲਾਸ਼ਾਂ ਬਣ ਖੂਬਸੂਰਤ ਜ਼ਿੰਦਗੀ ਬਿਨਾ ਗੁਨਾਹ ਸਜ਼ਾ ਭੁਗਤ ਗਵਾ ਲਈ। ਇਸ ਤੰਗ ਸੋਚ ਨਾਲ ਸਾਡੀ ਕਮਿਉਨਿਟੀ ਵਿੱਚ ਬਹੁਤ ਅਣਸੁਖਾਵੀਆਂ ਘਟਨਾਵਾਂ ਵੀ ਵਾਪਰੀਆਂ। ਸਮੇਂ ਦਾ ਇੱਕ ਖੂਬਸੂਰਤ ਹਿੱਸਾ ਇਸ ਤੰਗ ਸੋਚ ਦੇ ਲੇਖੇ ਲੱਗ ਗਿਆ। ਖ਼ੈਰ ਵਕਤ ਕਿਤੇ ਦਾ ਕਿਤੇ ਗਿਆ, ਵਕਤ ਨੇ ਤਾਂ ਤੁਰਨਾ ਹੀ ਹੈ। ਇਹ ਸਾਡੀ ਮਰਜ਼ੀ ਹੈ ਕਿ ਅਸੀਂ ਇਸ ਦੇ ਕਿਸੇ ਪੜਾਅ ਤੇ ਲੱਤਾਂ ਪਸਾਰ ਬੈਠ ਜਾਈਏ, ਮੌਤ ਆਉਣ ਤੱਕ ਜਾਂ ਸਮੇਂ ਦੇ ਨਾਲ ਤੁਰਨਾ ਸਿੱਖ ਲਈਏ, ਸਮੇਂ ਨੂੰ ਕੋਈ ਫਰਕ ਨਹੀਂ ਪੈਂਦਾ। ਸਾਡੀ ਜ਼ਿੰਦਗੀ ਹੈ। ਸਾਡਾ ਸਫ਼ਰ ਹੈ। ਸਾਡੀ ਪਸੰਦ ਹੈ ਕਿ ਅਸੀਂ ਬੰਦ ਲਿਫ਼ਾਫ਼ੇ ਬਣ ਕੇ ਹੀ ਜ਼ਿੰਗਦੀ ਜੀਣੀ ਹੈ ਜਾਂ ਹਰੇ ਭਰੇ ਸੰਘਣੇ



ਦਰਖ਼ਤ ਜੋ ਵਾਤਾਵਰਣ ਨੂੰ ਵੀ ਹਰਿਆਵਲ ਬਖ਼ਸ਼ਦੇ ਹਨ, ਦੂਸਰਿਆਂ ਲਈ ਵੀ ਠੰਡੀ ਛਾਂ ਬਣ ਜਾਂਦੇ ਹਨ। ਮੈਂ ਮਹਿਸੂਸ ਕਰਦੀ ਹਾਂ ਜ਼ਿੰਦਗੀ ਵਿੱਚ ਅਨੇਕਾਂ ਮੌਕੇ ਆਉਂਦੇ ਹਨ ਆਪੇ ਨੂੰ ਬਣਲਣ ਦੇ। ਜਿਸ ਦੇਸ਼ ਦੀ ਮੈਂ ਵਸਨੀਕ ਹਾਂ ਇੱਥੇ ਦਾ ਸਿਸਟਮ ਤੁਹਾਡੀ ਬਹੁਤ ਮੱਦਦ ਕਰਦਾ ਹੈ ਮੌਕਿਆਂ ਨੂੰ ਪਰੈਕਟੀਕਲ ਰੂਪ ਦੇਣ ਲਈ। ਸਮਾਜ ਤੁਹਾਡੇ ਅਤੇ ਤੁਹਾਡੇ ਪਰਿਵਾਰ ਤੋਂ ਸ਼ੁਰੂ ਹੁੰਦਾ ਹੈ। ਅਸੀਂ ਸਭ ਰਲ਼ ਕੇ ਇਕ ਖੁਸ਼ਹਾਲ ਤੇ ਨਿਡਰ ਸਮਾਜ ਸਥਾਪਿਤ ਕਰ ਸਕਦੇ ਹਾਂ।

ਜਦੋਂ ਮੈਂ ਦੇਸ਼ ਛੱਡ ਪ੍ਰਦੇਸਣ ਹੋਈ ਤਾਂ ਇੱਕ ਰਿਸ਼ਤੇ ਦਾ ਹੱਥ ਫੜ ਆਪਨੇ ਸਭ ਰਿਸ਼ਤੇ, ਦੋਸਤ ਪਿੱਛੇ ਛੱਡ ਆਈ। (ਮੌਜੂਦਾ ਸਮੇਂ ਵਿੱਚ ਤਾਂ ਮੇਰੇ ਦੋਨੋਂ ਪਰਿਵਾਰ ਇੱਥੇ ਹਨ ਤੇ ਕਾਫੀ ਦੋਸਤ ਵੀ, ਇਕ ਪੰਜਾਬ ਇੱਥੇ ਵੀ ਵਸਦਾ ਹੈ) ਪਰ ਮੇਰਾ ਸਭ ਤੋਂ ਪਿਆਰਾ ਦੋਸਤ ਮੇਰੇ ਨਾਲ ਹੀ ਸੀ। ਅੱਜ ਵੀ ਜਦੋਂ ਉਦਾਸ ਹੁੰਦੀ, ਉਹ ਕਦੀ ਮੇਰੇ ਕਮਰੇ ਦੀ ਖਿੜਕੀ ਦੇ ਬਾਹਰ ਆ ਖੜੋਂਦਾ, ਕਦੀ ਘਰ ਦੀ ਸਕਾਈ ਲਾਈਟ ਰਾਹੀਂ ਮੈਨੂੰ ਲੱਭਦਾ ਫਿਰਦਾ ਤੇ ਕਦੀ ਗੱਡੀ ਚਲਾਉਂਦੀ ਦੇ ਨਾਲ ਨਾਲ ਮੇਰੇ ਫੱਟਾਂ 'ਤੇ ਫਹੇ ਧਰਦਾ ਤੁਰਦਾ ਰਹਿੰਦਾ। ਮੈਂ ਉਸ ਨਾਲ ਗੱਲਾਂ ਕਰਦੀ ਕਦੀ ਅੱਖਾਂ ਪੂੰਝਦੀ, ਕਦੀ ਹੱਸਦੀ, ਕਦੀ ਉਹਦੀ ਦੁਨੀਆ ਵਿੱਚ ਗੁਆਚ ਜਾਂਦੀ ਜਿੱਥੇ ਉਹ ਅਸਮਾਨ ਦੇ ਖੁੱਲ੍ਹੇ ਵਿਹੜੇ ਟਿਮ ਟਿਮਾਉਂਦੇ ਤਾਰਿਆਂ ਤੇ ਆਪਨੀ ਸਰਦਾਰੀ ਕਰਦਾ। ਮੇਰੇ ਦੋਸਤ ਵਿੱਚੋਂ ਬਹੁਤ ਵਾਰ ਆਪਨੀ ਝਲਕ ਪੈਂਦੀ, ਉਹਦੀਆਂ ਚਾਨਣੀ ਰਿਸ਼ਮਾਂ ਵਿੱਚ ਉਸ ਦੇ ਬਦਨ ਉਪਰ ਉਕਰੇ ਦਾਗ਼ ਜਿਹੇ ਦਿਸਦੇ ਰਹਿੰਦੇ। ਉਸ 'ਤੇ ਐਵੇਂ ਤਰਸ ਜਿਹਾ ਕਰਦੀ ਮੈਂ ਕਹਿੰਦੀ, ਚੰਦਰਿਆ, ਆਹ ਜ਼ਿਹਨ ਵਿੱਚ ਰੜਕਦੇ ਬਦਨਸੀਬੀ ਦੇ ਪੱਥਰ ਵਗਾਹ ਮਾਰ ਪਰ੍ਹੇ। ਪਤਾ ਨਹੀਂ ਮੈਂ ਉਹਨੂੰ ਕਹਿੰਦੀ ਜਾਂ ਆਪਨੇ ਆਪ ਨੂੰ।

ਪਰਦੇਸ ਆ ਸਭ ਤੋਂ ਵੱਡੀ ਗੱਲ ਆਪਨਾ ਰਹਿਣ ਬਸੇਰਾ ਖੜਾ ਕਰਨਾ ਹੁੰਦਾ। ਰਿਸ਼ਤਿਆਂ ਦਾ ਤਾਣਾ ਬਾਣਾ ਵੀ ਤੀਜੇ ਦਿਨ ਉਲਝਿਆ ਰਹਿੰਦਾ। ਇਹਨਾਂ ਨੂੰ ਨਾਲ ਲੈ ਤੁਰਨਾ ਵੀ ਜੀਵਨ ਦਾ ਹਿੱਸਾ ਹੈ। ਇਹ ਬਹੁਤ ਕਸੂਤਾ ਕੰਮ ਹੈ। ਅੱਧੀ ਜ਼ਿੰਗਦੀ ਤਾਂ ਬੰਦਾ ਇਸ ਚੱਕਰ ਵਿੱਚ ਹੀ ਗੁਆ ਲੈਂਦਾ। ਮਸਾਂ ਜਾ ਕੇ ਮਾੜੀ ਮੋਟੀ ਦੁਨੀਆਦਾਰੀ ਦੀ ਸਮਝ ਆਈ ਸੀ। ਜ਼ਰਾ ਚੈਨ ਨਾਲ ਜਿਉਣਾ ਸ਼ੁਰੂ ਕੀਤਾ ਕਿ ਸਮੇਂ ਨੇ ਵੱਡਾ ਝੱਟਕਾ ਦੇ ਮਾਰਿਆ। ਚੰਦਰੀ ਮੌਤ ਨੇ ਮੇਰੇ ਘਰ ਡਾਕਾ ਮਾਰਿਆ, ਮੇਰੀਆਂ ਖੁਸ਼ੀਆਂ, ਜਿਉਣ ਦੀ ਹਿੰਮਤ ਲੁੱਟ ਕੇ ਲੈ ਗਈ। ਕੋਈ ਸਮਾਂ ਬਣ ਬੀਤ ਗਿਆ, ਮੇਰੇ ਕੋਲ ਸਰੀਰ ਅਤੇ ਸਾਹਾਂ ਦਾ ਸੁਮੇਲ ਸਮਾਂ ਸੀ। ਜ਼ਿੰਦਗੀ ਨਾਮ ਦੀ ਚੀਜ਼ ਮੇਰੇ ਜੀਵਨ ਸਾਥੀ ਦੇ ਸਿਵੇ ਦੀ ਅੱਗ ਵਿੱਚ ਭਸਮ ਹੋ ਗਈ। ਇਕ ਵਾਰ ਫਿਰ ਮੈਂ ਤਪਦੀਆਂ ਰਾਹਾਂ ਉਪਰ ਆ ਖੜੋਤੀ, ਸਮੇਂ ਦੇ ਕਦਮਾਂ ਦੀ ਲਤਾੜ ਵਿੱਚੋਂ ਵੇਲਿਓਂ ਖੁੰਝੀ, ਰੁੱਤ ਵਰਗਾ ਇਹ ਸਫ਼ਰ ਨਸੀਬਾਂ ਦੀ ਝੋਲੀ ਆ ਡਿੱਗਾ। ਤਦ ਪਤਾ ਲੱਗਾ ਕਿ ਦੁਨੀਆ ਕਿਸ ਸ਼ੈਅ ਦਾ ਨਾਂ ਹੈ। ਬੇਪਰਵਾਹ ਬੇਦਰਦ ਸਮਾਂ ਆਪਨੀ ਲੋਰ ਵਿੱਚ ਵਗਦਾ ਰਿਹਾ। ਮੈਂ ਤਨ ਦੀ ਚਾਰ ਦਿਵਾਰੀ ਅੰਦਰ ਬਲਦੀ ਲਾਟ 'ਤੇ ਹੱਥ ਰੱਖੀ ਉਸ ਨੂੰ ਦੁਨੀਆ ਦੇ ਕੋਝੇ ਸਵਾਲਾਂ ਤੋਂ ਬਚਾਉਂਦੀ ਤੁਰਦੀ ਰਹੀ। ਕਈ ਸਾਲ ਇਸ ਤਰ੍ਹਾਂ ਹੀ ਬੀਤੇ। ਇਨਸਾਨ ਆਪਨੀ ਉਦਾਸੀ ਤੋਂ ਆਪ ਹੀ ਤੰਗ ਆ ਜਾਂਦਾ, ਡੁੱਬਦਾ ਆਪਨੇ ਆਪ ਨੂੰ ਬਚਾਉਣ ਲਈ ਹੱਥ ਪੈਰ ਮਾਰਦਾ ਹੈ। ਜੇਕਰ ਆਪਨੇ ਸਵਾਲਾਂ ਦਾ ਜਵਾਬ ਦੁਨੀਆ ਵਿੱਚੋਂ ਨਾ ਮਿਲੇ ਜਾਂ ਦੁਨੀਆ ਦੇ ਸੁਝਾਅ ਰਾਸ ਨਾ ਆਉਣ ਤਾਂ ਇਨਸਾਨ ਰੱਬ ਨਾਂ ਦੀ ਤਾਕਤ ਮਗਰ ਦੌੜਦਾ ਹੈ ਜਿਸ ਦਾ ਪਤਾ ਤਾਂ ਸ਼ਾਇਦ ਕਿਸੇ ਨੂੰ ਵੀ ਨਹੀਂ ਕਿ ਉਹ ਕਿੱਥੇ ਹੈ। ਪਰ ਕੁਝ ਤਾਂ ਹੈ ਜੋ ਸਾਨੂੰ ਹਿੰਮਤ ਦਿੰਦਾ ਹੈ ਜ਼ਿੰਦਗੀ ਜਿਊਣ ਦੀ। ਸ਼ਾਇਦ ਤੁਹਾਡੀ ਰੂਹ ਦਾ ਚਾਨਣ, ਤੁਹਾਡੇ ਮਨ ਦਾ ਗਿਆਨ, ਤੁਹਾਡਾ ਰੱਬ ਜਾਂ ਵਹਿ ਰਿਹਾ ਸਮਾਂ ਤੁਹਾਡਾ ਰੱਬ। ਮੇਰਾ ਵੀ ਜ਼ਿੰਦਗੀ ਦੇ ਹਨੇਰੇ

ਵਿੱਚ ਸਾਹ ਘੁੱਟ ਹੋਣ ਲੱਗਾ। ਮੇਰੇ ਸਾਹਾਂ ਵਿੱਚ ਡੁਸਕਦੀ ਪੀੜ ਨੇ ਸਮੇਂ ਦੇ ਦਰਵਾਜ਼ੇ ‘ਤੇ ਦਸਤਕ ਦਿੱਤੀ। ਮੇਰਾ ਸਾਥੀ ਬਣ ਜਾ, ਮੇਰੀ ਜਿਊਣ ਦੀ ਹਿੰਮਤ ਬਣ ਆ, ਮੇਰੀਆਂ ਅੱਖਾਂ ਦੀ ਰੌਸ਼ਨੀ ਬਣ ਆ, ਮੇਰੇ ਕਦਮਾਂ ਦੀ ਰਫ਼ਤਾਰ ਬਣ ਆ, ਮੇਰੀ ਰੂਹ ਵਿੱਚ ਗਿਆਨ ਦੀ ਰੌਸ਼ਨੀ ਬਣ ਆ। ਮੈਂ ਮੌਤ ਦੇ ਸੱਚ ਨੂੰ ਕਬੂਲ ਦਰਦ ਬਣੇ ਇਸ ਜੀਵਨ ਨੂੰ ਗੱਲ਼ ਲਾ ਗਿਆਨ ਦੇ ਪਰ ਫੈਲਾ ਸੱਚ ਦੇ ਅੰਬਰੀਂ ਉਡ ਜਾਣਾ ਚਾਹੁੰਦੀ ਹਾਂ ਜਿੱਥੇ ਕਿਤੇ ਮੈਂ ਆਪਣਾ ਸੱਚ ਭੁੱਲ ਆਈ ਹਾਂ। ਮੈਨੂੰ ਉਸ ਅਹਿਸਾਸ ਦਾ ਵਰਦਾਨ ਦੇ ਜਿਸਦੀ ਅਣਮੁੱਲੀ ਮਹਿਕ ਅਤੇ ਬੇਸ਼ੁਮਾਰ ਨੂਰ ਕੁਦਰਤ ਦਾ ਵਜੂਦ ਸਿਰਦੇ ਹਨ। ਮੇਰਾ ਵਜੂਦ ਨਸੀਬਾਂ ਦੇ ਖੇਲ ਵਿੱਚ ਤਿੜਕ ਗਿਆ। ਮੈਂ ਇਸ ਖਿੱਲਰੇ ਵਜੂਦ ਨੂੰ ਇਕੱਠਾ ਕਰ ਇਕ ਸੰਪੂਰਨ ਔਰਤ ਬਣ ਆਪਣੀ ਤਕਦੀਰ ਲਿਖਾਂ।

ਮੇਰੇ ਅੰਦਰ ਸਹਿਕਦੀ ਔਰਤ ਜਿਵੇਂ ਜ਼ਿੰਦਾ ਹੋ ਗਈ। ਦਿਲ ਦੀ ਤੇਜ਼ ਧੜਕਣ ਮਹਿਸੂਸ ਹੋਈ।

ਕੁਝ ਹੰਢੀਆਂ, ਕੁਝ ਅਧੂਰੀਆਂ ਭਾਵਨਾਵਾਂ ਨੇ ਠਾਠਾ ਮਾਰ ਜੀਵਨ ਨੂੰ ਪੁਕਾਰਿਆ, ਜ਼ਿੰਦਗੀ ਨੇ ਪੇਪਰ ਤੇ ਕਲਮ ਨੂੰ ਆਵਾਜ਼ ਮਾਰੀ। ਬੇਜ਼ੁਬਾਨ ਕਾਗਜ਼ ਨੇ ਹਮਦਰਦੀ ਦਾ ਮੀਂਹ ਵਰਸਾ ਦਿੱਤਾ। ਕਾਗਜ਼ ਚੀਕ ਉਠਿਆ, ਉਤਾਰ ਦੇ ਆਪਣੀ ਰੂਹ ਦੀ ਪੀੜ ਮੇਰੇ ਜ਼ਿਹਨ ਤੇ, ਭਰਦੇ ਮੇਰਾ ਸੀਨਾ ਆਪਣੇ ਦਰਦੀਲੇ ਜਜ਼ਬਿਆਂ ਨਾਲ, ਸਾਥ ਨਿਭਾਉਣ ਦਾ ਵਾਅਦਾ ਕਰ ਮੇਰੇ ਨਾਲ ਤੁਰਨ ਲੱਗਾ। ਅਹਿਸਾਸਾਂ ਦੀ ਲੜੀ ਵਾਰਤਾ ਬਣ ਗਈ। ਮੈਂ ਆਪਣੀ ਜ਼ਿੰਗਦੀ ਨੂੰ ਕਹਾਣੀ ਦੇ ਰੂਪ ਵਿੱਚ ਦੇਖਿਆ।

ਕੋਈ ਆਵਾਜ਼ ਆਈ, ਤੂੰ ਸਿਰਫ ਇਸ ਜੀਵਨ ਦੀ ਕਹਾਣੀ ਨਹੀਂ, ਯੁੱਗਾਂ ਦਾ ਸੰਗ੍ਰਹਿ ਹੈ, ਜਿਸ ਦਾ ਹਰ ਪੰਨਾ ਜਨਮ ਅਤੇ ਮੌਤ ਵਿਚਕਾਰ ਸਹਿਕਦੇ ਪਲਾਂ ਦੇ ਦਰਦ ਦਾ ਗੀਤ ਗਾ ਰਿਹਾ ਹੈ।

ਮੇਰੇ ਜ਼ਖ਼ਮੀ ਜ਼ਿਹਨ ਵਿੱਚੋਂ ਪੀੜ ਦੀ ਛੱਲ ਉਠੀ, ਵਰ੍ਹਿਆਂ ਬਾਅਦ ਕਵਿਤਾ ਵਰਗਾ ਫੁੱਟਿਆ:

ਜਦ ਵੀ ਯੁੱਗਾਂ ਕਰਵਟ ਬਦਲੀ
ਆਂਚਲ ਮੇਰਾ ਦਰਦੀਂ ਗੁੰਦਿਆ
ਉਸ ਜ਼ਿਹਨ ਦੀ ਬੁੱਕਲ ਮਾਰੀ
ਕਦਮਾਂ ਪੈੜਾਂ ਤੈਨੂੰ ਮੰਗਿਆ
ਇਸ਼ਕ ਤੇਰੇ ਦੇ ਉੱਚੇ ਚਰਚੇ
ਤਾਂਘ ਮੇਰੀ ਨੂੰ ਸੂਹਾ ਰੰਗਿਆ
ਧੁੰਨ ਤੇਰੇ ਮੈਂ ਗੀਤ ਦੀ ਸੱਜਣਾ
ਪੀੜ ਵਿਛੋੜੇ ਸੂਲੀ ਟੰਗਿਆ
ਦਰਦ ਮੇਰੇ ਦੀ ਸਾਰ ਨਾ ਤੈਨੂੰ
ਪੰਧ ਜ਼ਫਰ ਦਾ ਬਣ ਗਏ ਇਹ ਦਿਨ
ਜੀਵਨ ਦੇ ਸੱਚ ਕੌੜੇ ਲਗਦੇ
ਰੁੱਤੋਂ ਬੇਰੁੱਤ ਹੋਇਆ ਜੀਵਨ



ਇਹ ਸਤਰਾਂ ਮੈਂ ਲੰਮਾ ਸਮਾਂ ਗੁਣ ਗੁਣਾਇਆ ਕਰਦੀ। ਆਪਣਾ ਦਰਦ ਭੁੱਲਣ ਲੱਗੀ। ਗਾਹੇ ਵਗਾਹੇ ਹੋਰ ਵੀ ਲਿਖ ਲੈਂਦੀ ਕੁਝ ਕਵਿਤਾ ਵਰਗਾ। ਸਮੇਂ ਨੇ ਕਰਵਟ ਲਈ। ਮੇਰਾ ਜੀਵਨ ਪ੍ਰਤੀ ਨਜ਼ਰੀਆ ਬਦਲਿਆ। ਮੈਂ ਆਪਣੇ ਆਪ ਨੂੰ ਖੋਜਣਾ ਸ਼ੁਰੂ ਕੀਤਾ। ਵਕਤ ਦੇ ਨਾਲ ਜੀਵਨ ਦਾ ਮਕਸਦ ਵੀ ਬਦਲ ਜਾਂਦਾ ਹੈ। ਪਰਿਵਰਤਨ ਕੁਦਰਤ ਦਾ ਨਿਯਮ ਹੈ। ਮੈਨੂੰ ਮੌਤ ਦੇ ਸੱਚ ਦੀ ਸਮਝ ਆਉਣ ਲੱਗੀ।

ਮੈਂ ਇਸ ਹੀ ਜਨਮ ਵਿੱਚ, ਇਸ ਹੀ ਸਰੀਰ ਵਿੱਚ ਮਰਕੇ. ਦੁਬਾਰਾ ਤੋਂ ਜੀਵਨ ਪਾਉਣਾ ਚਾਹਿਆ। ਅੰਤ ਹੀ ਸ਼ੁਰੂਆਤ ਹੁੰਦੀ, ਸ਼ੁਰੂਆਤ ਤੋਂ ਬਿਨਾ ਅੰਤ ਹੁੰਦਾ ਹੀ ਨਹੀਂ। ਇਹ ਤਾਂ ਉਲਝਣ ਹੈ ਜੋ ਸੁਲਝਦੀ ਹੀ ਨਹੀਂ। ਜੀਵਨ ਲਈ ਮਰਨਾ ਜ਼ਰੂਰੀ ਹੈ, ਮਰਨ ਲਈ ਜਨਮ ਲੈਣਾ ਜ਼ਰੂਰੀ ਹੈ। ਇਨਸਾਨ ਆਪਣੇ ਆਪ ਵਿੱਚ ਇੱਕ ਪੀਡੀ ਗੰਢ ਹੈ ਜੋ ਮਰਨ ਤੱਕ ਖੁੱਲ੍ਹਦੀ ਹੀ ਨਹੀਂ। ਇਕ ਉਲਝਿਆ ਤਾਣਾ ਜੋ ਸੁਲਝਦਾ,ਫਿਰ ਉਲਝ ਜਾਂਦਾ।

ਨਵੇਂ ਜੀਵਨ ਵਿੱਚ ਪੈਰ ਰੱਖਣ ਲਈ ਉਦਾਸ ਅਤੀਤ ਦੀ ਖੱਲ ਆਪਣੇ ਜ਼ਿਹਨ ਤੋਂ ਉਖੇੜ ਮਾਰਨੀ ਜ਼ਰੂਰੀ ਸੀ। ਮੈਂ ਜੀਵਨ ਨੂੰ ਸਮਝਣਾ ਸ਼ੁਰੂ ਕੀਤਾ। ਜੀਵਨ ਚੇਤਨਾ ਹੈ। ਪ੍ਰਕਾਸ਼ ਹੈ ਮੁਹੱਬਤ ਦਾ। ਉਹ ਮੁਹੱਬਤ ਜਿਸ ਨੂੰ ਸਿਵੇ ਦੀ ਅੱਗ ਵੀ ਝੁਲਸਾ ਨਹੀਂ ਸਕਦੀ। ਮੁਹੱਬਤ ਹੀ ਉਹ ਚਾਨਣ ਹੈ ਜੋ ਆਪਣੇ ਅਤੇ ਦੂਸਰੇ ਦੀ ਤਕਲੀਫ ਦੀ ਸਮਝ ਰੱਖਦੀ ਹੈ। ਹਨੇਰੇ ਨੂੰ ਸਜਰੀ ਸਵੇਰ ਵਿੱਚ ਬਦਲ ਦਿੰਦੀ ਹੈ। ਧਰਤੀ ਦੀ ਤਪਦੇ ਸੂਰਜ ਨਾਲ ਮੁਹੱਬਤ ਸਦਕਾ ਹੀ ਅਸੀਂ ਸੱਜਰੀ ਸਵੇਰ ਦਾ ਮੁੱਖ ਦੇਖਦੇ ਹਾਂ। ਹਨੇਰਿਆਂ ਵਿੱਚੋਂ ਲੰਘਦਿਆਂ ਪ੍ਰਕਾਸ਼ ਨੂੰ ਪਾਉਣ ਦੀ ਉਤਸੁਕਤਾ ਹੋਰ ਵੱਧ ਜਾਂਦੀ ਹੈ।

ਮੇਰਾ ਸਮੇਂ ਨਾਲ ਅਨੋਖਾ ਬੰਧਨ, ਆਪਣੇ ਆਪ ਨੂੰ, ਦੁਨੀਆ ਨੂੰ, ਜ਼ਿੰਦਗੀ ਨੂੰ ਸਮਝਣ ਦੀ ਇੱਛਾ ਮੈਂ ਤੁਰੀ ਜਾ ਰਹੀ ਹਾਂ। ਅਸਲ ਵਿੱਚ ਸਮੇਂ ਦੇ ਕਦਮ ਨਾਲ ਕਦਮ ਮਿਲਾ ਤੁਰਨਾ ਹੀ ਜੀਵਨ ਹੈ। ਸਮੇਂ ਦੇ ਵਹਾਅ ਸੰਗ ਵਹਿ ਕੇ ਹੀ ਸਮੇਂ ਨਾਲ ਮੁਹੱਬਤ ਕੀਤੀ ਜਾ ਸਕਦੀ ਹੈ। ਸਮੇਂ ਦੇ ਉਲਟ ਚੱਪੂ ਚਲਾਇਆਂ ਜ਼ਿੰਦਗੀ ਨਾਮੀ ਬੇੜੀ ਡੱਕੇ ਡੋਲੇ ਖਾਣ ਲਗਦੀ ਹੈ। ਸਮਾਂ ਬਹੁਤ ਅੱਗੇ ਲੰਘ ਜਾਂਦਾ। ਚੰਗਾ ਇਹੀ ਹੈ ਕਿ ਸਮੇਂ ਦੇ ਵਹਾਅ ਦੀ ਨਾਜ਼ਕਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਸਾਡਾ ਸਮਾਂ ਸਾਡੀਆਂ ਖਾਮੀਆਂ ਤੋਂ ਪੂਰੀ ਤਰ੍ਹਾਂ ਵਾਕਿਫ ਹੁੰਦਾ। ਉਹ ਸਾਨੂੰ ਦੁੱਖਾਂ ਦੀ ਭੱਠੀ ਤਪਾ ਪੂਰਨਤਾ ਵੱਲ ਲੈ ਜਾ ਰਿਹਾ ਹੁੰਦਾ। ਅਸੀਂ ਉਸ ‘ਤੇ ਯਕੀਨ ਨਹੀਂ ਕਰਦੇ। ਆਪਣਾ ਢੋਲ ਕੁੱਟਦੇ ਸਮੇਂ ਨੂੰ ਹੱਥੋਂ ਗੁਆ ਲੈਂਦੇ ਹਾਂ। ਸਮੇਂ ਵਿੱਚ ਸਮਾਅ ਜਾਣਾ ਹੀ ਜੀਵਨ ਨਾਲ ਮੁਹੱਬਤ ਹੈ। ਪ੍ਰਕਾਸ਼ ਆਤਮਾ ਦੀ ਜੋਤ ਹੈ ਜੋ ਅੱਖਾਂ ਦੀਆਂ ਖਿੜਕੀਆਂ ਰਾਹ ਦੁਨੀਆ ਦੇਖਦਾ ਹੈ।

ਕਿਸੇ ਇਨਸਾਨੀ ਰੂਹ ਵਿੱਚੋਂ ਜਦ ਉਗਦੇ ਸੂਰਜ ਨੂੰ ਆਪਣੀਆਂ ਰੀਝਾਂ ਸੰਗ ਸਿੰਜ ਵੱਡਾ ਕਰਨ ਦਾ ਜਜ਼ਬਾ ਜ਼ਿੰਦਗੀ ਦੇ ਸੱਚ ਨਾਲ ਟਕਰਾ ਫੱਟੜ ਹੁੰਦਾ ਹੈ ਤਾਂ ਸੋਚ ਦੇ ਅਸਮਾਨੀ ਇਕ ਗੂੰਜ ਸੁਣਈ ਦਿੰਦੀ, ਮਨੁੱਖੀ ਜੀਵਨ ਦੇ ਸੱਚ ਦੀ ਗੂੰਜ, ਤਦ ਉਹ ਇਨਸਾਨ ਕਲਮ ਚੁੱਕਦਾ ਹੈ।

ਮੈਨੂੰ ਕਵਿਤਾ ਸਮਝ ਆਉਣ ਲੱਗੀ। ਕਵਿਤਾ ਹੈ ਕੀ?

ਮੇਰੇ ਮਨ ਅੰਦਰ ਉਠਦੇ ਵਿਚਾਰਾਂ ਦਾ ਜਵਾਰ-ਭਾਟਾ ਜੋ ਸ਼ਬਦਾਂ ਦੀ ਮੱਦਦ ਨਾਲ ਨਦੀ ਦਾ ਵਹਿਣ ਬਣ ਜਾਂਦਾ। ਨਦੀ ਦੀ ਕਲਕਲ ਵੈਰਾਗੀ ਗੀਤ ਗਾਉਂਦੀ ਤੇ ਉਹ ਸੰਗੀਤ ਮੇਰੇ ਸਿਰ ਦੇ ਵਾਲ ਤੋਂ ਲੈ ਪੈਰ ਦੇ ਅੰਗੂਠੇ ਤੱਕ ਉਠਦੀ ਤੜਫਦੀ ਲਹਿਰ ਨੂੰ ਬੰਦਗੀ ਵਿੱਚ ਬਦਲ ਜਾਂਦਾ। ਮੈਂ ਆਪਣੇ ਪਰਬਰਦਗਾਰ ਦੇ ਇੱਕ ਕਦਮ ਹੋਰ ਨੇੜੇ ਜਾ ਖੜਦੀ। ਮਹਿਸੂਸ ਹੋਇਆ ਜਿਵੇਂ

ਕਵਿਤਾ ਮੇਰੇ ਦਰਦ ਸੁਰਾਂ ਵਿੱਚ ਢਾਲ਼, ਜੀਵਨ ਨੂੰ ਤਾਲ ਵਿੱਚ ਤੁਰਨਾ ਸਿੱਖ ਰਹੀ ਹੋਵੇ। ਕਵਿਤਾ ਤਾਂ ਡੂੰਘੀ ਚੁੱਪ ਦੀ ਆਵਾਜ਼ ਹੁੰਦੀ ਜੋ ਦਰਦ ਕਿਸੇ ਨੂੰ ਨਾ ਸੁਣਾਇਆ ਜਾਵੇ ਉਹਨੂੰ ਕਵਿਤਾ ਰੂਹ ਨਾਲ ਸੁਣ ਲੈਂਦੀ ਹੈ। ਕਵਿਤਾ ਤਾਂ ਮੇਰੀਆਂ ਪੀੜਾਂ ਦੇ ਕੋਇਆਂ ਵਿੱਚ ਅਟਕਿਆ ਉਹ ਹੰਝੂ ਹੈ ਜਿਸ ਦੇ ਵਹਿਣ ਤੋਂ ਬਾਅਦ ਦਿਲ ਦਾ ਅਸਮਾਨ ਨਿੱਖਰ ਜਾਂਦਾ ਹੈ। ਕਵਿਤਾ ਸਿਰਫ ਆਪਣੇ ਅਹਿਸਾਸਾਂ ਦਾ ਵਹਿਣ ਹੀ ਨਹੀਂ ਹੁੰਦੀ, ਇਹ ਤਾਂ ਵਹਾ ਲੈ ਜਾਂਦੀ ਹੈ ਆਪਣੇ ਅੰਦਰ ਹਰ ਉਸ ਸ਼ੈਅ ਦੀ ਦੁੱਖ ਤਕਲੀਫ ਜਿਥੇ ਤੱਕ ਮਨ ਦੀ ਰੌਸ਼ਨੀ ਪਹੁੰਚੇ। ਕਵਿਤਾਵਾਂ ਖੁਸ਼ੀ ਦੀਆਂ ਵੀ ਹੁੰਦੀਆਂ ਹਨ, ਬਹਾਰਾਂ ਦੀਆਂ ਗੱਲਾਂ ਕਰਦੀਆਂ, ਸਾਵਣ ਦੇ ਛਰਾਟਿਆਂ ਦੇ ਗੀਤ ਗਾਉਂਦਿਆਂ ਪਰ ਮੇਰੀ ਹੁਣ ਤੱਕ ਦੀ ਕਵਿਤਾ ਜੀਵਨ ਦੇ ਦਰਦ ਵਿੱਚੋਂ ਪੁੰਗਰੀ ਮਨੁੱਖਤਾ ਦੀ ਪੀੜ ਤੇ ਮਨੁੱਖਤਾ ਨਾਲ ਹੋ ਰਹੀ ਬੇਇਨਸਾਫੀ ਵਿੱਚੋਂ ਜਨਮੀ। ਕਵਿਤਾ ਮੇਰੇ ਕਦਮ ਕਦਮ ਨਾਲ ਚੱਲ ਰਹੀ ਸੀ ਤੇ ਚੱਲ ਰਹੀ ਹੈ ਹਰ ਸਾਹ ਨਾਲ ਸਾਹ ਲੈਂਦੀ। ਮੈਂ ਹੀ ਉਸ ਨੂੰ ਅਣਗੌਲਿਆਂ ਕਰ ਦਿੰਦੀ। ਕਵਿਤਾ ਤਾਂ ਗੁਲਾਬ ਦੀਆਂ ਪੰਖੜੀਆਂ ‘ਤੇ ਆ ਟਪਕੀਆਂ ਤ੍ਰੇਲ ਦੀਆਂ ਸੁੱਚੀਆਂ, ਪਵਿੱਤਰ ਬੂੰਦਾਂ ਵਰਗੀ ਹੈ ਜੋ ਜੀਵਨ ਦੀ ਸਵੇਰ ਨੂੰ ਤਰੋ ਤਾਜ਼ਾ ਰੱਖਦੀਆਂ, ਆਲਾ ਦੁਆਲਾ ਮਹਿਕਾ ਦਿੰਦੀਆਂ ਹਨ। ਕਵਿਤਾ ਤਾਂ ਇਬਾਦਤ ਦੀ ਇਬਾਰਤ ਹੈ।

ਮੈਂ ਮਹਿਸੂਸ ਕੀਤਾ ਹੁਣ ਤੱਕ ਦੇ ਸਫ਼ਰ ਤੱਕ ਅਣਗਿਣਤ ਕਵਿਤਾਵਾਂ ਨੇ ਚੇਤਨਾ ‘ਤੇ ਦਸਤਕ ਦਿੱਤੀ। ਯਾਦ ਕਰਦੀ ਹਾਂ ਜਦੋਂ ਮੇਰੀ ਧੀ ਦਾ ਜਨਮ ਹੋਇਆ, ਲੇਬਰ ਰੂਮ ਵਿੱਚ ਆਪਣੇ ਪਤੀ ਦੀਆਂ ਬਾਹਾਂ ਵਿੱਚ ਚੁੱਕੀ ਫੁੱਲ ਜਿਹੀ ਬੱਚੀ ਦੇਖ ਖਿਆਲ ਆਇਆ ਸੀ ਕਿੰਨੀਆਂ ਕਵਿਤਾਵਾਂ ਲੈ ਕੇ ਆਈ ਹੈ ਇਹ ਨੰਨੀ ਪਰੀ। ਮੇਰੇ ਜੀਵਨ ਸਾਥੀ ਦਾ ਮੇਰੇ ਨਾਲ ਤੁਰਨਾ ਵੀ ਤਾਂ ਗੀਤ ਸੀ ਜੋ ਮੇਰੇ ਜੀਵਨ ਨੂੰ ਦਰਦੀਲਾ ਗੀਤ ਬਣਾ ਗਿਆ। ਉਸ ਦਰਦ ਵਿੱਚੋਂ ਹੀ ਮੇਰਾ ਸੱਚ ਜਾਗਿਆ। ਮੇਰੇ ਦੋਨੋਂ ਬੱਚੇ ਮੇਰੇ ਜੀਵਨ ਦਾ ਗੀਤ ਹਨ, ਮੇਰੇ ਸੁਰ ਨਾਲ ਸੁਰ ਮਿਲਾਉਂਦੇ ਗੀਤ। ਮਹਿਸੂਸ ਕਰਦੀ ਹਾਂ ਸਮਾਂ ਮੈਨੂੰ ਕਹਿ ਰਿਹਾ ਹੈ;

ਤੂੰ ਗੀਤ ਹੈਂ ਦਰਦ ਦਾ, ਵਿਛੋੜੇ ਦਾ, ਹੰਝੂਆਂ ਦਾ, ਮੌਤ ਦਾ, ਤਬਦੀਲੀ ਦਾ, ਰੋਸ਼ਨੀ ਦਾ, ਮੁਹੱਬਤ ਦਾ, ਜੀਵਨ ਦਾ, ਮਿਲਣ ਦਾ, ਜਿੱਥੇ ਮੈਂ ਮਿਲਣ ਦੀ ਘੜੀ ਬਣ ਤੇਰੇ ਨਾਲ ਖੜਾ ਹਾਂ।

ਸਾਡੇ ਜੀਵਨ ਵਿੱਚ ਸਾਡੇ ਆਲੇ ਦੁਆਲੇ ਕਿੰਨੇ ਪਿਆਰੇ ਰਿਸ਼ਤੇ ਹਨ ਜੋ ਕਦੀ ਕਵਿਤਾ, ਗੀਤ, ਗਜ਼ਲ ਜਾਂ ਵਾਰਤਕ ਬਣ ਆਪਣੀ ਮਹਿਕ ਵੰਡਦੇ ਹਨ। ਸੁਖਾਵੇਂ ਰਿਸ਼ਤੇ ਜੀਵਨ ਵਿੱਚ ਖੁੱਲ੍ਹੇ ਵਿਹੜੇ ਉਗੇ ਦਰਖ਼ਤਾਂ ਵਰਗੇ ਹੁੰਦੇ ਹਨ ਜੋ ਤਪਦੀਆਂ ਰੁੱਤਾਂ ਵਿੱਚ ਠੰਡੀ ਛਾਂ ਦਿੰਦੇ ਹਨ। ਤੁਹਾਡੇ ਮਾਂ ਬਾਪ, ਨਾਲ ਦੇ ਜੰਮੇ ਭੈਣਾਂ ਭਰਾ ਜਾਂ ਉਹ ਰਿਸ਼ਤੇ ਜੋ ਤੁਹਾਡੇ ਖ਼ੂਨ ਦਾ ਰਿਸ਼ਤਾ ਤਾਂ ਨਹੀਂ ਹੁੰਦਾ ਪਰ ਆਪਣੀ ਸੰਘਣੀ ਛਾਂ ਸਦਕਾ ਤੁਹਾਨੂੰ ਤਨ-ਮਨ ਸਾੜਦੀਆਂ ਧੁੱਪਾਂ ਤੋਂ ਬਚਾ ਲੈਂਦਾ ਹੈ (ਇਹ ਰਿਸ਼ਤਾ ਖੁਸ਼ਕਿਸਮਤੀ ਨਾਲ ਮੇਰੇ ਕੋਲ ਹੈ, ਮੇਰੇ ਤੋਂ ਤੇਰਾਂ ਸਾਲ ਛੋਟੀ ਮੇਰੀ ਪਿਆਰੀ ਭਰਜਾਈ, ਮੇਰੇ ਹਰ ਦੁੱਖ ਸੁੱਖ ਦੀ ਸਾਥਣ, ਮੇਰੇ ਪਤੀ ਦੇ ਜਾਣ ਤੋਂ ਬਾਅਦ ਉਸ ਨੇ ਇਕ ਸੱਚੇ ਦੋਸਤ ਦੀ ਥਾਂ ਲਈ) ਤੁਹਾਡੇ ਦੋਸਤ ਵੀ ਸੰਘਣੀ ਛਾਂ ਵਰਗੇ ਹੋ ਸਕਦੇ ਹਨ, ਹਾਂ ਹੁੰਦੇ ਹਨ ਉਹ ਰਿਸ਼ਤੇ ਵੀ ਜੋ ਜ਼ਿੰਗਦੀ ਨੂੰ ਸੂਈ ਦੇ ਨੱਕੇ ਵਿੱਚੋਂ ਲੰਘਣ ਲਈ ਮਜਬੂਰ ਕਰ ਦਿੰਦੇ ਹਨ। ਆਲੋਚਕ ਜਿਹੇ ਰਿਸ਼ਤੇ, ਅਸਲ ਵਿੱਚ ਆਲੋਚਕ ਜਿਹੇ ਰਿਸ਼ਤਿਆਂ ਦੀ ਬਦੌਲਤ ਅਸੀਂ ਆਪਣੇ ਆਪ ਨੂੰ ਹੋਰ ਉਚਾ ਚੁੱਕਦੇ ਹਾਂ। ਇਹ ਸਾਡਾ ਆਲਾ ਦੁਆਲਾ, ਸਾਡਾ ਸਮਾਜ, ਇਸ ਵਿੱਚ ਘਟ ਰਹੀਆਂ ਅਣਸੁਖਾਵੀਆਂ ਘਟਨਾਵਾਂ, ਸਾਡੀ ਸੋਚ ਵਿੱਚ ਤਬਦੀਲੀ ਮੰਗਦੀਆਂ



ਹਨ। ਜਿਹੜੇ ਲੋਕ ਇਹਨਾਂ ਨੂੰ ਸੰਵੇਦਨਸ਼ੀਲਤਾ ਦੀ ਗਹਿਰਾਈ ਨਾਲ ਦੇਖਦੇ ਉਹੀ ਕਲਮਾਂ ਚੁੱਕਦੇ ਹਨ। ਕਲਮਾਂ ਲੋਕਾਈ ਦੀ ਆਵਾਜ਼ ਬਣ ਨਵੇਂ ਇਤਿਹਾਸ ਰਚਦੀਆਂ ਯੁੱਗ ਬਦਲਣ ਦੀ ਤਾਕਤ ਰੱਖਦੀਆਂ ਹਨ। ਮੈਂ ਮਹਿਸੂਸ ਕਰਦੀ ਹਾਂ ਮੌਜੂਦਾ ਸਮੇਂ ਵਿੱਚ ਇਨਸਾਨੀਅਤ ਮਰ ਰਹੀ ਹੈ। ਏਕਤਾ ਤੇ ਪਿਆਰ ਦੀ ਘਾਟ ਦਾ ਸਦਕਾ ਇਨਸਾਨ ਸਹਿਕ ਰਿਹਾ ਹੈ। ਲਾਲਚ ਤੇ ਨਫ਼ਰਤ ਦਾ ਬੋਲਬਾਲ ਬਹੁਤ ਘੜਮੱਸ ਪਾ ਰਿਹਾ ਹੈ। ਕਲਮਾਂ ਵਾਲਿਓ, ਆਓ ਰਲ਼ ਮਿਲ਼ ਇਸ ਨੂੰ ਨੱਥ ਪਾਈਏ। ਆਪਣੀਆਂ ਲਿਖਤਾਂ ਦੇ ਰੂਪ ਵਿੱਚ ਬੀਜੀਏ ਧਰਤੀ ‘ਤੇ ਚਾਨਣ ਦੇ ਬੀਜ। ਸਮੇਂ ਨੂੰ ਅੰਧਕਾਰ ਦੀ ਦਹਿਸ਼ਤ ਤੋਂ ਮਕਤ ਕਰੀਏ। ਰੱਖੀਏ ਇਕ ਨਵੇਂ ਯੁੱਗ ਦੀ ਨੀਂਹ, ਜਿਥੇ ਹਰ ਦਿਲ ਮੁਹੱਬਤ ਦਾ ਗੀਤ ਗਾਵੇ। ਆਓ, ਸਮੇਂ ਦੇ ਸੁਰ ਨਾਲ ਤਾਲ ਮਿਲਾ ਆਪਣੇ ਜੀਵਨ ਨੂੰ ਸੰਗੀਤ ਹਵਾਲੇ ਕਰੀਏ। ਸੰਗੀਤ ਗਿਆਨ ਦੇ ਪ੍ਰਕਾਸ਼ ਦੀ ਉਹ ਕਿਰਨ ਹੈ ਜੋ ਸਭ ਹਨੇਰਿਆਂ ਨੂੰ ਚੀਰ ਆਤਮਾ ਨੂੰ ਇਬਾਦਤ ਦੀ ਰੌਸ਼ਨੀ ਵਿੱਚ ਲੈ ਜਾਂਦੀ ਹੈ। ਸਮੇਂ ਤੋਂ ਵੱਡਾ ਕੋਈ ਦੋਸਤ ਨਹੀਂ, ਸਮੇਂ ਤੋਂ ਵੱਡਾ ਕੋਈ ਦੁਸ਼ਮਣ ਨਹੀਂ। ਮਹਿਸੂਸ ਕਰਦੀ ਜਿਵੇਂ ਸਮਾਂ ਕਹਿ ਰਿਹਾ ਹੋਵੇ:

ਤੂੰ ਸਮਾਂ ਮੈਂ ਕਾਲ
ਨਾਲ ਤੁਰਦਿਆਂ
ਮੈਂ ਤੇਰਾ ਸਮਾਂ
ਹੱਥ ਛੱਡਿਆਂ ਮੈਂ ਕਾਲ
ਸਮਝ ਰੱਖੀਂ !
ਮੈਨੂੰ ਸਮਝਣ ਦੀ
ਬੇਸਮਝੀ, ਪਹੁੰਚਾ ਦੇਵੇਗੀ
ਕਾਲ ਦੇ ਮੂੰਹ ਵਿੱਚ
ਜਿੱਥੇ ਰੱਬ ਹੀ ਰਾਖਾ
ਮੈਂ ਸਮੇਂ ਨੂੰ ਕਹਿੰਦੀ:
ਤੇਰੀ ਦੋਸਤੀ ਦੇ ਪੰਧ ਸਾਡੀ
ਉਮਰੋਂ ਲੰਮੇਰੇ ਨੇ
ਸਮਿਆਂ ਨਾ ਜਾਵੀਂ ਮੈਥੋਂ ਦੂਰ
ਸੱਜਣਾਂ ਨੇ ਤੁਰ ਜਾਣਾ ਤੇਰੇ ਉਹਨਾਂ ਰਾਹੀਂ
ਜਿੱਥੇ ਮੁੱਕ ਜਾਣ ਦੋਸਤੀ ਦੇ ਪੂਰ
ਨਾ ਕੋਈ ਤੇਰਾ, ਨਾ ਕੋਈ ਮੇਰਾ
ਸਮਿਆਂ ਤੂੰ ਕਾਹਤੋਂ ਕੀਤਾ ਮੈਨੂੰ ਮਜਬੂਰ
ਪ੍ਰੀਤ ਦੀ ਪ੍ਰੀਤ ਤਾਂ ਡੁੱਲ੍ਹ ਡੁੱਲ੍ਹ ਪੈਂਦੀ
ਜੇ ਸਾਹਾਂ ਵਿੱਚ ਘੁਲ਼ ਜਾਵੇਂ
ਤੇਰੀ ਮੇਰੀ ਦੋਸਤੀ ਦਾ ਨੂਰ


ਦੁਆ ਕਰਦੀ ਹਾਂ ਸਮਾਂ ਸਭ ਦਾ ਸਾਥੀ ਬਣਿਆਂ ਰਹੇ।

ਅਸੀਂ ਸਮੇਂ ਦੇ ਕਦਮ ਨਾਲ ਕਦਮ ਮਿਲਾ ਤੁਰਦੇ ਰਹੀਏ। ਇਕ ਦੂਸਰੇ ਦਾ ਹੱਥ ਫੜ ਜੀਵਨ ਦੀਆਂ ਉੱਚੀਆਂ ਨੀਵੀਆਂ ਰਾਹਾਂ 'ਤੇ ਹਰ ਰੋਜ਼ ਕੁਝ ਨਵਾਂ ਸਿੱਖਦੇ, ਸਰਹੱਦਾਂ ਦੀਆਂ ਹੱਦਾਂ ਪਾਰ ਕਰ ਕਾਇਨਾਤ ਦਾ ਆਂਚਲ ਮੁਹੱਬਤੀ ਖ਼ੁਸ਼ਬੋਆਂ ਨਾਲ ਮਹਿਕਾਉਂਦੇ ਆਪਣਾ ਜੀਵਨ ਸਫਲ ਕਰੀਏ।

ਮੇਰੇ ਲਈ ਮੁਹੱਬਤ ਉਹ ਪਵਿੱਤਰ ਅਹਿਸਾਸ ਹੈ ਜੋ ਉਪਜਦਾ ਹੈ ਹਿਰਦੇ 'ਚੋਂ, ਮਨ ਦੀ ਰੌਸ਼ਨੀ ਨਾਲ ਸਮੁੱਚੀ ਕਾਇਨਾਤ ਅੱਖਾਂ ਵਿੱਚ ਸਮੇਟ ਪਰਬਰਦਗਾਰ ਦੀ ਦਰਗਾਹ ਜਾ ਝੋਲੀ ਅੱਡਦਾ ਹੈ, ਗਿਆਨ ਦੀ ਰੌਸ਼ਨੀ ਮੰਗਦਾ, ਜਿਸ ਦਾ ਚਾਨਣ ਬੁਰਾਈ ਪਿੱਛੇ ਛੁਪੀ ਖ਼ੂਬਸੂਰਤੀ ਲੱਭ, ਕੁਦਰਤ ਅਤੇ ਮਨੁੱਖਤਾ ਲਈ ਪਿਆਰ ਅਤੇ ਸਤਿਕਾਰ ਮੇਰੇ ਰੋਮ ਰੋਮ ਭਰ ਦੇਵੇ ਤਾਂ ਜੋ ਉਸ ਦੀ ਬਣਾਈ ਦੁਨੀਆ ਖ਼ੂਬਸੂਰਤ ਨਜ਼ਰ ਆਵੇ।

ਦੁਨੀਆ ਖ਼ੂਬਸੂਰਤ ਹੈ, ਜੀਵਨ ਖ਼ੂਬਸੂਰਤ ਹੈ, ਇਹ ਸੁਹੱਪਣ ਮਾਨਣ ਲਈ ਦਿਲ ਵਿੱਚ ਮੁਹੱਬਤ ਦਾ ਵਾਸ ਅਤਿਅੰਤ ਜ਼ਰੂਰੀ ਹੈ ਜੋ ਮੈਂ ਆਪਣੇ ਹੁਣ ਤੱਕ ਦੇ ਸਫ਼ਰ 'ਤੇ ਤੁਰਦਿਆਂ, ਸਮੇਂ ਸੰਗ ਲੜਦੀ ਝਗੜਦੀ ਨੇ ਡਿੱਗ ਡਿੱਗ ਸਿੱਖਿਆ ਹੈ।

**




**ਸੰਗਮ ਪ੍ਰਕਾਸ਼ਨ, ਸਮਾਣਾ**



## ਸਮਾਂ ਨਹੀਂ, ਅਸੀਂ ਬਦਲੇ ਹਾਂ/ਕਰਾਮਤ ਮੁਗ਼ਲ

ਪਿਛਲੀ ਸ਼ਾਮ ਈ ਮੇਰੇ ਤਿੰਨ ਵਿਦਿਆਰਥੀ ਆਏ ਹੋਏ ਸਨ। ਵਰ੍ਹਦੇ ਮੀਂਹ ਵਿੱਚ। ਕਿਉਂ ਜੇ ਸਾਨੂੰ ਮਿਲਿਆਂ ਨੂੰ ਕਾਫ਼ੀ ਚਿਰ ਹੋ ਗਿਆ ਸੀ। ਪੰਦਰ੍ਹਾਂ ਦਿਨਾਂ ਤੋਂ ਉਪਰ ਕਦੇ ਨਹੀਂ ਹੋਇਆ ਏ ਕਿ ਅਸੀਂ ਨਾ ਮਿਲੀਏ ਹੋਈਏ। ਜਦੋਂ ਵੀ ਮਿਲਣੇ ਆਂ, ਕੋਈ ਨਾ ਕੋਈ ਕਿਤਾਬ ਜ਼ਰੂਰ ਪੜ੍ਹਨੀ ਹੁੰਦੀ ਏ। ਇਉਂ ਸਮਝੋਂ ਅਸੀਂ ਇਕ ਰੀਡਰਜ਼ ਕਲੱਬ ਬਣਾਇਆ ਹੋਇਆ ਏ। "ਅਸੀਂ ਤਿੰਨੋਂ ਈ ਵੱਖ ਵੱਖ ਧਰਮਾਂ ਦੇ ਹਾਂ।" ਮੇਰੇ ਵਿਦਿਆਰਥੀ ਕਦੇ-ਕਦਾਰ ਮੈਨੂੰ ਦੱਸਦੇ ਨੇ "ਪਰ ਸਾਡਾ ਅਧਿਆਪਕ ਇਕੋ ਏ," ਤੇ ਫ਼ਿਰ ਫ਼ਿਜ਼ਾ ਵਿੱਚ ਕਹਿਕਾ ਗੂੰਜਦਾ ਏ। ਬੰਦ ਕਮਰੇ ਵਿੱਚ ਇਹ ਸਭ ਗੱਲਾਂ ਬਾਤਾਂ ਹੋ ਰਹੀਆਂ ਨੇ। ਬਾਰੀ ਦਾ ਪਰਦਾ ਵੀ ਡੇਗਿਆ ਹੋਇਆ ਏ। ਗਲੀ ਵਿੱਚ ਉੱਚੀ ਵਾਜ਼ ਵੀ ਨਹੀਂ ਜਾ ਰਹੀ ਏ ਤੇ ਅਸੀਂ ਤਿੰਨੋਂ ਨਹੀਂ ਚਾਰੋਂ ਈ ਧਰਮ ਦੇ ਬਾਰੇ ਖੁੱਲ੍ਹੀ ਡੁੱਲ੍ਹੀ ਗੱਲ ਕਰ ਰਹੇ ਆਂ ਤੇ ਮੈਨੂੰ ਉਹ ਵੇਲ਼ਾ ਚੇਤਾ ਆਂਦਾ ਏ ਜਦੋਂ ਮੈਂ ਐਫ਼ ਸੀ. ਕਾਲਜ ਵਿੱਚ ਪੜ੍ਹਦਾ ਸਾਂ ਤੇ 'ਤਸੱਵੁਫ਼' ਬਾਰੇ ਗੱਲਬਾਤ ਹੋ ਰਹੀ ਸੀ ਤਾਂ ਰੱਬ ਤੇ ਮਨੁੱਖ ਦੇ ਸੰਬੰਧਾਂ ਬਾਰੇ ਹਰ ਕੋਈ ਆਪਣੇ ਵਿਚਾਰ ਸਾਂਝੇ ਕਰਦਾ ਪਿਆ ਸੀ। ਏਨੀ ਮਾਅਲੂਮਾਤੀ ਗੱਲਬਾਤ ਮੇਰੇ ਵਾਸਤੇ ਬੜੀ ਈ ਨਿਵੇਕਲੀ ਗੱਲ ਸੀ ਕਿਉਂ ਜੇ ਕੋਈ ਘੁਟਣ ਨਹੀਂ ਸੀ, ਅਜ਼ਾਦੀ ਜਿਹੀ ਦਾ ਅਹਿਸਾਸ ਸੀ, ਕੋਈ ਕਿਸੇ ਨੂੰ ਕਾਫ਼ਰ ਨਹੀਂ ਸੀ ਕਹਿ ਰਿਹਾ। 1999 ਦਾ ਵਰ੍ਹਾ ਸੀ ਜਦੋਂ ਮੈਂ ਪਹਿਲੀ ਕਹਾਣੀ 'ਉਹ ਮੇਰੀ ਕੀ ਲਗਦੀ?' ਲਿਖੀ ਜਿਸ ਨੂੰ ਆਪਣੀ ਪਹਿਲੇ ਕਹਾਣੀ ਸੰਗ੍ਰਹਿ 'ਤਿਤਲੀ' ਵਿੱਚ ਸ਼ਾਮਿਲ ਵੀ ਕੀਤਾ। ਏਸ ਵੇਲੇ ਪੰਜਾਬੀ ਸਾਹਿਤ ਵਿੱਚ ਇਕ ਪਰਚਾ ਆਇਆ ਤੇ ਛਾ ਗਿਆ। ਉਸ ਨੇ ਹਰ ਖੇਤਰ ਵਿੱਚ ਨਵੀਆਂ ਬਿਹਤਰੀਨ ਲਿਖਤਾਂ ਨਾਲ਼, ਵੇਖਦਿਆਂ ਈ ਵੇਖਦਿਆਂ ਮਿਆਰ ਬਣਾ ਲਿਆ। ਉਹਦੇ ਵਿੱਚ ਕਹਾਣੀ ਛਪਣਾ ਹਰ ਕਹਾਣੀਕਾਰ ਦੀ ਪਹਿਲੀ ਤਰਜੀਹ ਹੁੰਦੀ ਸੀ। ਉਹ ਪਰਚਾ ਸੀ 'ਸਵੇਰ ਇੰਟਰਨੈਸ਼ਨਲ'। ਇਹਦੇ ਐਡੀਟਰ ਜਮੀਲ ਅਹਿਮਦ ਪਾਲ਼ ਹੋਰੀਂ ਸਨ ਜੋ ਕਹਾਣੀ ਦੇ ਮਿਆਰ ਦੇ ਹਵਾਲੇ ਨਾਲ਼ ਕੋਈ ਸਮਝੌਤਾ ਨਹੀਂ ਸਨ ਕਰਦੇ। ਮੈਂ ਆਪਣੀਆਂ ਕਹਾਣੀਆਂ ਇਸੇ ਈ ਲਿਖਾਰੀ ਨੂੰ ਘੱਲਦਾ ਹੁੰਦਾ ...

ਵੇਖਦਿਆਂ ਈ ਵੇਖਦਿਆਂ ਬਹੁਤ ਕੁੱਝ ਬਣ ਵੀ ਰਿਹਾ ਸੀ ਤੇ ਵਿਗੜ ਵੀ; ਮੇਰੇ ਇਲਾਕੇ ਵਿੱਚ ਜਿਥੇ ਮੈਂ ਜਨਮਿਆ ਸਾਂ ਓਥੇ ਮਸੀਤ ਨੂੰ ਮੰਨਣ ਵਾਲੇ ਲੋਕ ਰਹਿੰਦੇ ਸਨ ਜੋ ਮਾੜੀਆਂ ਹਾਲਾਂ ਵਿੱਚ ਅਪਣਾ ਜੀਵਨ ਬਸਰ ਕਰਨ ਲਈ ਮਜਬੂਰ ਸਨ, ਓਥੇ ਦੋ ਚਰਚ ਹੁੰਦੇ ਸਨ ਫ਼ਿਰ ਦੋ ਨੂੰ ਜਿਵੇਂ 20 ਨਾਲ਼ ਜਰਬ ਦੇ ਦਿੱਤੀ ਗਈ ਹੋਵੇ ਤੇ ਲੋਕਾਂ ਦੇ ਘਰ ਵਿੱਚ ਜਿਉਂ ਦੁਆਵਾਂ ਨਾਲ਼ ਖ਼ੁਸ਼ਹਾਲੀ ਜਿਹੀ ਆ ਰਹੀ ਸੀ ਤੇ ਉਧਰ ਦੂਜੇ ਧਰਮ ਵਾਲਿਆਂ ਮਤਲਬ ਮੁਸਲਮਾਨਾਂ ਨੇ ਤਾਂ ਮਦਰਸਿਆਂ ਤੇ ਮਸੀਤਾਂ ਦੀ ਭਰਮਾਰ ਬਹੁਤ ਈ ਕਰ ਦਿੱਤੀ ਸੀ ਜਿਸ ਕਰ ਕੇ ਪਾੜੇ ਵਧਦੇ ਗਏ ਤੇ ਇਕ ਦੂਜੇ ਦੇ ਨੇੜੇ ਆਉਣ ਦੀ ਥਾਂ ਦੂਰੀਆਂ ਵਧਦੀਆਂ ਗਈਆਂ। ਇਨ੍ਹਾਂ ਈ ਹਾਲਾਤ ਵਿੱਚ ਇਕ ਸੱਚੀ ਕਹਾਣੀ 'ਗੁੰਝਲਾਂ' ਵੇਖੀ ਤੇ ਉਸ ਨੂੰ ਸਫ਼ੇ ਤੇ ਉਤਾਰ ਦਿੱਤਾ ਕਿ ਇਕ ਮੁਸਲਮਾਨ ਕਿਸੇ ਗ਼ੈਰ ਮੁਸਲਿਮ ਦਾ ਲਹੂ ਨਹੀਂ ਲਵਾਂਦਾ ਏ ਤੇ ਉਸ ਦਾ ਰਿਸ਼ਤੇਦਾਰ ਮੌਤ ਨੂੰ ਗਲੇ ਲਾ ਲੈਂਦਾ ਏ। ਇੰਜ ਦੇ ਵਾਕਿਆਤ ਇਕ ਪਾਸਿਓਂ ਈ ਨਹੀਂ ਸਨ ਹੋ ਰਹੇ, ਦੋਵਾਂ ਪਾਸਿਓਂ ਹੋਵਣ ਲੱਗ ਗਏ ਸਨ ਕਿਉਂ ਜੇ 'ਫ਼ੰਡ' ਕੋਈ ਤੀਜੀ ਤਾਕਤ ਦੇ ਰਹੀ ਸੀ ਜਿਹਨਾਂ ਨੂੰ ਵਰਤ ਕੇ ਹਰ ਕੋਈ ਇਨਸਾਨੀਅਤ ਤੋਂ ਦੂਰ ਹੋਈ ਜਾ ਰਿਹਾ ਸੀ। ਇੰਜ ਦੀਆਂ ਅਨੇਕਾਂ ਈ ਗੱਲਾਂ ਚੇਤੇ ਵਿੱਚੋਂ ਨਿਕਲਦੀਆਂ ਈ ਨਹੀਂ ਨੇ...

ਖ਼ੈਰ ਗੱਲ ਹੋ ਰਹੀ ਸੀ ਮੈਂ ਤੇ ਮੇਰੇ ਸਮੇਂ ਦੀ। ਮੈਂ ਜਦੋਂ ਪਹਿਲੀ ਕਹਾਣੀ ਲਿਖੀ ਤਾਂ ਜਮਹੂਰੀਅਤ (ਡੈਮੋਕ੍ਰੇਸੀ) ਸੀ ਤੇ ਕੁੱਝ ਈ ਮਹੀਨੇ ਗੁਜ਼ਰੇ ਹੁਣੇ ਨੇ ਕਿ ਡਿਕਟੇਟਰਸ਼ਿਪ ਆਨ ਲੱਗੀ ਜਿਸ ਬਾਰੇ ਢੇਰ ਗੱਲਾਂ ਸੁਣੀਆਂ ਸਨ। ਕਈ ਵਾਰ ਤਾਂ ਪੋਲੀਟੀਕਲ ਸਾਇੰਸ ਦੇ ਪ੍ਰੋਫ਼ੈਸਰ ਨੇ ਪੜ੍ਹਾਂਦਿਆਂ ਹੋਇਆਂ ਪਿਛਲੇ ਡਿਕਟੇਟਰ ਦੇ ਬਾਰੇ ਅਜਿਹੀਆਂ ਗੱਲਾਂ ਦੱਸੀਆਂ ਕਿ ਤੌਬਾ ਤੌਬਾ ਕਰਦਿਆਂ ਈ ਕਲਾਸ ਤੋਂ ਬਾਹਰ ਨਿਕਲੇ ਸਨ। ਮਸੀਤਾਂ ਦੇ ਲਾਊਡ ਸਪੀਕਰ ਲਾ ਕੇ ਕੁੜ੍ਹੇ ਮਾੜੇ ਜਾਂਦੇ ਸਨ, ਲੋਕਾਂ ਨੂੰ ਜ਼ਬਰਦਸਤੀ ਇਹ ਕਰਵਾਇਆ ਜਾਂਦਾ, ਕਦੇ ਫੁੱਲਾਂ ਗੱਲ ਖ਼ਬਰਾਂ ਸੁਣਾਉਣ ਵਾਲਿਆਂ ਵਾਸਤੇ ਲਿਬਾਸ ਮਿੱਥ ਦਿੱਤਾ ਗਿਆ, ਨਾਚ ਗਾਣੇ ਤੇ ਪਾਬੰਦੀ ਤੇ ਇਸਲਾਮਕ ਅਸੂਲਾਂ ਮੁਤਾਬਿਕ ਜੀਵਣਾ, ਸਭ ਨੇ ਦਾੜ੍ਹੀ ਰੱਖ ਲਈ ਵਗ਼ੈਰਾ ਵਗ਼ੈਰਾ। ਅਜਿਹੀਆਂ ਗੱਲਾਂ ਜਦੋਂ ਨਵੀਂ ਡਿਕਟੇਟਰ ਸ਼ਿਪ ਲੱਗੀ ਤਾਂ ਇਕਦਮ ਚੇਤੇ ਵਿੱਚ ਆ ਗਈਆਂ। ਇਸ ਵੇਲੇ ਤੀਕਰ ਮੁਬਾਇਲ ਫ਼ੋਨ ਵੀ ਏਨੇ ਆਮ ਨਹੀਂ ਸਨ ਹੋਏ ਏਸ ਲਈ ਮਿੱਤਰਾਂ ਨਾਲ਼ ਰਾਬਤਾ ਵੀ ਘਟ ਗਿਆ ਤੇ ਇਕ ਅੱਧੀ ਲਿਖਤ ਈ ਪੜ੍ਹਨ ਨੂੰ ਅਜਿਹੀ ਮਿਲਦੀ ਸੀ ਜਿਸ ਵਿੱਚ ਸਮੇਂ ਦੀ ਗੱਲ ਸੀ। ਮੈਨੂੰ ਚੇਤੇ ਏ ਕਿ 'ਸਵੇਰ ਇੰਟਰਨੈਸ਼ਨਲ' ਵਿੱਚ ਹਮੀਦ ਰਾਜੀ ਦੀ ਕਹਾਣੀ 'ਫ਼ੈਂਸੀ ਡਰੈਸ ਸ਼ਿਵ' ਛਾਇਆ ਹੋਈ ਜੋ ਇਕ ਫ਼ੌਜੀ ਵਰਦੀ ਪਾਵਨ ਵਾਲੇ ਬਾਲ ਬਾਰੇ ਸੀ ਤੇ ਸਭ ਕਹਾਣੀਕਾਰਾਂ ਨੇ ਸਿਰਜੋੜ ਲਏ ਕਿ ਏਸ ਨੂੰ ਜਿਵੇਂ ਕੋਈ 'ਸਜ਼ਾ' ਮਿਲਣੀ ਈ ਮਿਲਣੀ ਏ ਪਰ ਹੋਇਆ ਕੁੱਝ ਵੀ ਨਾ। ਨਾ ਕਿਸੇ ਕਿਤਾਬ 'ਤੇ ਪਾਬੰਦੀ ਲੱਗੀ ਤੇ ਨਾ ਲਿਖਣ ਵਾਲਿਆਂ 'ਤੇ ਸਗੋਂ ਮੀਡੀਆ ਭਾਵੇਂ ਇਲੈਕਟ੍ਰਾਨਿਕ ਸੀ ਯਾਂ ਪ੍ਰਿੰਟ ਉਹਦੇ ਵਿੱਚ ਨਿਵੇਕਲਤਾ ਇਸੇ ਈ ਦੌਰ ਵਿੱਚ ਵੇਖਣ ਨੂੰ ਮਿਲਦੀ ਰਹੀ। ਅਸੀਂ ਜਿਹਨਾਂ ਨੇ ਜੋ ਕਹਾਣੀਆਂ ਸੁਣੀਆਂ ਸਨ ਉਸ ਨੂੰ ਵੇਖਣ ਲਈ ਤਰਸਦੇ ਈ ਰਹੇ ਸਾਂ...

ਵੇਖਦਿਆਂ ਵੇਖਦਿਆਂ ਪੰਜਾਬੀ ਜ਼ਬਾਨ ਵਿੱਚ ਲਿਖਣ ਵਾਲਿਆਂ ਦੀ ਤਾਦਾਦ ਵਿੱਚ ਕੁੱਝ ਨਿੱਗਰ ਵਾਧਾ ਵੇਖਣ ਨੂੰ ਮਿਲਿਆ। ਬਹੁਤ ਸਾਰੇ ਪੁਰਾਣੇ ਲਿਖਾਰੀ ਜੋ ਕਹਾਣੀ ਦੇ ਖੇਤਰ ਵਿੱਚ ਅਪਣਾ ਵੱਖਰਾ ਮੁਕਾਮ ਰੱਖਦੇ ਸਨ ਉਨ੍ਹਾਂ ਨੇ ਕਹਾਣੀ ਲਿਖਣਾ ਤਰਕ ਕੀਤਾ ਹੋਇਆ ਸੀ ਤੇ ਕਈ ਵਰ੍ਹਿਆਂ ਤੋਂ ਉਹ ਕਹਾਣੀ ਲਿਖ ਈ ਨਹੀਂ ਸਨ ਰਹੇ। ਸ਼ਾਇਦ ਉਹ ਹੋਰ ਰੁਝੇਵਿਆਂ ਵਿੱਚ ਰੁਝ ਗਏ ਸਨ ਯਾਂ ਫ਼ਿਰ ਆਪ ਈ ਏਸ ਬੇਸੂਦ ਕੰਮ ਤੋਂ ਪਰ੍ਹਾਂ ਹੋ ਕੇ ਬੈਠ ਗਏ ਸਨ। ਇਨ੍ਹਾਂ ਵਿੱਚੋਂ ਜੇ ਕਿਸੇ ਦਾ ਨਾਂ ਲੈਣਾ ਹੋਵੇ ਤੇ ਹੁਸੈਨ ਸ਼ਾਹਿਦ ਵਰਗੇ ਮੰਝੇ ਹੋਏ ਕਹਾਣੀਕਾਰ ਦਾ ਨਾਂ ਲਿਆ ਜਾ ਸਕਦਾ ਏ। ਇਸੇ ਈ ਤਰ੍ਹਾਂ ਆਇਸ਼ਾ ਅਸਲਮ, ਇਲਿਆਸ ਘੁੰਮਣ, ਰਾਸ਼ਿਦ ਜਾਵੇਦ ਅਹਿਮਦ, ਖ਼ਾਵਰ ਰਾਜਾ ਵਗ਼ੈਰਾ ਦਾ ਨਾਂ ਲਿਆ ਜਾ ਸਕਦਾ ਏ ਜਿਹਨਾਂ ਨੇ ਕਹਾਣੀ ਦੇ ਖੇਤਰ ਨੂੰ ਖ਼ੈਰ ਬਾਦ ਕਹਿ ਦਿੱਤਾ ਸੀ ਪਰ ਨਵੇਂ ਲਿਖਣ ਵਾਲਿਆਂ ਦੀ ਤਾਦਾਦ ਵਿੱਚ ਵਾਧਾ ਹੋਵਣ ਲੱਗਿਆ ਸੀ ਜਿਹਨਾਂ ਵਿੱਚੋਂ ਅਲੀ ਅਨਵਰ ਅਹਿਮਦ, ਜ਼ੁਬੈਰ ਅਹਿਮਦ, ਗ਼ੁਲਾਮ ਹੁਸੈਨ ਸਾਜਿਦ, ਆਸ਼ਿਕ, ਅਖ਼ਤਰ ਸ਼ੁਮਾਰ, ਫ਼ਜ਼ਲ ਅਹਿਮਦ ਖ਼ੁਸਰੋ, ਨਸੀਰ ਅਹਿਮਦ ਚੀਮਾ, ਸਰ ਫ਼ਿਰਾਜ਼ ਇਵਾਨ, ਜ਼ਾਹਿਦ ਹੁਸਨ, ਬਾਬਰ ਜਾਵੇਦ ਡਾਰ, ਸਾਬਰ ਅਲੀ ਸਾਬਰ, ਨੈਣ ਸੁੱਖ, ਸਈਦਾ ਮੁਖ਼ਤਾਰ ਯੂਨਸ ਤੇ ਕਈ ਹੋਰਨਾਂ ਦੀਆਂ ਕਹਾਣੀਆਂ ਪੜ੍ਹਨ ਵਾਲਿਆਂ ਨੂੰ ਆਪਣੇ ਵੱਲ ਖਿੱਚ ਰਹੀਆਂ ਸਨ। ਇਕ ਕਹਾਣੀਕਾਰ ਜਿਹਨਾਂ ਨੇ ਬਹੁਤ ਈ ਵਧੀਆ ਕਹਾਣੀਆਂ ਲਿਖੀਆਂ ਪਰ ਉਹ ਆਪਣੀ ਹਯਾਤੀ ਵਿੱਚ ਕਹਾਣੀ ਪਰਾਗਾ ਨਹੀਂ ਲਿਆਣ ਸਕੇ ਉਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਏ। ਇਨ੍ਹਾਂ ਦਾ ਨਾਂ ਡਾਕਟਰ ਮਸਊਦ ਅਹਿਸਾਨ ਏ ਜੋ ਹੱਡੀ ਜੋੜਨ ਵਾਲਿਆਂ ਡਾਕਟਰ ਦੇ ਤੌਰ 'ਤੇ ਕੌਮਾਂਤਰੀ ਪੱਧਰ ਤੇ ਜਾਣੇ ਪਛਾਣੇ ਜਾਂਦੇ ਸਨ। ਏਸ ਤੋਂ ਵੱਖ ਉਨ੍ਹਾਂ ਨੇ ਫ਼ਿਲਮ ਦੇ ਹਵਾਲੇ ਨਾਲ਼ ਵੀ



ਆਪਣੀ ਪੱਛਾਣ ਬਣਾਈ ਹੋਈ ਸੀ। ਉਨ੍ਹਾਂ ਦੀ ਕਹਾਣੀ 'ਦੂਜਾ ਗੁਰਦਾ', 'ਹੈਪੀ ਨਿਊ ਈਅਰ' ਤੇ ਹੋਰ ਕਹਾਣੀਆਂ ਬਹੁਤ ਈ ਯਾਦਗਾਰ ਕਹਾਣੀਆਂ ਨੇਂ ਜਿਹਨਾਂ ਨੂੰ ਕਦੇ ਵੀ ਵਿਸਾਰਿਆ ਨਹੀਂ ਜਾ ਸਕੇਗਾ। ਕਹਾਣੀ ਦੇ ਹਵਾਲੇ ਨਾਲ਼ ਕੰਮ ਕਰ ਰਹੇ ਅਦਬੀ ਪਰਚਿਆਂ ਵਿੱਚ ਮਕਸੂਦ ਸਾਕਿਬ ਦਾ 'ਪੰਚਮ' ਤੇ ਜਮੀਲ ਅਹਿਮਦ ਪਾਲ਼ ਦਾ 'ਸਵੇਰ ਇੰਟਰਨੈਸ਼ਨਲ' ਨੇ ਜੋ ਭਰਵਾਂ ਕਿਰਦਾਰ ਅਦਾ ਕੀਤਾ ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆ ਸਕਦਾ ਏ। ਇਨ੍ਹਾਂ ਪਰਚਿਆਂ ਨੇ ਚੜ੍ਹਦੇ ਪੰਜਾਬ ਦੇ ਕਹਾਣੀਕਾਰਾਂ ਦੀਆਂ ਲਿਖਤਾਂ ਵੀ ਛਾਪੀਆਂ ਤੇ ਸੋਹਣੇ ਯਾਦਗਾਰੀ ਕਹਾਣੀ ਨੰਬਰ ਵੀ ਆਪਣੀ ਪਛਾਣ ਬਣਾਏ।

"ਮੈਂ ਕਿੰਨਾ ਕੋ ਸਮਾਜ ਨੂੰ ਆਪਣੇ ਆਲ ਦਿਵਾਲ ਨੂੰ ਸਮਝਿਆ ਹਾਂ" ਜੇ ਮੈਂ ਆਪਣੇ ਆਪ ਕੋਲੋਂ ਪੁੱਛਦਾ ਹਾਂ ਤੇ ਕੋਈ ਜਵਾਬ ਈ ਨਹੀਂ ਲੱਭਦਾ ਏ। ਮੇਰੀਆਂ ਮੁਢਲੀਆਂ ਕਹਾਣੀਆਂ ਵਿੱਚ ਆਪਣੇ ਕਾਲਜ ਦੀਆਂ ਗੱਲਾਂ ਵੀ ਮਿਲਦੀਆਂ ਨੇ ਤੇ ਉਸ ਵੇਲੇ ਦੇ ਜਿਹੜੇ ਹਾਲਾਤ ਸਨ ਏਸ ਬਾਰੇ ਚਰਚਾ ਏ ਮੇਰੀ ਕਹਾਣੀ 'ਤਖ਼ਲੀਕ ਕਾਰ' ਅਜਿਹੀ ਵਿਦਿਆਰਥਣ ਬਾਰੇ ਸੀ ਜੋ ਕਾਲਜ ਮੈਗਜ਼ੀਨ ਵਿੱਚ ਆਪਣੇ ਨਾਂ ਨਾਲ਼ ਕਹਾਣੀ ਤੇ ਸ਼ਾਇਰੀ ਛਪਵਾਉਣ ਲਈ ਆਪਣੇ ਵੱਖ ਵੱਖ ਮਿੱਤਰਾਂ ਕੋਲੋਂ ਲਿਖਵਾਂਦੀ ਏ।

ਮੁਬਾਇਲ ਤੇ ਇੰਟਰਨੈੱਟ ਦੇ ਆਉਣ ਨਾਲ਼ ਕਾਫ਼ੀ ਅਜ਼ਾਦੀ ਨੂੰ ਮਾਣਿਆ ਗਿਆ ਜਿਸ ਨਾਲ਼ ਕਈ ਤਰ੍ਹਾਂ ਦੀਆਂ ਤਬਦੀਲੀਆਂ ਵੇਖੀਆਂ। ਹੋਰ ਤੇ ਹੋਰ ਉਨ੍ਹਾਂ ਨੇ ਵੀ ਸੋਸ਼ਲ ਮੀਡੀਆ ਰਾਹੀਂ ਅਪਣਾ ਅਸਲ ਵਿਖਾਇਆ ਜਿਸ ਨੂੰ ਉਹ ਸਭ ਤੋਂ ਲੁਕੋ ਕੇ ਰੱਖ ਰਹੇ ਸਨ। ਸੱਤ ਸੱਤ ਪਰਦਿਆਂ ਵਾਲਿਆਂ ਦੀਆਂ ਸੱਤ ਸੱਤ ਸਮਾਂ ਤੇ ਸਤਾਰ੍ਹਾਂ ਸਤਾਰ੍ਹਾਂ ਸੋਸ਼ਲ ਮੀਡੀਆ ਅਕਾਊਂਟ ਬਣਾ ਕੇ ਸਾਰੀ ਸਾਰੀ ਰਾਤ ਬੈਠਿਆਂ ਰਹਿੰਦੀਆਂ ਨੇ, ਇਹ ਸਮਾਜ ਵੇਖਦਿਆਂ ਹੋਇਆਂ ਆਪਣੇ ਮੁਢਲੇ ਲਿਖਣ ਦੇ ਦੌਰ ਨੂੰ ਵੇਖਦਾ ਹਾਂ ਤੇ ਇਕਦਮ ਇਹ ਤਬਦੀਲੀ ਨੂੰ ਲੋਕਾਂ ਨੇ ਕਬੂਲਿਆ ਈ ਨਹੀਂ ਸਗੋਂ ਉਹਦੇ ਮਨਫ਼ੀ ਅਸਰਾਤ ਨੂੰ ਈ ਕਬੂਲਿਆ ਏ। ਇਕ ਲੇਖਕ ਦੀਆਂ ਅੱਖਾਂ ਤੋਂ ਇਹ ਸਭ ਪਰੋਖੇ ਨਹੀਂ ਹੋ ਸਕਦਾ ਸੀ। ਜਦੋਂ ਇਹ ਵੇਖਿਆ ਗਿਆ ਤਾਂ ਦੁਨੀਆ 'ਤੇ ਜਿੰਨਾ ਕੋ ਯਕੀਨ ਜਹਿਆ ਸੀ ਉਹ ਵੀ ਮੁੱਕ ਗਿਆ ਤੇ ਕਹਾਣੀ ਵਿੱਚ ਕੁੜੱਤਣ ਦਾ ਰੰਗ ਭਰ ਗਿਆ। ਇਹਦੇ ਬਾਰੇ ਢੇਰ ਦੱਸਿਆ ਜਾ ਸਕਦਾ ਏ...। ਮੁਢਲੀਆਂ ਕਹਾਣੀਆਂ ਵਿੱਚ ਜਿਸਮਾਨੀ ਸੰਬੰਧਾਂ ਬਾਰੇ ਕਹਾਣੀਆਂ ਮੇਰੀ ਪੱਛਾਣ ਬਣ ਗਈਆਂ ਕਿਉਂ ਜੇ ਮੈਂ ਆਲ ਦਿਵਾਲ ਇਉਂ ਕਰਦੇ ਲੋਕਾਂ ਨੂੰ ਵੇਖਿਆ। ਘਰ ਦੇ ਕੋਲ਼ ਈ ਮਾਡਲ ਟਾਊਨ ਪਾਰਕ ਸੀ ਜਿਸ ਅੰਦਰ ਅਜਿਹੇ ਵਾਕਿਆਤ ਵੇਖੇ ਤੇ ਸੁਣੇ। ਮੇਰੇ ਸਕੂਲ ਦੀ ਦੀਵਾਰ ਤੇ ਮਾਡਲ ਟਾਊਨ ਪਾਰਕ ਦੀ ਦੀਵਾਰ ਵੀ ਸਾਂਝੀ ਸੀ। ਓਥੇ ਦੇ ਵਾਕਿਆਤ ਨੂੰ ਵੇਖਿਆ ਤੇ ਫ਼ਿਰ ਆਪਣੀ ਮਸ਼ਾਹਦੇ ਵਾਲੀ ਅੱਖ ਨੂੰ ਬਹੁਤਾ ਈ ਖੋਲ੍ਹ ਕੇ ਰੱਖਿਆ। ਇਨਸਾਨ ਦੀ ਨਫ਼ਸੀਆਤ (ਮਨੋਵਿਗਿਆਨ ਨੂੰ ਸਮਝਣ ਤੋਂ ਬਾਅਦ ਸਮਾਜ ਦੀ ਸਮਝ ਵੀ ਆ ਜਾਂਦੀ ਏ ਏਸ ਲਈ ਕਿਸੇ ਕਹਾਣੀਕਾਰ ਵਾਸਤੇ ਨਫ਼ਸੀਆਤ ਨੂੰ ਜਾਣਨਾ ਅੱਤ ਜ਼ਰੂਰੀ ਏ।

ਕਿਤਾਬਾਂ ਦੀਆਂ ਦੁਕਾਨਾਂ 'ਤੇ ਕੋਈ ਨਹੀਂ ਏ ਤੇ ਕਬਾਬਾਂ ਦੀਆਂ ਦੁਕਾਨਾਂ ਤੇ ਭੀੜ ਈ ਭੀੜ ਏ। ਏਸ ਨਾਲ਼ ਵੀ ਸਮਾਜ ਵਿੱਚ ਪੜ੍ਹਨਾ ਲਿਖਣਾ ਕਿੰਨਾ ਕੋ ਸੰਜੀਦਗੀ ਨਾਲ਼ ਵੇਖਿਆ ਗਿਆ ਏ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਏ। ਜਦੋਂ ਪਹਿਲੀ ਕਿਤਾਬ ਲਿਖੀ ਤਾਂ ਇਹ ਸੁਣਨ ਨੂੰ ਮਿਲਿਆ ਸੀ ਕਿ ਇਹਦਾ ਫ਼ਾਈਦਾ (ਮਾਲੀ ) ਕੀ ਹੋਏਗਾ? ਫ਼ਿਰ ਕਿਤਾਬਾਂ ਪੱਲਿਓ ਛਾਪਣਾ ਤੇ ਮੁਫ਼ਤ ਵੰਡਣਾ ਅਜਿਹਿਆ ਈ ਕਰਨਾ ਪੈਂਦਾ ਏ। ਪੰਜਾਬੀ ਕਿਤਾਬਾਂ ਤਾਂ ਲੋਕੀਂ

ਵੇਖਦੇ ਵੀ ਨਹੀਂ ਸਨ ਜੋ ਹੁਣ ਹਾਲਾਤ ਬਿਹਤਰ ਹੋ ਰਹੇ ਨੇ। ਢਾਹਾਂ ਵਰਗੇ ਇਨਾਮ ਆਉਣ ਨਾਲ਼ ਮੈਂ ਵੇਖਿਆ ਕਿ ਜਿਹਨਾਂ ਨੇ 24 ਵਰ੍ਹਿਆਂ ਤੋਂ ਲਿਖਣਾ ਪੜ੍ਹਨਾ ਬੰਦ ਕੀਤਾ ਸੀ ਉਹ ਵੀ ਮੈਦਾਨ ਵਿੱਚ ਆਏ ਤੇ ਪੰਜਾਬੀ ਸੇਵਾ ਨੂੰ ਈ ਆਪਣੀ ਹਯਾਤੀ ਦਾ ਗੀਤ ਗਾਵਣ ਲੱਗ ਪਏ ਜੋ ਪਿਛਲੇ 24ਵਰ੍ਹਿਆਂ ਤੋਂ ਚੁੱਪ ਚਾਪ ਬੈਠੇ ਸਨ। ਇੰਜ ਦੀਆਂ ਬਹੁਤ ਸਾਰੀਆਂ ਘਟਨਾਵਾਂ ਨੇ। ਸਾਹਿਤਿਕ ਇਨਾਮਾਂ ਨੂੰ ਹਥਿਆਉਣ ਦੀਆਂ ਕਹਾਣੀਆਂ ਲਿਖੀਆਂ, ਸਾਹਿਤਿਕ ਇਨਾਮ ਨੂੰ ਕਿਵੇਂ ਹਥਿਆਉਣ ਲਈ ਸਿਰ ਜੁੜਿਆ ਜਾਂਦਾ ਤੇ ਪੰਜਾਬੀ ਸਾਹਿਤ ਨੂੰ ਕਿਵੇਂ ਵਰਤਿਆ ਜਾਂਦਾ ਏ ਏਸ ਬਾਰੇ ਵੀ ਕਹਾਣੀਆਂ ਲਿਖੀਆਂ ਨੇਂ ਤੇ ਆਪਣੇ ਕਾਲਮਾਂ ਰਾਹੀਂ ਵੀ ਏਸ ਦਾ ਵਿਖਾਲਾ ਕੀਤਾ ਗਿਆ ਏ।

ਵੰਡ ਵੇਲੇ ਉਜੜੇ ਪੁਜੜੇ ਲੋਕਾਂ ਦੀ ਗੱਲ ਕਰਨਾ ਚਾਹੁੰਦਾ ਹਾਂ ਪਰ ਉਨ੍ਹਾਂ ਦਾ ਦੁੱਖ ਏਡਾ ਵੱਡਾ ਏ ਕਿ ਨਹੀਂ ਬਿਆਨੀਆਂ ਜਾ ਸਕਦਾ ਏ। ਅੱਜ ਵੀ ਉਹ ਵੰਡ ਨੂੰ ਭੁੱਲ ਨਹੀਂ ਸਕੇ ਨੇ। ਤੀਜੀ ਪੀੜ੍ਹੀ ਨੂੰ ਏਸ ਗੱਲ ਬਾਰੇ ਦੱਸਣ ਦੀ ਲੋੜ ਏ ਤਾਂ ਜੋ ਉਸ ਨੂੰ ਏਸ ਇਲਾਕੇ ਦੀ ਸਹੀ ਤਸਵੀਰ ਈ ਮਿਲੇ। ਇਕੋ ਇਕ ਕਹਾਣੀ 'ਭਾਰ' ਲਿਖੀ ਜੋ ਤਲਵਿੰਦਰ ਤੇ ਮੈਂ ਇਕੱਠੇ ਸਾਂ, ਉਸ ਵੇਲੇ ਸਾਡੇ ਨਾਲ਼ ਵਾਪਰੀ ਸੀ। ਅੱਜ ਦਾ ਕਹਾਣੀਕਾਰ ਜਿਹਦੇ ਕੋਲ਼ ਇਹ ਸਭ ਵੰਡ ਦੀਆਂ ਗੱਲਾਂ ਸੁਣਾਉਣ ਵਾਲੇ ਵੀ ਮੁੱਕਦੇ ਜਾ ਰਹੇ ਨੇ, ਕਿਵੇਂ ਏਸ ਦੀ ਸਾਂਭ ਕਰਨਗੇ ਇਹ ਖ਼ਿਆਲ ਕਈ ਵਾਰ ਸਾਨੂੰ ਸੋਚਣ ਤੇ ਮਜਬੂਰ ਕਰਦਾ ਏ, ਏਸ ਮੌਜ਼ੂਅ ਨੂੰ ਤਾਲੀਮੀ ਨਿਸਾਬ ਦਾ ਜ਼ਰੂਰ ਹਿੱਸਾ ਬਨਾਣਾ ਚਾਹੀਦਾ ਏ ਤਾਂ ਜੋ ਏਸ ਨੂੰ ਕਦੇ ਵਿਸਾਰਿਆ ਨਾ ਜਾ ਸਕੇ।

ਮੈਂ ਅਕਸਰ ਛੱਤ ਉਪਰ ਜਾ ਕੇ ਪੜ੍ਹਾਈ ਕਰਦਾ ਹੁੰਦਾ ਸਾਂ ਤੇ ਓਥੇ ਈ ਬਹਿ ਕੇ ਕਹਾਣੀ ਲਿਖਦਾ। ਇਕ ਦਿਹਾੜੇ ਕਹਾਣੀ ਜਿਸਦਾ ਸਿਰਨਾਵਾਂ ਵੀ ਸੀ 'ਛੱਤ ਉਪਰ' ਲਿਖਣ ਬੈਠ ਗਿਆ। ਹਾਲੇ ਕਹਾਣੀ ਅੱਧੀ ਈ ਲਿਖੀ ਸੀ ਕਿ ਮੈਨੂੰ ਤੰਦੂਰ ਤੋਂ ਰੋਟੀਆਂ ਲਵਾਵਨ ਲਈ ਘੱਲ ਦਿੱਤਾ ਗਿਆ। ਮੈਂ ਪਰਾਤ ਵਿੱਚ ਪੇੜੇ ਰੱਖੇ ਹੋਏ ਸਨ ਤੇ ਮੇਰਾ ਦਿਮਾਗ਼ ਕਹਾਣੀ 'ਤੇ ਈ ਅਟਕਿਆ ਹੋਇਆ ਸੀ। ਰੋਟੀਆਂ ਲਗਵਾ ਕੇ ਮੈਂ ਦੇ ਆਇਆ ਤੇ ਖਾਧੀ ਨਾ, ਸਗੋਂ ਕਹਾਣੀ ਮੁਕੰਮਲ ਕਰਨ ਬਹਿ ਗਿਆ। ਪਹਿਲਾਂ ਅੱਧੀ ਕਹਾਣੀ ਲਿਖੀ ਸੀ ਤੇ ਬਾਦੋਂ ਅੱਧੀ ਕਹਾਣੀ ਲਿਖੀ। ਉਸ ਨੂੰ ਖ਼ਤ ਦੇ ਲਿਫ਼ਾਫ਼ੇ ਵਿੱਚ ਪਾਇਆ ਤੇ ਪੋਸਟ ਕਰ ਦਿੱਤਾ। ਕਹਾਣੀ ਛਪ ਗਈ, ਸਰਾਹੀ ਵੀ ਗਈ ਪਰ ਉਹਦੇ ਵਿੱਚ ਇਕ ਗੱਲ ਸੀ ਜੋ ਮੈਨੂੰ ਬਾਦੋਂ ਨਜ਼ਰ ਆਈ, ਮੈਂ ਪਹਿਲਾਂ ਮਾਜ਼ੀ (ਅਤੀਤ) ਵਿੱਚ ਲਿਖ ਰਿਹਾ ਸਾਂ ਤੇ ਅੱਧੀ ਕਹਾਣੀ ਮੌਜੂਦਾ ਜ਼ਮਾਨੇ ਵਿੱਚ ਲਿਖੀ ਗਈ...

ਸਾਡੇ ਕਾਲਜ ਵਿੱਚ ਇਕ ਤੀਜੀ ਮਖ਼ਲੂਕ ਵੀ ਪੜ੍ਹਦੀ ਸੀ ਜਿਸ ਬਾਰੇ ਕਹਾਣੀ 'ਨਿਖੇੜਾ' ਲਿਖੀ। ਫ਼ਿਰ ਜਦੋਂ ਆਪ ਪੜ੍ਹਾਵਨਾ ਸ਼ੁਰੂ ਕੀਤਾ ਤਾਂ ਪੜ੍ਹਾਂਦਿਆਂ ਹੋਈਆਂ ਕਈ ਗੱਲਾਂ ਸਾਹਮਣੇ ਆਈਆਂ ਜਿਸ ਕਰ ਕੇ ਆਪਣੇ ਨਿਵੇਕਲੇ ਕਹਾਣੀ ਪਰਾਗੇ ;ਪੁੱਠੇ ਟੁਰਦੇ ਲੋਕ' ਵਿਚ ਕਹਾਣੀ 'ਹਮ ਜਮਾਤ' ਵੀ ਲਿਖੀ ਏ ਜੋ ਐਧਰਲੇ ਪਾਸੇ ਕਹਾਣੀ ਦੇ ਖੇਤਰ ਵਿੱਚ ਨਵਾਂ ਤਜਰਬਾ ਕੀਤਾ ਏ। ਮੈਂ ਨਵੇਂ ਤਜਰਬੇ ਕਰਦਾ ਰਹਿਣਾ ਹਾਂ। ਕਹਾਣੀ ਨੂੰ ਨਵੇਂ ਵੇਲੇ ਨਾਲ਼ ਤਰਨਾ ਆਨਾ ਚਾਹੀਦਾ ਏ। ਇਹ ਉਦੋਂ ਈ ਮੁਮਕਿਨ ਏ ਜਦੋਂ ਕਹਾਣੀਕਾਰ ਵੀ ਏਸ ਨਾਲ਼ ਤੁਰਨ ਦਾ ਜਤਨ ਕਰਨਾ ਚਾਹਵੇਗਾ...। ਨਹੀਂ ਤਾਂ ਹਾਲਾਤ ਉਂਜੇ ਈ ਰਹਿਣਗੇ ਜਿਵੇਂ ਚਲਦੇ ਆ ਰਹੇ ਨੇ। ਇਕ ਅਲੋਚਕ ਹੋਵਣ ਦੇ ਨਾਤੇ ਮੈਨੂੰ ਬਹੁਤ ਕੁੱਝ ਸਹਿਣਾ ਵੀ ਪਿਆ। ਲੋਕੀਂ ਤੁਹਾਡੇ ਬਲ਼ਾ ਵਜਾ ਈ ਦੁਸ਼ਮਣ ਬਣ ਜਾਂਦੇ ਨੇ ਕਿਉਂ ਜੇ ਇਧਰ ਅਲੋਚਕ ਤੇ ਅਲੋਚਨਾ ਦਾ ਰਿਵਾਜ ਨਹੀਂ ਪੈ ਸਕਿਆ ਏ। ਬਹੁਤ ਸਾਰੇ ਖੋਜਕਾਰਾਂ ਨੇ ਜੋ ਲਿਖਿਆ ਏ ਉਹ ਬੱਸ ਕਲਾਸਿਕੀ ਸ਼ਾਇਰਾਂ ਤੱਕ ਈ ਸੀਮਤ ਏ,



ਏਸ ਤੋਂ ਅੱਗੇ ਅੱਜ ਦੇ ਲਿਖਾਰੀ ਬਾਰੇ ਗੱਲ ਹੋਣੀ ਚਾਹੀਦੀ ਏ ਤਾਂ ਜੋ ਅੱਜ ਦੀ ਗੱਲ ਕੱਲ੍ਹ ਵੀ ਹੋ ਸਕੇ।

ਕਹਾਣੀ ਲਿਖਦਿਆਂ ਹਾਲੇ ਕੁੱਝ ਈ ਚਿਰ ਹੋਇਆ ਸੀ ਕਿ ਦਹਿਸ਼ਤਗਰਦਾਂ ਦੀਆਂ ਕਾਰਵਾਈਆਂ ਆਪਣੀ ਟੀਸੀ ਤੇ ਅੱਪੜ ਚੁੱਕੀਆਂ ਸਨ। ਮੈਨੂੰ ਆਪਣੇ ਸ਼ਹਿਰ ਲਾਹੌਰ ਨਾਲ਼ ਇਸ਼ਕ ਏ। ਮੈਂ ਏਸ ਸ਼ਹਿਰ ਵਿੱਚ ਦਹਿਸ਼ਤਗਰਦੀ ਦੇ ਜਿਹੜੇ ਵਾਕਿਆ ਵੇਖੇ ਉਨ੍ਹਾਂ ਦੇ ਨਕਸ਼ ਜ਼ਿਹਨ ਵਿੱਚ ਮੌਜੂਦ ਹੈਣ। ਕਈ ਵਾਰ ਤਾਂ ਵਾਲ਼ ਵਾਲ਼ ਬਚਿਆ ਏਸ ਤੋਂ। ਘਰੋਂ ਅੱਧੇ ਕੋ ਕਿਲੋਮੀਟਰ ਦੂਰ ਪੁਰਾਣੀ ਸਬਜ਼ੀ ਮੰਡੀ ਤੇ ਆਈ. ਟੀ. ਟਾਵਰ ਦੇ ਕੋਲ਼ ਜਿਹੜਾ ਖ਼ੌਫ਼ਨਾਕ ਬਮ ਧਮਾਕਾ ਹੋਇਆ ਉਸ ਕੋਲੋਂ ਮੈਂ ਕੁੱਝ ਈ ਪਲ ਦੂਰ ਰਿਹਾ ਸਾਂ ਤੇ ਘਰ ਵਾਲਿਆਂ ਨੇ ਇਕ ਵਾਰ ਤਾਂ ਮੇਰੇ ਨਾ ਹੋਵਣ ਦਾ ਜਿਵੇਂ ਯਕੀਨ ਵੀ ਕਰ ਲਿਆ ਹੋਵਣਾ। ...ਇਸੇ ਤਰ੍ਹਾਂ ਦੇ ਵਾਕਿਆ ਨੂੰ ਮੈਂ ਵੇਖਿਆ ਤੇ ਆਪਣੇ ਅੰਦਰ ਈ ਸਮੋਇਆ। ਸ਼ਹਿਰ ਵਿੱਚ ਜਿਵੇਂ ਈ ਅਜਿਹੀ ਵਾਰਦਾਤ ਹੁੰਦੀ ਦਿਲ ਲਹੂ ਦੇ ਹੰਝੂ ਰੋਂਦਾ। ਏਸ ਹਵਾਲੇ ਨਾਲ਼ ਵੀ ਲਿਖਿਆ। ਇਕ ਕਹਾਣੀ ਮਾਲ ਰੋਡ ਲਾਹੌਰ ਤੇ ਜੀ. ਪੀ. ਓ. ਚੋਕ ਦੇ ਕੋਲ਼ ਧਮਾਕਾ ਹੋਇਆ ਜਿਹਦੇ ਵਿੱਚ ਕਈ ਸਵਾਣੀ ਪੁਲਿਸ ਅਹਿਲਕਾਰਾਂ ਦੀ ਸ਼ਹਾਦਤ ਵੀ ਹੋਈ ਤੇ ਮੈਂ ਕਹਾਣੀ 'ਨਹੀਂ' ਲਿਖੀ। ਇਸੇ ਈ ਤਰ੍ਹਾਂ ਸਮਾਜ ਦਾ ਇਕ ਹੋਰ ਰੰਗ ਵੇਖਿਆ ਜਿਹੜਾ ਸ਼ਿੱਦਤ ਪਸੰਦੀਦਾ ਰੰਗ ਸੀ। ਉਸੇ ਈ ਸ਼ਿੱਦਤ ਪਸੰਦੀ ਨੂੰ ਦਰਸਾਂਦੀਆਂ ਮੇਰੀਆਂ ਕਈ ਕਹਾਣੀਆਂ ਨੇਂ ਜਿਹਦੇ ਵਿੱਚ 'ਹੋਸ਼ ਠਿਕਾਣੇ ਨਾ ਮੰਗ' ਹਾਲੇ ਪਿੱਛੇ ਜਿਹੇ ਛਪੀ ਕਹਾਣੀ ਏ ਜਿਸ ਨੂੰ ਆਪਣੇ ਸੱਜਰੇ ਪਰਾਗੇ ਵਿੱਚ ਵੀ ਸ਼ਾਮਿਲ ਕੀਤਾ ਗਿਆ ਏ। ਮੈਂ ਅੱਜ ਵੀ ਆਪਣੇ ਆਪ ਨੂੰ ਕਦੇ ਕਦੇ ਪੁੱਛਦਾ ਹਾਂ ਮੈਂ ਕਹਾਣੀ ਕਿਉਂ ਲਿਖਦਾ ਹਾਂ ਤੇ ਏਸ ਤੋਂ ਬਹੁਤੀ ਵਾਰ ਪੁੱਛਦਾ ਹਾਂ ਕਿ ਮੈਂ ਕਿਉਂ ਜੀ ਰਿਹਾ ਹਾਂ? ਉਜੜ ਵਾਂਗ ਜੀ ਰਹੀ ਕੌਮ ਨੂੰ ਸਮਝਾਨਾ ਉੱਕਾ ਈ ਔਖਾ ਏ, ਏਸ ਦਾ ਹਿੱਸਾ ਬਣ ਕੇ ਜੀ ਲੌ ਤੇ ਬੜੇ ਫ਼ਾਈਦੇ ਨੇ, ਇਹ ਈ ਗੱਲ ਆਪਣੇ ਆਪ ਨੂੰ ਸਮਝਾਉਣ ਵਿੱਚ ਲਗਾਤੇ ਹਾਲੇ ਤੀਕਰ ਫ਼ਾਈਦੇ ਵਿੱਚ ...ਹੁਣ ਵੀ ਸੁਣਦਾ ਹਾਂ ਕਿ ਸਮਾਂ ਬਦਲ ਗਿਆ ਤੇ ਅੰਦਰੋਂ ਵਾਜ ਆਂਦੀ ਏ ਨਹੀਂ ਸਮਾਂ ਨਹੀਂ ਅਸੀਂ ਬਦਲ ਗਏ ਹਾਂ ਤੇ ਮੈਂ ਉਸੇ ਈ ਸਮੇਂ ਵਿੱਚ ਜੀਵਨ ਲੱਗ ਜਾਂਦਾ ਹਾਂ ਜਿਸ ਸਮੇਂ ਵਿੱਚ ਮੈਂ ਆਪਣੇ ਆਪ ਨਾਲ਼ ਗੱਲਾਂ ਕਰਦਾ ਸਾਂ, ਫੁੱਲਾਂ ਹਵਾਵਾਂ ਤੇ ਮੀਂਹ ਨਾਲ਼ ਯਾਰੀ ਸੀ ਤੇ ਉਸ ਦੀ ਮਹਿਕ ਈ ਮੇਰਾ ਸਭ ਕੁੱਝ ਸੀ ਜੋ ਕਦੇ ਵੀ ਮੇਰੀ ਨਹੀਂ ਹੋ ਸਕੀ ....

---

**ਪੰਨਾ ਨੰ. 110 ਦਾ ਬਾਕੀ**

ਪੰਜਾਬੀਆਂ ਦਾ ਜੋ ਫਲਸਫ਼ਾ ਹੈ ਕਿ ਵੱਸਦੇ ਘਰਾਂ ਦੇ ਬੂਹੇ ਬੰਦ ਨਹੀਂ ਰੱਖੀਦੇ,ਉਹਨਾਂ ਹੀ ਘਰਾਂ ਨੂੰ ਜਿੰਦਰੇ ਲੱਗੇ ਹਨ। ਖੁਲ੍ਹੇ ਵਿਹੜਿਆਂ ਵਿੱਚ ਰਹਿਣ ਵਾਲੇ ਪੰਜਾਬੀ ਹੁਣ ਪ੍ਰਦੇਸਾਂ ਦੀਆਂ ਬੇਸਮੈਂਟਾਂ ਵਿੱਚ ਰਹਿੰਦੇ ਨੇ। ਇਉਂ ਇਹ ਬਦਲਾਵ ਮਾਨਸਿਕ ਵੀ ਹੈ। ਅਸੀਂ ਇਹ ਸਭ ਕਬੂਲ ਲਿਆ ਹੈ। ਸਾਰਾ ਕੁਝ ਬੇਹੱਦ ਗੁੰਝਲਦਾਰ ਹੈ। ਜਿਸ ਕਿਸਮ ਦਾ ਪੰਜਾਬੀ ਮਾਨਵ ਪੂਰਨ ਸਿੰਘ ਆਪਣੀ ਕਵਿਤਾ ਵਿੱਚ ਸਿਰਜਦਾ ਹੈ, ਹੁਣ ਪੰਜਾਬੀ ਬੰਦਾ ਉਸ ਤੋਂ ਉਲਟ ਹੈ। ਉਸਦੇ ਅੰਦਰ ਵੀ ਇੱਕ ਡੂੰਘੀ ਵਿਸ਼ਾਲ ਦੁਨੀਆਂ ਚੱਲ ਰਹੀ ਹੈ। ਉਹ ਜੱਟ-ਬੂਟ ਵਾਲੀ ਤਸਵੀਰ ਟੁੱਟ ਚੁੱਕੀ ਹੈ। ਬੰਦੇ ਨੇ ਖੁਦ ਨੂੰ 'ਆਧੁਨਿਕ' ਬਣਾ ਲਿਆ ਹੈ। ਵਿਚਾਰਧਾਰਕ ਆਧੁਨਿਕਕਤਾ ਨਾ ਸਹੀ, ਪਰ ਅਸੀਂ ਪਹਿਰਾਵੇ ਅਤੇ ਬਾਹਰੀ ਜਿਊਣ ਢੰਗ ਨੂੰ ਬੇਹੱਦ ਆਧੁਨਿਕ ਕਰ ਲਿਆ ਹੈ। ਵੇਲਾ ਕਦੇ ਰੁੱਕਦਾ ਨਹੀਂ ਹੈ। ਯਕੀਨਣ ਅਜੇ ਇਸ ਤੋਂ ਅੱਗੇ ਦਾ ਵੀ ਬਹੁਤ ਕੁਝ ਹੋਏਗਾ। ਇਹ ਨਿਸ਼ਚਿਤ ਹੈ। ਦੁਨੀਆ ਹਮੇਸ਼ਾਂ ਬਦਲੀ ਹੈ। ਇਹਨਾਂ ਵੇਲਿਆਂ ਵਿਚ ਸਾਹ ਲੈ ਰਹੇ ਲੋਕ ਇਸ ਨੂੰ ਹੋਰ ਬਦਲਿਆ ਦੇਖਣਗੇ।

## ਸਮੇਂ ਦੇ ਪਰਾਂ 'ਤੇ/ਸਿਮਰਨ ਧਾਲੀਵਾਲ

ਕਿਹਾ ਜਾਂਦਾ ਹੈ ਕਿ ਦੁਨੀਆ ਦੋ ਸੌ ਸਾਲਾਂ ਵਿੱਚ ਉਸ ਕਦਰ ਨਹੀਂ ਸੀ ਬਦਲੀ, ਜਿੰਨਾਂ ਬਦਲਾਵ ਪਿਛਲੇ ਤਿੰਨ ਸਾਢੇ ਤਿੰਨ ਦਹਾਕਿਆਂ ਵਿੱਚ

ਵਾਪਰਿਆ ਹੈ। ਇਹ ਬਦਲਾਵ ਹਰ ਪੱਖ ਤੋਂ ਵਾਪਰਿਆ ਹੈ। ਹਰ ਚੀਜ਼ ਬਦਲੀ ਹੈ। ਹਰ ਅਹਿਸਾਸ ਬਦਲਿਆ ਹੈ। ਸਾਡੇ ਜਿਊਣ, ਸੋਚਣ ਦਾ ਢੰਗ ਵੀ ਬਦਲਿਆ ਹੈ। ਬੰਦੇ ਦੇ ਸੁਪਨੇ ਤੱਕ ਬਦਲ ਗਏ ਹਨ। ਇਹ ਬਦਲਾਵ ਕਿੰਨਾ ਚੰਗਾ ਹੈ ਕਿੰਨਾ ਮਾੜਾ ਇਹ ਗੱਲ ਅਲੱਗ ਹੈ।

ਮੇਰੀ ਉਮਰ ਬਹੁਤੀ ਨਹੀਂ ਪਰ ਮੈਂ ਉਸ ਸਮੇਂ ਵਿੱਚ ਜਨਮਿਆਂ ਜਦੋਂ ਅਜੇ ਇਹ ਬਦਲਾਵ ਨਹੀਂ ਸੀ ਵਾਪਰਿਆਂ। ਜਦੋਂ ਅਜੇ ਉਹ ਸਾਰਾ ਕੁਝ ਥੋੜਾ ਬਹੁਤ ਬਚਿਆ ਸੀ ਜਿਸ ਨੂੰ ਸਿਆਣੇ ਬੰਦੇ 'ਭਲੇ ਵੇਲੇ' ਕਹਿ ਕੇ ਯਾਦ ਕਰਦੇ ਨੇ। ਕਿੰਨਾ ਕੁਝ ਮੈਨੂੰ ਉਹ ਦੇਖਣ, ਮਾਨਣ ਦਾ ਮੌਕਾ ਮਿਲਿਆ ਜਿਸ ਨੂੰ ਮੇਰੇ ਤੋਂ ਬਾਅਦ ਦੀ ਉਮਰ ਵਾਲੇ ਨਹੀਂ ਦੇਖ-ਮਾਣ ਸਕੇ। ਬਿਲਕੁਲ ਨਵੀਂ ਪੀੜ੍ਹੀ ਤਾਂ ਹੁਣ ਉਸ ਯੁੱਗ ਵਿੱਚ ਜੀ ਰਹੀ ਹੈ, ਜੋ ਯੁੱਗ ਜ਼ਿੰਦਗੀ ਤੇ ਜ਼ਿੰਦਗੀ ਨਾਲ ਜੁੜੇ ਹਰ ਵਰਤਾਰੇ ਦੀ ਇੱਕ ਵੱਖਰੀ ਪਰਿਭਾਸ਼ਾ ਰੱਖਦਾ ਹੈ। ਉਹ ਯੁੱਗ ਜੋ ਵਿਸ਼ਵੀਕਰਨ ਦਾ ਯੁੱਗ ਹੈ। ਜਿੱਥੇ ਸਭ ਪਿੰਡਾਂ ਦਾ ਇੱਕ ਪਿੰਡ ਬਣ ਰਿਹਾ ਹੈ। ...ਤੇ ਇਹਨਾਂ ਵੇਲਿਆਂ ਦਾ ਇੱਕ ਸੱਚ ਇਹ ਵੀ ਹੈ ਕਿ ਹੁਣ ਪਿੰਡ ਵੀ ਪੂਰੀ ਤਰ੍ਹਾਂ ਬਦਲ ਗਏ ਹਨ।

ਦੂਰ ਪਿਛੇ ਵੱਲ ਨੂੰ ਦੇਖਦਿਆਂ ਮੈਨੂੰ ਮੇਰਾ ਬਚਪਨ ਦਿੱਸਦਾ ਹੈ। ਉਹ ਬਚਪਨ ਜੋ ਬੜਾ ਸਿੱਧਾ ਤੇ ਸਰਲ ਜਿਹਾ ਸੀ। ਜਿਸ ਉਤੇ ਨਾ ਤਾਂ ਕਿਤਾਬਾਂ ਤੇ ਭਾਰੇ ਬਸਤਿਆਂ ਦਾ ਭਾਰ ਸੀ, ਨਾ ਹੀ ਫਾਈਵ ਸਟਾਰ ਸਕੂਲਾਂ ਦੇ ਪਰੋਸੇ ਸੌ ਤਰ੍ਹਾਂ ਦੇ ਫਿਕਰਾਂ ਦਾ ਭਾਰ। ਫਿਕਰ..ਦੂਜੇ ਤੋਂ ਅੱਗੇ ਨਿਕਲਣ ਦੇ। ਫਿਕਰ ਪੁਆਇੰਟਾਂ 'ਚ ਘੱਟਦੇ ਵੱਧਦੇ ਨੰਬਰਾਂ ਦੇ। ਮਾਪਿਆਂ ਦੇ ਸਿਰਾਂ ਤੇ ਲੱਟਕਦੀਆਂ ਤਲਵਾਰਾਂ। ...ਤੇ ਮੈਂ ਜਦ ਪੜ੍ਹਦਾ ਸੀ, ਮੇਰੇ ਮਾਪਿਆਂ ਨੂੰ ਨਹੀਂ ਸੀ ਪਤਾ ਕਿ ਇਹ ਕੀ ਪੜ੍ਹਦਾ ਹੈ। ਸਾਰਾ ਕੁਝ ਬਸ ਰਾਮ ਭਰੋਸੇ ਸੀ। ਹੁਣ ਬੱਚਿਆਂ ਦੀ ਫ਼ੀਸ ਦੇ ਕੇ ਮਾਪੇ ਨਾਲ ਮੁਫ਼ਤ ਵਿੱਚ ਪੜ੍ਹਦੇ ਹਨ। ਸਮਾਰਟ ਸਕੂਲਾਂ ਦੀ ਗੱਲ ਉਦੋਂ ਨਹੀਂ ਸੀ ਤੁਰੀ। ਮਾੜੇ ਮੋਟੇ ਪ੍ਰਾਈਵੇਟ ਸਕੂਲ ਸਨ। ਖਾਸ ਕਰ ਪਿੰਡਾਂ ਵਾਲੇ ਇਸ ਨਵੇਂ ਸਕੂਲ਼ ਕਲਚਰ ਤੋਂ ਅਣਜਾਣ ਸਨ। ਅੱਜ ਇਸਦੇ ਉਲਟ ਹੈ। ਹੁਣ ਹਰੇਕ ਪਿੰਡ ਵਿੱਚ ਸਵੇਰ ਸਾਰ, ਦਸ ਸਕੂਲਾਂ ਦੀਆਂ ਗੱਡੀਆਂ ਦੂਰੋਂ ਨੇੜਿਓ ਬੱਚੇ ਲੈਣ ਆਉਂਦੀਆਂ ਨੇ। ਮੇਰੇ ਆਪਣੇ ਪੱਛੜੇ ਹੋਏ ਇਲਾਕੇ ਵਿੱਚ ਹੁਣ ਇਹੋ ਜਿਹੇ 'ਕਾਨਵੈਂਟ' ਸਕੂਲ ਖੁਲ੍ਹ ਗਏ ਹਨ ਜਿੱਥੇ ਦਾਖਲੇ ਲਈ ਮਾਪੇ ਮੂੰਹ ਹਨੇਰੇ ਚਾਰ ਵਜੇ ਲਾਈਨ ਲਗਾ ਲੈਂਦੇ ਹਨ। ਸਾਡੇ ਕੋਲ ਪਿੱਠੂ ਗਰਮ, ਬਾਂਦਰ ਕਿੱਲਾ, ਲੱਕੜ ਲੋਹਾ, ਛੂਹਣ ਛਪਾਈ ਵਰਗੀਆਂ ਬੇਸ਼ੁਮਾਰ ਖੇਡਾਂ ਸਨ। ਸਾਈਕਲ ਦਾ ਟਾਟਿਰ ਡੰਡੇ ਨਾਲ ਭਜਾਉਣਾ, ਨਾਲ ਆਪ ਭੱਜਣਾ। ਪਰ ਉਸ ਬਚਪਨ ਦੀ ਮਾਸੂਮੀਅਤ ਦਾ ਆਲਮ ਇਹ ਸੀ ਕਿ ਤੇਜ਼ ਹੋਰ ਤੇਜ਼ ਰਿੜਦਾ ਜਾਂਦਾ ਟਾਇਰ ਹੋਰ ਊਰਜਾ ਤਾਂ ਦਿੰਦਾ, ਪਰ ਕਦੀ ਇਹ ਸਮਝ ਨਹੀਂ ਸੀ ਆਈ ਕਿ ਇਸ ਦੀ ਗਤੀ ਤਾਂ ਰੇੜਣ ਵਾਲੇ ਦੀਆਂ ਲੱਤਾਂ ਦੇ ਜ਼ੋਰ 'ਤੇ ਨਿਰਭਰ ਕਰਦੀ ਹੈ। ਉਦੋਂ ਤਾਂ ਬਸ ਰਿੜਦਾ ਹੋਇਆ ਟਾਇਰ ਨਜ਼ਰੀਂ ਪੈਂਦਾ ਸੀ। ਆਪਣੀਆਂ ਲੱਤਾਂ ਦਾ ਲੱਗਦਾ ਜ਼ੋਰ ਅਸੀਂ ਕਦੇ ਚਿਤਾਰਿਆ ਹੀ ਨਹੀਂ ਸੀ। ਹੁਣ ਇਹ ਖੇਡਾਂ ਸਿਰਫ ਯਾਦ ਕੀਤੀਆਂ ਜਾਂਦੀਆਂ ਨੇ। ਬੱਚੇ ਘਰਾਂ ਤੋਂ ਬਾਹਰ ਜਾ ਕੇ ਬਹੁਤਾ ਖੇਡਦੇ ਨਹੀਂ। ਉਹਨਾਂ ਦਾ ਵਕਤ ਅੱਜ ਦੇ ਨਵੇਂ ਪੜ੍ਹਨ ਕਲਚਰ ਨੇ ਖਾ ਲਿਆ ਹੈ। ਜੋ ਖੇਡਦੇ ਹਨ, ਉਹਨਾਂ ਕੋਲ ਬੱਸ ਇੱਕ ਹੀ ਖੇਡ ਬਚੀ ਹੈ ਉਹ ਹੈ ਕ੍ਰਿਕੇਟ।



ਛੋਟੇ ਹੁੰਦਿਆਂ ਖਰਚਣ ਨੂੰ ਕਦੇ ਬਹੁਤੇ ਪੈਸੇ ਨਹੀਂ ਸੀ ਮਿਲਦੇ। ਰੁਪਈਆ ਬੜੀ ਵੱਡੀ ਸ਼ੈਅ ਹੁੰਦਾ ਸੀ ਉਦੋਂ। ਬਾਲ ਮਨ ਨੂੰ ਇੱਕ ਰੁਪਈਏ ਨਾਲ ਤਸੱਲੀ ਮਿਲ ਜਾਂਦੀ ਸੀ। ਖਾਣ-ਖਰਚਣ ਨੂੰ ਹੁੰਦਾ ਵੀ ਕੀ ਸੀ ਉਦੋਂ? ਮੈਨੂੰ ਯਾਦ ਹੈ, ਸਾਡੇ ਪਿੰਡ ਪ੍ਰਾਇਮਰੀ ਸਕੂਲ ਦੇ ਨੇੜੇ ਪ੍ਰਕਾਸ਼ ਸ਼ਾਹ ਦੀ ਹੱਟੀ ਸੀ। ਹੱਟੀਆਂ ਤਾਂ ਹੋਰ ਵੀ ਬਹੁਤ ਸਨ ਪਰ ਇਸ ਹੱਟੀ ਤੋਂ ਸਾਰਾ ਕੁਝ ਮਿਲ ਜਾਂਦਾ। ਮੈਂ ਸ਼ਾਹ ਕੋਲੋਂ ਵੇਸਣ ਲੈ ਕੇ ਖਾਂਦਾ। ਵੇਸਣ ਜਿਸਨੂੰ ਬਹੁਤੇ ਲੋਕ ਵੇਸਣ ਬਰਫੀ ਦੀ ਵੀ ਆਖ ਲੈਂਦੇ ਹਨ। ਮੈਨੂੰ ਉਹਦਾ ਐਸਾ ਸਵਾਦ ਪਿਆ ਸੀ ਕਿ ਮੈਂ ਬਸ ਖਾਂਦਾ ਹੀ ਉਹੀ। ਬਰਗਰ , ਪੈਟੀ, ਪੀਜ਼ਾ ਵਰਗੇ ਸ਼ਬਦ ਤਾਂ ਬਹੁਤ ਵੱਡੇ ਹੋ ਕੇ ਸੁਣੇ। ...ਤੇ ਪਹਿਲੀ ਵਾਰ ਮੈਂ ਬਰਗਰ ਸ਼ਾਇਦ 2002-03 ਵਿਚ ਖਾਧਾ ਸੀ। ਉਹ ਵੀ ਸ਼ਾਇਦ ਇਸ ਲਈ ਖਾ ਸਕਿਆ ਸਾਂ ਕਿ ਮੇਰਾ ਇੱਕ ਸ਼ੌਕੀਨ ਜਿਹਾ ਬੇਲੀ ਸ਼ਹਿਰ ਆਇਆ ਆਪਣੇ ਮੁਲਾਜ਼ਮ ਬਾਪ ਨਾਲ ਇਹ ਸਭ ਚੀਜ਼ਾਂ ਖਾਂਦਾ ਸੀ। ਪਿੰਡ ਜਾ ਕੇ ਸਾਨੂੰ ਦੱਸਦਾ ਤੇ ਇੱਕ ਵਾਰ ਕਿਸੇ ਸਬੱਬ ਨਾਲ ਅਸੀਂ ਸ਼ਹਿਰ ਆਏ ਤੇ ਉਸਦੀ ਦੱਸੀ ਉਸ ਦੁਕਾਨ ਤੋਂ ਬਰਗਰ ਖਾਧਾ। ਪਿੰਡਾਂ ਦੇ ਜਵਾਕਾਂ ਨੂੰ ਕਿੱਥੇ ਪਤਾ ਹੁੰਦਾ ਸੀ ਇਹਨਾਂ ਚੀਜ਼ਾਂ ਦਾ। ਪੱਟੀ ਸਾਡੇ ਪਿੰਡ ਤੋਂ ਨੇੜਲਾ ਸ਼ਹਿਰ ਹੈ। ਬਹੁਤ ਨੇੜਲਾ। ਪਰ ਉਥੇ ਆਉਣਾ ਵੀ ਤਾਂ ਉਦੋਂ ਮਹਾਂਨਗਰ ਜਿਹਾ ਅਹਿਸਾਸ ਸੀ। ਹੁਣ ਬਰਗਰ, ਟਿੱਕੀਆਂ , ਗੋਲਗੱਪੇ ਪਿੰਡਾਂ ਤੀਕ ਪਹੁੰਚ ਗਏ ਹਨ। ਬੱਚਿਆਂ ਦੇ ਸ਼ਬਦ ਕੋਸ਼ ਦਾ ਹਿੱਸਾ ਬਣ ਬਣ ਗਏ ਹਨ।

ਪਿੰਡਾਂ ਦੇ ਸ਼ਬਦ ਕੋਸ਼ ਵਿਚੋਂ ਮੈਂ ਇੱਕ ਸ਼ਬਦ ਅਲੋਪ ਹੋ ਗਿਆ ਪ੍ਰਤੀਤ ਕੀਤਾ ਹੈ। ਉਹ ਸ਼ਬਦ ਹੈ ਯੱਗ। ਮੈਨੂੰ ਯਾਦ ਹੈ ਉਸ ਵੇਲੇ ਸੜਕਾਂ ਦਾ ਜਾਲ ਅੱਜ ਵਾਂਗ ਨਹੀਂ ਸੀ ਵਿਛਿਆ। ਰਾਹ ਕੱਚੇ ਸਨ। ਬੋਰ ਬਹੁਤੇ ਨਹੀਂ ਸੀ ਹੁੰਦੇ। ਸਾਡੀ ਆਪਣੀ ਜ਼ਮੀਨ ਵਿਚੋਂ ਕੁਝ ਟੋਟਾ ਇਹੋ ਜਿਹਾ ਸੀ ਜਿਸਨੂੰ ਬਰਾਨੀ ਆਖਦੇ ਸਨ। ਬਰਾਨੀ ਜੋ ਮੀਂਹ ਆਸਰੇ ਸੀ। ਉਦੋਂ ਨਹਿਰੀ ਪਾਣੀ ਦੀ ਉਡੀਕ ਰਹਿੰਦੀ। ਖਾਲ਼ ਵੱਗਦੇ। ਘਰਾਂ ਵਿਚ ਬਸ ਨਲਕੇ ਹੁੰਦੇ ਸਨ। ਮੱਛੀ ਮੋਟਰ ਵਰਗੀ ਗੱਲ ਤਾਂ ਬਹੁਤ ਬਾਅਦ ਵਿੱਚ ਆਈ। ਖੇਤਾਂ ਵਿੱਚ ਟੋਏ ਵਾਲੀਆਂ ਮੋਟਰਾਂ ਹੁੰਦੀਆਂ। ਲੋਕ ਰੱਬ ਕੋਲੋਂ ਮੀਂਹ ਮੰਗਦੇ ਤੇ ਇਸ ਲਈ ਯੱਗ ਕੀਤਾ ਜਾਂਦਾ। ਮੈਨੂੰ ਅੱਜ ਵੀ ਸਾਡੇ ਪਿੰਡ ਰੱਥਾਂ ਦੇ ਖੂਹ 'ਤੇ ਲੱਗਦਾ ਯੱਗ ਯਾਦ ਆਉਂਦਾ ਹੈ। ਬੋਹੜ ਦੀ ਸੰਘਣੀ ਛਾਂਵੇ ਪੰਗਤਾਂ ਲੱਗਦੀਆਂ। ਫੁਲਕਿਆਂ ਉਤੇ ਦਾਲ ਪਵਾ ਕੇ ਸੰਗਤ ਪ੍ਰਸ਼ਾਦਾ ਛਕਦੀ। ਚੌਲਾਂ ਦੀ ਦੇਗ ਲੱਥਦੀ। ਰੱਬ ਰੀਝਦਾ। ਮੀਂਹ ਪੈਂਦਾ। ਤਪਦੀਆਂ ਧੁੱਪਾਂ। ਵੱਗਦੀਆਂ ਲੋਆਂ ਤੋਂ ਲੋਕਾਂ ਨੂੰ ਰਾਹਤ ਮਿਲਦੀ। ਫਸਲਾਂ ਦੀ ਪਿਆਸ ਬੁਝਦੀ। ਹੁਣ ਮੀਂਹ ਤਾਂ ਚਾਹੀਦਾ ਹੈ ਪਰ ਫਸਲਾਂ ਪਾਲਣ ਲਈ ਵੱਡੀਆਂ-ਵੱਡੀਆਂ ਮੋਟਰਾਂ ਨੇ। ਸ਼ਾਇਦ ਇਸੇ ਲਈ ਯੱਗ ਨਹੀਂ ਕੀਤੇ ਜਾਂਦੇ। ਯੱਗ ਸ਼ਬਦ ਥਾਂਏ ਬਸ ਲੰਗਰ ਸ਼ਬਦ ਅੱਜ ਕੱਲ ਪ੍ਰਚਲਿਤ ਹੈ। ...ਤੇ ਲੰਗਰ ਵੀ ਬਾਬੇ ਨਾਨਕ ਵਾਲਾ ਦਾਲ ਫੁੱਲਕੇ ਦਾ ਨਹੀਂ। ਲੰਗਰ ਦਾ ਵੀ ਰੂਪ ਰੰਗ ਬਦਲ ਗਿਆ ਹੈ। ਵੀਹ ਤਰ੍ਹਾਂ ਦੇ ਪਦਾਰਥ ਪੱਕਣ ਲੱਗੇ ਹਨ ਲੰਗਰ ਵਿੱਚ। ਪਿਛੇ ਬਾਬੇ ਨਾਨਕ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਲੱਗੇ ਲੰਗਰਾਂ ਵਿੱਚ ਤਾਂ ਸੁਣਿਆ ਹੈ, ਬਰਗਰ-ਪੀਜ਼ੇ , ਕੋਲਡ ਡਰਿੰਕ ਤੇ ਪਤਾ ਨਹੀਂ ਕੀ-ਕੀ ਵਰਤਾਇਆ ਗਿਆ ਹੈ।

ਪਿੰਡਾਂ ਵਿੱਚ ਬਿਜਲੀ ਨਹੀਂ ਸੀ ਆਉਂਦੀ। ਬੈਟਰੀਆਂ-ਇਨਵਰਟਰ ਤਾਂ ਬਹੁਤ ਬਾਅਦ ਦੀਆਂ ਗੱਲਾਂ। ਅੱਜ ਸੋਚ ਕੇ ਵੀ ਸਮਝ ਨਹੀਂ ਆਉਂਦਾ ਕਿ ਉਦੋਂ ਨੀਂਦ ਕਿਵੇਂ ਆਉਂਦੀ ਸੀ ਰਾਤ ਨੂੰ। ਫਰਿੱਜ ਨਹੀਂ ਸੀ ਹੁੰਦੇ। ਠੰਡੇ ਪਾਣੀ ਬਿਨ ਕਿਵੇਂ ਸਰਦਾ ਸੀ। ਦੁੱਧ

ਸਬਜ਼ੀਆਂ ਉਦੋਂ ਵੀ ਤਾਂ ਸੰਭਾਲਦੇ ਸੀ ਲੋਕ। ਪਿੰਡਾਂ ਵਿੱਚ ਹੱਟੀਆਂ ਉਤੇ ਬਰਫ ਵਿਕਦੀ। ਸ਼ਹਿਰ ਗਿਆ ਬੰਦਾ ਕੋਲਡ ਡਰਿੰਕ ਦੇਖਦਾ/ਪੀਂਦਾ। ਜਿਸਨੂੰ ਪਿੰਡਾਂ ਵਿਚ ਬੱਤਾ ਵੀ ਆਖਦੇ। ਪੇਂਡੂ ਬੰਦਿਆਂ ਲਈ ਇਹ ਕੋਈ ਅਲੋਕਾਰੀ ਗੱਲ ਸੀ। ਹੁਣ ਇਹ ਆਲੋਕਾਰੀ ਗੱਲ ਆਲੋਕਾਰੀ ਨਹੀਂ ਰਹੀ। ਵਿਰਲੇ ਘਰਾਂ ਕੋਲ ਫਰਿੱਜ ਹੁੰਦੀ। ਐਨਟੀਨੇ ਵਾਲੇ ਟੀ.ਵੀ ਹੁੰਦੇ। ਬਲੈਕ ਐਂਡ ਵਾਈਟ। ਰੰਗਦਾਰ ਟੀ.ਵੀਆਂ ਦਾ ਹੜ੍ਹ ਵੀ ਉਦੋਂ ਕੁ ਅਜੇ ਨਹੀਂ ਸੀ ਆਇਆ। ਇੱਕ ਹੀ ਚੈਨਲ ਚੱਲਦਾ ਸੀ ਉਦੋਂ। ਡੀ.ਡੀ ਨੈਸ਼ਨਲ। ਬਾਰਡਰ ਨੇੜੇ ਹੋਣ ਕਰਕੇ ਪਾਕਿਸਤਾਨ ਦਾ ਪੀ.ਟੀ.ਵੀ ਆਉਂਦਾ। ਫਿਰ ਅਚਾਨਕ ਡਿੱਸ਼ ਆਏ ਹਰ ਘਰ ਦੀ ਛੱਤ ਤੇ ਲੱਗ ਗਏ। ਪੱਖੇ, ਕੂਲਰ ਏ.ਸੀ., ਫਰਿੱਜ ਹਰ ਘਰ ਦੀ ਜ਼ਰੂਰਤ ਬਣੇ, ਹਰ ਘਰ ਵਿੱਚ ਆ ਗਏ। ਸਾਧਨਾਂ ਦੀ ਬਹੁਤਾਤ ਨੇ ਜ਼ਿੰਦਗੀ ਦਾ ਰੰਗ-ਢੰਗ ਵੀ ਬਦਲਿਆ। ਲੋਕ ਛੱਤਾਂ 'ਤੇ ਸੌਂਦੇ ਸਨ। ਵਿਹੜੇ ਵਿਚ ਫਰਾਟੇ ਲੱਗਦੇ ਸਨ। ਮੰਜਿਆਂ ਦੀ ਲਾਈਨ ਲੱਗੀ ਹੁੰਦੀ। ਸਿਆਲਾਂ ਵਿਚ ਇੱਕ ਕਮਰੇ ਵਿਚ ਸਾਰੇ ਜੀਅ ਪੈਂਦੇ। ਬਹੁਤੇ ਕਮਰੇ ਕਿੱਥੇ ਹੁੰਦੇ ਸੀ ਉਦੋਂ? ਉਦੋਂ ਨਾ ਨਿੱਜਤਾ ਵਰਗੀ ਕੋਈ ਗੱਲ ਸੀ। ਨਾ ਕਿਸੇ ਨੂੰ ਨਿੱਜੀ ਕਮਰਾ, ਨਿੱਜੀ ਬਾਥਰੂਮ ਚਾਹੀਦਾ ਸੀ। ਅੱਜ ਅਸੀਂ ਆਪਣਾ ਬੈਡਰੂਮ ਕਿਸੇ ਨਾਲ ਸਾਂਝਾ ਨਹੀਂ ਕਰਨਾ ਚਾਹੁੰਦੇ ਦੂਜੇ ਨਾਲ। ਬਾਥਰੂਮ ਤਾਂ ਬਿਲਕੁਲ ਨਹੀਂ। ਸ਼ਾਇਦ ਤਾਂ ਹੀ ਅੱਜ ਕੋਈ ਕਿਸੇ ਵੱਲ ਰਾਤ ਨਹੀਂ ਕੱਟਦਾ। ਕੋਈ ਨ੍ਹੀਂ ਚਾਹੁੰਦਾ ਕਿ ਕੋਈ ਸਾਡੇ ਵੱਲ ਰਾਤ ਕੱਟੇ। ਬੰਦਾ ਇਕੱਲਾ ਹੋ ਰਿਹਾ ਹੈ। ਇਸ ਵਿੱਚ ਮੋਬਾਇਲ ਦਾ ਵੱਡਾ ਯੋਗਦਾਨ ਹੈ। 2011-12 ਤੋਂ ਲੈ ਕੇ ਮੋਬਾਇਲ ਦੀ ਦੁਨੀਆ ਵਿੱਚ ਇਕਦਮ ਇੱਕ ਭੂਚਾਲ ਜਿਹਾ ਆਇਆ। ਮੋਬਾਇਲ ਸਸਤੇ ਹੋਏ। ਨੈਟ ਸਸਤਾ ਹੋਇਆ। ਮੁੱਫਤ ਹੋਇਆ। ਘਰ ਦੇ ਹਰ ਜੀਅ ਨੇ ਮੋਬਾਇਲ ਲਿਆ। ...ਤੇ ਬਸ ਵਸਾ ਲਈ ਆਪਣੀ ਦੁਨੀਆ। ਫੇਸਬੁੱਕ ਫਰੈਂਡ ਵਰਗੇ ਨਵੇਂ ਸ਼ਬਦ ਆਏ। ਦੋਸਤਾਂ ਦੀ ਗਿਣਤੀ ਹੁਣ ਇਹਨਾਂ ਸ਼ੋਸ਼ਲ ਸਾਈਟਸ ਦੇ ਅਧਾਰ 'ਤੇ ਹੋ ਰਹੀ ਹੈ। ਚੈਟ ਕਲਚਰ ਆਇਆ। ਅਨਜਾਣ ਆਪਣੇ ਬਨਣ ਲੱਗੇ। ਇਸ ਮੋਬਾਇਲ ਕ੍ਰਾਂਤੀ ਨੇ ਰਿਸ਼ਤਿਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਦੋ-ਦੋ ਸਾਲ ਦੇ ਬੱਚੇ ਮੋਬਾਇਲ ਵੱਲ ਖਿੱਚੇ ਜਾਂਦੇ ਹਨ। ਉਹ ਜਾਣਦੇ ਨੇ ਕਿ ਕਿਵੇਂ ਸਕਰੀਨ ਉਪਰ ਉਂਗਲਾਂ ਮਾਰਿਆਂ ਮੋਬਾਇਲ ਕੰਮ ਕਰਦਾ ਹੈ। ਹੁਣ ਕੋਈ ਛੱਤ ਜਾਂ ਵਿਹੜੇ ਵਿੱਚ ਪੈ ਕੇ ਤਾਰੇ ਨਹੀਂ ਗਿਣਦਾ। ਮੈਂ ਖ਼ੁਦ ਇਹ ਸਤਰਾਂ ਲਿਖਦਿਆਂ ਸੋਚ ਰਿਹਾ, ਕਿੰਨੀ ਦੇਰ ਹੋ ਗਈ। ਰਾਤ ਨੂੰ ਤਾਰਿਆਂ ਨਾਲ ਭਰਿਆ ਅਕਾਸ਼ ਤਾਂ ਮੈਂ ਵੀ ਨਹੀਂ ਦੇਖਿਆ।

ਬੰਦੇ ਦੀ ਜ਼ਿੰਦਗੀ ਹੁਣ ਬਹੁਤੀ ਸਰਲ ਨਹੀਂ ਰਹੀ। ਮੈਨੂੰ ਯਾਦ ਹੈ ਸਾਡਾ ਪਿੰਡ ਲਿੰਕ ਰੋਡ 'ਤੇ ਹੋਣ ਕਰਕੇ ਡੇਢ ਕਿਲੋਮੀਟਰ ਦਾ ਸਫ਼ਰ ਪੈਦਲ ਤੈਅ ਕਰਕੇ ਫਿਰ ਕੋਈ ਬੱਸ-ਗੱਡੀ ਮਿਲਦੀ। ਛੋਟੇ ਹੁੰਦਿਆਂ ਆਪਣੀ ਮਾਂ ਨਾਲ ਜਦੋਂ ਕਿਤੇ ਸਾਕ-ਸਕੀਰੀ ਵਿੱਚ ਜਾਣਾ ਤਾਂ ਬੱਸ ਤੋਂ ਉਤਰ ਕੇ ਪੈਦਲ ਪਿੰਡ ਨੂੰ ਆਉਣਾ। ਪੈਂਡਾ ਕਦੀ ਮਹਿਸੂਸ ਨਹੀਂ ਸੀ ਹੋਇਆ। ਬੀ.ਏ. ਤੇ ਫਿਰ ਐਮ.ਏ. ਕਰਨ ਵੇਲੇ ਪੰਜ ਸਾਲ ਮੈਂ ਬੱਸ ਅੱਡੇ ਤੀਕ ਤੁਰਕੇ ਆਉਂਦਾ ਤੇ ਜਾਂਦਾ ਸੀ। ਹੁਣ ਕਿਸੇ ਨੂੰ ਸ਼ਾਇਦ ਤੁਰਨ ਦੀ ਜ਼ਰੂਰਤ ਵੀ ਨਹੀਂ ਰਹੀ। ਮੋਟਰ ਸਾਈਕਲ, ਕਾਰਾਂ, ਸਕੂਟਰ ਹੀ ਇੰਨੇ ਜ਼ਿਆਦਾ ਹੋ ਗਏ ਹਨ ਕਿ ਹਰੇਕ ਘਰ ਵਿੱਚ ਚਾਰ-ਚਾਰ ਸੰਦ ਖੜੇ ਹਨ। ਬੰਦੇ ਨੇ ਕਿਤੇ ਨਹੀਂ ਪਹੁੰਚਣਾ, ਪਰ ਫੇਰ ਵੀ ਕਿਤੇ ਇੱਕ ਕਾਹਲ ਮੱਚੀ ਹੋਈ ਹੈ। ਇਹ ਕਾਹਲ ਮਾਨਸਿਕ ਹੈ। ਸਾਡੇ ਅੰਦਰ ਬਿਨਾਂ ਕਾਰਨ ਦੀ ਇੱਕ ਅੱਚਵੀ ਹੈ। ਆਧੁਨਿਕ ਮਨੁੱਖ ਕੋਲ ਸਕੂਨ ਨਹੀਂ ਰਿਹਾ। ਇਸੇ ਲਈ ਹੁਣ ਸਕੂਨ ਭਾਲਣ ਖਾਤਰ ਉਹ ਸੌ ਤਰ੍ਹਾਂ ਦੇ ਪਾਪੜ ਵੇਲਦਾ ਹੈ। ਇਸੇ ਲਈ



ਡਿਪਰੈਸ਼ਨ ਲਫ਼ਜ਼ ਸਾਡੀ ਜ਼ਿੰਦਗੀ ਦਾ ਜਿਵੇਂ ਹਿੱਸਾ ਬਣ ਗਿਆ ਹੈ। ਸਮਾਜਕ, ਧਾਰਮਿਕ, ਰਾਜਸੀ ਹਾਲਾਤ ਬਦਲੇ ਹਨ। ਵਿੱਦਿਆ ਦੇ ਅਰਥ ਬਦਲ ਚੁੱਕੇ ਹਨ। ਸਿੱਖਿਆ ਦਾ ਅਰਥ ਜੀਵਨ ਜਾਚ ਸਿਖਾਉਣ ਤੱਕ ਸੀਮਤ ਨਾ ਹੋ ਕੇ ਸਾਨੂੰ ਮੰਡੀ ਦੇ ਹਾਣੀ ਬਣਾਉਣਾ ਹੋ ਗਿਆ ਹੈ। ਸ਼ਾਇਦ ਤਾਂਹੀ ਤਾਂ ਇਸ ਨਵੇਂ ਯੁੱਗ ਵਿੱਚ 'ਆਰਟ ਆੱਫ਼ ਲਿਵਿੰਗ' ਦੀਆਂ ਵੀ ਕਾਲਸਾਂ ਲੱਗਣ ਲੱਗੀਆਂ ਹਨ। ਕੀ ਜਿਊਣਾ ਸਿੱਖਣ ਲਈ ਵੀ ਕਿਤੇ ਕਲਾਸਾਂ ਲਗਾਉਣ ਦੀ ਜ਼ਰੂਰਤ ਪੈਂਦੀ ਹੈ? ਹਾਂ ਇਹ ਨਵੇਂ ਯੁੱਗ ਦੇ ਨਵੇਂ ਵਰਤਾਰੇ ਹਨ। ਸਾਡੇ ਜਨਮ, ਮਰਨ ਵਿਆਹ ਦੇ ਸੰਸਕਾਰ ਬਦਲ ਗਏ ਹਨ। ਵਿਆਹ ਖਰਚੀਲੇ ਹੋ ਗਏ ਹਨ। ਸੁਹਾਗ -ਘੋੜੀਆਂ ਦੀ ਲੈਅ ਡੀ.ਜੇ ਦੇ ਰੌਲੇ ਵਿੱਚ ਗੁਆਚ ਗਈ ਹੈ। ਮੈਂ ਪਿੰਡ ਵਿੱਚ ਵਿਆਹਾਂ ਮੌਕੇ ਗਾਉਣ ਬੈਠਦੇ ਦੇਖੇ ਹਨ। ਹਫਤਾ-ਹਫਤਾ। ਮਾਈਆਂ-ਬੀਬੀਆਂ ਕਣਕ/ਆਟੇ ਦੀ ਥਾਲੀ ਭਰ ਕੇ ਲਿਆਉਂਦੀਆਂ। ਵੇਲ ਪਾਉਣ ਲਈ। ਲੋਕ ਗੀਤ, ਸੁਹਾਗ-ਘੋੜੀਆਂ ਗਾਏ ਜਾਂਦੇ। ਬੋਲੀਆਂ ਪੈਂਦੀਆਂ। ਗਿੱਧਾ ਪੈਂਦਾ। ਮੁੜਦੀਆਂ ਔਰਤਾਂ ਨੂੰ ਥਾਲੀ ਵਿੱਚ ਗੁੜ ਜਾਂ ਪਤਾਸੇ ਰੱਖ ਕੇ ਦਿੱਤੇ ਜਾਂਦੇ। ਇਸ ਰੀਤ ਨੇ ਹੁਣ ਰੂਪ ਵਟਾ ਕੇ ਲੇਡੀ ਸੰਗੀਤ ਦੀ ਸ਼ਕਲ ਧਾਰ ਲਈ ਹੈ। ਵਿਆਹ ਘਰਾਂ ਵਿੱਚੋਂ ਪੈਲੇਸਾਂ ਵਿੱਚ ਆ ਗਏ ਹਨ। ਤੀਆਂ ਪਿੰਡਾਂ ਦੀ ਸ਼ਾਨ ਸਨ। ਛੋਟੇ ਹੁੰਦਿਆਂ ਮੈਂ ਪਿੰਡ ਦੇ ਸਕੂਲ ਵਿੱਚ ਲੱਗਦੀਆਂ ਭਰਵੀਆਂ ਤੀਆਂ ਦੇਖੀਆਂ ਹਨ। ਜਦ ਕਿ ਹੁਣ ਪਿੰਡਾਂ ਵਿੱਚ ਵੀ ਤੀਆਂ ਦਾ ਰਿਵਾਜ ਨਹੀਂ ਰਿਹਾ। ਮੇਲਿਆਂ, ਮੱਸਿਆ, ਛਿੰਝਾਂ ਦੇ ਚਾਅ ਪਹਿਲਾਂ ਜਿਹੇ ਨਹੀਂ ਰਹੇ। ਮੈਨੂੰ ਇਉਂ ਵੀ ਲੱਗਦਾ, ਇਹਨਾਂ ਸਮਿਆਂ ਵਿੱਚ ਸਾਡੇ ਅੰਦਰੋਂ ਸਭ ਚੀਜ਼ਾਂ ਦਾ ਚਾਅ, ਉਹਨਾਂ ਦੀ ਖਿੱਚ ਮਰ ਗਈ ਹੈ। ਸਾਧਨਾਂ ਦੀ ਬਹੁਤਾਤ ਹੀ ਇੰਨੀ ਜ਼ਿਆਦਾ ਹੈ। ਸਭ ਕੁਝ ਸੌਖਿਆਂ ਪ੍ਰਾਪਤ ਹੋਣ ਲੱਗਿਆ ਹੈ। ਇੱਕ ਇੱਕ ਬੱਚਾ ਪੈਦਾ ਕੀਤਾ ਜਾਂਦਾ ਹੈ ਤੇ ਉਸ ਨੂੰ ਹਰ ਸ਼ੈਅ ਮਹੁੱਈਆਂ ਕਰਵਾਈ ਜਾਂਦੀ ਹੈ। ਪਹਿਲਾਂ ਵੱਡੇ ਟੱਬਰ ਸਨ। ਹੋਰ ਤਾਂ ਹੋਰ ਰੋਟੀ ਸਬਜ਼ੀ ਤੋਂ ਹੀ ਘਰਾਂ ਵਿੱਚ ਕਿਚ-ਕਿਚ ਛਿੜੀ ਰਹਿੰਦੀ ਸੀ। ਹੁਣ ਦੁਨੀਆ ਕੋਲ ਵਿਹਲ ਨਹੀਂ ਹੈ। ਉਸ ਤੋਂ ਵੀ ਵੱਧ ਮਾਨਸਿਕ ਵਿਹਲ ਨਹੀਂ ਹੈ। ਕੋਈ ਕਿਸੇ ਸਾਕ-ਸਕੀਰੀ ਵਿੱਚ ਰਾਤ ਨਹੀਂ ਕੱਟਦਾ। ਇੱਕ ਪਾਸੇ ਮੋਬਾਇਲ, ਇਟਰਨੈੱਟ ਨੇ ਸੰਚਾਰ ਦੀ ਗਤੀ ਤੇਜ਼ ਕੀਤੀ ਹੈ। ਵੀਡੀਓ ਕਾੱਲ ਵਿੱਚ ਤੁਸੀਂ ਦੂਰ ਬੈਠੇ ਇਨਸਾਨ ਵੀ ਕੋਲ ਦੇਖ, ਮਹਿਸੂਸ ਕਰ ਪਾਉਂਦੇ ਹੋ ਦੂਜੇ ਪਾਸੇ ਰਿਸ਼ਤਾ ਵਿੱਚ ਇੱਕ ਖਲਾਅ ਵੀ ਪੈਦਾ ਹੋਇਆ ਹੈ।

ਨਵੀਂ ਪੀੜ੍ਹੀ ਕੋਲੇ ਪਰਵਾਸ ਦੇ ਸੁਪਨੇ ਹਨ। ਬੇਸ਼ੱਕ ਪਰਵਾਸ ਪੰਜਾਬੀਆਂ ਲਈ ਨਵੀਂ ਚੀਜ਼ ਨਹੀਂ ਹੈ। ਪਰ ਅੱਜ ਇਹ ਸ਼ਾਇਦ ਮਜ਼ਬੂਰੀ ਦੀ ਸ਼ਕਲ ਵੀ ਅਖਤਿਆਰ ਕਰ ਚੁੱਕਿਆ ਹੈ। ਪੰਜਾਬ ਦੇ ਕੀ ਸਗੋਂ ਪੂਰੇ ਭਾਰਤ ਦੇ ਹੀ ਜੋ ਹਾਲਾਤ ਹਨ, ਉਸ ਵਿੱਚ ਨਵੀਂ ਪੀੜ੍ਹੀ ਕੋਲੇ ਰੁਜ਼ਗਾਰ ਨਹੀਂ ਬਚਿਆ। ਪੜ੍ਹੇ ਲਿਖੇ ਮੁੰਡੇ ਕੁੜੀਆਂ ਨਿਗੂਣੀਆਂ ਜਿਹੀਆਂ ਤਨਖਾਹਾਂ ਲੈ ਰਹੇ ਹਨ। ਇਸ ਲਈ ਰੁਜ਼ਗਾਰ ਦੇ ਮੌਕੇ ਲੱਭਣ, ਵਧੀਆਂ ਜ਼ਿੰਗਦੀ ਦੀ ਕਾਮਨਾ ਲੈ ਕੇ ਹੁਣ ਹਰ ਨੌਜਵਾਨ ਵਿਦੇਸ਼ ਤੁਰਿਆ ਜਾ ਰਿਹਾ ਹੈ। ਆਈਲੈਟਸ ਸੈਂਟਰ ਹਰ ਗਲੀ, ਹਰ ਨੁੱਕਰੇ 'ਤੇ ਖੁਲ੍ਹ ਚੁੱਕੇ ਹਨ। ਕਦੇ ਦੁਆਬੇ ਨੂੰ ਪਰਦੇਸੀਆਂ ਦੀ ਧਰਤੀ ਵਜੋਂ ਜਾਣਿਆਂ ਜਾਂਦਾ ਸੀ ਹੁਣ ਇਹ, ਪੂਰੇ ਪੰਜਾਬ ਦੀ ਤਸਵੀਰ ਹੈ। ਘਰ ਖਾਲੀ ਪਏ ਹਨ ਜਾਂ ਫਿਰ ਬੁੱਢੇ ਮਾਪੇ ਘਰਾਂ ਵਿੱਚ ਬੈਠੇ ਬਨੇਰਿਆਂ ਵੱਲ ਝਾਕ ਰਹੇ ਹਨ। ਜਿੰਨਾਂ ਦੇ ਮਾਪੇ ਬੱਚਿਆਂ ਪਿੱਛੇ ਵਿਦੇਸ਼ਾਂ ਵਿੱਚ ਪਹੁੰਚ ਗਏ ਹਨ ਉਹਨਾਂ ਘਰਾਂ ਦੀ ਰਾਖੀ ਕਾਮਿਆਂ ਸਿਰ 'ਤੇ।

**ਬਾਕੀ ਪੰਨਾ ਨੰ. 106 'ਤੇ**

## ਅਰਥ ਗੁਆ ਚੁੱਕੇ ਬੋਲ.../ਬਲਦੇਵ ਗਰੇਵਾਲ

ਉਸ ਗੋਰੀ ਕੁੜੀ ਨੂੰ ਦੇਖ ਕੇ ਮੈਂ ਅਜੀਬ ਤਰ੍ਹਾਂ ਦੇ ਖ਼ਿਆਲਾਂ ਵਿਚ ਡੁੱਬ ਜਾਂਦਾ ਸਾਂ। ਉਹ ਸੋਹਣੀ ਸੀ। ਜਵਾਨ ਸੀ। ਸਾਰਾ ਦਿਨ ਹੱਸਦੀ ਰਹਿੰਦੀ ਸੀ।

ਮੈਂ ਇੰਡੀਆ ਤੋਂ ਪਰਤਿਆ ਸਾਂ ਤਾਂ ਦੇਖਿਆ, ਮੇਰੇ ਨਾਲ ਕੰਮ ਕਰਨ ਵਾਲੀ ਔਰਤ ਨੂੰ ਬਦਲ ਕੇ, ਇਸ ਕੁੜੀ ਨੂੰ ਕੰਮ 'ਤੇ ਰੱਖ ਲਿਆ ਗਿਆ ਸੀ।

ਉਸ ਦੇ ਆਉਣ ਨਾਲ ਸਟੋਰ ਦੀ ਸੇਲ ਵੱਧ ਗਈ ਸੀ। ਇਕ ਤਾਂ ਉਹ ਉਸੇ ਨੇਬਰਹੁੱਡ ਦੀ ਸੀ। ਦੂਜਾ ਉਹ ਹਰ ਵੇਲੇ ਹੱਸਦੀ ਰਹਿੰਦੀ ਸੀ। ਗਾਹਕ ਉਸ ਨੂੰ ਬਹੁਤ ਪਸੰਦ ਕਰਦੇ ਸਨ। ਇਸ ਲਈ ਮਾਲਕ ਵੀ ਉਸ ਨੂੰ ਚੰਗਾ ਸਮਝਦੇ ਸਨ।

ਮੈਨੂੰ ਇੰਡੀਆ ਅਚਾਨਕ ਜਾਣਾ ਪਿਆ ਸੀ। ਮੇਰੀ ਪਤਨੀ ਨੇ ਲਿਖਿਆ ਸੀ ਕਿ ਮੇਰੀ ਬੇਟੀ ਆਪਣੇ ਨਾਲ ਪੜ੍ਹਦੇ ਕਿਸੇ ਮੁੰਡੇ ਦੇ ਚੱਕਰ ਵਿਚ ਪੈ ਗਈ ਹੈ। ਉਸ ਨਾਲ ਸ਼ਾਦੀ ਕਰਨਾ ਚਾਹੁੰਦੀ ਹੈ। ਉਹ ਮੁੰਡਾ ਨੀਵੀਂ ਜ਼ਾਤ ਦਾ ਹੈ।

ਇਹ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਸੀ। ਜਿਸ ਔਲਾਦ ਦੀ ਖ਼ਾਤਰ ਮੈਂ ਪਰਦੇਸ ਵਿਚ ਧੱਕੇ ਖਾ ਰਿਹਾਂ, ਜੇ ਉਹ ਹੀ ਗ਼ਲਤ ਹੋ ਗਈ ਤਾਂ ਫਿਰ ਕੀ ਪੱਲੇ ਰਹਿ ਜਾਵੇਗਾ।

ਮੈਂ ਦਿਨਾਂ ਵਿਚ ਹੀ ਤਿਆਰੀ ਕਰ ਕੇ ਇੰਡੀਆ ਚਲਾ ਗਿਆ ਸੀ। ਠੀਕ ਰਿਸ਼ਤਾ ਲੱਭ ਕੇ ਉਸ ਦੀ ਸ਼ਾਦੀ ਕਰ ਦਿੱਤੀ ਸੀ। ਮੇਰੀ ਬੇਟੀ ਆਪਣੀ ਮਾਂ ਕੋਲ ਰੋਈ ਸੀ। ਕੁਰਲਾਈ ਸੀ। ਪਰ ਮੇਰੇ ਸਾਹਮਣੇ ਕੁਸਕ ਨਹੀਂ ਸੀ ਸਕੀ। ਉਸ ਨੇ ਮੇਰੀ ਇੱਜ਼ਤ ਰੱਖ ਲਈ ਸੀ ਤੇ ਚੁੱਪ ਚਾਪ ਵਿਆਹ ਕਰਵਾ ਕੇ ਚਲੇ ਗਈ ਸੀ।

ਮੈਂ ਖ਼ੁਸ਼ ਸਾਂ। ਮੇਰੀ ਧੀ ਮੇਰੇ ਤੋਂ ਬਾਹਰ ਨਹੀਂ ਸੀ ਗਈ। ਮੈਂ ਆਪਣੀ ਹਿੰਮਤ ਤੋਂ ਵੀ ਵੱਧ ਉਸ ਦੀ ਸ਼ਾਦੀ ਕੀਤੀ ਸੀ। ਦਾਜ ਨਾਲ ਉਸ ਦੇ ਸਹੁਰਿਆਂ ਦਾ ਘਰ ਭਰ ਦਿੱਤਾ ਸੀ। ਗਹਿਣਿਆਂ ਨਾਲ ਆਪਣੀ ਧੀ ਨੂੰ ਲੱਦ ਦਿੱਤਾ ਸੀ।

ਮੇਰੀ ਧੀ ਨੇ ਜੇ ਮੇਰੀ ਗੱਲ ਨਹੀਂ ਸੀ ਮੋੜੀ, ਤਾਂ ਮੇਰਾ ਵੀ ਤਾਂ ਫ਼ਰਜ਼ ਬਣਦਾ ਸੀ, ਉਸ ਲਈ ਇਹ ਸਭ ਕਰਦਾ। ਮੇਰੀ ਪਤਨੀ ਤਾਂ ਆਖਦੀ ਸੀ, ਅਮਰੀਕਾ ਤੋਂ ਆਏ, ਸਭ ਆਪਣੀਆਂ ਧੀਆਂ ਨੂੰ ਦਾਜ ਵਿਚ ਕਾਰਾਂ ਲੈ ਕੇ ਦਿੰਦੇ ਹਨ, ਪਰ ਮੈਂ ਦਾਜ ਵਿਚ ਮੋਟਰ ਸਾਈਕਲ ਹੀ ਲੈ ਕੇ ਦੇ ਸਕਿਆ ਸਾਂ।

ਸੋਚਿਆ ਸੀ, ਪਰਮਾਤਮਾ ਨੇ ਸੁੱਖ ਰੱਖੀ ਤਾਂ ਕਾਰ ਵੀ ਲੈ ਦਿਆਂਗਾ ਇਕ ਦਿਨ। ਧੀ ਦੀ ਡੋਲ੍ਹੀ ਤੋਰ ਕੇ ਮੈਂ ਮਾਣ ਜਿਹਾ ਮਹਿਸੂਸ ਕੀਤਾ ਸੀ। ਮੇਰੀ ਧੀ ਨੇ ਸੱਚਮੁੱਚ ਮੇਰੀ ਧੀ ਬਣ ਦਿਖਾਇਆ ਸੀ। ਮੈਂ ਜੋ ਉਸ ਲਈ ਕੀਤਾ ਸੀ, ਉਸ ਨੇ ਚੁੱਪ ਚਾਪ ਪ੍ਰਵਾਨ ਕਰ ਲਿਆ ਸੀ।

ਬਾਰਾਤ ਆਈ ਸੀ ਤਾਂ ਮੇਰੀ ਪਤਨੀ ਨੇ ਹੌਲੀ ਜਿਹੀ ਮੈਨੂੰ ਕਿਹਾ ਸੀ-ਜੀ! ਮੁੰਡੇ ਦਾ ਰੰਗ ਸਾਂਵਲਾ।

ਮੈਂ ਕਿਹਾ ਸੀ- ਕਮਲੀਏ, ਕੋਈ ਪੁੱਤਰਾਂ ਦੇ ਰੰਗ ਵੀ ਨਿਰਖਦੈ।



ਸਭ ਠੀਕ ਠਾਕ ਹੋ ਗਿਆ ਸੀ। ਖੱਟ ਦੇਖਣ ਆਏ ਮੇਰੇ ਕੁੜਮ ਨੇ, ਮੋਟਰ ਸਾਈਕਲ ਵੱਲ ਦੇਖ ਕੇ, ਆਪਣੇ ਪੁੱਤਰ ਵੱਲ ਦੇਖਿਆ ਸੀ।

ਇਕ ਪਲ ਲਈ ਮੈਨੂੰ ਲੱਗਿਆ ਸੀ, ਮੇਰੇ ਕੁੜਮ ਨੂੰ ਬਹੁਤੀ ਖ਼ੁਸ਼ੀ ਨਹੀਂ ਹੋਈ। ਉਸੇ ਵੇਲੇ ਮੈਂ ਆਪਣੇ ਜਵਾਈ ਦੇ ਮੋਢੇ 'ਤੇ ਹੱਥ ਰੱਖ ਦਿੱਤਾ ਸੀ। ਸ਼ਾਇਦ ਮੈਂ ਅਚੇਤ ਹੀ ਅਜਿਹਾ ਕਰ ਕੇ ਉਸ ਨੂੰ ਭਰੋਸਾ ਦੇ ਦਿੱਤਾ ਸੀ ਕਿ ਮੈਂ ਉਸ ਦੀ ਹਰ ਮੰਗ ਪੂਰੀ ਕਰਾਂਗਾ।

ਬਾਰਾਤ ਰਾਜ਼ੀ ਖ਼ੁਸ਼ੀ ਪਰਤ ਗਈ ਸੀ। ਧੀ ਨੂੰ ਤੋਰ ਕੇ ਵਿਹੜਾ ਸੁੰਨਾ ਸੁੰਨਾ ਲੱਗਿਆ ਸੀ। ਅੱਖਾਂ ਵਿਚ ਅੱਥਰੂ ਵੀ ਆਏ ਸਨ। ਪਰ ਮੈਂ ਇਹਨਾਂ ਨੂੰ ਖ਼ੁਸ਼ੀ ਦੇ ਅਥਰੂ ਸਮਝਿਆ ਸੀ।

... ਤੇ ਮੈਂ ਖ਼ੁਸ਼ੀ ਖ਼ੁਸ਼ੀ ਅਮਰੀਕਾ ਪਰਤ ਆਇਆ ਸੀ।

ਵਾਪਸ ਆ ਕੇ ਕੰਮ 'ਤੇ ਇਸ ਕੁੜੀ ਨੂੰ ਦੇਖਦਾ ਸਾਂ ਤਾਂ ਅਜੀਬ ਕਿਸਮ ਦੀਆਂ ਸੋਚਾਂ ਵਿਚ ਡੁੱਬ ਜਾਂਦਾ ਸਾਂ। ਉਹ ਮੇਰੀ ਧੀ ਨਾਲੋਂ ਕੁਝ ਹੀ ਵੱਡੀ ਸੀ, ਇਸ ਲਈ ਜਦ ਵੀ ਉਸ ਨੂੰ ਦੇਖਦਾ ਸਾਂ ਤਾਂ ਆਪਣੀ ਧੀ ਯਾਦ ਆ ਜਾਂਦੀ ਸੀ। ਪਰ ਨਾਲ ਹੀ ਸੋਚਦਾ ਸਾਂ, ਕਿੱਥੇ ਮੇਰੀ ਧੀ ਤੇ ਕਿੱਥੇ ਇਹ ਕੁੜੀ...। ਇਸ ਕੁੜੀ ਲਈ ਤਾਂ ਧੀ ਸ਼ਬਦ ਵਰਤਣਾ ਵੀ ਸ਼ਬਦ ਦੀ ਹੇਠੀ ਕਰਨ ਦੇ ਤੁੱਲ ਹੈ।

ਜਿਉਂ ਜਿਉਂ ਮੈਨੂੰ ਇਸ ਕੁੜੀ ਬਾਰੇ ਪਤਾ ਲੱਗਦਾ ਜਾਂਦਾ ਸੀ, ਮੈਨੂੰ ਉਹ ਚੰਗੀ ਲੱਗਣੋਂ ਹਟਦੀ ਜਾਂਦੀ ਸੀ। ਨੌਕਰੀ ਦੀ ਮਜਬੂਰੀ ਸੀ, ਉਸ ਨਾਲ ਗੱਲਬਾਤ ਕਰਨੀ ਪੈਂਦੀ ਸੀ। ਮਾਲਕ ਮੇਰੇ 'ਤੇ ਇਤਬਾਰ ਕਰਦੇ ਸਨ, ਇਸ ਲਈ ਪੂਰਾ ਸਟੋਰ ਮੇਰੇ ਹੀ ਹਵਾਲੇ ਸੀ।

ਕਿਉਂਕਿ ਉਹ ਇਸੇ ਗਵਾਂਢ ਦੀ ਸੀ, ਇਸ ਲਈ ਕਿਸੇ ਵਾਕਿਫ਼ ਨੂੰ ਸੌਦਾ ਰਿਆਇਤ ਨਾ ਦੇ ਦੇਵੇ ਜਾਂ ਕੋਈ ਚੀਜ਼ ਮੁਫ਼ਤ ਨਾ ਦੇ ਦੇਵੇ, ਮੈਨੂੰ ਉਸ ਉਪਰ ਵੀ ਨਜ਼ਰ ਰੱਖਣੀ ਪੈਂਦੀ ਸੀ। ਇਸ ਲਈ ਜਦ ਵੀ ਮੈਂ ਦੂਸਰੇ ਕੰਮਾਂ ਤੋਂ ਵਿਹਲਾ ਹੁੰਦਾ ਸਾਂ, ਉਸ ਨਾਲ ਕਾਊਂਟਰ 'ਤੇ ਆ ਖੜ੍ਹਦਾ ਸਾਂ। ਮਾੜੀ ਮੋਟੀ ਗੱਲਬਾਤ ਵੀ ਹੁੰਦੀ ਰਹਿੰਦੀ ਸੀ।

ਉਹ ਕੰਮ 'ਤੇ ਆਪਣੇ ਨਾਲ ਆਪਣਾ ਤਿੰਨਾਂ ਸਾਲਾਂ ਦਾ ਪੁੱਤਰ ਵੀ ਲੈ ਕੇ ਆਉਂਦੀ ਸੀ। ਉਸ ਨੇ ਮਾਲਕਾਂ ਨੂੰ ਦੱਸਿਆ ਸੀ ਕਿ ਉਹ ਬੇਬੀ ਸਿਟਰ ਅਫ਼ੋਰਡ ਨਹੀਂ ਕਰ ਸਕਦੀ, ਇਸ ਲਈ ਬੱਚਾ ਨਾਲ ਲਿਆਉਣਾ ਉਸ ਦੀ ਮਜਬੂਰੀ ਹੈ। ਮਾਲਕਾਂ ਨੇ ਉਸ ਦੀ ਇਹ ਗੱਲ ਮੰਨ ਲਈ ਸੀ।

ਸ਼ੁਰੂ ਸ਼ੁਰੂ ਵਿਚ ਜਦੋਂ ਸਾਡੇ ਮਾਲਕਾਂ ਨੇ ਇਹ ਸਟੋਰ ਖ਼ਰੀਦਿਆ ਸੀ ਤਾਂ ਲੋਕਾਂ ਵਿਚ ਬੇਗਾਨਗੀ ਜਿਹੀ ਦੀ ਭਾਵਨਾ ਜਾਗੀ ਸੀ। ਨਿੱਕਾ ਜਿਹਾ ਸ਼ਹਿਰ ਸੀ। ਹਰ ਕੋਈ ਹਰ ਇਕ ਨੂੰ ਜਾਣਦਾ ਸੀ। ਪੰਜਾਬੀਆਂ ਨੇ ਇਸ ਏਰੀਏ ਵਿਚ ਇਹ ਪਹਿਲਾ ਸਟੋਰ ਖ਼ਰੀਦਿਆ ਸੀ। ਸਥਾਨਕ ਲੋਕਾਂ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗੀ। ਹੁਣ ਇਸ ਕੁੜੀ ਅਤੇ ਉਸ ਦੇ ਪੁੱਤਰ ਦੀ ਮੌਜੂਦਗੀ ਨੇ ਲੋਕਾਂ ਚੋਂ ਬੇਗਾਨਗੀ ਦੀ ਭਾਵਨਾ ਕਾਫ਼ੀ ਹੱਦ ਤੱਕ ਮਿਟਾ ਦਿੱਤੀ ਸੀ।

ਕੁਝ ਦਿਨਾਂ ਬਾਅਦ ਹੀ ਮੈਂ ਮਹਿਸੂਸ ਕਰਨ ਲੱਗ ਪਿਆ, ਉਹ ਕੁੜੀ ਕਾਫ਼ੀ ਇਮਾਨਦਾਰ ਸੀ। ਇਕ ਦਿਨ ਇਕ ਆਦਮੀ ਸਟੋਰ 'ਤੇ ਆਇਆ। ਉਸਨੇ ਕਾਫ਼ੀ ਸਾਮਾਨ ਖ਼ਰੀਦਿਆ। ਕੁੜੀ ਨੇ ਮੈਨੂੰ ਉਸ ਨਾਲ ਮਿਲਾਇਆ, ਉਹ ਉਸ ਦਾ ਬਾਪ ਸੀ। ਉਸ ਕੁੜੀ ਨੇ ਉਸ ਨੂੰ ਵੀ ਕੀਮਤਾਂ ਠੀਕ ਠੀਕ ਹੀ ਲਗਾਈਆਂ ਸਨ।

ਬਾਅਦ ਵਿਚ ਮੈਂ ਕਿਹਾ- ਕਿੰਮ, ਤੂੰ ਆਪਣੇ ਫ਼ਾਦਰ ਨੂੰ ਤਾਂ ਰਿਆਇਤ ਦੇ ਸਕਦੀ ਸੀ।

- ਕਿਉਂ? ਉਹ ਘਰ ਵਿਚ ਮੇਰਾ ਫ਼ਾਦਰ ਹੈ। ਇੱਥੇ ਉਹ ਕਸਟਮਰ ਦੇ ਤੌਰ 'ਤੇ ਆਇਆ ਸੀ।

ਰਿਸ਼ਤਿਆਂ ਦਾ ਇਹ ਕੋਰਾਪਨ ਮੈਨੂੰ ਚੰਗਾ ਚੰਗਾ ਨਾ ਲੱਗਾ। ਬਾਪ ਤਾਂ ਬਾਪ ਹੀ ਹੁੰਦੈ। ਘਰ ਵਿਚ ਵੀ ਤੇ ਬਾਹਰ ਵੀ। ਕੱਲ੍ਹ ਨੂੰ ਜੇ ਮੈਂ ਆਪਣੀ ਬੇਟੀ ਪਾਸ ਕਿਸੇ ਸਟੋਰ ਵਿਚ ਜਾਵਾਂ ਤਾਂ ਕੀ ਉਹ ਮੈਨੂੰ ਮਹਿਜ਼ ਗਾਹਕ ਹੀ ਸਮਝੇਗੀ?

ਕਿੰਮ ਦਾ ਪੁੱਤਰ, ਜੌਰਜੀ, ਸਟੋਰ ਵਿਚ ਮੇਰੇ ਮਗਰ ਤੁਰਿਆ ਫਿਰਦਾ ਰਹਿੰਦਾ। ਉਹ ਸੁਹਣਾ ਸੀ, ਸਾਫ਼ ਸੁਥਰਾ ਸੀ। ਗੁਲਾਬੀ ਰੰਗ ਦੀ ਭਾਅ ਮਾਰਦਾ ਖਿਡੌਣਾ ਜਿਹਾ ਜਾਪਦਾ ਸੀ। ਕਈ ਵਾਰ ਮੇਰਾ ਜੀਅ ਕਰਦਾ, ਮੈਂ ਉਸ ਨੂੰ ਕੁਛੜ ਚੁੱਕ ਲਵਾਂ, ਪਰ ਮੈਂ ਅਜਿਹਾ ਕਦੇ ਵੀ ਕਰ ਨਾ ਸਕਿਆ। ਉਂਞ ਮੈਂ ਉਸ ਨੂੰ ਕਦੇ ਕਿਸੇ ਗੱਲੋਂ ਝਿੜਕਿਆ ਨਹੀਂ ਸੀ।

ਕਿੰਮ ਨੇ ਅਜੇ ਸ਼ਾਦੀ ਨਹੀਂ ਸੀ ਕੀਤੀ। ਆਪਣੇ ਦੋਸਤ ਮੁੰਡੇ ਨਾਲ ਰਹਿੰਦੀ ਸੀ। ਉਹਨਾਂ ਦਾ ਤਿੰਨਾਂ ਸਾਲਾਂ ਦਾ ਇਹ ਪੁੱਤਰ ਸੀ ਤੇ ਹੁਣ ਫਿਰ ਕਿੰਮ ਗਰਭਵਤੀ ਸੀ।

ਮੇਰੇ ਲਈ ਇਹ ਸਭ ਹਜ਼ਮ ਕਰਨਾ ਕਠਿਨ ਸੀ। ਇਕ ਕੁੜੀ ਦਾ ਸ਼ਾਦੀ ਤੋਂ ਪਹਿਲਾਂ ਮਾਂ ਬਣਨਾ... ਆਪਣੇ ਦੋਸਤ ਨਾਲ ਸ਼ਰ੍ਹੇਆਮ ਰਹਿਣਾ...! ਕਿੰਨੀ ਬੇਅਣਖਿਆਂ ਦੀ ਕੌਮ ਹੈ ਇਹ! ਇਸ ਦਾ ਪਿਉ ਕਿਵੇਂ ਬਰਦਾਸ਼ਤ ਕਰ ਰਿਹਾ ਹੈ ਇਹ ਸਭ? ਮੇਰੀ ਧੀ ਅਜਿਹਾ ਕਰ ਕੇ ਦੇਖਦੀ ਤਾਂ...।

ਤੇ ਮੈਂ ਆਪਣੀ ਸਭਿਅਤਾ ਬਾਰੇ, ਆਪਣੇ ਰਿਸ਼ਤਿਆ ਬਾਰੇ ਮਾਣ ਨਾਲ ਭਰ ਜਾਂਦਾ।

ਇਕ ਦਿਨ ਮੈਂ ਕਿੰਮ ਨੂੰ ਪੁੱਛ ਲਿਆ –ਤੂੰ ਏਨੇ ਸਾਲਾਂ ਤੋਂ ਆਪਣੇ ਦੋਸਤ ਨਾਲ ਰਹਿ ਰਹੀ ਏਂ। ਉਸ ਦੇ ਬੱਚਿਆਂ ਦੀ ਮਾਂ ਵੀ ਬਣ ਗਈ ਏਂ। ਤੁਸੀਂ ਸ਼ਾਦੀ ਕਿਉਂ ਨਹੀਂ ਕੀਤੀ?

ਕਿੰਮ ਦਾ ਸਿੱਧਾ ਜਿਹਾ ਜਵਾਬ ਸੀ– ਮੈਂ ਆਪਣੀ ਸ਼ਾਦੀ ਪੂਰੀ ਸ਼ਾਨ ਨਾਲ ਕਰਨਾ ਚਾਹੁੰਦੀ ਹਾਂ। ਪਰ ਅਜੇ ਸਾਡੇ ਕੋਲ ਏਨੇ ਪੈਸੇ ਨਹੀਂ ਹਨ।

ਅਕਸਰ ਹੀ ਕਿੰਮ ਨਾਲ ਇਸ ਵਿਸ਼ੇ 'ਤੇ ਗੱਲ ਸ਼ੁਰੂ ਹੋ ਜਾਂਦੀ।

ਇਕ ਦਿਨ ਮੈਂ ਕਿਹਾ– ਕਿੰਮ, ਜੋ ਤੁਸੀਂ ਦੋਵੇਂ ਕਰ ਰਹੇ ਹੋ, ਉਹ ਹੀ ਤਾਂ ਸ਼ਾਦੀ ਹੈ। ਤੂੰ ਸ਼ਾਦੀ ਨੂੰ ਇਕ ਅਲੱਗ ਰਸਮ ਕਿਉਂ ਸਮਝਦੀ ਏ?

ਪਰ ਉਹ ਮੇਰੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਕਹਿਣ ਲੱਗੀ– ਨੋ ਸਿੰਘ, ਜੋ ਅਸੀਂ ਕਰ ਰਹੇ ਹਾਂ, ਉਹ ਪਿਆਰ ਹੈ। ਮੈਰਿਜ ਇਕ ਰਸਮ ਹੁੰਦੀ ਹੈ ਤੇ ਉਹ ਰਸਮ ਮੈਂ ਪੂਰੀ ਸ਼ਾਨ ਨਾਲ ਕਰਾਂਗੀ, ਜਦ ਸਾਡੇ ਕੋਲ ਬਹੁਤ ਸਾਰੇ ਪੈਸੇ ਹੋ ਜਾਣਗੇ।

ਕਿੰਮ ਦਾ ਦੋਸਤ ਮੁੰਡਾ ਅਜੇ ਯੂਨੀਵਰਸਿਟੀ ਵਿਚ ਪੜ੍ਹਾਈ ਕਰ ਰਿਹਾ ਸੀ। ਵੀਕ ਐਂਡ 'ਤੇ ਉਹ ਕੰਮ ਕਰਦਾ ਸੀ। ਕਿੰਮ ਵੀਕ ਐਂਡ 'ਤੇ ਕਾਲਜ ਜਾਂਦੀ ਸੀ।

– ਤੇਰਾ ਫ਼ਾਦਰ ਕਿਉਂ ਨਹੀਂ ਤੇਰੀ ਮੈਰਿਜ 'ਤੇ ਪੈਸਾ ਖ਼ਰਚਦਾ? ਮੈਂ ਕਿੰਮ ਨੂੰ ਕਿਹਾ।

– ਕਿਉਂ? ਉਹ ਆਪਣਾ ਪੈਸਾ ਮੇਰੀ ਮੈਰਿਜ 'ਤੇ ਕਿਉਂ ਖ਼ਰਚੇ? ਕਿੰਮ ਨੇ ਹੱਸ ਕੇ ਕਿਹਾ।

ਮੈਂ ਦਿਲ ਵਿਚ ਹੀ ਕਿਹਾ, ਇਹ ਕਾਹਦੇ ਰਿਸ਼ਤੇ ਨੇ? ਪਿਉ ਨੇ ਜੇ ਆਪਣੀ ਧੀ ਦੀ ਸ਼ਾਦੀ 'ਤੇ ਖ਼ਰਚ ਨਹੀਂ ਕਰਨਾ ਤਾਂ ਉਸ ਨੇ ਆਪਣੀ ਕਮਾਈ ਨੂੰ ਕੀ ਫੂਕਣਾ ਹੈ? ਫਿਰ ਜਦ ਵੀ ਕਦੀ ਉਸ ਦਾ ਬਾਪ ਸਟੋਰ 'ਤੇ ਆਉਂਦਾ, ਮੈਂ ਉਸ ਵੱਲ ਘੱਟ ਵੱਧ ਹੀ ਦੇਖਦਾ ਸਾਂ। ਸੋਚਦਾ ਸਾਂ, ਇਹ ਕਿਹੋ ਜਿਹਾ ਬੇਅਣਖਾ ਬਾਪ ਹੈ, ਜਿਸ ਦੀ ਬਿਨ ਵਿਆਹੀ ਧੀ ਇਕ ਬੱਚਾ ਜਣ ਚੁੱਕੀ ਹੈ ਤੇ ਦੂਜਾ ਜਣਨ ਲਈ ਤਿਆਰ ਹੈ ਅਤੇ ਇਹ ਹਿੱੜ ਹਿੱੜ ਕਰਦਾ ਫਿਰਦਾ ਹੈ।



ਅਜਿਹੇ ਮੌਕਿਆਂ 'ਤੇ ਮੈਨੂੰ ਅਕਸਰ ਹੀ ਆਪਣੀ ਧੀ ਦੀ ਯਾਦ ਆ ਜਾਂਦੀ। ਮੈਂ ਮਾਣ ਜਿਹਾ ਮਹਿਸੂਸ ਕਰਦਾ, ਮੈਂ ਆਪਣੀ ਧੀ ਦੀ ਸ਼ਾਦੀ ਆਪਣੇ ਹੱਥੀਂ ਕਰ ਸਕਿਆ ਸਾਂ। ਉਸ ਨੇ ਮੇਰੀ ਗੱਲ ਨਹੀਂ ਸੀ ਮੋੜੀ। ਮੈਂ ਦਾਜ ਨਾਲ ਉਸ ਦਾ ਘਰ ਭਰ ਦਿੱਤਾ ਸੀ।

ਇਕ ਦਿਨ ਕਿੰਮ ਕੁਝ ਜ਼ਿਆਦਾ ਹੀ ਖ਼ੁਸ਼ ਸੀ। ਮੈਨੂੰ ਕਹਿਣ ਲੱਗੀ –ਮਿਸਟਰ ਸਿੰਘ, ਤੂੰ ਮੇਰੀ ਮੈਰਿਜ 'ਤੇ ਆਵੇਂਗਾ?

ਮੈਂ ਫਿਰ ਉਹੀ ਪੁਰਾਣੀ ਗੱਲ ਦੁਹਰਾਈ – ਕਿੰਮ ਮੈਰਿਜ ਤਾਂ ਤੇਰੀ ਹੋ ਚੁੱਕੀ ਹੈ।

– ਕਦੋਂ ਸਿੰਘ। ਮੈਰਿਜ ਤਾਂ ਅਜੇ ਮੈਂ ਕਰਨੀ ਹੈ।

– ਕਿੰਮ, ਸ਼ਾਦੀ ਕੋਈ ਰਸਮ ਨਹੀਂ, ਦੋ ਰੂਹਾਂ ਦਾ ਮਿਲਾਪ ਹੈ।

ਅਚਾਨਕ ਆਪਣੇ ਮੂੰਹੋਂ ਨਿਕਲਦੇ ਇਹ ਸ਼ਬਦ ਮੈਨੂੰ ਪਰਾਏ ਜਾਪਣ ਲੱਗ ਪਏ। ਜਿਵੇਂ ਇਹਨਾਂ ਉਪਰ ਮੇਰਾ ਕੋਈ ਅਧਿਕਾਰ ਹੀ ਨਾ ਹੋਵੇ...।


ਮੇਰੇ ਸਾਹਮਣੇ ਮੇਰੀ ਪਤਨੀ ਦੀ ਚਿੱਠੀ ਦੇ ਬੋਲ ਉਭਰ ਆਏ...। ਸਾਡੀ ਬੇਟੀ ਕਿਸੇ ਨਾਲ ਪੜ੍ਹਦੇ ਮੁੰਡੇ ਨੂੰ ਪਿਆਰ ਕਰਨ ਲੱਗ ਪਈ ਹੈ।

ਮੈਨੂੰ ਆਪਣੀ ਧੀ ਦਾ, ਬਾਰਾਤ ਤੁਰਨ ਵੇਲੇ, ਧਾਅ ਕੇ ਆਪਣੇ ਨਾਲ ਚੰਬੜਨਾ ਯਾਦ ਆਇਆ। ਜਿਵੇਂ ਉਹ ਕੋਈ ਤਰਲਾ ਕਰ ਰਹੀ ਹੋਵੇ..।

... ਮੁੰਡੇ ਦਾ ਰੰਗ ਤਾਂ ਸਾਂਵਲਾ। ਮੇਰੀ ਪਤਨੀ ਦੇ ਬੋਲ ਉਭਰੇ।

ਅਚਾਨਕ ਮੈਨੂੰ ਲੱਗਾ, ਮੇਰੇ ਮੂੰਹੋਂ ਨਿਕਲੇ ਬੋਲ ਜਿਵੇਂ ਆਪਣੇ ਅਰਥ ਗੁਆ ਚੁੱਕੇ ਹੋਣ...।

ਕਿੰਮ ਆਖ ਰਹੀ ਸੀ– ਮਿਸਟਰ ਸਿੰਘ, ਮੈਂ ਤੇਰੇ ਨਾਲ ਸਹਿਮਤ ਹਾਂ। ਆਤਮਾਵਾਂ ਤਾਂ ਸਾਡੀਆਂ ਮਿਲ ਚੁੱਕੀਆਂ ਹਨ, ਪਰ ਸ਼ਾਦੀ ਦੀ ਰਸਮ ਅਸੀਂ ਅਜੇ ਕਰਨੀ ਹੈ।




**ਇੱਕ ਵਿਲੱਖਣ**
**ਕਹਾਣੀ-ਸੰਗ੍ਰਹਿ**
**ਪੰਨੇ-280**
**ਮੁੱਲ-300 ਰੁਪਏ**
**ਪ੍ਰਕਾਸ਼ਨ : ਸਿੰਘ ਬ੍ਰਦਰਜ਼,**
**ਅੰਮ੍ਰਿਤਸਰ**

## ਲਹੂ ਬਾਹਰੇ ਰਿਸ਼ਤੇ/ਮੇਜਰ ਮਾਂਗਟ

ਮੇਰੇ ਮਨ ਨੇ ਕਈ ਗੱਲਾਂ ਨੂੰ ਚਿਤਾਰਿਆ। ਮੈਂ ਬੈਂਚ ਤੇ ਬੈਠਾ ਸੋਚੀਂ ਪੈ ਗਿਆ। ਟੋਰਾਂਟੋ ਤੋਂ ਤੁਰਨ ਵੇਲੇ ਦੇ ਦ੍ਰਿਸ਼ ਕੁੜੱਤਣ ਨਾਲ ਭਰ ਗਏ।

ਮੈਂ ਹੰਗਾਮੀਂ ਹਾਲਤ ਵਿੱਚ ਭਾਰਤ ਨੂੰ ਚੱਲਿਆ ਸੀ। ਬਹੁਤੀਆਂ ਉਡਾਣਾ ਵਿੱਚ ਮੇਰੇ ਲਈ ਸੀਟ ਨਹੀਂ ਸੀ। ਮੇਰਾ ਖੜੇ ਪੈਰ ਜਾਣਾ ਜਰੂਰੀ ਸੀ ਤੇ ਮੈਂ ਸਟੈਂਡ ਬਾਈ ਜਾਣ ਦਾ ਫੈਸਲਾ ਕੀਤਾ।

ਰਾਜਿਸਟਰਡ ਸੂਚੀ ਵਿੱਚ ਮੇਰਾ ਨਾਂ ਸਭ ਤੋਂ ਉੱਪਰ ਸੀ। ਪਰੰਤੂ ਜੈੱਟ ਏਅਰਵੇਜ਼ ਵਾਲੇ ਮਿਸ਼ਰਾ ਨੇ ਮੈਨੂੰ ਨੇੜੇ ਨਹੀਂ ਸੀ ਫਟਕਣ ਦਿੱਤਾ। ਮੈਨੂੰ ਲੱਗਿਆ ਜਿਵੇਂ ਉਸ ਨੇ ਜਾਣ ਬੁੱਝ ਕੇ ਮੈਨੂੰ ਚੋਟੀ ਤੋਂ ਧੱਕਾ ਦੇ ਕੇ ਹੇਠਾਂ ਸੁੱਟ ਦਿੱਤਾ ਹੋਵੇ। ਉਸ ਤੋਂ ਬਾਅਦ ਜੋ ਡਰਾਮਾ ਹੋਇਆ ਉਸ ਦਾ ਮੰਚਨ ਅਜੇ ਵੀ ਮੇਰੇ ਜ਼ਿਹਨ ਵਿੱਚ ਹੋ ਰਿਹਾ ਸੀ।

ਸੋਚ ਦੀ ਲੜੀ ਫੇਰ ਜੁੜ ਗਈ।

"ਸਰ ਤੁਹਾਡਾ ਹੈੱਡ ਆਫਿਸ ਤਾਂ ਕਹਿੰਦਾ ਹੈ ਕਿ ਬਾਰਾਂ ਸੀਟਾਂ ਖਾਲੀ ਨੇ ਤੇ ਮੇਰਾ ਨੰਬਰ ਪਹਿਲਾ ਆ, ਤੁਸੀਂ ਕਹਿੰਦੇ ਹੋ ਕਿ ਕੋਈ ਸੀਟ ਨਹੀਂ?" ਮੈਂ ਮਿਸ਼ਰਾ ਨੂੰ ਪੁੱਛਿਆ। ਉਹ ਤਲਖੀ ਵਿੱਚ ਆ ਗਿਆ,

"ਇੰਚਾਰਜ ਮੈਂ ਆਂ ਕਿ ਤੂੰ? ਜਦ ਮੈਂ ਕਹਿਤਾ ਕਿ ਨਹੀਂ ਹੈ ਇਹਦਾ ਮਤਲਬ ਨਹੀਂ ਹੈ। ਜੇ ਬਹੁਤਾ ਰੌਲ਼ਾ ਪਾਇਆ ਤਾਂ ਸਕਿਊਰਟੀ ਕਾਲ ਕਰ ਦੇਵਾਂਗਾਂ, ਫੇਰ ਠੀਕ ਰਹੇਂਗਾ?" ਉਹ ਅਹੁਦੇ ਦੇ ਗਰੂਰ ਵਿੱਚ ਫੁੰਕਾਰਿਆ।

"ਸਰ ਮੈਂ ਤਾਂ ਤੁਹਾਨੂੰ ਸਰਸਰੀ ਪੁੱਛ ਰਿਹਾ ਹਾਂ, ਇਸ ਵਿੱਚ ਗੁੱਸੇ ਹੋਣ ਵਾਲੀ ਕੀ ਗੱਲ ਆ?"

"ਤੁਸੀਂ ਲੋਕ ਸਮਝਦੇ ਕੀ ਹੋ? ਕਿ ਕੈਨੇਡਾ ਆ ਕੇ ਅੰਗਰੇਜ਼ ਬਣ ਗਏ? ਇੰਡੀਅਨ ਏਅਰਲਾਈਨ ਹੈ ਤਾਂ ਰੋਹਬ ਪਾ ਲਿਆ? ਮੇਰੀ ਵੀ ਕੋਈ ਪਾਵਰ ਹੈ!" ਉਸ ਅੰਦਰਲੀ ਭਾਰਤੀ ਅਫਸਰਸ਼ਾਹੀ ਉੱਸਲਵੱਟੇ ਲੈਣ ਲੱਗੀ।

ਮੇਰਾ ਵੀ ਸਬਰ ਜਵਾਬ ਦੇ ਗਿਆ ਸੀ।

"ਏ ਮਿਸਟਰ, ਡੌਂਟ ਰੇਜ਼ ਯੂਅਰ ਵੁਆਇਸ, ਮੈਂ ਤੁਹਾਡੀ ਏਅਰ ਲਾਈਨ ਤੇ ਕੋਈ ਮੁਫਤ ਨਹੀਂ ਜਾ ਰਿਹਾ ਤੇ ਨਾਂ ਹੀ ਮੈਂ ਕੋਈ ਤੁਹਾਡਾ ਦੇਣਦਾਰ ਹਾਂ। ਤੁਸੀਂ ਇੰਡੀਆ ਨਹੀਂ ਕੈਨੇਡਾ ਵਿੱਚ ਹੋ ...। ਆਪਣੇ ਕਸਟਮਰਾਂ ਨਾਲ ਗੱਲ ਤਾਂ ਸਹੀ ਤਰੀਕੇ ਨਾਲ ਕਰੋ...?"

ਉਸ ਦੇ ਮੱਥੇ ਤੇ ਪਈਆਂ ਤਿਊੜੀਆਂ ਹੋਰ ਗੂੜੀਆਂ ਹੋ ਗਈਆਂ।

"ਤੁਸੀ ਜੈੱਟ ਏਅਰਵੇਜ਼ ਦੇ ਕਾਊਂਟਰ ਤੋਂ ਦੂਰ ਚਲੇ ਜਾਉ, ਨਹੀਂ ਤਾਂ ਮੈਂ ਸਕਿਊਰਟੀ ਬੁਲਾ ਕੇ ਹੁਣੇ ਚੁਕਵਾ ਦੇਵਾਂਗਾ" ਉਸ ਦੀ ਤਣੀ ਹੋਈ ਉਂਗਲ ਬਦਤਮੀਜ਼ੀ ਦੀ ਸ਼ਿਖਰ ਸੀ।

ਮੇਰੀ ਪਤਨੀ ਕਿਸੇ ਪੰਗੇ ਤੋਂ ਡਰਦੀ ਬੋਲੀ ਸੀ,

"ਛੱਡੋਂ ਜੀ ਕਿਉਂ ਗੱਲ ਵਧਾਉਂਦੇ ਹੋਂ..., ਤੁਹਾਨੂੰ ਹੀ ਦੇਸੀ ਏਅਰ ਲਾਈਨ ਦੇ ਜਾਣ ਦਾ ਚਾਅ ਚੜ੍ਹਿਆ ਸੀ। ਇਨ੍ਹਾਂ ਲੋਕਾਂ ਨੂੰ ਤਾਂ ਬੋਲਣ ਦੀ ਵੀ ਤਮੀਜ਼ ਨੀ। ਅਜੇ ਇੰਡੀਆ ਜਾ ਕੇ ਤੁਹਾਡੇ ਨਾਲ ਪਤਾ ਨੀ ਕੀ ਹੋਣਾ ਏ। ਇੱਕ ਮਾਮੂਲੀ ਅਫੀਸਰ ਹੀ ਆਪਣੇ ਆਪ ਨੂੰ ਰੱਬ ਸਮਝਦੈ!"



ਮੈਂ ਪਤਨੀ ਨੂੰ ਲੈ ਕੇ ਉਥੋਂ ਦੂਰ ਹਟ ਗਿਆ। ਹੁਣ ਇਹ ਕਿਸੇ ਦੂਸਰੀ ਏਅਰ ਲਾਈਨ ਦਾ ਕਾਊਂਟਰ ਏਰੀਆ ਸੀ। ਪਤਨੀ ਮੈਨੂੰ ਏਅਰਪੋਰਟ ਤੇ ਛੱਡਣ ਆਈ ਲੈਪਟਾਪ ਵੀ ਨਾਲ ਹੀ ਚੁੱਕ ਲਿਆਈ ਸੀ ਕਿ ਪਤਾ ਨਹੀਂ ਕਿੰਨੀਆਂ ਕੁ ਫਲਾਈਟਾਂ ਵਿੱਚ ਸੀਟ ਵੇਖਣੀ ਪਵੇ। ਫੇਰ ਅਸੀਂ ਇੱਕ ਬੈਂਚ ਤੇ ਬੈਠ ਗਏ, ਪਰ ਮੇਰੀ ਨਿਗਾਹ ਮਿਸ਼ਰੇ ਤੇ ਹੀ ਘੁੰਮਦੀ ਰਹੀ। ਜੋ ਮਾਵਾ ਲੱਗੀ ਪੱਗ ਵਾਂਗ ਆਕੜਿਆ ਫਿਰਦਾ ਸੀ।

ਮੈਂ ਹੁਣ ਹੀਥਰੋ ਏਅਰਪੋਰਟ ਦੇ ਟਰਮੀਨਲ ਪੰਜ ਦੇ ਇੱਕ ਬੈਂਚ ਤੇ ਬੈਠਾ ਮਨ ਦੀ ਕੜਵਾਹਟ ਨੂੰ ਭੁਲਾਉਣ ਦੇ ਯਤਨ ਕਰ ਰਿਹਾ ਸੀ। ਉੱਤਰੀ ਅਮਰੀਕਾ ਤੋਂ ਯੌਰਪ ਵਿੱਚ ਆ ਗਿਆ, ਪਰ ਮਨ ਦੀ ਦਸ਼ਾ ਨਹੀਂ ਸੀ ਬਦਲੀ। ਹਜ਼ਾਰਾਂ ਮੀਲਾਂ ਵਿੱਚ ਫੈਲਿਆ ਸਮੁੰਦਰ ਮੇਰੇ ਮਨ ਦੀ ਅਗਨੀ ਨੂੰ ਨਹੀਂ ਸੀ ਠਾਰ ਸਕਿਆ। ਸੋਚ ਦੀ ਸੂਈ ਅਜੇ ਵੀ ਉੱਥੇ ਹੀ ਫਸੀ ਹੋਈ ਸੀ। ਮਨ ਫੇਰ ਟੋਰਾਂਟੋ ਏਅਰਪੋਰਟ ਤੇ ਪਹੁੰਚ ਗਿਆ।

ਜੈੱਟ ਏਅਰਵੇਅਜ਼ ਦੀ ਚੈੱਕਇਨ ਸਮਾਪਤ ਹੋਣ ਵਾਲੀ ਸੀ। ਅਜੇ ਦੋ ਪਰਿਵਰ ਅੱਗੇ ਵੱਧ ਰਹੇ ਸਨ ਤੇ ਇੱਕ ਇਕੱਲੀ ਔਰਤ। ਮਿਸ਼ਰਾ ਨੇ ਚਿਹਰੇ 'ਤੇ ਮੁਸਕਰਾਹਟ ਦਾ ਕੱਜਣ ਪਹਿਨ ਲਿਆ। ਹੁਣ ਉਹ ਹੱਸ ਰਿਹਾ ਸੀ, ਉਨ੍ਹਾਂ ਦਾ ਸਮਾਨ ਅੱਗੇ ਲਿਜਾਣ ਵਿੱਚ ਮੱਦਦ ਕਰ ਰਿਹਾ ਸੀ। ਜਾਂ ਕਹਿ ਲਵੋ ਕਿ ਪੂਛ ਹਿਲਾ ਰਿਹਾ ਸੀ।

ਜਰੂਰ ਇਹ ਕਿਸੇ ਵੱਡੇ ਬੰਦੇ ਦੇ ਪਰਿਵਾਰ ਹੋਣਗੇ ਜੋ ਸਟੈਂਡ ਬਾਈ ਜਾ ਰਹੇ ਹੋਣਗੇ। ਇਹ ਮਿਸ਼ਰੇ ਨੂੰ ਜਾਣਦੇ ਹੋਣਗੇ ਜਾਂ ਕਿਸੇ ਤੋਂ ਰਿਸ਼ਵਤ ਲੈ ਕੇ ਭੇਜ ਰਿਹਾ ਹੋਵੇਗਾ। ਕੋਈ ਤਾਂ ਗੱਲ ਸੀ, ਜਿਸ ਕਰਕੇ ਮੈਨੂੰ ਉਥੋਂ ਸ਼ਿਸ਼ਕੇਰਿਆ ਗਿਆ ਸੀ। ਮੈਂ ਕੰਮਪਿਊਟਰ ਖੋਹਲ ਕੇ ਸਟੈਂਡ ਬਾਈ ਲਿਸਟ ਚੈੱਕ ਕੀਤੀ ਸੀ। ਮੇਰਾ ਨਾਂ ਹਟਾ ਦਿੱਤਾ ਗਿਆ ਸੀ। ਮੇਰੀ ਥਾਂ ਤੇ ਦਸ ਹੋਰ ਬੰਦੇ ਚੈੱਕਇਨ ਕਰ ਦਿੱਤੇ ਗਏ ਸਨ।

ਇੱਕ ਪੈਂਤੀ ਕੁ ਸਾਲਾਂ ਦੀ ਔਰਤ ਚੈੱਕ ਇਨ ਕਰਵਾ ਰਹੀ ਸੀ। ਇਹ ਮਿਸ਼ਰੇ ਦੀ ਕੋਈ ਖਾਸਮ ਖਾਸ ਲੱਗਦੀ ਸੀ, ਅਜਿਹਾ ਉਸਦਾ ਵਰਤਾਅ ਦੱਸ ਰਿਹਾ ਸੀ। ਉਸ ਦੀ ਕਮੀਨਗੀ ਨੇ ਮੈਨੂੰ ਬੇਹੱਦ ਝੰਜੋੜ ਕੇ ਰੱਖ ਦਿੱਤਾ। ਨਾ ਮੈਂ ਉਸ ਨੂੰ ਜਾਣਦਾ ਸੀ ਤੇ ਨਾ ਉਹ ਮੈਨੂੰ...। ਫੇਰ ਮੇਰੇ ਨਾਲ ਉਸ ਨੇ ਅਜਿਹਾ ਕਿਉਂ ਕੀਤਾ? ਮੈਂ ਬੈਂਚ 'ਤੇ ਬੈਠਾ ਇਹ ਹੀ ਗੱਲਾਂ ਸੋਚ ਸੋਚ ਦੁਖੀ ਹੋ ਰਿਹਾ ਸੀ।

ਫੇਰ ਮੈਂ ਬੈਂਚ ਤੋਂ ਉੱਠ ਕੇ ਗੱਦੇਦਾਰ ਕੁਰਸੀ ਤੇ ਜਾ ਬੈਠਾ। ਮੇਰੇ ਹੱਥ ਵਿੱਚ ਇੱਕ ਪੰਜਾਬੀ ਦਾ ਰਸਾਲਾ ਸੀ, ਉਹ ਪੜ੍ਹਨ ਲੱਗ ਪਿਆ। ਮੇਰਾ ਮਨ ਕਿਸੇ ਵੀ ਚੀਜ਼ ਵਿੱਚ ਨਹੀਂ ਸੀ ਲੱਗ ਰਿਹਾ। ਮੇਰੇ ਸਾਹਮਣੇ ਇੱਕ ਸਫਾਈ ਸੇਵਕ ਆਪਣੀ ਹੀ ਧੁਨ ਵਿੱਚ ਮਗਨ ਕੰਮ ਕਰ ਰਿਹਾ ਸੀ। ਉਸ ਦੀ ਵੱਡੀ ਸਾਰੀ ਪਗੜੀ ਵਿੱਚੋਂ ਨਿੱਕਲੀਆਂ ਜਟਾਂ ਕਾਰਨ, ਉਹ ਕੋਈ ਭਾਰਤੀ ਸਾਧੂ ਸਨਿਆਸੀ ਜਾਪ ਰਿਹਾ ਸੀ। ਪਰ ਉਹ ਤਾਂ ਦੱਖਣੀ ਅਫਰੀਕਾ ਦਾ ਕੋਈ ਕਾਲ਼ਾ ਵਿਅੱਕਤੀ ਸੀ। ਉਸ ਕੋਲ ਕਾਰਟ 'ਤੇ ਸਫਾਈ ਦਾ ਸਮਾਨ ਰੱਖਿਆ ਹੋਇਆ ਸੀ। ਉਹ ਕੋਈ ਗੀਤ ਗਾਅ ਰਿਹਾ ਸੀ, ਜਿਸ ਦੀ ਮੈਨੂੰ ਸਮਝ ਨਹੀਂ ਸੀ ਪੈ ਰਹੀ। ਜਿਵੇਂ ਪੰਜਾਬ ਦਾ ਕੋਈ ਕਿਸਾਨ ਖੇਤ ਦੇ ਬੰਨੇ 'ਤੇ ਖੜਾ ਹੀਰ ਗਾਅ ਰਿਹਾ ਹੋਵੇ। ਸ਼ਾਇਦ ਉਸ ਦੇ ਦੇਸ਼ ਦੀ, ਭਾਸ਼ਾ ਦਾ ਕੋਈ ਲੋਕ ਗੀਤ ਹੋਵੇ। ਉਹ ਸਭ ਕਾਸੇ ਤੋਂ ਬੇਖਬਰ ਸੀ। ਮੇਰੇ ਵਲ ਵੇਖ ਕੇ ਮੁਸਕਰਾਇਆ। ਇਹ ਆਮ ਜਿਹੇ ਕੱਪੜਿਆਂ ਨਾਲ ਵੀ ਏਨਾ ਖੁਸ਼ ਕਿਵੇਂ ਹੈ? ਮੈਂ ਸੋਚਣ ਲੱਗਿਆ।

ਮੇਰਾ ਧਿਆਨ ਫੇਰ ਉਸ ਬੰਦੇ ਵਲ ਲੱਗ ਗਿਆ। ਉਹ ਹਰ ਆਉਣ ਜਾਣ ਵਾਲੇ ਨੂੰ ਹੈਲੋ ਹਾਏ ਕਹਿ ਰਿਹਾ ਸੀ ਤੇ ਹਾਸਿਆਂ ਦਾ ਪ੍ਰਸ਼ਾਦ ਵੰਡ ਸੀ। ਇੱਕ ਉਹ ਸੀ ਸੜੀਅਲ ਜਿਹਾ ਮਿਸ਼ਰਾ ਜੋ ਮੇਰੀ ਯਾਤਰਾ ਦੇ ਦੁੱਧ ਵਿੱਚ ਕਾਂਜੀ ਘੋਲ ਗਿਆ ਸੀ।

ਗੀਤ ਗਾਉਣ ਵਾਲਾ ਮੈਨੂੰ ਦੁਨੀਆ ਦਾ ਸਭ ਤੋਂ ਅਮੀਰ ਬੰਦਾ ਜਾਪਿਆ, ਜਿਸ ਦਾ ਦਿਲ ਖੁਸ਼ੀਆਂ ਨਾਲ ਭਰਿਆ ਪਿਆ ਸੀ। ਮੈਂ ਸੋਚਣ ਲੱਗਿਆ ਕੋਈ ਬੰਦਾ ਕਿਸੇ ਜੌਬ ਨਾਲ ਵੱਡਾ ਛੋਟਾ ਨਹੀਂ ਹੁੰਦਾ। ਉੱਚਿਆਂ ਅਹੁਦਿਆਂ ਵਾਲੇ ਖੜੂਸ ਬੰਦੇ ਧਨ ਦੇ ਅਮੀਰ ਹੋ ਸਕਦੇ ਨੇ ਪਰ ਮਨ ਦੇ ਨਹੀਂ...। ਉਹ ਤੁਰਦਾ ਤੁਰਦਾ ਮੇਰੇ ਕੋਲ ਆ ਗਿਆ। ਹਾਲ ਚਾਲ ਪੁੱਛ ਕੇ 'ਹੈਵ ਏ ਨਾਈਸ ਜਰਨੀ' ਕਿਹਾ ਤੇ ਫੇਰ ਗਾਉਣ ਲੱਗ ਪਿਆ।

ਉਸਦੇ ਦੂਰ ਹਟਦਿਆਂ ਹੀ ਮਨ ਦੀ ਫਿਰਕੀ ਫੇਰ ਘੁੰਮਣ ਲੱਗੀ। ਸੋਚ ਨੂੰ ਸਫਰ ਕਰਨ ਲਈ ਕਿਹੜਾ ਕਿਸੇ ਵੀਜ਼ੇ ਜਾਂ ਜਹਾਜ਼ ਦੀ ਲੋੜ ਹੈ? ਮਨੂਆ ਫੇਰ ਉਡਾਰੀ ਮਾਰ ਕੇ ਟੋਰਾਂਟੋ ਜਾ ਵੜਿਆ।

ਪਤਨੀ ਨੇ ਲੈਪਟਾਪ 'ਤੇ ਭਾਰਤ ਜਾਣ ਲਈ ਇੱਕ ਹੋਰ ਸੰਪਰਕ ਲੱਭ ਲਿਆ। ਇਹ ਬ੍ਰਿਟਿਸ਼ ਏਅਰ ਲਾਈਨ ਦਾ ਜਹਾਜ਼ ਸੀ, ਜਿਸ ਨੇ ਹੀਥਰੋ ਜਾਣਾ ਸੀ। ਅੱਗੋਂ ਭਾਰਤ ਲਈ ਇਸੇ ਲਾਈਨ ਦਾ ਕੁਨੈਕਸ਼ਨ ਮਿਲ ਸਕਦਾ ਸੀ। ਗਰੇਟਰ ਟੋਰਾਂਟੋ ਏਅਰਪੋਰਟ ਦੀ ਵੈਬਸਾਈਟ ਦੱਸ ਰਹੀ ਸੀ ਕਿ ਇਸ ਉਡਾਣ ਨੇ 21.40 ਤੇ ਟਰਮੀਨਲ ਤਿੰਨ ਤੋਂ ਚੱਲਣਾ ਹੈ। ਕਿਰਾਇਆ ਥੋੜਾ ਜ਼ਿਆਦਾ ਸੀ, ਪਰੰਤੂ ਨਾ ਜਾਣ ਨਾਲੋਂ ਤਾਂ ਚੰਗਾ ਸੀ। ਮੈਂ ਜਿਸ ਬਿਜਨਸ ਕਾਨਫਰੰਸ ਤੇ ਜਾ ਰਿਹਾ ਸਾਂ, ਉਹ ਵੀ ਬਹੁਤ ਮਹੱਤਵਪੂਰਨ ਸੀ।

ਜਿੱਥੇ ਮੈਂ ਇੰਡੋ-ਕਨੇਡੀਅਨ ਕਾਮਰਸ ਚੈਂਬਰ ਵਲੋਂ ਆਪਣਾ ਰਿਸਰਚ ਵਰਕ ਪੇਸ਼ ਕਰਨਾ ਸੀ। ਇਹ ਕੰਮ ਬੜੀ ਮਿਹਨਤ ਨਾਲ ਮੈਂ ਦੋ ਸਾਲ ਲਾ ਕੇ ਤਿਆਰ ਕੀਤਾ ਸੀ। ਜੇ ਮੈਂ ਨਾਂ ਜਾਂਦਾ ਤਾਂ ਇਹ ਕਾਨਫਰੰਸ ਲੰਘ ਜਾਣੀ ਸੀ। ਉੱਥੇ ਮੇਰਾ ਹੋਟਲ ਬੁੱਕ ਸੀ। ਕਾਰਡਾਂ 'ਤੇ ਨਾਂ ਛਪ ਚੁੱਕੇ ਸਨ। ਨਾ ਪਹੁੰਚਣ ਦਾ ਤਾਂ ਹੁਣ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਫੇਰ ਮੈਂ ਟਰਮੀਨਲ ਤਿੰਨ 'ਤੇ ਜਾਣ ਦਾ ਫੈਸਲਾ ਕਰ ਲਿਆ।

ਅਸੀਂ ਐਲੀਵੇਟਰ ਲੈ ਕੇ ਤੀਸਰੀ ਮੰਜ਼ਿਲ ਤੇ ਚਲੇ ਗਏ। ਸਾਡੀ ਸਮਾਨ ਨਾਲ ਲੱਦੀ ਰੇਹੜੀ ਵੀ ਸਾਡੇ ਨਾਲ ਹੀ ਸੀ, ਜਿਸ ਨੂੰ ਅਸੀ ਸ਼ਟਲ ਵਿੱਚ ਚੜ੍ਹਾ ਲਿਆ ਤੇ ਟਰਮੀਨਲ ਤਿੰਨ 'ਤੇ ਜਾ ਉੱਤਰੇ। ਬ੍ਰਿਟਿਸ਼ ਏਅਰਵੇਜ਼ ਉਡਾਣ 'ਤੇ ਹੀਥਰੋ ਜਾਣ ਵਾਲਿਆਂ ਦੀ ਬਹੁਤ ਲੰਬੀ ਲਾਈਨ ਸੀ। ਇੱਕ ਪਾਸੇ ਸੂਚਨਾ ਕੇਂਦਰ ਸੀ। ਮੈਂ ਉਸ 'ਤੇ ਜਾ ਕੇ ਪਤਾ ਕੀਤਾ। ਕਸਟਮ ਸਰਵਿਸ 'ਤੇ ਬੈਠੀ ਗੋਰੀ ਔਰਤ ਦਾ ਵਿਵਹਾਰ ਕਮਾਲ ਦਾ ਸੀ। ਉਸ ਨੇ ਉਸੇ ਵਕਤ ਮੇਰਾ ਕਰੈਡਿਟ ਕਾਰਡ ਲੈ ਕੇ ਰਜਿਸਟਰੇਸ਼ਨ ਕਰ ਦਿੱਤੀ ਤੇ ਦੱਸਿਆ,

"ਤੇਰੇ ਅੱਗੇ ਤਿੰਨ ਸਟੈਂਡਬਾਈ ਪਸੈਂਜਰ ਹੋਰ ਹਨ ਤੇ ਅਜੇ ਸਾਡੇ ਕੋਲ ਨੌਂ ਸੀਟਾਂ ਨੇ।"

'ਡੌਂਟ ਵਰੀ' ਕਹਿ ਕੇ ਉਹ ਮੁਸਕਰਾਈ ਉਡੀਕ ਕਰਵਾਉਣ ਲਈ ਉਹ ਵਾਰ ਵਾਰ ਮੁਆਫੀ ਮੰਗ ਰਹੀ ਸੀ। ਦੂਸਰੇ ਪਾਸੇ ਸਾਡਾ ਦੇਸੀ ਬੰਦਾ ਕਿਵੇਂ ਆਫਰਿਆ ਫਿਰਦਾ ਸੀ....। ਮਨ ਸੋਚਦਾ ਰਿਹਾ।

ਅਸੀਂ ਸਮਾਨ ਵਾਲੀ ਰੇਹੜੀ ਲੈ ਕੇ ਉਡੀਕ ਕਰਨ ਲੱਗੇ। ਜਿੱਥੋਂ ਉਨ੍ਹਾਂ ਸਾਨੂੰ ਚੈਕਇਨ ਲਈ ਆਵਾਜ਼ ਮਾਰਨੀ ਸੀ। ਮੈਂ ਦੇਖਿਆ ਬਹੁਤ ਸਾਰੇ ਲੋਕ ਏਧਰ ਉਧਰ ਜਾ ਰਹੇ ਸਨ, ਹੱਸਦੇ



ਮੁਸਕਰਾਉਂਦੇ ਹੋਏ। ਉੱਥੇ ਵੀ ਇੱਕ ਸਫਾਈ ਸੇਵਕ ਬਰੂਮ ਫੇਰਦਾ, ਕਚਰਾ ਕੂੜੇਦਾਨ ਵਿੱਚ ਸੁੱਟ ਰਿਹਾ ਸੀ। ਪਰ ਸੁਸਾਇਟੀ ਵਿੱਚ ਫੈਲੇ ਗੰਦ ਦਾ ਕੋਈ ਕੀ ਕਰੇ? ਮੈਂ ਸੋਚਣ ਲੱਗਿਆ।

ਹੀਥਰੋ ਏਅਰ ਪੋਰਟ ਤੇ ਵੀ ਭੀੜ ਵਧਣ ਲੱਗ ਪਈ ਸੀ। ਲੋਕ ਮੇਰੀ ਕੁਰਸੀ ਦੇ ਅੱਗਿਉਂ ਲੰਘਦੇ ਰਹੇ। ਮੇਰੇ ਕੋਲ ਤਾਂ ਖੁੱਲ੍ਹਾ ਸਮਾਂ ਸੀ। ਅਜੇ ਸ਼ਾਮ ਤੱਕ ਉਡੀਕਣਾ ਸੀ। ਮੈਗਜ਼ੀਨ ਪੜ੍ਹਨ ਲੱਗਦਾ ਤਾਂ ਸੋਚ ਨਾ ਟਿਕਦੀ। ਸੋਚ ਤਾਂ ਟੋਰਾਂਟੋ ਤੁਰੀ ਫਿਰਦੀ ਸੀ।

ਉਸੇ ਵਕਤ ਮੇਰਾ ਨਾਂ ਲੈ ਕੇ ਹਾਕ ਪੈ ਗਈ। ਮੈਂ ਆਪਣੀ ਰੇੜ੍ਹੀ ਲੈ ਕੇ ਕਾਊਂਟਰ ਤੇ ਪਹੁੰਚ ਗਿਆ ਤੇ ਚੈੱਕ ਇਨ ਕਰਵਾ ਦਿੱਤੀ। ਸਮਾਨ ਜਮਾਂ ਹੋ ਗਿਆ ਤੇ ਬੋਰਡਿੰਗ ਪਾਸ ਵੀ ਮਿਲ ਗਿਆ। ਹੁਣ ਇੰਗਲੈਂਡ ਤੱਕ ਯਾਤਰਾ ਪੱਕੀ ਸੀ। ਅੱਗੇ ਅੱਲਾ ਬੇਲੀ...। ਪਤਨੀ ਗੁੱਡ ਲੱਕ ਕਹਿੰਦਿਆ ਵਿਦਾਇਗੀ ਦੇ ਗਈ। ਫੇਰ ਮੈਂ ਇਕੱਲਾ ਰਹਿ ਗਿਆ। ਤੇ ਹੁਣ ਏਥੇ ਵੀ ਇਕੱਲਾ ਹੀ ਬੈਠਾ ਸੀ।

ਮੈਨੂੰ ਚਾਹ ਦੀ ਤਲਬ ਬੜੀ ਸ਼ਿੱਦਤ ਨਾਲ ਮਹਿਸੂਸ ਹੋਈ। ਮੈਂ ਟਰਮੀਨਲ ਪੰਜ ਤੇ ਏਧਰ ਉਧਰ ਗੇੜਾ ਕੱਢਿਆ। ਮੈਨੂੰ ਇੱਕ ਕੌਫੀ ਸ਼ਾਪ ਮਿਲ ਗਈ। ਭੁੱਖ ਵੀ ਕਾਫੀ ਲੱਗੀ ਹੋਈ ਸੀ। ਮੈਂ ਚਾਹ ਨਾਲ ਕੁੱਝ ਖਾਣ ਦਾ ਸੋਚਿਆ। ਪਰੰਤੂ ਏਥੇ ਮਹਿੰਗਾਈ ਬਹੁਤ ਸੀ। ਕੀਮਤਾਂ ਡਾਲਰਾਂ ਦੀ ਬਜਾਏ ਪੌਂਡਾਂ ਤੇ ਯੂਰੋਆਂ ਵਿੱਚ ਸਨ।

ਯੌਰਪੀਅਨ ਯੂਨੀਅਨ ਦਾ ਹਿੱਸਾ ਹੋਣ ਕਾਰਨ ਏਥੇ ਦੋਵੇ ਕਰੰਸੀਆਂ ਚੱਲਦੀਆਂ ਸਨ। ਮੇਰੇ ਕੋਲ ਤਾਂ ਸਿਰਫ ਅਮਰੀਕਨ ਡਾਲਰ ਹੀ ਸਨ। ਮੈਂ ਦੋ ਤਿੰਨ ਵਾਰ ਪਹਿਲਾਂ ਵੀ ਇਸ ਏਅਰਪੋਰਟ 'ਤੇ ਆ ਚੁੱਕਾ ਸੀ। ਟਰਮੀਨਲ ਪੰਜ ਦਾ ਇਹ ਭਾਗ ਮੇਰੇ ਲਈ ਬਿਲਕੁੱਲ ਨਵਾਂ ਸੀ। ਬ੍ਰਿਟਿਸ਼ ਇੰਗਲਿਸ਼ ਵੀ ਮੇਰੇ ਲਈ ਥੋੜੀ ਸਮੱਸਿਆ ਸੀ, ਜੋ ਰੁਕ ਰੁਕ ਖੜਵੇਂ ਜਿਹੇ ਉਚਾਰਣ ਨਾਲ ਬੋਲੀ ਜਾਂਦੀ। ਕਾਊਂਟਰ 'ਤੇ ਖੜੀ ਲੜਕੀ ਨੂੰ ਮੇਰੀ ਅਮਰੀਕਨ ਇੰਗਲਿਸ਼ ਸਮਝਣ ਵਿੱਚ ਭਾਵੇ ਕੋਈ ਸਮੱਸਿਆ ਨਾ ਆਈ।

ਮੈਂ ਚਾਹ ਦਾ ਕੱਪ, ਚਿਪਸਾਂ ਦਾ ਬੈਗ ਤੇ ਪਾਣੀ ਦੀ ਬੋਤਲ ਲੈ ਕੇ ਫੇਰ ਬੈਂਚ ਤੇ ਬਹਿ ਗਿਆ। ਮੈਨੂੰ ਬਿੱਲ ਦੇ ਪੰਦਰਾਂ ਡਾਲਰ ਦੇਣੇ ਪਏ ਸਨ, ਜੋ ਮੈਨੂੰ ਅਜੇ ਵੀ ਚੁਭ ਰਹੇ ਸਨ। ਸਫਰ ਦੌਰਾਨ ਤੁਹਾਨੂੰ ਇੱਕ ਇੱਕ ਪੈਸਾ ਸੋਚ ਕੇ ਖਰਚਣਾ ਪੈਂਦਾ ਹੈ। ਮੈਂ ਵੀ ਏਥੇ ਬੈਠਾ ਡਾਲਰਾਂ ਨੂੰ ਭਾਰਤੀ ਕਰੰਸੀ ਨਾਲ ਜ਼ਰਬਾਂ ਦੇਣ ਲੱਗ ਪਿਆ ਸੀ। 15 ਡਾਲਰ ਦਾ ਮਤਲਬ ਸੀ ਸਾਢੇ ਸੱਤ ਸੌ ਰੁਪਏ। ਚਾਹ ਨਾਲ ਪਰਚੀ ਸੋਚ, ਥੋੜੀ ਦੇਰ ਬਾਅਦ ਫੇਰ ਛੜੱਪਾ ਮਾਰ ਗਈ। ਹੁਣ ਇਹ ਟੋਰਾਂਟੋ ਤਾਂ ਨਾ ਗਈ ਲੇਕਿਨ ਸਵੇਰੇ ਜੋ ਹੋਇਆ ਉਸ ਵਿੱਚ ਜਾ ਫਸੀ।

ਮੇਰੀ ਇੰਗਲੈਂਡ ਤੋਂ ਭਾਰਤ ਜਾਣ ਵਾਲੀ ਫਲਾਈਟ ਲੰਘ ਚੁੱਕੀ ਸੀ ਤੇ ਅਗਲੀ ਫਲਾਈਟ ਅਜੇ ਸ਼ਾਮ ਦੇ ਪੰਜ ਵੱਜੇ ਸੀ। ਅਜੇ ਤਾਂ ਬਾਰਾਂ ਵੀ ਨਹੀ ਸੀ ਵੱਜੇ..., ਮੈਂ ਘੜੀ ਦੇਖਦਿਆਂ ਸੋਚਿਆ। ਖਾਣ ਪੀਣ ਵਲੋਂ ਤਾਂ ਹੁਣ ਸ਼ਾਮ ਤੱਕ ਨਿਸ਼ਾ ਹੋ ਚੁੱਕੀ ਸੀ। ਬੱਸ ਹੁਣ ਤਾਂ ਅਗਲੀ ਫਲਾਈਟ ਮਿਲਣ ਦਾ ਹੀ ਫਿਕਰ ਸੀ।

ਫੇਰ ਮੈਨੂੰ ਟੋਰਾਂਟੋ ਤੋਂ ਏਥੇ ਪਹੁੰਚਣ ਤੱਕ ਦੀ ਕਹਾਣੀ ਯਾਦ ਆਉਣ ਲੱਗੀ।

ਬ੍ਰਿਟਿਸ਼ ਏਅਰਵੇਜ਼ ਦੀ ਉਡਾਣ ਵਿੱਚ ਮੈਨੂੰ ਸੀਟ ਬਿਲਕੁੱਲ ਐਮਰਜੈਸੀਂ ਦਰਵਾਜ਼ੇ ਦੇ ਨਾਲ ਮਿਲੀ ਸੀ। ਬੋਰਡਿੰਗ ਹੋਣ ਤੋਂ ਬਾਅਦ ਮੈਨੂੰ ਇੱਕ ਏਅਰਹੋਸਟੈਸ ਨੇ ਕਿਹਾ ਸੀ।

"ਟੇਕ ਆਫ ਸਮੇਂ ਸਾਨੂੰ ਇਹ ਏਰੀਆ ਕਲੀਅਰ ਚਾਹੀਦਾ ਹੈ। ਜੇ ਤੁਹਾਨੂੰ ਬੁਰਾ ਨਾ ਲੱਗੇ ਤੁਸੀਂ ਬਿਜਨਸ ਕਲਾਸ ਵਿੱਚ ਬਹਿ ਜਾਵੋ..., ਟੇਕ ਆਫ ਤੋਂ ਬਾਅਦ ਫੇਰ ਆਪਣੀ ਸੀਟ ਤੇ ਆ ਜਾਣਾ"

ਮੈਨੂੰ ਹੋਰ ਕੀ ਚਾਹੀਦਾ ਸੀ। ਮੁਫਤ ਵਿੱਚ ਕੁੱਝ ਸਮੇਂ ਲਈ ਬਿਸਨਸ ਕਲਾਸ ਦਾ ਆਨੰਦ ਮਿਲ ਜਾਣਾ ਸੀ। ਮੈਂ ਸਮਾਨ ਉੱਥੇ ਹੀ ਛੱਡ ਕੇ ਉੱਡਣ ਪਰੀ ਦੇ ਪਿੱਛੇ ਤੁਰ ਪਿਆ। ਸੀਟ ਤੇ ਬਿਠਾਉਂਦੀ ਵਾਰ ਵਾਰ ਉਹ ਧੰਨਵਾਦ ਕਰਦੀ ਰਹੀ ਸੀ। ਫੇਰ ਇੱਕ ਟਰੇਅ ਵਿੱਚ ਵਿੱਚ ਜੂਸ, ਬੀਅਰ ਤੇ ਵਾਈਨ ਧਰ ਲਿਆਈ ਸੀ। ਕਹਿੰਦੀ ਮੈਂ ਇਨਜੁਆਏ ਕਰਾਂ ਤੇ ਸੀਟ ਬਦਲਣ ਵਾਲੀ ਗੱਲ ਨੂੰ ਭੁੱਲ ਜਾਵਾਂ।

ਮੈਂ ਬੀਅਰ ਦੀ ਬੋਤਲ ਚੁੱਕ ਲਈ ਤੇ ਉਸਦਾ ਧੰਨਵਾਦ ਕਰਦਾ ਰਿਹਾ। ਉਹ ਦੇ ਮਨ ਵਿੱਚ ਅਜੇ ਵੀ ਗੁਨਾਹ ਦਾ ਅਹਿਸਾਸ ਸੀ ਤੇ ਉਹ ਕਹਿ ਰਹੀ ਸੀ,

"ਸਾਨੂੰ ਅਜਿਹਾ ਕਰਨਾ ਪੈਂਦਾ ਹੈ।"

ਮੈਂ ਸੋਚਣ ਲੱਗਿਆ, ਇਹ ਅਹਿਸਾਸ ਮਿਸ਼ਰੇ ਵਰਗਿਆਂ ਦੇ ਅੰਦਰ ਕਿਉਂ ਨਹੀਂ? ਅਸੀਂ ਬ੍ਰਿਟਿਸ਼ਾਂ ਦੀਆਂ ਮਾੜੀਆਂ ਗੱਲਾਂ ਤਾਂ ਸਿੱਖ ਲਈਆਂ ਪਰ ਚੰਗੇ ਤੌਰ ਤਰੀਕੇ ਕਿਉਂ ਨਹੀਂ ਸਿੱਖੇ?

ਪੌਣੇ ਕੁ ਘੰਟੇ ਬਾਅਦ ਲੀਸਾ ਨਾਂ ਦੀ ਹੋਸਟ ਫੇਰ ਮੈਨੂੰ ਮੇਰੀ ਅਸਲ ਸੀਟ ਤੇ ਬਿਠਾ ਆਈ। ਸਰਵਿਸ ਕਮਾਲ ਦੀ ਹੋਣ ਕਾਰਨ ਸਫਰ ਬੇਹੱਦ ਸੁਹਾਵਣਾ ਰਿਹਾ। ਅੱਠ ਘੰਟੇ ਬਾਅਦ ਅਸੀਂ ਹੀਥਰੋ ਦੇ ਟਰਮੀਨਲ ਟੂ ਤੇ ਆ ਉੱਤਰੇ। ਜਦੋਂ ਮੈਂ ਆਪਣਾ ਸਮਾਨ ਲੈਣਾ ਸੀ ਤਾਂ ਪਤਾ ਲੱਗਿਆ ਕਿ ਲੱਗੇਜ ਲੈਣ ਲਈ ਤਾਂ ਸ਼ਟਲ ਲੈ ਕੇ ਕਿਤੇ ਹੋਰ ਜਾਣਾ ਪੈਣਾ ਏ। ਬੈਗਜ਼ ਕਲੇਮ ਵਾਲੇ ਸਾਈਨਾਂ ਨੂੰ ਵੇਖਦਾ ਮੈਂ ਅੱਗੇ ਵਧਣ ਲੱਗਿਆ।

ਮੈਂ ਬਾਕੀ ਮੁਸਾਫਰਾਂ ਨਾਲ ਸ਼ਟਲ ਚੜ੍ਹ ਕੇ ਬੈਗਜ਼ ਹਾਲ ਵਿੱਚ ਪੁਹੁੰਚ ਗਿਆ। ਉਸ ਤੋਂ ਪਹਿਲਾਂ ਕਸਟਮ ਵੀ ਹੋ ਗਿਆ। ਮੈਂ ਭਾਰਤ ਜਾਣ ਵਾਲੀ ਉਡਾਣ ਦਾ ਪਤਾ ਕੀਤਾ ਤਾਂ ਉਹ ਟਰਮੀਨਲ ਪੰਜ ਤੋਂ ਤੁਰਨੀ ਸੀ। ਜਿਸ ਨੂੰ ਮੈਂ ਇੰਗਲੈਂਡ ਦੇ ਸਮੇਂ ਅਨੁਸਾਰ ਦਸ ਵੱਜੇ ਪਕੜਨਾ ਸੀ। ਉਥੇ ਜਾਣ ਲਈ ਮੈਨੂੰ ਫੇਰ ਟਰੇਨ ਲੈਣੀ ਪੈਣੀ ਸੀ। ਇਹ ਬੜੇ ਪੰਗੇ ਵਾਲੀ ਗੱਲ ਸੀ। ਮੈਂ ਸਮਾਨ ਦੀ ਟਰਾਲੀ ਲੈ ਕੇ ਟਰੇਨ ਚੜ੍ਹ ਗਿਆ। ਜਿੱਥੇ ਜਾ ਕੇ ਉੱਤਰਿਆ ਉੱਥੇ ਵੀ ਕੁੱਝ ਪਤਾ ਨਾ ਲੱਗੇ। ਟਰੇਨ ਵਿੱਚ ਹੋਈ ਅਨਾਊਸਮੈਂਟ ਵਿੱਚ ਦੱਸਿਆ ਗਿਆ ਸੀ, ਕਿ ਇਹ ਟਰਮੀਨਲ ਪੰਜ ਹੈ।

ਏਥੇ ਸਿਰਫ ਪਲੇਟ ਫਾਰਮ ਸੀ। ਪੁੱਛਗਿੱਛ ਤੋਂ ਪਤਾ ਕੀਤਾ ਤਾਂ ਪਤਾ ਲੱਗਾ ਕਿ ਲਿਫਟ ਚੜ੍ਹ ਕੇ ਮੈਨੂੰ ਪੰਜਵੇਂ ਫਲੋਰ ਤੇ ਜਾਣਾ ਪੈਣਾ ਹੈ। ਉੱਥੇ ਜਾ ਕੇ ਉੱਤਰਿਆ ਤਾਂ ਸਾਹਮਣੇ ਏਅਰ-ਲਾਈਨ ਕਾਊਂਟਰ ਨਜ਼ਰ ਆ ਗਏ।

ਮੈਂ ਦੌੜਦਾ ਹੋਇਆ ਕਾਊਂਟਰ ਤੇ ਪੁੱਜਿਆ। ਮੇਰਾ ਹਾਲ ਗੁਆਚੀ ਗਾਂ ਵਰਗਾ ਸੀ। ਮੈਂ ਭਾਰਤ ਨੂੰ ਜਾਣ ਵਾਲੀ ਫਲਾਈਟ ਵਿੱਚ ਚੈਕਇਨ ਕਰਨ ਲਈ ਕਿਹਾ ਤਾਂ ਕਾਊਂਟਰ 'ਤੇ ਬੈਠੀ ਗੋਰੀ ਔਰਤ ਨੇ ਸਿਰ ਫੇਰ ਦਿੱਤਾ,

"ਸੌਰੀ ਸਰ ਫਲਾਈਟ ਇਜ਼ ਕਲੋਜ਼ਿਡ ਨਾਓ... ਯੂ ਆਰ ਲਿਟਲ ਬਿਟ ਲੇਟ।"

"ਓ ਮਾਈ ਗਾਡ ... ਮੇਰਾ ਅੱਜ ਜਾਣਾ ਬਹੁਤ ਜਰੂਰੀ ਹੈ... ਕੁੱਝ ਹੋ ਨਹੀਂ ਸਕਦਾ?"



"ਨੋ ਸਰ... ਏਅਰਕਰਾਫਟ ਡੋਰਜ਼ ਆਰ ਕਲੋਜ਼ਡ ...ਆਈ ਕਾਂਟ ਡੂ ਐਨੀਥਿੰਗ... ਸੌਰੀ"

ਮੈਂ ਪਰੇਸ਼ਾਨ ਹੋ ਗਿਆ। ਮੈਨੂੰ ਪਤਾ ਸੀ ਕਿ ਹੁਣ ਕੁੱਝ ਨਹੀਂ ਹੋ ਸਕਣਾ। ਮੇਰੀ ਖਾਤਰ ਫਲਾਈਟ ਨਹੀਂ ਸੀ ਲੇਟ ਹੋ ਸਕਦੀ। ਅਜੇ ਤਾਂ ਮੇਰੀ ਸਕਿਉਰਟੀ ਚੈੱਕ ਵੀ ਨਹੀਂ ਸੀ ਹੋਈ। ਫਲਾਈਟ ਏਜੰਟ ਨੇ ਫੇਰ ਕਿਹਾ ਕਿ ਉਹ ਮੇਰੀ ਸਟੈਂਡ ਬਾਈ ਬੁਕਿੰਗ ਅਗਲੀ ਫਲਾਈਟ ਤੇ ਰੋਲ ਓਵਰ ਕਰ ਦਿੰਦੀ ਹੈ, ਜੋ ਕਿ ਪੰਜ ਵਜੇ ਸ਼ਾਮ, ਨਵੀਂ ਦਿੱਲੀ ਜਾ ਰਹੀ ਸੀ। ਮੇਰੇ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ ਤੇ ਮੈਂ ਹਾਂ ਕਰ ਦਿੱਤੀ।

ਹੁਣ ਉਸੇ ਫਲਾਈਟ ਦੀ ਉਡੀਕ ਵਿੱਚ ਮੈਂ ਏਥੇ ਬੈਠਾ ਸੀ। ਸੋਚ ਰਿਹਾ ਸੀ ਕਿ ਜੇ ਮੈਨੂੰ ਹਵਾਈਅੱਡੇ ਦਾ ਭੇਤ ਹੁੰਦਾ ਤਾਂ ਮੈਂ ਸ਼ਾਇਦ ਫਲਾਈਟ ਪਕੜ ਹੀ ਲੈਂਦਾ। ਪਹਿਲਾਂ ਟਰੇਨ ਚੜ੍ਹ ਕੇ ਕਿਸੇ ਹੋਰ ਥਾਂ ਜਾ ਕੇ ਇਮੀਗਰੇਸ਼ਨ ਕਰਵਾਉਣੀ ਤੇ ਫੇਰ ਅਟੈਚੀ ਲੈਣ ਦੇ ਚੱਕਰ ਨੇ ਹੀ ਉਲਝਾਈ ਰੱਖਿਆ ਸੀ। ਫੇਰ ਟਰਮੀਨਲ ਪੰਜ ਨੂੰ ਲੱਭਣ ਦਾ ਚੱਕਰ। ਉਹ ਲੱਭਿਆ ਤਾਂ ਕਾਊਂਟਰ ਨਾ ਲੱਭਣ। ਕਿਸੇ ਭਲੇ ਪੁਰਸ਼ ਨੇ ਪੰਜਵੇਂ ਫਲੋਰ ਤੇ ਜਾਣ ਵਾਲੀ ਐਲੀਵੇਟਰ ਦਿਖਾ ਦਿੱਤੀ ਜੋ ਇੱਕ ਲੁਕਵੀ ਨੁੱਕਰ ਵਿੱਚ,ਕਿਸੇ ਕਮਰੇ ਵਾਂਗ ਚੌੜੀ ਸੀ। ਇਸ ਤਰ੍ਹਾਂ ਮੇਰੇ ਦੋ ਢਾਈ ਘੰਟੇ ਖਰਾਬ ਹੋ ਗਏ ਸਨ।

ਜੇ ਮਿਸ਼ਰਾ ਕਿਸੇ ਆਪਣੇ ਨੂੰ ਭੇਜਣ ਦੇ ਲਾਲਚ ਵਿੱਚ ਮੇਰੇ ਨਾਲ ਉਹ ਵਿਵਹਾਰ ਨਾ ਕਰਦਾ ਤਾਂ ਮੈਂ ਖੱਜਲ ਖੁਆਰ ਨਹੀਂ ਸੀ ਹੋਣਾ। ਉਸ ਨੇ ਅਜਿਹਾ ਮੇਰੇ ਭਾਰਤੀ ਮੂਲ ਦਾ ਹੋਣ ਕਰਕੇ ਕੀਤਾ ਸੀ। ਮੇਰੀਂ ਜਗਾ ਕੋਈ ਗੋਰਾ ਕਾਲਾ ਹੁੰਦਾ ਫੇਰ ਕਰ ਕੇ ਦਿਖਾਉਂਦਾ...। ਆਪਣਿਆਂ 'ਤੇ ਹੀ ਰੋਹਬ ਮਾਰਦੇ ਨੇ। ਮੇਰਾ ਮਨ ਸੋਚ ਰਿਹਾ ਸੀ।

ਇੱਕ ਵਜੇ ਦੇ ਕਰੀਬ ਉਹ ਸਫਾਈ ਸੇਵਕ ਆਪਣੀ ਡਿਊਟੀ ਪੂਰੀ ਕਰ ਕੇ ਜਾ ਰਿਹਾ ਸੀ। ਉਹ ਉਸੇ ਤਰ੍ਹਾਂ ਕੋਈ ਗੀਤ ਗਾਉਂਦਾ ਹਸਦਾ ਮੁਸਕਰਾਉਂਦਾ ਮੇਰੇ ਕੋਲੋਂ ਲੰਘ ਰਿਹਾ ਸੀ। ਹੁਣ ਉਸ ਨੇ ਕੱਪੜੇ ਬਦਲ ਲਏ ਸਨ। ਜੀਨ ਦੇ ਨਾਲ ਟੀ ਸ਼ਰਟ ਤੇ ਜਟਾਂ ਦੇ ਕਾਲਾ ਰੁਮਾਲ, ਉਸ ਨੂੰ ਬਹੁਤ ਜੱਚ ਰਹੇ ਸਨ। ਜਿਵੇਂ ਉਹ ਕਿਸੇ ਹਾਲੀਵੁੱਡ ਫਿਲਮ ਦਾ ਅਦਾਕਾਰ ਹੋਵੇ। ਮੇਰੇ ਕੋਲ ਆ ਕੇ ਹੈਰਾਨ ਹੁੰਦਾ ਉਹ ਬੋਲਿਆ,

"ਹੇ ਬਰਾਦਰ... ਯੂ ਆਰ ਸਟਿੱਲ ਹੀਅਰ?"

ਮੈਂ ਸਿਰਫ ਮੁਸਕਰਾਇਆ

ਉਹ ਹੈਵ ਏ ਨਾਈਸ ਡੇਅ ਕਹਿੰਦਾ, ਗੀਤ ਗਾਉਂਦਾ, ਲੰਚ ਬੈਗ ਚੁੱਕੀ ਐਲੀਵੇਟਰ ਵਿੱਚ ਜਾ ਵੜਿਆ। ਇਹ ਉਸ ਅਜਨਬੀ ਨਾਲ ਜੁੜਿਆ ਇੱਕ ਨਿਕਾ ਜਿਹਾ ਰਿਸ਼ਤਾ ਸੀ, ਜਿਸ ਦਾ ਮੈਨੂੰ ਨਾਂ ਨਾਮ ਪਤਾ ਸੀ ਤੇ ਨਾ ਦੇਸ਼। ਵੈਸੇ ਮੈਂ ਉਸ ਦਾ ਫਰਜੀ ਨਾਂ ਮੌਰਗਨ ਰੱਖ ਲਿਆ ਸੀ।

ਮੇਰੇ ਦੇਸ਼ ਵਾਸੀ ਨੇ ਮੈਨੂੰ ਦੇਸੀ ਸਮਝ ਕੇ ਕਿਹੋ ਜਿਹਾ ਨਫਰਤ ਦਾ ਰਿਸ਼ਤਾ ਸਿਰਜਿਆ ਸੀ, ਜੋ ਅਜੇ ਵੀ ਮੇਰੇ ਮਨ ਵਿੱਚ ਕੁਰਬਲ ਕੁਰਬਲ ਕਰ ਰਿਹਾ ਸੀ। ਤੇ ਇਸ ਅਜਨਬੀ ਰਿਸ਼ਤੇ ਵਿੱਚ ਫੁੱਲਾਂ ਦੇ ਟਹਿਕਣ ਵਰਗਾ ਅਹਿਸਾਸ ਸੀ।

ਮੈਂ ਰੇਹੜੀ ਲੈ ਕੇ ਏਧਰ ਉਧਰ ਘੁੰਮਦਾ, ਟਾਈਮ ਪਾਸ ਕਰਦਾ ਰਿਹਾ। ਸਮਾਂ ਕੀੜੀ ਦੀ ਤੋਰ ਤੁਰ ਰਿਹਾ ਸੀ। ਲੋਕ ਦਗੜ ਦਗੜ ਕਰਦੇ ਏਧਰ ਉਧਰ ਆ ਜਾ ਰਹੇ ਸਨ। 'ਜਰੂਰ ਇਹ ਸਾਰੇ ਕਨਫਰਮ ਟਿਕਟਾਂ ਵਾਲੇ ਹੋਣਗੇ' ਮੈਂ ਸੋਚਣ ਲੱਗਿਆ।

ਕਾਊਂਟਰਾਂ 'ਤੇ ਲੰਬੀਆਂ ਲਾਈਨਾਂ ਲੱਗਦੀਆਂ ਤੇ ਮੁੱਕਦੀਆਂ ਰਹੀਆਂ। ਦੁਨੀਆ ਦਾ ਇਹ ਬਿਜ਼ੀ ਏਅਰਪੋਰਟ ਹੋਣ ਕਾਰਨ ਭੀੜ ਭੜੱਕਾ ਹਰ ਵੇਲੇ ਹੀ ਬਣਿਆ ਰਹਿੰਦਾ। ਲੋਕਾਂ ਦੀ ਭਰੀ ਐਲੀਵੇਟਰ ਵਾਰ ਵਾਰ ਉੱਪਰ ਥੱਲੇ ਆ ਜਾ ਰਹੀ ਸੀ।

ਤਿੰਨ ਕੁ ਵਜੇ ਭਾਰਤ ਜਾਣ ਵਾਲੀ ਬੀ. ਏ. 77 ਦਾ ਕਾਊਂਟਰ ਖੁੱਲ ਗਿਆ। ਦੇਖਦਿਆਂ ਹੀ ਦੇਖਦਿਆਂ ਸਾਰੇ ਕਾਊਂਟਰਾ 'ਤੇ ਲੰਬੀਆਂ ਲਾਈਨਾਂ ਲੱਗ ਗਈਆਂ। ਬਹੁਤ ਸਾਰੇ ਪੰਜਾਬੀ ਲੋਕ ਵੀ ਨਜ਼ਰ ਆ ਰਹੇ ਸਨ। ਮੈਂ ਕਾਊਂਟਰ 'ਤੇ ਜਾ ਕੇ ਪਤਾ ਕੀਤਾ ਤਾਂ ਇਸ ਫਲਾਈਟ ਵਿੱਚ ਚਾਰ ਸੀਟਾਂ ਖਾਲੀ ਸਨ। ਮੇਰੇ ਤੋਂ ਅੱਗੇ ਦੋ ਸਟੈਂਡਬਾਈ ਏਅਰ ਲਾਈਨ ਕਰਮਚਾਰੀ ਸਨ। ਫਲਾਈਟ ਕਾਫੀ ਭਰੀ ਹੋਈ ਸੀ, ਪਰੰਤੂ ਫੇਰ ਵੀ ਚਾਨਸ ਸੀ।

ਦੂਜੀ ਵਾਰ ਪੁੱਛਣ 'ਤੇ ਮੈਨੂੰ ਕਾਊਂਟਰ 'ਤੇ ਬੈਠੀ ਕੁੜੀ ਨੇ ਦੱਸਿਆ ਕਿ

"ਸਟੈਂਡਬਾਈ ਮੁਸਾਫਰਾਂ ਨੇ ਬਲਿਊ ਜ਼ੋਨ ਵਿੱਚ ਜਾਣਾ ਹੈ ਜਿੱਥੇ ਬੈਠਣ ਲਈ ਚੇਅਰਾਂ ਹਨ। ਤੁਹਾਡਾ ਨਾਂ ਰਜਿਸਟਰਡ 'ਤੇ ਹੈ, ਉੱਥੇ ਬਹਿ ਕੇ ਦੇਖਦੇ ਰਹਿਣਾ...। ਜਿਸ ਨੂੰ ਵੀ ਸੀਟ ਮਿਲੇਗੀ, ਉਸਦਾ ਨਾਂ ਟੀ ਵੀ ਸਕਰੀਨ ਤੇ ਆ ਜਾਵੇਗਾ।"

ਮੈਂ ਕੁੱਝ ਅੱਗੇ ਜਾ ਕੇ ਉਹ ਬਲਿਊ ਜ਼ੋਨ ਲੱਭ ਲਿਆ। ਅੰਦਰ ਕਾਫੀ ਸੋਫੇ ਤੇ ਕੁਰਸੀਆਂ ਲੱਗੇ ਹੋਏ ਸਨ। ਕੁੱਝ ਮੁਸਾਫਰ ਬੈਠੇ ਟੀ ਵੀ ਸਕਰੀਨਾਂ ਵੱਲ ਝਾਕ ਰਹੇ ਸਨ। ਜਿੱਥੇ ਸਟੈਂਡਬਾਈ ਮੁਸਾਫਰਾਂ ਦੀ ਲਿਸਟ ਆ ਰਹੀ ਸੀ। ਜਿਸ ਦਾ ਨਾਂ ਆਉਂਦਾ, ਉਹ ਸਮਾਨ ਦੀ ਰੇਹੜੀ ਲੈ ਕੇ ਕਾਊਂਟਰਾਂ ਵੱਲ ਤੁਰ ਜਾਂਦਾ। ਮੈਂ ਵੀ ਉਹਨਾਂ ਵਿੱਚ ਜਾ ਕੇ ਬੈਠ ਗਿਆ।

ਚਾਰ ਵਜੇ ਤੱਕ ਮੇਰਾ ਨਾਂ ਸਕਰੀਨ 'ਤੇ ਨਹੀਂ ਸੀ ਆਇਆ। ਮੈਂ ਚਿੰਤਤ ਹੋ ਗਿਆ। ਫਲਾਈਟ ਤਾਂ ਪੰਜ ਵਜੇ ਨਿੱਕਲਣੀ ਸੀ। ਮੈਂ ਰੇਹੜੀ ਲੈ ਕੇ ਫੇਰ ਕਾਊਂਟਰ ਏਰੀਏ ਵਿੱਚ ਚਲਾ ਗਿਆ, ਜਿੱਥੇ ਚੈਕਇਨ ਹੋ ਰਹੀ ਸੀ। ਮੈਂ ਉਸ ਏਰੀਏ ਦੇ ਇੰਚਾਰਜ ਨੂੰ ਜਾ ਕੇ ਪੁੱਛਿਆ। ਤਾਂ ਉਸ ਨੇ ਦੱਸਿਆ ਕਿ

"ਚਿੰਤਾ ਕਰਨ ਦੀ ਲੋੜ ਨਹੀਂ। ਦੋ ਸਟੈਂਡਬਾਈ ਸੀਟਾਂ ਅਜੇ ਖਾਲੀ ਹਨ ਤੇ ਤੇਰੇ ਅੱਗੇ ਕੋਈ ਨਹੀਂ ਹੈ। ਏਥੇ ਰੁਕ ਕੇ ਉਡੀਕ ਕਰ, ਜਦੋਂ ਚੈਕਇਨ ਕੰਪਲੀਟ ਹੋ ਗਈ, ਫੇਰ ਤੁਹਾਨੂੰ ਆਵਾਜ਼ ਮਾਰੀ ਜਾਵੇਗੀ"

ਮੈਂ ਕਾਊਂਟਰ ਤੋਂ ਕੁੱਝ ਦੂਰ ਖੜ ਕੇ ਹਾਕ ਪੈਣ ਦੀ ਉਡੀਕ ਕਰਨ ਲੱਗਿਆ।

ਸਾਢੇ ਚਾਰ ਵੱਜ ਗਏ। ਕਾਊਂਟਰ ਤੇ ਬੈਠੀ ਲੜਕੀ ਆਪਣਾ ਸਮਾਨ ਸਮੇਟਣ ਲੱਗੀ ਤੇ ਉਸ ਦੀ ਜਗਾ ਇੱਕ ਹੋਰ ਔਰਤ ਨੇ ਕਾਊਂਟਰ ਸੰਭਾਲ ਲਿਆ। ਮੈਂ ਹੋਰ ਵੀ ਘਬਰਾ ਗਿਆ ਕਿ ਜੇ ਇਹ ਫਲਾਈਟ ਵੀ ਨਿੱਕਲ ਗਈ ਤਾਂ ਕੱਲ ਤੱਕ ਫੇਰ ਕੋਈ ਫਲਾਈਟ ਵੀ ਦਿੱਲੀ ਨਹੀਂ ਜਾਵੇਗੀ।

ਮੈਂ ਮੈਨੇਜਰ ਦੇ ਦਫਤਰ ਚਲਾ ਗਿਆ। ਉਹ ਔਰਤ ਬੜੇ ਬੜੇ ਸਲੀਕ ਨਾਲ ਪੇਸ਼ ਆਈ ਤੇ ਬੋਲੀ

"ਮੇਰੀ ਡਿਊਟੀ ਖਤਮ ਹੋ ਗਈ ਹੈ। ਪਰ ਮੈਂ ਦੇਖ ਲੈਂਦੀ ਆਂ।"

ਉਸ ਨੇ ਬੰਦ ਕੀਤੀ ਸਕਰੀਨ ਮੁੜ ਖੋਹਲੀ ਤੇ ਬੋਲੀ "ਜਾ ਦੌੜ ਜਾ... ਜਲਦੀ ਕਰ... ਅਜੇ ਦੋ ਸੀਟਾਂ ਖਾਲੀ ਪਈਆਂ ਨੇ। ਕਾਊਂਟਰ ਤੇ ਜਾ ਤੇ ਆਪਣਾ ਸਮਾਨ ਜਮਾ ਕਰਵਾ... ਜਲਦੀ।" ਮੈਂ ਦੌੜਦਾ ਫੇਰ ਕਾਊਂਟਰ ਤੇ ਆ ਗਿਆ।



ਕਾਊਂਟਰ 'ਤੇ ਬੈਠੀ ਔਰਤ ਮੈਨੂੰ ਖਿੱਝ ਕੇ ਬੋਲੀ ਕਿ "ਜੇ ਤੇਰਾ ਨਾਂ ਹੋਇਆ ਤਾਂ ਤੈਨੂੰ ਜਰੂਰ ਆਵਾਜ਼ ਮਾਰਾਂਗੇ, ਜਾਂ ਉਥੇ ਜਾ ਕੇ ਖੜ!" ਮੈਨੂੰ ਉਸ ਦੇ ਵਿਵਹਾਰ ਵਿੱਚੋਂ ਮਿਸ਼ਰੇ ਦਾ ਭੁਲੇਖਾ ਪਿਆ।

"ਉਸ ਸੁੰਦਰ ਸਾਵਲੀ ਤਿੱਖੇ ਨੈਣ ਨਕਸ਼ਾਂ ਵਾਲੀ ਮੈਨੇਜਰ ਨੇ ਤਾਂ ਮੈਨੂੰ ਸੀਟ ਮਿਲਣ ਦਾ ਯਕੀਨ ਦੁਆਇਆ ਸੀ...? ਪਰ ਉਹ ਤਾਂ ਹੁਣ ਜਾ ਚੁੱਕੀ ਸੀ। ਸ਼ਾਇਦ ਉਸ ਦੀ ਨੇਮ-ਪਲੇਟ ਤੇ ਉਸਦਾ ਨਾਂ ਰੋਜ਼ਮੈਰੀ ਲਿਖਿਆ ਹੋਇਆ ਸੀ। ਇਹ ਪੈਂਤੀਆ ਕੁ ਵਰਿਆਂ ਦੀ ਖਿੜੇ ਗੁਲਾਬ ਵਰਗੀ ਔਰਤ, ਮੈਨੂੰ ਹੈਵ ਏ ਨਾਈਸ ਜਰਨੀ ਕਹਿੰਦੀ ਤੁਰ ਗਈ ਸੀ।

ਹੁਣ ਕਾਊਂਟਰ 'ਤੇ ਬੈਠੀ ਸੜੀ ਬੁਝੀ ਔਰਤ ਮੈਨੂੰ ਨੇੜੇ ਨਹੀਂ ਸੀ ਫਟਕਣਾ ਦੇ ਰਹੀ। ਅਜਿਹੇ ਖੜੂਸ ਲੋਕਾਂ ਨੂੰ ਤਾਂ ਹਵਾਈ ਅੱਡਿਆਂ ਤੇ ਹੋਣਾ ਹੀ ਨਹੀਂ ਚਾਹੀਦਾ...।

ਮੈ ਖੜਾ ਸੋਚਦਾ ਰਿਹਾ ਤੇ ਘੜੀ ਦੀਆਂ ਸੂਈਆਂ ਅੱਗੇ ਸਰਕਦੀਆਂ ਰਹੀਆਂ।

ਕਾਊਂਟਰ 'ਤੇ ਬੈਠੀ ਔਰਤ ਹੁਣ ਆਪਣਾ ਕੰਮਪਿਊਟਰ ਦੇਖ ਰਹੀ ਸੀ। ਮੈਨੂੰ ਜਾਪਿਆ ਕਿ ਉਹ ਫਲਾਈਟ ਕਲੋਜ਼ ਕਰ ਰਹੀ ਹੈ। ਮੈਂ ਫੇਰ ਦੌੜ ਕੇ ਉਸ ਨੂੰ ਪੁੱਛਣ ਗਿਆ ਤਾਂ ਉਸ ਨੇ ਮੇਰੀ ਚੰਗੀ ਝਾੜ ਝੰਬ ਕੀਤੀ,

"ਤੈਨੂੰ ਇੱਕ ਵਾਰ ਕਿਹਾ ਏ... ਤੈਨੂੰ ਸਮਝ ਨੀ ਲੱਗਦੀ? ਜਾ ਉੱਥੇ ਜਾ ਕੇ ਖੜ੍ਹ ਜਾਂ... ਅਜੇ ਚੈਕਿੰਗ ਪੂਰੀ ਨਹੀਂ ਹੋਈ। ਜੇ ਸੀਟ ਹੋਈ ਤਾਂ ਬੁਲਾ ਲਵਾਂਗੀ।" ਉਹ ਮਿਸ਼ਰੇ ਦੀ ਵੀ ਮਾਂ ਲੱਗਦੀ ਸੀ।

ਮੈਂ ਪਰੇ ਜਾ ਕੇ ਖੜੋ ਗਿਆ ਤੇ ਉਹ ਫੋਨ 'ਤੇ ਲੱਗ ਗਈ। ਉਹ ਕਿਸੇ ਨੂੰ ਫੋਨ ਕਰਕੇ ਜਲਦੀ ਆਉਣ ਲਈ ਕਹਿ ਰਹੀ ਸੀ। ਕੁੱਝ ਹੀ ਪਲਾਂ ਬਾਅਦ ਇੱਕ ਮਰਦ ਤੇ ਔਰਤ ਰੇਹੜੀਆਂ ਦੁੜਾਉਂਦੇ ਕਾਊਂਟਰ ਤੇ ਆ ਗਏ। ਉਸ ਦੀਆਂ ਉਂਗਲਾਂ ਫਟਾਫਟ ਕੀ ਬੋਰਡ 'ਤੇ ਚੱਲੀਆਂ।

ਹੁਣ ਉਹ ਮੁਸਕਰਾ ਵੀ ਰਹੀ ਸੀ ਤੇ ਹੱਸ ਹੱਸ ਗੱਲਾਂ ਵੀ ਕਰ ਰਹੀ ਸੀ। ਉਸ ਨੇ ਉਨ੍ਹਾਂ ਦਾ ਸਮਾਨ ਟੈਗ ਲਾ ਕੇ ਬੈਲਟ ਤੇ ਭੇਜ ਦਿੱਤਾ, ਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਸਕਿਉਰਟੀ ਕਰਵਾ ਕੇ ਨਿੱਕਲਣ ਲਈ ਕਿਹਾ। ਉਹ ਫੇਰ ਕੰਮਪਿਊਟਰ 'ਤੇ ਲੱਗ ਗਈ।

ਮੈਂ ਬਹੁਤ ਪਰੇਸ਼ਾਨ ਹੋ ਗਿਆ ਤੇ ਕਾਊਂਟਰ ਵਲ ਵਧਣ ਲੱਗਾ। ਉਹ ਦੂਰੋਂ ਹੀ ਬੋਲੀ ,

"ਸਰ ਫਲਾਈਟ ਕਲੋਜ ਹੋ ਚੁੱਕੀ ਏ, ਵੀ ਹੈਵ ਨੋ ਸੀਟ... ਸੌਰੀ!"

ਉਸ ਨੇ ਘੋਟ ਕੇ ਕਿਹਾ। ਤੇ ਕਾਊਂਟਰ ਬੰਦ ਕਰਕੇ ਤੁਰਦੀ ਬਣੀ। ਮੈਂ ਪ੍ਰੇਸ਼ਾਨ ਹੋਇਆ ਦੇਖਦਾ ਹੀ ਰਹਿ ਗਿਆ।

ਪ੍ਰਵਾਸ ਵਿੱਚ ਰਹਿੰਦਿਆਂ ਮੈਂ ਦੋਨਾਂ ਤਰ੍ਹਾਂ ਦੇ ਲੋਕ ਵੇਖੇ ਸਨ, ਮਨੁੱਖਤਾ ਨਾਲ ਭਰੇ ਹੋਏ ਵੀ ਤੇ ਨਸਲਵਾਦ ਅਤੇ ਹੰਕਾਰ ਦੇ ਡੰਗੇ ਹੋਏ ਵੀ। ਅਜਿਹੇ ਲੋਕ ਕਿਸੇ ਵੀ ਕੌਮ ਵਿੱਚ ਜਾਂ ਕਿਸੇ ਵੀ ਥਾਂ ਹੋ ਸਕਦੇ ਨੇ। ਇਸ ਦੀ ਉਦਾਹਰਣ ਹੁਣ ਵੀ ਮੇਰੇ ਸਾਹਮਣੇ ਸੀ। ਉਸ ਦੀ ਦੁਰ-ਪਰੇ ਦੁਰ -ਪਰੇ ਵਾਲੀ ਮਾਨਸਿਕਤਾ ਮੈਨੂੰ ਬਹੁਤ ਚੁਭਦੀ ਰਹੀ। ਮੈਂ ਏਥੇ ਵੀ ਕੁੱਝ ਨਹੀਂ ਸੀ ਕਰ ਸਕਦਾ।

ਮੈਂ ਉਸੇ ਬੈਂਚ ਤੇ ਵਾਪਿਸ ਜਾ ਬੈਠਾ। ਹੁਣ ਮੈਂ ਕੀ ਕਰਨਾ ਸੀ? ਰਾਤ ਕਿੱਥੇ ਕੱਟਣੀ ਸੀ? ਇਹ ਸਭ ਕੁੱਝ ਮੈਨੂੰ ਪਰੇਸ਼ਨ ਕਰਨ ਲੱਗਾ। ਮੈਨੂੰ ਤਾਂ ਏਥੋਂ ਵਾਪਿਸ ਕੈਨੇਡਾ ਫੋਨ ਕਰਨ ਦੀ ਵੀ ਸਮੱਸਿਆ ਸੀ। ਚੰਗਾ ਇਹ ਸੀ ਕਿ ਮੇਰਾ ਰੌਜ਼ਰ ਦਾ ਡੈਟਾ ਔਨ ਸੀ। ਪੈਸੇ ਤਾਂ ਕਾਫੀ ਪੈਣੇ

ਸਨ ਪਰੰਤੂ ਮੈਂ ਘਰ ਨੂੰ ਫੋਨ ਕਰਕੇ ਆਪਣੇ ਨਾਲ ਹੋਈ ਬੀਤੀ ਦੱਸ ਦਿੱਤੀ। ਅੱਗੋਂ ਘਰਦੇ ਵੀ ਪਰੇਸ਼ਾਨ ਹੋ ਗਏ। ਕਹਿੰਦੇ ਫੇਰ ਤਾਂ ਹੋਟਲ ਲੱਭਣ ਬਿਨਾਂ ਹੋਰ ਕੋਈ ਚਾਰਾ ਨਹੀਂ। ਪਤਨੀ ਨੇ ਇਹ ਵੀ ਕਿਹਾ ਕਿ ਉਹ ਆਪਣੀ ਇੰਗਲੈਂਡ ਰਹਿੰਦੀ ਭੂਆ ਦੇ ਘਰ ਫੋਨ ਕਰਕੇ ਵੇਖਦੀ ਹੈ, ਜੇ ਉਹ ਕੋਈ ਮੱਦਦ ਕਰ ਸਕਦੇ ਹੋਏ।

"ਬਿਦੇਸ਼ਾਂ ਵਿੱਚ ਹਰ ਕਿਸੇ ਦੀ ਜੌਬ ਤੇ ਰੁਝੇਵੇਂ ਹੋਣ ਕਾਰਨ, ਪਤਾ ਨਹੀਂ ਕਿ ਅਗਲਾ ਘਰ ਮਿਲੇ ਵੀ ਜਾਂ ਨਾ? ਕਿਸੇ ਕੋਲ ਵਕਤ ਹੋਵੇ ਜਾਂ ਨਾ ... ?"

"ਤੁਸੀਂ ਉਨ੍ਹੀ ਦੇਰ ਕੋਈ ਹੋਟਲ ਲੱਭੋ, ਕਿਤੇ ਵਾਈ ਫਾਈ ਟ੍ਰਾਈ ਕਰ ਲਵੋ। ਜੇ ਨਾ ਚੱਲਿਆ ਤਾਂ ਡੈਟਾ ਵਰਤ ਲਵੋ। ਐਮਰਜੈਂਸੀ ਵਿੱਚ ਹੁਣ ਹੋਰ ਕੀ ਕਰਨਾ ਹੈ?" ਪਤਨੀ ਫਿਕਰਮੰਦ ਹੋਈ ਕਹਿ ਰਹੀ ਸੀ।

ਫੇਰ ਕੁੱਝ ਹੀ ਦੇਰ ਬਾਅਦ ਪਤਨੀ ਦਾ ਟੋਰਾਂਟੋ ਤੋਂ ਫੋਨ ਆ ਗਿਆ,

"ਤੁਸੀਂ ਗਰਾਊਂਡ ਫਲੋਰ ਤੇ ਅਰਾਈਵਲ ਏਰੀਏ ਵਿੱਚ ਸੜਕ ਤੇ ਚਲੇ ਜਾਉ। ਤਾਜ਼ ਫੁੱਫੜ ਜੀ ਤੇ ਉਨ੍ਹਾਂ ਦਾ ਬੇਟਾ ਬੌਬੀ ਤੁਹਾਨੂੰ ਚੁੱਕਣ ਲਈ ਆ ਰਹੇ ਨੇ। ਰਾਤ ਉੱਥੇ ਰਹਿ ਪੈਣਾ। ਸਵੇਰੇ ਉਹ ਛੱਡ ਜਾਣਗੇ ਤੇ ਫਲਾਈਟ ਟ੍ਰਾਈ ਕਰ ਲੈਣਾ"

ਮੇਰੇ ਸਾਹ ਵਿੱਚ ਸਾਹ ਆਇਆ। ਮੈਂ ਸਮਾਨ ਵਾਲੀ ਰੇਹੜੀ ਰੋਹੜਦਾ ਬਾਹਰ ਨੂੰ ਤੁਰ ਪਿਆ। ਸਰਦ ਹਵਾ ਵਗ ਰਹੀ ਸੀ, ਬਰਫ ਮਿਲਿਆ ਮੀਂਹ ਪੈ ਰਿਹਾ ਸੀ। ਬਾਹਰ ਸੰਘਣੀ ਧੁੰਦ ਸੀ। ਮੈਨੂੰ ਤਾਂ ਜਿਵੇਂ ਕੰਬਣੀ ਛਿੜ ਗਈ। ਬਹੁਤ ਸਾਰੇ ਮੁਸਾਫਿਰ ਅੰਦਰ ਬਾਹਰ ਆ ਜਾ ਰਹੇ ਸਨ।

ਮੈਂ ਬਾਹਰ ਸੜਕ ਕਿਨਾਰੇ ਖੜ ਕੇ ਉਡੀਕਣ ਲੱਗਾ। ਤੇ ਸੋਚਣ ਲੱਗਿਆ ਜੀਵਨ ਵਿੱਚ ਫੁੱਲ ਤੇ ਕੰਡੇ ਦੋਵੇਂ ਨੇ। ਸੁੱਖਾਂ ਦੁੱਖਾਂ ਦਾ ਸੁਮੇਲ ਹੀ ਜ਼ਿੰਦਗੀ ਆ। ਪਿਛਲੀ ਵਾਰ ਜਦੋਂ ਮੈਂ ਏਥੇ ਆਇਆ ਸੀ ਤਾਂ ਮੇਰੇ ਕੋਲ ਦੋ ਹੈਂਡ ਬੈਗ ਤੇ ਦੋ ਅਟੈਚੀ ਸਨ। ਮੇਰੀ ਰੇਹੜੀ ਦੂਸਰੇ ਟਰਮੀਨਲ ਤੇ ਜਾਣ ਲਈ ਟਰੇਨ ਵਿੱਚ ਨਹੀਂ ਸੀ ਚੜ੍ਹ ਰਹੀ ਤਾਂ ਕਿਵੇਂ ਇੱਕ ਭਾਰਤੀ ਕੁੜੀ ਨੇ ਮੇਰੀ ਮੱਦਦ ਕੀਤੀ ਸੀ। ਖੁਦ ਨਾਲ ਜਾ ਕੇ ਮੈਨੂੰ ਦੂਸਰੇ ਤੇ ਟਰਮੀਨਲ ਤੇ ਛੱਡ ਕੇ ਆਈ ਸੀ। ਮੈਨੂੰ ਉਹ ਗੋਰੀ ਔਰਤ ਵੀ ਯਾਦ ਆਈ ਜਿਸ ਨੇ ਮੈਨੂੰ ਪਿਛਲੀ ਵਾਰ ਟੋਰਾਂਟੋ ਜਾਣ ਸਮੇਂ ਕਿਹਾ ਸੀ,

"ਤੇਰੀ ਫਲਾਈਟ ਤਾਂ ਚਾਰ ਵਜੇ ਆ, ਹੁਣ ਤਾਂ ਗਿਆਰਾਂ ਵੱਜੇ ਨੇ...। ਚਾਰ ਪੰਜ ਘੰਟੇ ਏਨੇ ਸਮਾਨ ਨਾਲ ਏਅਰਪੋਰਟ ਤੇ ਬੈਠ ਕੇ ਕੀ ਕਰੇਂਗਾ? ਲਿਆ ਮੈਂ ਤੈਨੂੰ ਟੋਰਾਂਟੋ ਨੂੰ ਇੱਕ ਵਜੇ ਜਾਣ ਵਾਲੀ ਫਲਾਈਟ ਵਿੱਚ ਭੇਜ ਦਿਆਂ। ਉਸ ਵਿੱਚ ਕੁੱਝ ਸੀਟਾਂ ਖਾਲੀ ਜਾ ਰਹੀਆਂ ਨੇ। ਤੇਰਾਂ ਟਾਈਮ ਬਚ ਜਾਵੇਗਾ। ਘਰ ਜਾ ਕੇ ਅਰਾਮ ਕਰੀਂ।"

ਕਿੰਨੀ ਚੰਗੀ ਸੀ ਉਹ ਔਰਤ ਖਿੜੇ ਹੋਏ ਗ਼ੁਲਾਬ ਵਰਗੀ।

ਮੇਰੇ ਹਾਂ ਕਰਨ ਤੇ ਉਸ ਨੇ ਝੱਟ ਬੋਰਡਿੰਗ ਪਾਸ ਬਣਾ ਕੇ ਮੈਨੂੰ ਫੜਾ ਦਿੱਤਾ ਸੀ। ਜਦੋਂ ਮੈਂ ਘਰ ਫੋਨ ਕਰਕੇ ਤਿੰਨ ਘੰਟੇ ਪਹਿਲਾਂ ਆਉਣ ਬਾਰੇ ਦੱਸਿਆ ਤਾਂ ਉਹ ਵੀ ਹੈਰਾਨ ਰਹਿ ਗਏ ਸਨ।

ਮੈਂ ਸੋਚ ਰਿਹਾ ਸੀ, ਸਾਰੇ ਲੋਕ ਵੀ ਮਾੜੇ ਨਹੀਂ ਹੁੰਦੇ।

ਉਸੇ ਵਕਤ ਇੱਕ ਗੱਡੀ ਮੇਰੇ ਬਰਾਬਰ ਆ ਕੇ ਰੁਕੀ।



ਤਾਜ਼ ਫੁੱਫੜ ਜੀ ਨੇ ਮੈਨੂੰ ਵੇਖ ਕੇ ਗੱਡੀ ਚੋਂ ਉੱਤਰ ਆਏ। ਬੜੇ ਪਿਆਰ ਨਾਲ ਮਿਲੇ। ਬੌਬੀ ਮੇਰਾ ਸਮਾਨ ਚੁੱਕ ਕੇ ਗੱਡੀ ਦੇ ਟਰੰਕ ਵਿੱਚ ਰੱਖਣ ਲੱਗਿਆ। ਗੱਲਾਂ ਮਾਰਦੇ ਅਸੀਂ ਜਲਦੀ ਹੀ ਉਨ੍ਹਾਂ ਦੇ ਘਰ ਜਾ ਪਹੁੰਚੇ। ਨਹਾ ਧੋਅ ਕੇ ਖਾਣਾ ਖਾਧਾ ਤੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਸਾਡੀਆਂ ਗੱਲਾਂ ਦਾ ਵਿਸ਼ਾ ਨਸਲੀ ਵਿਤਕਰਾ, ਹੰਕਾਰ ਤੇ ਮਨੁੱਖੀ ਸੁਭਾਅ ਹੀ ਰਿਹਾ। ਮੈਂ ਆਪਣਾ ਸਮਾਨ ਉਸੇ ਤਰ੍ਹਾਂ ਗੱਡੀ ਵਿੱਚ ਹੀ ਪਿਆ ਰਹਿਣ ਦਿੱਤਾ। ਕਿਉਂਕਿ ਸਾਝਰੇ ਹੀ ਫੇਰ ਅਸੀਂ ਏਅਰਪੋਰਟ ਤੇ ਪਹੁੰਚਣਾ ਸੀ।

ਦੂਸਰੇ ਦਿਨ ਤੜਕੇ ਹੀ ਭੂਆ ਜੀ ਨੇ ਬਰੇਕਫਾਸਟ ਬਣਾ ਦਿੱਤਾ, ਖਾ ਕੇ ਅਸੀਂ ਟਰਮੀਨਲ ਪੰਜ ਤੇ ਜਾ ਪਹੁੰਚੇ। ਇੰਗਲੈਂਡ ਦਾ ਮੌਸਮ ਅੱਜ ਵੀ ਧੁੰਦ ਤੇ ਮੀਂਹ ਕਣੀ ਵਾਲਾ ਸੀ। ਫੁੱਫੜ ਜੀ ਧੱਕੇ ਨਾਲ ਹੀ ਮੇਰੇ ਤੋਂ ਫੜਕੇ ਰੇਹੜੀ ਰੋਹੜਦੇ ਜਾ ਰਹੇ ਸਨ। ਅਸੀਂ ਅਜੇ ਕਾਊਂਟਰ ਤੇ ਪਤਾ ਕਰਨ ਜਾ ਹੀ ਰਹੇ ਸਾਂ, ਕਿ ਰੋਜ਼ਮੈਰੀ ਪਤਾ ਨਹੀਂ ਕਿੱਧਰੋਂ ਆ ਗਈ। ਮੈਨੂੰ ਦੇਖ ਕੇ ਹੈਰਾਨ ਹੁੰਦੀ ਬੋਲੀ

"ਵੱਟ ਆਰ ਯੂ ਡੂਇੰਗ ਹੀਅਰ?"

ਉਹ ਪਰੇਸ਼ਾਨ ਹੋ ਗਈ ਸੀ, ਕਿ ਮੈਨੂੰ ਤਾਂ ਕੱਲ ਜਾਣਾ ਚਾਹੀਦਾ ਸੀ, ਮੈਂ ਹੁਣ ਏਥੇ ਕੀ ਕਰ ਰਿਹਾਂ ਹਾਂ।

ਰੋਜ਼ਮੈਰੀ ਨੇ ਅੱਠ ਵਜੇ ਕੰਮ ਸ਼ੁਰੂ ਕਰਨਾ ਸੀ, ਤੇ ਉਹ ਏਥੇ ਸਰਵਿਸ ਮੈਨੇਜਰ ਸੀ। ਮੈਂ ਕੱਲ ਬੀਤੀ ਸਾਰੀ ਕਹਾਣੀ ਉਸ ਨੂੰ ਸੁਣਾ ਦਿੱਤੀ। ਤੇ ਦੱਸਿਆ ਕਿ ਮੈਨੂੰ ਸੀਟ ਨਹੀਂ ਮਿਲੀ, ਮੈਂ ਫਲਾਈਟ ਕਲੋਜ਼ ਹੋਣ ਤੱਕ ਮਿਨਤਾਂ ਕਰਦਾ ਰਿਹਾ।

"ਹਾਓ ਇਟਜ਼ ਹੈਪਨਡ? ਇਹ ਹੋ ਨਹੀਂ ਸਕਦਾ! ਮੈਂ ਤਾਂ ਸਭ ਕੁੱਝ ਸੈੱਟ ਕਰਕੇ ਗਈ ਸੀ, ਬੱਸ ਬੋਰਡਿੰਗ ਪਾਸ ਹੀ ਪਰਿੰਟ ਕਰਨਾ ਸੀ। ਉਸ ਵਕਤ ਦੋ ਸੀਟਾਂ ਵੀ ਖਾਲੀ ਸਨ...।"

ਜਦ ਮੈਂ ਉਸ ਕਾਊਂਟਰ ਤੇ ਬੈਠੀ ਲੇਡੀ ਦੇ ਵਰਤਾਅ ਬਾਰੇ ਦੱਸਿਆ, ਤਾਂ ਉਹ ਖਿੱਝ ਕੇ ਬੋਲੀ

"ਲਿੰਡਾ ਬਾਸਟਰਡ!"

ਉਸ ਨੇ ਮੈਨੂੰ ਆਪਣੇ ਨਾਲ ਆਉਣ ਲਈ ਕਿਹਾ। ਜਾਣ ਸਾਰ ਉਸ ਨੇ ਆਪਣਾ ਕੰਪਿਊਟਰ ਲਾਗਇਨ ਕਰ ਲਿਆ ਤੇ ਪਾਸਵਰਡ ਪਾ ਕੇ ਉਸ ਨੂੰ ਦੇਖਦੀ ਬੋਲੀ।

"ਉਸ ਨੇ ਤੇਰੀ ਬੁਕਿੰਗ ਕੈਂਸਲ ਕਰ ਕੇ, ਸੀਟਾਂ ਕਿਸੇ ਹੋਰ ਨੂੰ ਦੇ ਦਿੱਤੀਆ। ਇਸ ਤਰ੍ਹਾਂ ਉਹ ਕਿਵੇਂ ਕਰ ਸਕਦੀ ਆ? ਇਹ ਤਾਂ ਵਿਤਕਰਾ ਹੈ, ਮੈਂ ਉਸਦੀ ਕੰਪਲੇਟ ਕਰਾਂਗੀ। ਉਹ ਬਹੁਤ ਰੇਸਿਸਟ ਹੈ, ਪਹਿਲਾਂ ਵੀ ਉਸ ਦੀਆਂ ਬਹੁਤ ਕੰਮਲੇਟਾਂ ਨੇ। ਉਹ ਬਰਾਊਨ ਤੇ ਬਲੈਕ ਲੋਕਾਂ ਨੂੰ ਪਸੰਦ ਨੀ ਕਰਦੀ।" ਰੋਜ਼ਮੈਰੀ ਦੇ ਮੱਥੇ ਦੀਆਂ ਤਿਊੜੀਆਂ ਕੱਸੀਆਂ ਗਈਆਂ।

ਉਸ ਨੇ ਮੇਰੇ ਤੋਂ ਪਾਸਪੋਰਟ ਫੜਿਆ ਤੇ ਫਟਾ ਫਟ ਬੋਰਡਿੰਗ ਪਾਸ ਪਰਿੰਟ ਕਰ ਦਿੱਤਾ। ਬੋਲੀ ਸਮਾਨ ਮੇਰੇ ਦਫਤਰ ਵਿੱਚ ਹੀ ਲੈ ਆ। ਮੈਂ ਫੁਫੜ ਜੀ ਨੂੰ ਹਾਕ ਮਾਰੀ ਤੇ ਉਹ ਰੇਹੜੀ ਉਥੇ ਹੀ ਲੈ ਆਏ। ਰੋਜ਼ਮੈਰੀ ਨੇ ਉੱਥੋਂ ਹੀ ਚੈੱਕਇਨ ਕਰਕੇ, ਟੈਗ ਲਗਾ, ਸਮਾਨ ਬੈਲਟ ਤੇ ਚੜ੍ਹਾ ਦਿੱਤਾ। ਲੱਗਜ ਬੈਲਟ ਉਸ ਦੇ ਦਫਤਰ ਨਾਲ ਹੀ ਅਟੈਚ ਸੀ। ਤੇ ਬੋਲੀ,

"ਹੁਣ ਸਕਿਊਰਟੀ ਕਰਵਾ ਕੇ ਜਲਦੀ ਦੌੜ ਜਾ, ਫਲਾਈਟ ਉਡਣ ਵਿੱਚ ਦੋ ਘੰਟੇ ਬਾਕੀ ਨੇ। ਹੁਣ ਕਿਤੇ ਨਾ ਰੁਕੀਂ...।" ਕਰੈਡਿਟ ਕਾਰਡ ਤੇ ਪਾਸਪੋਰਟ ਮੋੜਦੀ ਉਹ ਬੋਲੀ।

ਉਸਦੀ ਮੁਸਕਰਾਹਟ ਵਿੱਚ ਕੋਈ ਨਿੱਘ ਭਰਿਆ ਰਿਸ਼ਤਾ ਸੀ। ਪਤਾ ਨਹੀਂ ਉਹ ਮੇਰੀ ਕੀ ਲੱਗਦੀ ਸੀ। ਤੇ ਮੇਰਾ ਉਸ ਨਾਲ ਕੀ ਰਿਸ਼ਤਾ ਸੀ? ਜੋ ਮੇਰਾ ਏਨਾ ਕਰ ਰਹੀ ਸੀ...। ਉਸ ਨੇ ਤਾਂ ਮੁੜਕੇ ਮੈਨੂੰ ਕਦੇ ਮਿਲਣਾ ਵੀ ਨਹੀਂ ਸੀ?

ਮੈਨੂੰ ਉਸ ਨੇ ਬੜੇ ਬੜੇ ਪਿਆਰ ਨਾਲ ਵਿਦਾ ਕਰਦਿਆਂ ਕਿਹਾ ਸੀ।

"ਹੈਵ ਏ ਨਾਈਸ ਜਰਨੀ!"

ਸਕਿਉਰਟੀ ਕਰਵਾ ਕੇ ਮੈਂ ਵੇਟਿੰਗ ਏਰੀਏ ਵਿੱਚ ਜਾ ਬੈਠਾ ਤੇ ਸੋਚਦਾ ਰਿਹਾ। ਰੋਜ਼ਮੈਰੀ ਨੇ ਵੀ ਮੈਨੇਜਰ ਦੇ ਅਹੁਦੇ ਤੱਕ ਪਹੁੰਚਦਿਆਂ ਪਤਾ ਨਹੀਂ ਕਿੰਨਾ ਕੁ ਨਸਲਵਾਦ ਤੇ ਵਿਤਕਰਾ ਝੱਲਿਆ ਹੋਵੇਗਾ। ਦੇਖਣ ਨੂੰ ਉਹ ਕਰੇਬੀਅਨ ਲੱਗਦੀ ਸੀ, ਸ਼ਾਇਦ ਸਦੀਆਂ ਪਹਿਲਾਂ ਉਸ ਦੇ ਪੁਰਖੇ ਭਾਰਤ ਤੋਂ ਆਏ ਹੋਣ।

ਆਪਣੇ ਸਾਂਵਲੇ ਰੰਗ ਦਾ ਉਹ ਕੀ ਕਰਦੀ? ਉਸ ਨੇ ਲੰਬੀ ਲੜਾਈ ਲੜੀ ਲੱਗਦੀ ਸੀ। ਤੇ ਹੁਣ ਤਾਂ ਉਸਦਾ ਆਤਮ ਵਿਸ਼ਵਾਸ਼ ਦੇਖਣ ਵਾਲਾ ਸੀ। ਮੈਂ ਮਨ ਹੀ ਮਨ ਉਸਦਾ ਧੰਨਵਾਦ ਕਰਦਾ ਰਿਹਾ। ਉਹ ਮੇਰੇ ਮਨ ਤੇ ਡੂੰਘੀ ਛਾਪ ਛੱਡ ਗਈ ਸੀ।

ਦਿੱਲੀ ਜਾਣ ਵਾਲੇ ਬ੍ਰਿਟਿਸ਼ ਏਅਰਵੇਜ਼ ਜਹਾਜ਼ ਦੀ ਬੋਰਡਿੰਗ ਸ਼ੁਰੂ ਹੋ ਚੁੱਕੀ ਸੀ। ਮੈਂ ਵੀ ਜਹਾਜ਼ ਦੇ ਅੰਦਰ ਚਲਾ ਗਿਆ। ਰੋਜ਼ਮੈਰੀ ਨੇ ਮੇਰੇ ਨਾਲ ਹੋਈ ਬਦਤਮੀਜ਼ੀ ਬਾਰੇ ਸਟਾਫ ਨੂੰ ਮੈਸੇਜ਼ ਭੇਜ ਦਿੱਤਾ ਸੀ। ਫਲਾਈਟ ਇੰਚਾਰਜ਼ ਮੇਰੇ ਤੋਂ ਕੱਲ ਹੋਈ ਖੱਜਲ ਖੁਆਰੀ ਬਾਰੇ ਮੁਆਫੀ ਮੰਗਣ ਆਈ ਸੀ। ਹੁਣ ਮੈਨੂੰ ਸਪੈਸ਼ਲ ਟਰੀਟ ਦਿੱਤਾ ਜਾ ਰਿਹਾ ਸੀ। ਮੇਰੇ ਮਨ ਦੇ ਪੋਤੀ ਨਫਰਤ ਦੀ ਕਾਲਖ ਧੋਣ ਦੇ ਯਤਨ ਕੀਤੇ ਜਾ ਰਹੇ ਸਨ।

ਅੱਠ ਘੰਟੇ ਦੇ ਸਫਰ ਹੁਣ ਸੁਹਾਵਣਾ ਲੱਗਣਾ ਸੀ। ਫੇਰ ਸਾਡਾ ਜਹਾਜ਼ ਰੱਨਵੇਅ ਤੇ ਦੌੜਨ ਲੱਗਾ। ਉਸਦਾ ਅਗਲਾ ਹਿੱਸਾ ਉੱਪਰ ਉੱਠਿਆ ਤੇ ਪਲਾਂ ਵਿੱਚ ਹੀ ਲੰਡਨ ਦੀਆਂ ਇਮਾਰਤਾਂ ਤੀਲਾਂ ਦੀਆਂ ਡੱਬੀਆਂ ਵਾਂਗ ਜਾਪਣ ਲੱਗੀਆਂ। ਦਰਿਆ ਸੜਕਾਂ ਜਿਵੇਂ ਧਰਤ 'ਤੇ ਪਏ ਧਾਗੇ ਹੋਣ। ਜਹਾਜ਼ ਬੱਦਲਾਂ ਦੀ ਚੁੰਨੀ ਪਹਿਨੀ, ਮੜਕ ਨਾਲ ਤੁਰਿਆ ਜਾ ਰਿਹਾ ਸੀ।

ਮੈਂ ਖਿੜਕੀ ਵਿੱਚੋਂ ਬਾਹਰ ਤੱਕਿਆ। ਸੂਰਜ ਚਮਕ ਰਿਹਾ ਸੀ। ਸੂਰਜ ਵਿੱਚੋਂ ਰੋਜ਼ਮੈਰੀ ਦਾ ਚਿਹਰਾ ਉਭਰਨ ਲੱਗਦਾ, ਜਿਵੇਂ ਉਹ ਮੇਰੇ ਨਾਲ ਨਾਲ ਹੀ ਜਾ ਰਹੀ ਹੋਵੇ।

ਮੇਰੇ ਕੰਨਾਂ ਨੂੰ ਮੌਰਗਨ ਦੇ ਗੀਤ ਸੁਣਾਈ ਦੇ ਰਹੇ ਸਨ। ਮੈਂ ਦੇਖਿਆ ਏਅਰ ਹੋਸਟੈੱਸ ਮੇਰੇ ਲਈ ਰੈੱਡ ਵਾਈਨ ਦਾ ਗਲਾਸ ਲਈ ਲੈ ਆਈ ਸੀ। ਮਨ ਦਾ ਗ਼ੁਲਾਬ ਫਿਰ ਖਿੜ ਪਿਆ।

'ਗ਼ੁਲਾਬ ਨਾਲ ਕੰਡੇ ਵੀ ਤਾਂ ਹੁੰਦੇ ਨੇ' ਮਨ ਨੇ ਕਿਹਾ।

ਮਿਸ਼ਰਾ ਤੇ ਲਿੰਡਾ ਕਿਤੇ ਦੂਰ ਰਹਿ ਗਏ ਸਨ।

ਮੈਂ ਰੈੱਡ ਵਾਈਨ ਦੀ ਘੁੱਟ ਭਰੀ।

ਤੇ ਖਿੜਕੀ ਚੋਂ ਬਾਹਰ ਦੇਖਣ ਲੱਗ ਪਿਆ



**ਘੁੰਮਦਿਆਂ ਫਿਰਦਿਆਂ**

## ਸਮੁੰਦਰ ਨਾਲ ਗੱਲਾਂ/ਜਿੰਦਰ

ਦੂਰ ਤੱਕ ਪਾਣੀ ਹੀ ਪਾਣੀ। ਪੱਥਰਾਂ ਨਾਲ ਟਕਰਾਉਂਦੀਆਂ ਛੱਲਾਂ। ਕੰਢੇ ਨਾਲ ਟਕਰਾਂ ਲੈਂਦੀਆਂ। ਜੇ ਉਨ੍ਹਾਂ ਦੇ ਵੱਸ 'ਚ ਹੁੰਦਾ ਤਾਂ ਇਹ ਉਛਲ ਕੇ ਮੇਰੇ ਤੱਕ ਆ ਜਾਂਦੀਆਂ। ਜਦੋਂ ਪਾਣੀ ਦੀ ਖੌਲਦੀ ਹੋਈ ਆਵਾਜ਼ ਆਉਂਦੀ ਤਾਂ ਖੌਫ਼ ਆਉਂਦਾ। ਕੁਝ ਦਿਨ ਪਹਿਲਾਂ ਮੈਂ ਵਰਦਿੰਗ 'ਚ ਇਹਦੇ ਕੰਢੇ ਬੈਠਾ ਸੀ। ਮੇਰੇ ਸਾਹਮਣੇ ਚਾਰ ਕੁ ਸਾਲਾਂ ਦਾ ਬੱਚਾ ਦੂਰ ਤੱਕ ਪਾਣੀ 'ਚ ਗਿਆ। ਉਸ ਦਾ ਡੈਡੀ ਉਸਨੂੰ ਫੜ ਕੇ ਲਿਆਉਂਦਾ। ਉਹ ਫੇਰ ਪਾਣੀ ਵੱਲ ਦੌੜ ਜਾਂਦਾ। ਮੇਰੇ ਲਈ ਇਹ ਖੇਡ ਮੁੱਕੀ ਨਹੀਂ ਸੀ ਕਿ ਮੁੰਡਿਆਂ ਕੁੜੀਆਂ ਦੀ ਟੋਲੀ ਆਈ। ਉਹ ਕਾਲਜੀਏਟ ਲੱਗਦੇ ਸਨ। ਕੁੜੀਆਂ ਨੇ ਬਿਕਨੀਆਂ ਪਾਈਆਂ। ਉਹ ਦੂਰ ਤੱਕ ਜਾ ਕੇ ਲਹਿਰਾਂ ਨਾਲ ਖੇਡਣ ਲੱਗ ਪਈਆਂ। ਮੈਂ ਉਨ੍ਹਾਂ ਦੀ ਖੁਸ਼ੀ 'ਚ ਸ਼ਾਮਿਲ ਹੋ ਗਿਆ। ਪਰ ਆਪਣੀ ਜਗ੍ਹਾ ਤੋਂ ਇਕ ਇੰਚ ਵੀ ਸਮੁੰਦਰ ਦੇ ਪਾਣੀ ਨੂੰ ਨਾ ਛੁਇਆ।

ਪੋਰਟਸਸਊਥ ਸ਼ਹਿਰ ਦੇ ਸਮੁੰਦਰ ਦਾ ਤੱਟ ਡੂੰਘਾ ਸੀ। ਬੰਦਰਗਾਹ ਵਰਗਾ। ਬੱਸ ਸਟੇਸ਼ਨ ਦੇ ਨਾਲ ਹੀ ਫੈਰੀ ਦਾ ਅੱਡਾ ਸੀ। ਇੱਥੇ ਬੱਸ ਸਟੈਂਡ ਨੂੰ ਬੱਸ ਸਟੇਸ਼ਨ ਕਹਿੰਦੇ ਹਨ। ਇੱਥੋਂ ਫੈਰੀਆਂ ਆਈਲ ਆਫ ਵਾਈਟ ਨੂੰ ਚੱਲਦੀਆਂ। ਇਹ ਛੋਟਾ ਜਿਹਾ ਟਾਪੂ ਹੈ। 28 ਵਰਗ ਕਿਲੋਮੀਟਰ 'ਚ ਫੈਲਿਆ। ਇੱਥੇ ਹੀ ਬਹੁ-ਚਰਚਿਤ ਕਵੀ ਲਾਰਡ ਟੈਰੀਸਨ ਹੋਇਆ ਜਿਸ ਦੀ ਜਗਤ ਪ੍ਰਸਿੱਧ ਕਵਿਤਾ 'ਦਾ ਲਾਸਟ ਰਾਈਡ ਟੂਗੈਦਰ' ਹੈ। ਪ੍ਰੇਮਿਕਾ ਆਪਣੇ ਪ੍ਰੇਮੀ ਕੋਲੋਂ ਸਦਾ ਲਈ ਵਿਛੜ ਰਹੀ ਹੈ। ਪ੍ਰੇਮੀ ਨੂੰ ਦੋਬਾਰਾ ਮਿਲਣ ਦੀ ਬਿਲਕੁਲ ਆਸ ਨਹੀਂ। ਪ੍ਰੇਮੀ ਸੁਝਾਅ ਰੱਖਦਾ ਹੈ ਕਿ ਵਿਛੜਣ ਤੋਂ ਪਹਿਲਾਂ ਉਹ ਇਕੱਠੇ ਸਵਾਰੀ ਕਰਨ। ਪ੍ਰੇਮਿਕਾ ਮੰਨ ਜਾਂਦੀ ਹੈ। ਕਵੀ ਦੀ ਪੇਸ਼ਕਾਰੀ ਦਾ ਕਮਾਲ ਇਹ ਹੈ ਕਿ ਕਵਿਤਾ 'ਚ ਇਹ ਪਤਾ ਨਹੀਂ ਲੱਗਦਾ ਕਿ ਘੋੜੇ 'ਤੇ ਅੱਗੇ ਪ੍ਰੇਮਿਕਾ ਬੈਠੀ ਹੈ ਜਾਂ ਪ੍ਰੇਮੀ। ਮੈਂ ਉੱਚੀ ਜਗ੍ਹਾ 'ਤੇ ਬੈਠਾ ਸੀ। ਪਹਾੜੀਨੁਮਾ ਜਗ੍ਹਾ 'ਤੇ। ਪਿਛਲੇ ਪਾਸੇ ਬਹੁਤ ਵੱਡੀਆਂ ਗਰਾਊਂਡਾਂ ਵਰਗੇ ਪਾਰਕ ਸਨ। ਖੱਬੇ ਪਾਸੇ ਦੋ ਕੁ ਫਰਲਾਂਗ ਦੂਰ ਸੈਲਾਨੀਆਂ ਲਈ ਸਮੁੰਦਰ ਦੇ ਅੰਦਰ ਵੱਲ ਜਾਣ ਲਈ ਪੁੱਲ ਬਣਿਆ ਸੀ। ਇੱਥੇ ਛੁੱਟੀ ਵਾਲੇ ਦਿਨ ਖੂਬ ਰੌਣਕਾਂ ਲੱਗਦੀਆਂ। ਖਾਸ ਕਰਕੇ ਉਦੋਂ ਜਦੋਂ ਸੂਰਜ ਆਪਣੇ ਜੋਬਨ 'ਤੇ ਨਿਕਲਿਆ ਹੋਵੇ। ਲੋਕ ਧੁੱਪ ਦਾ ਆਨੰਦ ਮਾਣਦੇ। ਸਮੁੰਦਰ ਦੀਆਂ ਲਹਿਰਾਂ ਸੰਗ ਵਿਚਰਦੇ।

ਸਾਹਮਣੇ ਸਮੁੰਦਰ ਸੀ। ਕਈ ਰਾਜ਼ ਸਮੋਈ ਬੈਠਾ। ਮੈਂ ਇਸ ਨਾਲ ਗੱਲਾਂ ਕਰਨੀਆਂ ਸਨ। ਇਹਨੂੰ ਅਨੇਕ ਸੁਆਲ ਪੁੱਛਣੇ ਸਨ। ਇਹਨੇ ਹੁੰਗਾਰਾ ਭਰਨਾ ਸੀ। ਵਿਸ਼ਾਲ ਦਿਲ ਵਾਲਾ ਵਿਸ਼ਾਲ ਸਮੁੰਦਰ। ਲੋਕਾਂ ਨੂੰ ਜ਼ਿੰਦਗੀ ਦੇਣ ਵਾਲਾ। ਲੋਕਾਂ ਦੀ ਜ਼ਿੰਦਗੀ ਲੈਣ ਵਾਲਾ। ਇੰਗਲੈਂਡ ਆ ਕੇ ਮੇਰੀ ਪਹਿਲੀ ਇੱਛਾ ਸਮੁੰਦਰ ਦੇਖਣ ਦੀ ਹੁੰਦੀ ਹੈ। ਅੱਜ ਵੀ ਗੁਰਨਾਮ ਢਿੱਲੋਂ ਇੱਥੇ ਛੱਡ ਗਿਆ ਸੀ। ਉਹ ਮੇਰੇ ਕੋਲ ਰੁਕਣਾ ਚਾਹੁੰਦਾ ਸੀ। ਉਸ ਦੋ ਘੰਟੇ ਮੇਰੇ ਲਈ ਰਾਖਵੇਂ ਰੱਖੇ ਸਨ। ਪਰ ਮੈਂ ਉਸ ਨੂੰ ਆਪਣੀ ਇੱਛਾ ਦੱਸੀ ਸੀ ਕਿ ਮੈਂ ਅੱਜ ਇਕੱਲਾ ਹੀ ਸਮੁੰਦਰ ਨੂੰ ਮਿਲਣਾ ਚਾਹੁੰਦਾਂ। ਪਹਿਲਾਂ ਮੈਂ ਇਹਨੂੰ ਕਿਸੇ ਨਾ ਕਿਸੇ ਦੇ ਸੰਗ 'ਚ ਮਿਲਿਆ ਸੀ। ਸਾਊਥ ਇੰਡ 'ਤੇ ਗੁਰਨਾਮ ਗਿੱਲ ਤੇ ਉਸ ਦੇ ਪਰਿਵਾਰ ਨਾਲ। ਵਰਦਿੰਗ 'ਚ ਹਰਜੀਤ, ਦਰਸ਼ਨ ਬੁਲੰਦਵੀ ਤੇ ਇਸ ਦੇ ਧੀ-ਪੁੱਤਰ ਨਾਲ। ਮਿਡਲਸਵਰੋਅ 'ਚ ਨਿਰਮਲਾ ਭੈਣ ਜੀ ਸੰਗ। ਸਕਿਗਨੈਸ 'ਚ ਜਸਵਿੰਦਰ ਮਾਨ ਤੇ

ਹਰਬਖ਼ਸ਼ ਮਕਸੂਦਪੁਰੀ ਨਾਲ। ਬੰਬਈ 'ਚ ਜੁਹੂ ਬੀਚ 'ਤੇ ਆਪਣੇ ਭਾਣਜੇ ਵਿਜੈ ਕੁਮਾਰ ਨਾਲ। ਆਸਟ੍ਰੇਲੀਆ ਦੇ ਸ਼ਹਿਰ ਐਡੀਲੇਡ 'ਚ ਆਪਣੇ ਵੱਡੇ ਬੇਟੇ ਸ਼ਿਵ ਤੇ ਮਿਸਿਜ਼ ਨਾਲ। ਅਮਰੀਕਾ 'ਚ ਪ੍ਰੇਮ ਮਾਨ ਤੇ ਸ਼ਸ਼ੀ ਸਮੁੰਦਰਾ ਦੇ ਨਾਲ।

ਛੱਲਾਂ ਉਛਲੀਆਂ ਸਨ। ਉਹ ਚਾਹੁੰਦੀਆਂ ਸਨ ਕਿ ਮੈਂ ਉਨ੍ਹਾਂ ਕੋਲੋਂ ਪੁੱਛਾਂ। ਮੈਂ ਕੁਝ ਚਿਰ ਲਈ ਮੂਕ ਦਰਸ਼ਕ ਬਣਿਆ ਰਹਿਣਾ ਚਾਹੁੰਦਾ ਸੀ। ਇਹਦੇ ਕਲੋਲ ਦੇਖਣੇ ਚਾਹੁੰਦਾ ਸੀ। ਕਹਿਣਾ ਚਾਹੁੰਦਾ ਸੀ ਕਿ ਤੇਰੀ ਹਿੱਕ 'ਤੇ ਬੰਦੇ ਨੇ ਸਵਾਰੀ ਕੀਤੀ। ਫਤਹਿ ਪਾਈ।

ਕਦੇ ਮੈਨੂੰ ਆਪਣੇ ਪਿੰਡ ਦਾ ਛੱਪੜ ਸਮੁੰਦਰ ਲੱਗਦਾ ਹੁੰਦਾ ਸੀ। ਬਰਸਾਤਾਂ 'ਚ ਇਸ ਦਾ ਪਾਣੀ ਜੀਤੂ ਕੇ ਘਰ ਕੋਲ ਆ ਜਾਂਦਾ। ਲੋਕਾਂ ਲਈ ਅਗਾਂਹ ਜਾਂਦੇ ਰਸਤੇ 'ਤੇ ਜਾਣਾ ਔਖਾ ਹੋ ਜਾਂਦਾ। ਇੱਧਰ ਦੀ ਗੁਰਦੁਆਰੇ ਨੂੰ ਜਾਂਦਾ ਰਾਹ ਬੰਦ ਹੋ ਜਾਂਦਾ। ਸਕੂਲ ਜਾਂਦੇ ਬੱਚਿਆਂ ਨੂੰ ਦੂਣੀ ਵਾਟ ਪੈਂਦੀ। ਜਿਨ੍ਹਾਂ ਘਰਾਂ ਦੀ ਪਿੱਠ ਨਾਲ ਪਾਣੀ ਆ ਲੱਗਦਾ, ਉਹ ਖਵਾਜ਼ੇ ਪੀਰ ਨੂੰ ਧਿਆਉਣ ਲੱਗਦੇ। ਕਿਸੇ ਗਰੀਬ ਦਾ ਕੋਠਾ ਢਹਿ ਜਾਂਦਾ ਤਾਂ ਉਸ ਲਈ ਕਿਆਮਤ ਆ ਜਾਂਦੀ। ਲੋਕ ਆਪਸ 'ਚ ਵਿਚਾਰ ਕਰਦੇ ਕਿ ਜਿਹੜੇ ਸਮੁੰਦਰ ਕੰਢੇ ਰਹਿੰਦੇ ਹਨ, ਉਨ੍ਹਾਂ ਦਾ ਕੀ ਹਸ਼ਰ ਹੁੰਦਾ ਹੋਵੇਗਾ। ਮੇਰੇ ਪਿੰਡ ਦੇ ਉਨ੍ਹਾਂ ਲੋਕਾਂ ਨੇ ਸਮੁੰਦਰ ਦੇਖਿਆ ਸੀ ਜਿਹੜੇ ਇੰਗਲੈਂਡ ਗਏ ਸਨ। ਬਾਕੀਆਂ ਲਈ ਸਮੁੰਦਰ ਇਕ ਬਹੁਤ ਵੱਡਾ ਅਜੂਬਾ ਸੀ। ਸਮੁੰਦਰ ਬਾਰੇ ਉਨ੍ਹਾਂ ਆਪਣੀਆਂ ਹੀ ਕਥਾਵਾਂ ਘੜ ਰੱਖੀਆਂ ਸਨ। ਇਕ ਤੋਂ ਕਥਾ ਸ਼ੁਰੂ ਹੁੰਦੀ, ਪੰਜਵੇਂ ਸੱਤਵੇਂ ਤੱਕ ਜਾਂਦਿਆਂ ਉਸ 'ਚ ਕਈ ਕੁਝ ਹੋਰ ਜੁੜਦਾ ਜਾਂਦਾ।

ਮੈਂ ਸੋਚਦਾ ਸਮੁੰਦਰ ਕਿਹੋ ਜਿਹਾ ਹੋਵੇਗਾ। ਮਲਾਹ ਆਪਣੀਆਂ ਬੇੜੀਆਂ ਸਮੁੰਦਰ 'ਚ ਕਿੱਦਾਂ ਠੇਲਦੇ ਹੋਣਗੇ? ਕੀ ਉਨ੍ਹਾਂ ਨੂੰ ਡਰ ਨਹੀਂ ਲੱਗਦਾ ਹੋਵੇਗਾ? ਮੱਛੀਆਂ ਨਾਲ ਭਰੀ ਬੇੜੀ ਡੁੱਬਦੀ ਨਹੀਂ ਹੋਵੇਗੀ? ਜੇ ਮੀਂਹ ਆ ਜਾਵੇ ਤਾਂ ਕੀ ਉਨ੍ਹਾਂ ਦੀ ਬੇੜੀ 'ਚ ਪਾਣੀ ਭਰ ਜਾਂਦਾ ਹੋਵੇਗਾ? ਮੀਲ-ਮੀਲ ਲੰਬੀਆਂ ਮੱਛੀਆਂ ਕਿੰਨੀਆਂ ਤਾਕਤਵਾਰ ਹੋਣਗੀਆਂ। ਐਮ. ਏ. ਕਰਦਿਆਂ ਐਸ. ਟੀ. ਕੌਲਰੇਜ ਦੀ ਕਵਿਤਾ 'ਦੀ ਏਨਸੀਐਂਟ ਮੈਰੀਨਾਰ' ਦੀਆਂ ਸਤਰਾਂ ਯਾਦ ਆਉਂਦੀਆਂ: ਵਾਟਰ ਵਾਟਰ ਐਵਰੀਵੇਅਰ ਵਟ ਨੋ ਡਰੌਪ ਟੂ ਡਰਿੰਕ!

ਮੈਂ ਅੱਧ ਮੀਚੀਆਂ ਅੱਖਾਂ ਨਾਲ ਦੇਖਣ ਲੱਗਾ। ਮੇਰੇ ਸਾਹਮਣੇ ਐਂਟਾਰਕਟਿਕਾ ਸੀ ਤੇ ਫਰਾਂਸੀਸੀ ਮਲਾਹ ਕੁਰੈਗੁਲਿਨ। ਸੰਨ 1772. 300 ਬੰਦਿਆਂ ਦਾ ਕਾਫਲਾ। ਚੌਦ੍ਹਾਂ ਮਹੀਨਿਆਂ ਦਾ ਰਾਸ਼ਨ। ਚੁਫੇਰੇ ਬਰਫੀਲੀਆਂ ਹਵਾਵਾਂ। ਸਮੁੰਦਰੀ ਰੁੱਖ ਹੀ ਰੁੱਖ। ਕਈ ਕਿਸਮਾਂ ਦੇ ਪੰਛੀ। ਕੁਰੈਗੁਲਿਨ ਨੂੰ ਸਾਹਮਣੇ ਸਵਰਗ ਦਿੱਸਿਆ। ਜਿੱਦਾਂ ਕਿ ਕਿਹਾ ਜਾਂਦਾ ਹੈ ਕਿ ਸਵਰਗ ਨੂੰ ਜਾਣ ਲੱਗਿਆਂ ਨਰਕਾਂ ਵਿਚੋਂ ਦੀ ਲੰਘਣਾ ਪੈਂਦਾ ਹੈ, ਉਹੀ ਜਿਹਾ ਇਹ ਔਕੜਾਂ ਭਰਿਆ ਰਸਤਾ ਸੀ। ਉਹ ਜਿੱਦਾਂ ਜਿੱਦਾਂ ਐਂਟਾਰਕਟਿਕਾ ਦੇ ਨੇੜੇ-ਨੇੜੇ ਗਿਆ, ਉਹਨੂੰ ਸਵਰਗ ਦੇ ਝਲਕੋਰੇ ਵਧੇਰੇ ਯਥਾਰਥਵਾਦੀ ਲੱਗਣ ਲੱਗੇ ਪਰ ਉਸ ਕੋਲ ਉਹਦੀ ਮੰਜ਼ਲ 'ਤੇ ਪਹੁੰਚਿਆ ਨਾ ਗਿਆ। ਬਰਫ਼ ਇੰਨੀ ਸਖ਼ਤ ਸੀ ਕਿ ਉਹਦਾ ਜਹਾਜ਼ ਉਸ ਦਾ ਟਾਕਰਾ ਕਰਨ ਤੋਂ ਅਸਮਰੱਥ ਸੀ। ਪਰ ਫੇਰ ਵੀ ਉਹ ਅਨੰਦਿਤ ਸੀ। ਉਸੇ ਦੇ ਸਾਹਮਣੇ ਸਵਰਗ ਸੀ। ਉਹ ਇਸਨੂੰ ਦੂਰੋਂ ਦੇਖ ਸਕਦਾ ਸੀ। ਉਸ ਵਾਪਸ ਆ ਕੇ ਆਪਣੇ ਦੋਸਤਾਂ ਨਾਲ ਇਹ ਤਜ਼ਰਬੇ ਸਾਂਝੇ ਕੀਤੇ: 'ਉੱਥੇ ਉਨ੍ਹਾਂ ਉਛਲਦੇ ਦੱਖਣੀ ਸਾਗਰਾਂ ਦੀ ਹਿੱਕ 'ਚ ਇਕ ਅਜਿਹੀ ਧਰਤੀ ਮੌਜੂਦ ਹੈ ਜਿੱਥੇ ਕਿ ਇਹ ਸਭੋ ਕੁਝ ਹੈ ਜੋ ਕਿ ਸਵਰਗ ਨੂੰ ਸਵਰਗ ਬਣਾਉਂਦਾ ਹੈ। ਫਲਾਂ ਵਾਲੇ ਰੁੱਖ ਹਨ। ਭਾਂਤ ਭਾਂਤ ਦੇ ਪੰਛੀ ਹਨ। ਭੋਏਂ ਦਾਣੇ ਉਗਲਦੀ ਹੈ।



ਇਕੱਲੇ ਦਾਣੇ ਹੀ ਨਹੀਂ, ਨਾਲੋ ਨਾਲ ਹੀਰੇ ਵੀ। ਸੋਨਾ ਵੀ। ਸਾਨੂੰ ਉੱਥੇ ਪੈਰ ਪਾਉਣ ਦੀ ਲੋੜ ਹੈ। ਇਹ ਸਭੋ ਕੁਝ ਆਪਣੀ ਮੁੱਠੀ ਵਿਚ ਹੋਵੇਗਾ।'

ਛੱਲਾਂ ਮੁਸਕਰਾਉਂਦੀਆਂ ਜਿੱਦਾਂ ਕਹਿ ਰਹੀਆਂ ਹੋਣ-ਉਦੋਂ ਵੀ ਅਸੀਂ ਸਾਂ। ਕੁਰੈਗੁਲਿਨ ਹੌਂਸਲਾ ਢਾਅ ਗਿਆ। ਕਾਸ਼ ਉਸ 'ਚ ਵੀ ਹੈਮਿੰਗਵੇ ਦੇ ਨਾਵਲ 'ਦ ਓਲਡਮੈਨ ਐਂਡ ਦੀ ਸੀ' ਦੇ ਬੁੱਢੇ ਮਲਾਹ ਵਰਗੀ ਆਤਮਾ ਹੁੰਦੀ।

ਸਮੁੰਦਰ ਮੰਥਨ। ਦੇਵਤਿਆਂ ਤੇ ਰਾਖ਼ਸ਼ਾਂ ਦੀ ਲੜਾਈ। ਸ਼ੇਸ਼ ਨਾਗ। ਮੰਦਰ। ਪਰਬਤ। ਬੈਂਗਣੀ ਰੰਗ। ਗਲੇ 'ਚ ਚਿੱਟਾ ਨੈਕਲਸ। ਇਕ ਹੱਥ 'ਚ ਹਲ। ਦੂਜੇ 'ਚ ਮੂਸਲ। ਅੰਮ੍ਰਿਤ ਵਾਲਾ ਭਾਂਡਾ। ਦੇਵਤਿਆਂ ਦੀ ਜਿੱਤ।

ਪਾਣੀ ਉਹੀ ਸੀ। ਸਮੁੰਦਰ ਦਾ ਪਾਣੀ। ਹਾਰ ਨਾ ਮੰਨਣ ਵਾਲਾ। ਉਸ ਮੈਨੂੰ ਸੁਚੇਤ ਕੀਤਾ ਸੀ ਕਿ ਮੈਂ ਹੁਣ ਇੰਗਲੈਂਡ ਦੇ ਸ਼ਹਿਰ ਪੋਰਟਸਮਾਊਥ ਦੇ ਸਮੁੰਦਰੀ ਕੰਢੇ 'ਤੇ ਬੈਠਾਂ। ਤੇਜ਼ ਤਰਾਰ ਜ਼ਿੰਦਗੀ ਵਾਲਾ ਦੇਸ਼। ਉਸ ਨੂੰ ਹਿੰਦੂ ਮਿਥਿਹਾਸ ਵਾਲੀ ਸੋਚ ਨਹੀਂ ਚਾਹੀਦੀ।

ਮੇਰੀ ਇਕਾਗਰਤਾ ਨੂੰ ਸਕੂਲੀ ਬੱਚਿਆਂ ਨੇ ਭੰਗ ਕੀਤਾ। ਉਹ ਪੌੜੀਆਂ ਚੜ੍ਹਣ ਦੀ ਬਜਾਇ ਸਿੱਧਾ ਹੀ ਉਤਾਂਹ ਨੂੰ ਚੜ੍ਹੇ। ਇਹ ਸਿੱਧੀ ਚੜ੍ਹਾਈ ਔਖੀ ਸੀ। ਪਰ ਉਨ੍ਹਾਂ ਲਈ ਨਹੀਂ। ਉਨ੍ਹਾਂ ਆਉਂਦਿਆਂ ਹੀ ਆਪਣੇ ਲੰਚ ਬਕਸ ਖੋਲ੍ਹੇ। ਬਿਨਾਂ ਇਕ ਦੂਜੇ ਵੱਲ ਦੇਖਿਆਂ ਖਾਣ ਲੱਗੇ। ਜੇ ਸਾਡੇ ਬੱਚੇ ਹੁੰਦੇ ਤਾਂ ਉਹ ਇਕ ਦੂਜੇ ਕੋਲੋਂ ਖੋਹਦੇ। ਅਗਾਂਹ ਨੂੰ ਹੋ-ਹੋ ਕੇ ਦੇਖਦੇ ਕਿ ਫਲਾਣੇ ਦੀ ਮੰਮੀ ਨੇ ਕੀ ਭੇਜਿਆ।

ਉਹ ਉੱਚੀ-ਉੱਚੀ ਗੱਲਾਂ ਕਰਨ ਲੱਗੇ। ਮੈਂ ਦੂਰ ਤੱਕ ਗੇੜਾ ਕੱਢ ਕੇ ਵਾਪਸ ਮੁੜ ਉਸੇ ਥਾਂ ਆ ਬੈਠਾ ਜਿੱਥੇ ਮੈਂ ਅੱਧਾ ਕੁ ਘੰਟਾ ਪਹਿਲਾਂ ਬੈਠਾ ਸੀ। ਛੱਲਾਂ ਦਾ ਰਾਗ ਜਾਰੀ ਸੀ। ਇਨ੍ਹਾਂ ਕਦੇ ਥੱਕਣਾ ਨਹੀਂ। ਇਹ ਥੱਕ ਹੀ ਨਹੀਂ ਸਕਦੀਆਂ। ਇਨ੍ਹਾਂ ਤਾਂ ਪੱਥਰਾਂ ਨੂੰ ਲਲਕਾਰਣਾ ਸੀ। ਇਹ ਸਿਲਸਿਲਾ ਜਾਰੀ ਸੀ। ਮੈਂ ਸਮੁੰਦਰ ਨਾਲ ਹੋਰ ਵਥੇਰੀਆਂ ਗੱਲਾਂ ਕਰਨੀਆਂ ਸਨ। ਬੱਚਿਆਂ ਦੇ ਸੰਗ 'ਚ ਮੈਂ ਚੁੱਪ-ਚਾਪ ਉਸ ਵੱਲ ਦੇਖ ਰਿਹਾ ਸੀ।

"ਕਹਾਣੀਕਾਰ ਸਾਹਿਬ ਆਓ ਚੱਲੀਏ, " ਗੁਰਨਾਮ ਢਿੱਲੋਂ ਨੇ ਪਹਾੜੀ ਦੇ ਹੇਠੋਂ ਹੀ ਮੈਨੂੰ ਆਵਾਜ਼ ਮਾਰੀ। ਮੈਂ ਘੜੀ 'ਤੇ ਸਮਾਂ ਦੇਖਿਆ। ਤਿੰਨ ਵੱਜ ਕੇ ਪੰਜ ਮਿੰਟ ਹੋਏ ਸਨ। ਇੰਨੀ ਛੇਤੀ ਤਿੰਨ ਘੰਟੇ ਬੀਤ ਵੀ ਗਏ।

ਮੈਂ ਕੰਢੇ 'ਤੇ ਝੁਕ ਕੇ ਬੁਕ 'ਚ ਪਾਣੀ ਭਰਿਆ। ਐਦਾਂ ਜਿੱਦਾਂ ਮੈਂ ਉਸ ਨਾਲ ਹੱਥ ਮਿਲਾ ਕੇ ਅਲਵਿਦਾ ਲੈ ਰਿਹਾ ਹੋਵਾਂ।

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।